Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Real Estate Services
BUY, SELL or RENT
Queens, Long Island & Manhattan
Sunny Singh
Ph: 917-679-0029
E-mail: sunny.singhre@gmail.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 14, April 7, 2018 20451 N. Plum Grove Rd., Palatine, IL 60074 Ph:847-359-0746, Fax:847-705-9388

## ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਮੁੜ ਸਵਾਲਾਂ ਦੇ ਘੇਰੇ ਵਿਚ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਦੌਰਾਨ ਭਰਤੀ ਕੀਤੇ 523 ਮੁਲਾਜ਼ਮ ਬਰਖਾਸਤ ਕਰ ਕੇ ਨਵਾਂ ਵਿਵਾਦ ਸਹੇੜ ਲਿਆ ਹੈ। ਕਮੇਟੀ ਦੇ ਨਵੇਂ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਲਈ ਉਸ ਸਮੇਂ ਨਮੋਸ਼ੀ ਹੋਰ ਵਧ ਗਈ ਜਦੋਂ ਪ੍ਰੋ. ਬਡੂੰਗਰ ਵੱਲੋਂ ਦਾਅਵਾ ਕਰ ਦਿੱਤਾ ਗਿਆ ਕਿ ਸਾਰੀਆਂ ਭਰਤੀਆਂ ਨਿਯਮਾਂ ਮੁਤਾਬਕ ਹੋਈਆਂ ਸਨ।

ਪ੍ਰੋ. ਬਡੂੰਗਰ ਨੇ ਤਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਲੌਂਗੋਵਾਲ ਨੂੰ ਇਹ ਸਲਾਹ ਵੀ ਦੇ ਦਿੱਤੀ ਕਿ ਜੇ ਕੋਈ ਸ਼ੱਕ ਹੈ ਤਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦੋ ਸਾਬਕਾ ਜੱਜਾਂ ਜਾਂ ਮੌਜੂਦਾ ਸਿੱਖ ਜੱਜ ਦੀ ਕਮੇਟੀ ਤੋਂ ਪੜਤਾਲ ਕਰਵਾ ਲਈ ਜਾਵੇ। ਉਨ੍ਹਾਂ ਇਹ ਤਰਕ ਵੀ ਦਿੱਤਾ ਕਿ ਜੇ ਉਨ੍ਹਾਂ ਵੱਲੋਂ ਕੀਤੀਆਂ ਨਿਯੁਕਤੀਆਂ ਤੇ ਤਰੱਕੀਆਂ ਗਲਤ ਹਨ ਤਾਂ ਡਾ. ਰੂਪ ਸਿੰਘ ਨੂੰ ਵੀ ਉਨ੍ਹਾਂ ਨੇ ਹੀ ਮੁੱਖ ਸਕੱਤਰ ਬਣਾਇਆ ਸੀ ਤੇ ਐਜੂਕੇਸ਼ਨ ਦੇ ਮੌਜੂਦਾ ਡਾਇਰੈਕਟਰ ਤੇ ਡਿਪਟੀ ਡਾਇਰੈਕਟਰ ਦੀਆਂ ਵੀ ਨਿਯੁਕਤੀਆਂ ਕੀਤੀਆਂ ਸਨ। ਫਿਰ ਅਜਿਹੇ ਸ਼ਖਸਾਂ ਨੂੰ ਕਿਉਂ ਨਹੀਂ ਛੇੜਿਆ ਗਿਆ? ਇਹ ਵੀ ਚਰਚਾ ਹੈ ਕਿ ਮੁਲਾਜ਼ਮਾਂ ਨੂੰ ਫਾਰਗ ਕਰਨ ਦੀ ਸਾਰੀ ਪ੍ਰਕਿਆ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ 'ਤੇ ਹੋਈ ਹੈ। ਫਾਰਗ ਕੀਤੇ ਜ਼ਿਆਦਾਤਰ ਮੁਲਾਜ਼ਮ, ਕਮੇਟੀ ਪ੍ਰਧਾਨ ਦੀ ਚੋਣ ਸਮੇਂ ਅਕਾਲੀ ਦਲ ਖਿਲਾਫ ਬਾਗੀ ਰੁਖ ਅਪਣਾਉਣ ਵਾਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਰਿਸ਼ਤੇਦਾਰ ਹਨ।



### ਸਾਜ਼ਿਸ਼ ਤਹਿਤ ਹੋਈ ਕਾਰਵਾਈ: ਬਡੂੰਗਰ

ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਦਾਅਵਾ ਹੈ ਕਿ ਇਨ੍ਹਾਂ ਨਿਯੁਕਤੀਆਂ ਤੇ ਤਰੱਕੀਆਂ ਲਈ ਉਨ੍ਹਾਂ ਗੁਰਮਤਿ ਮਰਿਆਦਾ ਤੇ ਪੰਜਾਬ ਸਿੱਖ ਗੁਰਦੁਆਰਾ ਐਕਟ 1925 ਦੇ ਤੈਅ ਨਿਯਮਾਂ ਦੀ 100 ਫੀਸਦੀ ਪਾਲਣਾ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਬੰਧ ਵੱਲੋਂ ਉਨ੍ਹਾਂ ਦੇ ਨਿਰੋਲ ਗੁਰਸਿੱਖੀ ਤੇ ਇਮਾਨਦਾਰੀ ਵਾਲੇ ਅਕਸ ਨੂੰ ਤਹਿਸ-ਨਹਿਸ ਕਰਨ ਦੀ ਸਾਜ਼ਿਸ਼ ਰਚੀ ਗਈ ਹੈ।

ਦੱਸ ਦਈਏ ਕਿ ਸਾਬਕਾ ਪ੍ਰਧਾਨ ਬਡੂੰਗਰ, ਅਕਾਲੀ ਦਲ ਬਾਦਲ ਦੇ ਕਹੇ ਵਿਚ ਨਾ ਹੋਣ ਕਾਰਨ ਚਰਚਾ ਵਿਚ ਰਹੇ ਹਨ। ਉਨ੍ਹਾਂ ਨੇ ਪਿਛਲੇ ਪ੍ਰਧਾਨਾਂ ਦੇ ਕਈ ਫੈਸਲੇ ਉਲਟਾਏ ਸਨ। ਉਧਰ, ਫਾਰਗ ਕੀਤੇ ਮੁਲਾਜ਼ਮਾਂ ਦੇ ਨਾਲ ਨਾਲ ਸ਼੍ਰੋਮਣੀ ਕਮੇਟੀ ਦੇ ਜ਼ਿਆਦਾਤਰ ਮੈਂਬਰ ਵੀ ਮੌਜੂਦਾ ਪ੍ਰਧਾਨ ਦੇ ਫੈਸਲੇ ਖਿਲਾਫ ਡਟ ਗਏ ਹਨ। ਬਹੁਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਧੀਆਂ-ਪੁੱਤਾਂ ਤੋਂ ਇਲਾਵਾ ਕਰੀਬੀਆਂ ਨੂੰ 31 ਮਾਰਚ ਨੂੰ ਨੌਕਰੀ ਤੋਂ ਫਾਰਗ ਕਰ ਕੇ ਘਰੋ-ਘਰੀ ਤੋਰ ਦਿੱਤਾ ਗਿਆ। ਸਿਰਫ ਲੌਂਬੀ ਦੇ ਕਰੀਬ ਤਿੰਨ ਦਰਜਨ ਮੁਲਾਜ਼ਮਾਂ ਦੀ ਛਾਂਟੀ ਹੋਈ ਹੈ ਜਿਸ ਕਾਰਨ ਅੰਦਰੋ-ਅੰਦਰੀ ਸ਼੍ਰੋਮਣੀ ਕਮੇਟੀ ਮੈਂਬਰ ਨਾਰਾਜ਼ ਹਨ। ਨਾਰਾਜ਼ਗੀ ਦਾ ਨਤੀਜਾ ਹੈ ਕਿ ਵਿਸਾਖੀ ਮੇਲੇ ਦੀ ਤਿਆਰੀ ਮੀਟਿੰਗ ਵਿਚ ਸਿਰਫ ਇਕ ਮੈਂਬਰ ਪੁੱਜਿਆ, ਜਿਸ ਕਾਰਨ ਇਹ ਮੀਟਿੰਗ ਰੱਦ ਕਰਨੀ ਪਈ।

ਇਸ ਤੋਂ ਪਹਿਲਾਂ 26 ਮਾਰਚ ਨੂੰ ਦਮਦਮਾ ਸਾਹਿਬ ਵਿਖੇ ਰੱਖੀ ਇਕ ਹੋਰ ਮੀਟਿੰਗ ਵਿਚੋਂ ਤਕਰੀਬਨ ਸਾਰੇ ਮੈਂਬਰ ਗੈਰਹਾਜ਼ਰ ਰਹੇ। ਸ਼੍ਰੋਮਣੀ ਕਮੇਟੀ ਨੇ ਹੁਣ ਵਿਸਾਖੀ ਮੇਲੇ ਦੀ ਤਿਆਰੀ ਲਈ ਤੀਜੀ ਵਾਰ 5 ਅਪਰੈਲ ਨੂੰ ਮੀਟਿੰਗ ਰੱਖੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਬਜਟ

*(ਬਾਕੀ ਸਫਾ 6 ਉਤੇ)*

## ਅਮਰੀਕਾ ਅਤੇ ਕੈਨੇਡਾ 'ਚ ਸਿੱਖਾਂ ਲਈ ਖਾਸ ਰਹੇਗਾ ਅਪਰੈਲ ਮਹੀਨਾ

**ਵਾਸ਼ਿੰਗਟਨ:** ਅਮਰੀਕਾ ਅਤੇ ਕੈਨੇਡਾ ਦੇ ਕੁਝ ਸੂਬਿਆਂ ਵਿਚ ਅਪਰੈਲ ਮਹੀਨੇ ਨੂੰ 'ਸਿੱਖ ਜਾਗਰੂਕਤਾ ਤੇ ਸ਼ਲਾਘਾ ਮਹੀਨੇ' ਵਜੋਂ ਮਨਾਉਣ ਦਾ ਐਲਾਨ ਕਰ ਕੇ ਭਾਈਚਾਰੇ ਨੂੰ ਵੱਡਾ ਮਾਣ ਦਿੱਤਾ ਗਿਆ ਹੈ।

ਅਮਰੀਕਾ ਦੇ ਨਿਊ ਜਰਸੀ ਤੇ ਡੈਲਾਵੇਅਰ ਸੂਬੇ ਨੇ ਅਪਰੈਲ ਨੂੰ 'ਸਿੱਖ ਜਾਗਰੂਕਤਾ ਅਤੇ ਸ਼ਲਾਘਾ ਮਹੀਨੇ' ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ। ਸਰਕਾਰੀ ਤੌਰ ਉਤੇ ਅਪਰੈਲ ਮਹੀਨੇ ਵਿਚ ਸਿੱਖ ਧਰਮ ਬਾਰੇ ਜਾਗਰੂਕਤਾ ਫੈਲਾਈ ਜਾਵੇਗੀ। ਨਿਊਜਰਸੀ ਅਸੈਂਬਲੀ ਨੇ ਇਸ ਸਬੰਧੀ ਸਾਂਝਾ ਐਲਾਨਨਾਮਾ ਤਿਆਰ ਕੀਤਾ ਹੈ। ਇਸ ਵਿਚ ਸਿੱਖਾਂ ਵਿਰੁਧ ਅਸਹਿਣਸ਼ੀਲਤਾ ਘਟਾਉਣ ਲਈ ਲੋਕਾਂ ਵਿਚ ਜਾਗਰੂਕਤਾ ਫੈਲਾਉਣ ਦਾ ਫੈਸਲਾ ਕੀਤਾ ਗਿਆ। ਇਸ ਮਤੇ ਨੂੰ ਨਿਊਜਰਸੀ ਵਿਧਾਨ ਸਭਾ ਦੇ ਦੋਵੇਂ ਸਦਨਾਂ ਪ੍ਰਤੀਨਿਧ ਸਭਾ ਅਤੇ ਸੈਨੇਟ ਨੇ ਸਰਬਸੰਮਤੀ ਦੇ ਨਾਲ ਪ੍ਰਵਾਨ ਕਰ ਲਿਆ।

ਇਸੇ ਤਰ੍ਹਾਂ ਡੈਲਾਵੇਅਰ ਸੂਬੇ ਵਿਚ ਪੂਰਾ ਮਹੀਨਾ ਲੋਕਾਂ ਨੂੰ ਅਸਲ ਸਿੱਖੀ ਦੇ ਫਲਸਫ਼ੇ ਬਾਰੇ ਸਿਖਿਅਤ ਕੀਤਾ ਜਾਵੇਗਾ। ਸੂਬੇ ਦੇ ਰਾਜਪਾਲ ਜੌਹਨ ਕਾਰਨੇ ਨੇ ਅਪਰੈਲ ਨੂੰ 'ਸਿੱਖ ਜਾਗਰੂਕਤਾ ਮਹੀਨਾ' ਐਲਾਨਦਿਆਂ ਕਿਹਾ ਕਿ ਸਿੱਖਾਂ ਨੇ ਭਾਈਚਾਰੇ ਲਈ ਵਿਰਲੀਆਂ ਸੇਵਾਵਾਂ ਸ਼ੁਰੂ ਕਰ ਕੇ ਮਾਣ ਤਾਣ ਤੇ ਪ੍ਰਸ਼ੰਸਾ ਕਮਾਈ ਹੈ। ਸੂਬੇ ਦੀ ਅਸੈਂਬਲੀ ਜਿਸ ਵਿਚ ਪ੍ਰਤੀਨਿਧ ਸਭਾ ਤੇ ਸੈਨੇਟ ਦੇ ਮੈਂਬਰ ਸ਼ਾਮਲ ਹਨ, ਨੇ 'ਸਿੱਖ ਜਾਗਰੂਕਤਾ ਮਹੀਨਾ' ਸਬੰਧੀ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਹੈ।



ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀ ਸਰਕਾਰ ਨੇ ਵੀ ਅਪਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਉਣ ਦਾ ਐਲਾਨ

*(ਬਾਕੀ ਸਫਾ 6 ਉਤੇ)*

ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA 46342
734 838 9998
24 ਘੰਟੇ ਐਮਰਜੈਂਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

Income Tax Preparation
By Certified Public Accountant
Atlantic Tax Solutions Inc.
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty: Corporate Tax, Personal Income Tax, Financial Statement Audit, New Business Setup, Year Round Service, Accounting, Bookkeeping, Payroll Services, Immigration Forms
Insurance: Auto, Home, Life, Business, Worker Comp.
Get the most from your tax return!
Authorized e-file Provider
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

## Gurdwara Shri Guru HarGobind Sahib Ji

1050 S. Graham Road, Greenwood, IN 46143

# ਖਾਲਸਾ ਸਾਜਨਾ ਦਿਵਸ ਸਮਾਗਮ

# Khalsa Sajna Diwas Samagam

## 20 ਅਪਰੈਲ ਤੋਂ 22 ਅਪਰੈਲ ਤੱਕ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਖੇ ਤਿੰਨ ਰੋਜ਼ਾ ਖਾਲਸਾ ਸਾਜਨਾ ਦਿਵਸ ਸਮਾਗਮ 20 ਅਪਰੈਲ ਤੋਂ 22 ਅਪਰੈਲ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)


ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)


ਗਿਆਨੀ ਸ਼ੇਰ ਸਿੰਘ


ਭਾਈ ਮਹਿਲ ਸਿੰਘ ਚੰਡੀਗੜ੍ਹ (ਕਵੀਸ਼ਰੀ ਜਥਾ)


ਭਾਈ ਸੁੱਖਾ ਸਿੰਘ


ਗਿਆਨੀ ਭੁਪਿੰਦਰ ਸਿੰਘ


ਭਾਈ ਸਾਹਿਬ ਸਿੰਘ

## ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**21 ਅਪਰੈਲ 2018, ਸਨਿਚਰਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**22 ਅਪਰੈਲ 2018, ਐਤਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਦੁਪਹਿਰ ਦਾ ਦੀਵਾਨ: ਸਵੇਰੇ 11:30 ਤੋਂ 3 ਵਜੇ ਤੱਕ*




21 ਅਪਰੈਲ 2018

*ਸਨਿਚਰਵਾਰ*

*ਸਵੇਰੇ 11 ਵਜੇ*

**April 20th, 2018 Friday**

*Evening Diwan 6PM to 9PM*

**April 21st, 2018 Saturday**

*Morning 6:30AM to 9AM Asa Dee Vaar*

*Evening Diwan: 6PM to 9PM*

**April 22nd, 2018 Sunday**

*Morning 6:30Am to 9AM Asa Dee Vaar*

*Afternoon Diwan: 11:30AM to 3PM*

## ਹੋਰ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਗੁਰਪ੍ਰੀਤ ਸਿੰਘ
ਫੋਨ: 317-476-4038

ਭਾਈ ਜਸਦੀਪ ਸਿੰਘ
ਫੋਨ: 317-560-0019

ਭਾਈ ਸਤਨਾਮ ਸਿੰਘ
ਫੋਨ: 317-403-8344

# ਬੁੱਤਾ ਸਾਰਨ ਵਾਲੀ ਸੀ ਬਾਦਲਾਂ ਦੀ ਨਸ਼ਿਆਂ ਖਿਲਾਫ ਮੁਹਿੰਮ

**ਚੰਡੀਗੜ੍ਹ:** ਹਾਲ ਹੀ ਵਿਚ ਜਾਰੀ ਹੋਈ ਕੈਗ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਨਸ਼ਿਆਂ ਨੂੰ ਲੈ ਕੇ ਪਿਛਲੀ ਅਕਾਲੀ-ਭਾਜਪਾ ਸਰਕਾਰ ਇੰਨੀ ਗੰਭੀਰ ਨਹੀਂ ਸੀ, ਜਿੰਨਾ ਸਰਕਾਰ ਵੱਲੋਂ ਰੌਲਾ ਪਾਇਆ ਗਿਆ। ਇਸ ਗੱਲ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਬੀ) ਨੇ ਸਿਫਾਰਸ਼ ਕੀਤੀ ਸੀ ਕਿ 'ਡਰੱਗ' ਦਾ ਪਤਾ ਲਾਉਣ ਲਈ 'ਟ੍ਰੇਂਡ ਸਨੀਫਰ ਕੁੱਤਿਆਂ ਨੂੰ ਖੋਜ ਉਪਰੇਸ਼ਨ ਵਿਚ ਸ਼ਾਮਲ ਕਰਾਉਣਾ ਲਾਭਦਾਇਕ ਹੋਵੇਗਾ। ਕੈਗ ਦੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਮਈ 2016 ਤੱਕ ਇਕ ਵੀ ਖੋਜੀ ਕੁੱਤਾ ਉਪਲਬਧ ਨਹੀਂ ਹੋ ਸਕਿਆ।

ਕੈਗ ਦੀ ਅਹਿਮ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੇਂਦਰ ਸਰਕਾਰ ਵੱਲੋਂ ਡਰੱਗ ਤਸਕਰੀ ਰੋਕਣ ਦੇ ਉਦੇਸ਼ ਨਾਲ ਹਰ ਇਕ ਰਾਜ ਨੂੰ 15 ਕਰੋੜ ਰੁਪਏ ਦੀ ਮਦਦ ਦੇ ਤਹਿਤ ਪੰਜਾਬ ਨੂੰ ਸਾਲ 2014-15 ਤੋਂ 2016-17 ਤੱਕ ਫੰਡ ਜਾਰੀ ਕੀਤੇ ਗਏ ਪਰ ਪੰਜਾਬ ਸਟੇਟ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਪਹਿਲਾਂ ਦੋ ਸਾਲ ਤੱਕ ਤਾਂ ਇਸ ਸਬੰਧੀ ਯੋਜਨਾ ਹੀ ਤਿਆਰ ਨਹੀਂ ਕੀਤੀ ਜਾ ਸਕੀ।

# ਸਿਆਹਫਾਮ ਨੌਜਵਾਨ ਖਾਤਰ ਸੈਕਰਾਮੈਂਟੋ ਵਿਚ ਇਨਸਾਫ ਮਾਰਚ

**ਸੈਕਰਾਮੈਂਟੋ:** ਸੈਂਕੜਿਆਂ ਦੀ ਤਾਦਾਦ ਵਿਚ ਲੋਕਾਂ ਨੇ ਉਸ ਨਿਹੱਥੇ ਅਫਰੀਕੀ-ਅਮਰੀਕੀ ਨੌਜਵਾਨ ਨੂੰ ਸ਼ਰਧਾਂਜਲੀ ਦੇਣ ਤੇ ਨਿਆਂ ਦੀ ਮੰਗ ਕਰਨ ਲਈ ਮਾਰਚ ਵਿਚ ਹਿੱਸਾ ਲਿਆ ਜਿਸ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਪੁਲਿਸ ਨੇ ਉਸ ਦੇ ਦਾਦੇ ਦੇ ਘਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ ਸੀ। ਐਫੀ ਨਿਊਜ਼ ਦੀ ਰਿਪੋਰਟ ਅਨੁਸਾਰ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਇਹ ਮਾਰਚ ਕੱਢਿਆ ਗਿਆ ਜਿਸ ਦੀ ਅਗਵਾਈ ਐਨਬੀਏ ਦੇ ਬਾਸਕਟਬਾਲ ਖਿਡਾਰੀ ਮੈਟ ਬਾਰਨੀਜ਼ ਨੇ ਕੀਤੀ ਜਿਸ ਨੇ ਲੰਘੇ ਵੀਰਵਾਰ ਸਟੀਫਨ ਕਲਾਰਕ ਦੇ ਤਾਬੂਤ ਨੂੰ ਮੋਢਾ ਦਿੱਤਾ ਸੀ ਅਤੇ ਮੁਕਾਮੀ ਸੈਕਰਾਮੈਂਟੋ ਕਿੰਗਜ਼ ਟੀਮ ਵਿਚ ਆਪਣੇ ਪੁਰਾਣੇ ਸਾਥੀ ਡੀਮਾਰਕਸ ਕਜ਼ਨਜ਼ ਨਾਲ ਮਿਲ ਕੇ ਅਕੀਦਤ ਭੇਟ ਕੀਤੀ ਸੀ। ਬਾਰਨੀਜ਼ ਨੇ ਕਿਹਾ ਕਿ ਉਹ ਸਾਨੂੰ ਮਾਰਦੇ ਚਲੇ ਆ ਰਹੇ ਹਨ ਤੇ ਇਹ ਸਾਡੇ ਵਿਚੋਂ ਕੋਈ ਵੀ ਹੋ ਸਕਦਾ ਹੈ। ਹੁਣ ਮਸਲਾ ਇਹ ਹੈ ਕਿ ਤੁਹਾਡੀ ਚਮੜੀ ਥੋੜ੍ਹੀ ਬਹੁਤ ਸਿਆਹ ਹੈ ਤਾਂ ਤੁਹਾਨੂੰ ਆਸਾਨੀ ਨਾਲ ਕਸੂਰਵਾਰ ਮੰਨ ਲਿਆ ਜਾਵੇਗਾ। ਇੰਜ ਹੋਣਾ ਨਹੀਂ ਚਾਹੀਦਾ। ਤੱਥ ਇਹ ਹੈ ਕਿ ਇਕੱਲਤਾ ਤੇ ਵਖਰੇਵਾਂ ਬਹੁਤ ਜ਼ਿਆਦਾ ਹੈ ਕਿਉਂਕਿ ਅਸੀਂ ਸਮਝ ਨਹੀਂ ਰਹੇ, ਸੁਣ ਨਹੀਂ ਰਹੇ ਅਤੇ ਮੈਨੂੰ ਸ਼ੱਕ ਹੈ ਕਿ ਅਸੀਂ ਜਾਣਦੇ ਵੀ ਨਹੀਂ ਹਾਂ। ਅਸੀਂ ਨਹੀਂ ਜਾਣਦੇ ਕਿ ਪੁਲਿਸ ਕਰਮੀ ਕੌਣ ਸਨ ਤੇ ਇਸ ਕਰ ਕੇ ਅਸੀਂ ਹੋਰ ਵੀ ਖੌਫਜ਼ਦਾ ਹਾਂ।


## Matrimonials

### ਵਰ ਦੀ ਲੋੜ

Looking for a suitable match for US citizen Punjabi Khatri girl, 31 years, 5' 2", well settled, divorced. The boy must be willing to stay in/near Cleveland, Ohio. Contact: Nsaw2018@gmail.com 14-17

Match for Jatt Sikh Gill girl, 28 yrs, 5'-5", engineer in MNC, H1B Visa, Green Card in procesing, Lives in Bay Area, California. Preferance to doctor/ engeneer in Bay Area. Contact: hsgill.ado@gmail.com 11-14

### ਜੀਵਨ ਸਾਥਣ ਦੀ ਲੋੜ

Wanted suitable educated US citizen/green card holder Punjabi Sikh woman 30-38 yrs , for Jatt Sikh Gill clean shaven Divorced man 39 yrs, 5'-7" US citizen, belongs to educated family from Punjab. Email: Sukhkaran1978@outlook.com 14-17


## ਵਿੰਨੀ ਮੰਡੇਲਾ ਦਾ ਦੇਹਾਂਤ

**ਜੌਹੈਨਸਬਰਗ:** ਦੱਖਣੀ ਅਫਰੀਕਾ ਵਿਚ ਰੰਗ ਭੇਦ ਦੀ ਨੀਤੀ ਖਿਲਾਫ਼ ਮੋਹਰੇ ਹੋ ਕੇ ਅਗਵਾਈ ਦੇਣ ਵਾਲੀ ਮੁਹਿੰਮਕਾਰ ਤੇ ਮੁਲਕ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਦੀ ਪਤਨੀ ਵਿੰਨੀ ਮੰਡੇਲਾ ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਲੰਮੇ ਸਮੇਂ ਤੋਂ ਬਿਮਾਰ ਸਨ। ਅਕਾਲ ਚਲਾਣੇ ਕਰ ਕੇ ਸ਼ੋਕ ਵਿਚ ਡੁੱਬੇ ਲੋਕਾਂ ਦਾ ਵਿੰਨੀ ਦੇ ਸੋਵੇਟੋ ਵਿਚਲੇ ਘਰ ਦੇ ਬਾਹਰ ਇਕੱਠੇ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ।

ਇਸ ਦੌਰਾਨ ਰਾਸ਼ਟਰਪਤੀ ਸਾਇਰਿਲ ਰਾਮਾਫੋਸਾ ਨੇ ਪੁਸ਼ਟੀ ਕੀਤੀ ਹੈ ਕਿ ਰੰਗ ਭੇਦ ਦੀ ਨੀਤੀ ਖਿਲਾਫ਼ ਲੜਨ ਵਾਲੀ ਵਿੰਨੀ ਲਈ ਅਰਦਾਸ 11 ਅਪਰੈਲ ਨੂੰ ਅਤੇ ਸਰਕਾਰੀ ਸਨਮਾਨਾਂ ਨਾਲ ਸਸਕਾਰ 14 ਅਪਰੈਲ ਨੂੰ ਕੀਤਾ ਜਾਵੇਗਾ। ਰਾਸ਼ਟਰਪਤੀ ਨੇ ਵਿੰਨੀ ਮੰਡੇਲਾ ਨੂੰ 'ਵਿਦਰੋਹ ਤੇ ਵਿਰੋਧ ਦੀ ਆਵਾਜ਼' ਦੱਸਦਿਆਂ ਕਿਹਾ ਕਿ ਉਸ ਵਿਚ ਲੋਕਾਂ ਨੂੰ ਆਜ਼ਾਦ ਕਰਾਉਣ ਦੀ ਚਾਹ ਸੀ।

## 'ਡ੍ਰੀਮਰਜ਼ ਪਰਵਾਸ' ਦਾ ਦੌਰ ਹੁਣ ਖਤਮ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ 'ਡ੍ਰੀਮਰਜ਼' ਪਰਵਾਸੀਆਂ ਬਾਰੇ ਸੁਵਿਧਾ ਪੂਰੀ ਤਰ੍ਹਾਂ ਖਤਮ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਹੁਣ ਅਮਰੀਕਾ ਵਿਚ ਹੋਰ ਪਰਵਾਸ ਸੰਭਵ ਨਹੀਂ ਹੈ ਤੇ ਹੁਣ ਦੇਸ਼ ਵਿਚ ਹੋਰ ਲੋਕਾਂ ਨੂੰ ਆਉਣ ਤੋਂ ਰੋਕਣਾ ਪਵੇਗਾ। ਉਨ੍ਹਾਂ ਕਿਹਾ ਕਿ ਕੁਝ ਲੋਕ ਸੁਰੱਖਿਆ ਦੀ ਆੜ ਹੇਠ ਪਰਵਾਸ ਦੀ ਮਨਜ਼ੂਰੀ ਲੈ ਰਹੇ ਹਨ। ਈਸਾਈ ਤਿਉਹਾਰ ਈਸਟਰ ਮੌਕੇ ਰਾਸ਼ਟਰਪਤੀ ਟਰੰਪ ਨੇ ਇਕ ਟਵੀਟ ਰਾਹੀਂ ਇਹ ਜਾਣਕਾਰੀ ਦਿੱਤੀ।

ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕਾ ਵਿਚ ਗੈਰਕਾਨੂੰਨੀ ਤਰੀਕਿਆਂ ਰਾਹੀਂ ਆਏ ਪਰਵਾਸੀਆਂ ਦੇ ਬੱਚਿਆਂ ਨੂੰ ਦੇਸ਼ ਵਿਚ ਰਹਿਣ ਦੀ ਮਨਜ਼ੂਰੀ ਦਿੱਤੀ ਸੀ ਤੇ ਇਸ ਤਹਿਤ ਅਮਰੀਕਾ ਵਿਚ ਹੁਣ ਹਜ਼ਾਰਾਂ ਪਰਿਵਾਰ ਰਹਿ ਰਹੇ ਹਨ।

ਟਰੰਪ ਨੇ ਇਹ ਵੀ ਕਿਹਾ ਕਿ ਜੇ ਮੈਕਸੀਕੋ ਨੇ ਆਪਣੇ ਲੋਕਾਂ ਨੂੰ ਅਮਰੀਕਾ ਵਿਚ ਪਰਵਾਸ ਕਰਨ ਤੋਂ ਨਾ ਰੋਕਿਆ ਤਾਂ ਉਸ ਨਾਲ ਮੁਕਤ ਵਪਾਰ ਸੰਧੀ ਵੀ ਖਤਮ ਕਰ ਦਿੱਤੀ ਜਾਵੇਗੀ।

# ਹੁਣ ਮੁੰਬਈ ਸਥਿਤ ਅਮਰੀਕੀ ਕੌਂਸਲਖਾਨਾ ਹੀ ਜਾਰੀ ਕਰੇਗਾ ਵੀਜ਼ੇ

**ਨਵੀਂ ਦਿੱਲੀ:** ਅਮਰੀਕਾ ਦਾ ਨਵੀਂ ਦਿੱਲੀ ਵਿਚਲਾ ਦੂਤਘਰ ਪਹਿਲੀ ਅਪਰੈਲ ਤੋਂ ਆਈ. ਆਰ.5, ਆਈ.ਆਰ 1, ਆਈ.ਆਰ. 2, ਸੀ.ਆਰ. 1 ਜਾਂ ਸੀ. ਆਰ. 2 ਸ਼੍ਰੇਣੀ ਵਾਲੇ ਪਰਵਾਸੀ ਵੀਜ਼ੇ ਨਹੀਂ ਜਾਰੀ ਕਰੇਗਾ ਕਿਉਂਕਿ ਵੀਜ਼ਾ ਜਾਰੀ ਕਰਨ ਨਾਲ ਸਬੰਧਤ ਸਾਰੀ ਪ੍ਰਕਿਰਿਆ ਮੁੰਬਈ ਤਬਦੀਲ ਕਰ ਦਿੱਤੀ ਹੈ। ਇਕ ਪਰਵਾਸੀ ਨੂੰ ਆਈ.ਆਰ. 5 (ਅਮਰੀਕੀ ਨਾਗਰਿਕ ਦੇ ਮਾਪੇ), ਆਈ.ਆਰ.1/ਸੀ. ਆਰ. 1 ਵੀਜ਼ਾ (ਅਮਰੀਕੀ ਨਾਗਰਿਕ ਦਾ ਜੀਵਨ ਸਾਥੀ) ਜਾਂ ਆਈ. ਆਰ. 2/ ਸੀ. ਆਰ. 2 (ਅਮਰੀਕੀ ਨਾਗਰਿਕ ਦਾ ਨਾਬਾਲਗ ਕੁਆਰਾ ਬੱਚਾ) ਲਈ ਵੀਜ਼ਾ ਸਿਰਫ ਮੁੰਬਈ 'ਚ ਅਮਰੀਕੀ ਕੌਂਸਲਖਾਨਾ ਹੀ ਜਾਰੀ ਕਰੇਗਾ।

ਅਮਰੀਕੀ ਦੂਤਘਰ ਦੇ ਇਕ ਉਚ ਪੱਧਰੀ ਸੂਤਰ ਨੇ ਦੱਸਿਆ ਕਿ ਅਮਰੀਕੀ ਦੂਤਘਰ ਨੇ ਸਿਰਫ ਆਪਣੇ ਮੁੰਬਈ ਦਫਤਰ ਤੋਂ ਵੀਜ਼ਾ ਜਾਰੀ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕੀ ਦੂਤਘਰ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮੁੰਬਈ ਵਿਚ ਅਮਰੀਕੀ ਕੌਂਸਲਖਾਨੇ ਵਿਚ ਕਾਫੀ ਥਾਂ ਹੈ ਅਤੇ ਸਾਰੇ ਦੇਸ਼ਾਂ ਵਿਚ ਅਮਰੀਕਾ ਦਾ ਇਕੋ ਦਫਤਰ ਹੀ ਪਰਵਾਸੀਆਂ ਨੂੰ ਵੀਜ਼ਾ ਜਾਰੀ ਕਰਦਾ ਹੈ। ਇਨ੍ਹਾਂ ਗੱਲਾਂ ਨੂੰ ਦੇਖਦੇ ਹੋਏ ਅਮਰੀਕਾ ਨੇ ਵੀਜ਼ਾ ਜਾਰੀ ਕਰਨ ਦੀ ਸਾਰੀ ਪ੍ਰਕਿਰਿਆ ਮੁੰਬਈ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ।

## ਪੰਜਾਬ ਸਭਿਆਚਾਰ ਕਮਿਸ਼ਨ ਦੀ ਸਥਾਪਨਾ ਕਰੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਸਭਿਆਚਾਰਕ ਮਾਮਲੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਹੈ ਕਿ ਪੰਜਾਬੀ ਗੀਤਾਂ 'ਚ ਹਥਿਆਰਬਾਜ਼ੀ ਤੇ ਲੱਚਰਤਾ ਨੂੰ ਠੱਲ੍ਹ ਪਾਉਣ ਲਈ 'ਪੰਜਾਬ ਸਭਿਆਚਾਰ ਕਮਿਸ਼ਨ' ਦੀ ਸਥਾਪਨਾ ਕੀਤੀ ਜਾਵੇਗੀ, ਜਿਸ ਤਹਿਤ ਅਜਿਹੇ ਗੀਤ ਗਾਉਣ ਵਾਲਿਆਂ ਖਿਲਾਫ਼ ਐਫ.ਆਈ.ਆਰ. ਦਰਜ ਕਰਾਉਣ ਅਤੇ 3 ਮਹੀਨੇ ਕੈਦ ਦਾ ਨਿਯਮ ਹੋਵੇਗਾ।

ਇਸ ਕਮਿਸ਼ਨ ਦੇ ਪੈਟਰਨ-ਇਨ-ਚੀਫ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੋਣਗੇ, ਜਦਕਿ ਸਿੱਧੂ ਆਪ ਇਸ ਕਮਿਸ਼ਨ ਦੇ ਪੈਟਰਨ ਅਤੇ ਡਾ. ਸੁਰਜੀਤ ਪਾਤਰ ਇਸ ਦੇ ਚੇਅਰਮੈਨ ਹੋਣਗੇ। ਇਹ ਕਮਿਸ਼ਨ ਕਿਵੇਂ ਕੰਮ ਕਰੇਗਾ, ਇਸ ਕੋਲ ਕਿਹੜੇ ਅਧਿਕਾਰ ਹੋਣਗੇ ਅਤੇ ਇਸ ਵਿਚ ਕਿੰਨੇ ਮੈਂਬਰ ਹੋਣਗੇ, ਇਸ ਬਾਰੇ ਡਾ. ਪਾਤਰ 2 ਹਫਤਿਆਂ ਵਿਚ ਸਰਕਾਰ ਨੂੰ ਰਿਪੋਰਟ ਸੌਂਪਣਗੇ।

# ਗੁਰਦੁਆਰਾ ਪੈਲਾਟਾਈਨ ਚੋਣ: ਕਿਸੇ ਇਕ ਸਲੇਟ ਨੂੰ ਪੂਰਨ ਜਿੱਤ ਨਾ ਮਿਲੀ

**ਸ਼ਿਕਾਗੋ (ਬਿਊਰੋ):** ਮਿਡਵੈਸਟ ਅਮਰੀਕਾ ਦੇ ਸਭ ਤੋਂ ਪੁਰਾਣੇ ਅਤੇ ਵੱਡੇ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਦੇ 5 ਬੋਰਡ ਮੈਂਬਰਾਂ ਦੀ ਪਹਿਲੀ ਅਪਰੈਲ ਨੂੰ ਹੋਈ ਚੋਣ ਵਿਚ ਜੈਰਾਮ ਸਿੰਘ (ਨੀਟੂ) ਕਾਹਲੋਂ, ਇਰਵਿਨਪ੍ਰੀਤ ਸਿੰਘ, ਅਮਰਦੇਵ ਸਿੰਘ ਬਦੇਸ਼ਾ, ਪ੍ਰੇਮ ਪਾਲ ਸਿੰਘ ਅਤੇ ਬੀਬੀ ਸਲਵਿੰਦਰ ਕੌਰ ਸੰਧੂ ਜੇਤੂ ਰਹੇ। ਸੰਵਿਧਾਨ ਅਮਲ ਕਮੇਟੀ (ਸੀ. ਆਈ. ਸੀ.) ਦੀ ਇਕੋ ਇਕ ਸੀਟ ਲਈ ਉਮੀਦਵਾਰ ਗੁਰਦੀਪ ਸਿੰਘ ਸੰਘਾ ਬਿਨਾ ਮੁਕਾਬਲਾ ਜਿੱਤ ਗਏ। ਸੁਸਾਇਟੀ ਦੀਆਂ ਕੁਲ 821 ਵੋਟਾਂ ਵਿਚੋਂ 634 ਵੋਟਾਂ ਪੋਲ ਹੋਈਆਂ। 20 ਵੋਟਾਂ ਤਕਨੀਕੀ ਤੌਰ 'ਤੇ ਰੱਦ ਹੋਈਆਂ। ਸਭ ਤੋਂ ਵੱਧ ਵੋਟਾਂ ਜੈਰਾਮ ਸਿੰਘ ਕਾਹਲੋਂ ਨੂੰ 336 ਪਈਆਂ। ਉਨ੍ਹਾਂ ਦੀ ਸਲੇਟ ਦੇ ਚਾਰ ਹੋਰ ਉਮੀਦਵਾਰਾਂ ਵਿਚੋਂ ਸਲਵਿੰਦਰ ਕੌਰ ਸੰਧੂ 261 ਵੋਟਾਂ ਲੈ ਕੇ ਜੇਤੂ ਰਹੇ ਜਦੋਂਕਿ ਬਾਕੀ ਤਿੰਨ ਉਮੀਦਵਾਰ ਗੁਰਦੀਪ ਸਿੰਘ ਜੌਹਲ (204), ਅਮਰਜੀਤ ਸਿੰਘ ਬੈਂਸ (179) ਤੇ ਵਹੀਰ ਸਿੰਘ ਨਾਰੰਗ (153) ਨੂੰ ਜਿੱਤ ਨਸੀਬ ਨਾ ਹੋ ਸਕੀ।


ਜੈ ਰਾਮ ਸਿੰਘ ਕਾਹਲੋਂ


ਅਮਰਦੇਵ ਸਿੰਘ


ਇਰਵਿਨਪ੍ਰੀਤ ਸਿੰਘ


ਪ੍ਰੇਮਪਾਲ ਸਿੰਘ


ਸਲਵਿੰਦਰ ਕੌਰ ਸੰਧੂ

ਮੌਜੂਦਾ ਪ੍ਰਬੰਧਕ ਕਮੇਟੀ ਦੀ ਹਮਾਇਤ ਵਾਲੀ ਸਲੇਟ ਦੇ ਪੰਜ ਉਮੀਦਵਾਰਾਂ ਵਿਚੋਂ ਤਿੰਨ-ਇਰਵਿਨਪ੍ਰੀਤ ਸਿੰਘ, ਅਮਰਦੇਵ ਸਿੰਘ ਬਦੇਸ਼ਾ ਤੇ ਪ੍ਰੇਮ ਪਾਲ ਸਿੰਘ ਕ੍ਰਮਵਾਰ 291, 271 ਅਤੇ 265 ਵੋਟਾਂ ਲੈ ਕੇ ਜੇਤੂ ਰਹੇ ਜਦੋਂਕਿ ਸਰਵਣ ਸਿੰਘ (247) ਤੇ ਖੁਸ਼ਪਾਲ ਸਿੰਘ ਸੋਢੀ (181) ਚੋਣ ਵਿਚ ਅਸਫਲ ਰਹੇ।

ਤੀਜੀ ਸਲੇਟ ਵਿਚ ਤਿੰਨ ਹੀ ਉਮੀਦਵਾਰ-ਸ਼ਿਵਇੰਦਰਜੀਤ (ਦਾਰਾ) ਸਿੰਘ, ਕੰਵਰ ਹਰਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਸਨ, ਜਿਨ੍ਹਾਂ ਨੂੰ ਕ੍ਰਮਵਾਰ 207, 183 ਤੇ 151 ਵੋਟਾਂ ਮਿਲੀਆਂ ਪਰ ਚੋਣ ਹਾਰ ਗਏ। ਚੋਣ ਵਿਚ ਕੁਲ 16 ਉਮੀਦਵਾਰ ਸਨ। ਬਾਕੀ ਤਿੰਨ ਉਮੀਦਵਾਰਾਂ-ਸਤਨਾਮ ਸਿੰਘ, ਜਗਦੀਸ਼ ਸਿੰਘ ਸੰਧੂ ਤੇ ਮਹਾਂਬੀਰ ਸਿੰਘ ਢਿੱਲੋਂ ਨੂੰ ਕ੍ਰਮਵਾਰ 32, 11 ਤੇ 11 ਵੋਟਾਂ ਮਿਲੀਆਂ। ਅਸਲ ਵਿਚ ਇਹ ਤਿੰਨੇ ਉਮੀਦਵਾਰ ਪਹਿਲਾਂ ਹੀ ਖੁਦ ਚੋਣ ਤੋਂ ਬਾਹਰ ਹੋ ਗਏ ਸਨ।

ਜ਼ਿਕਰਯੋਗ ਹੈ ਕਿ ਬੋਰਡ ਦੇ ਕੁਲ ਨੌਂ ਮੈਂਬਰ ਹਨ ਜਿਨ੍ਹਾਂ ਲਈ ਮਿਆਦ ਚਾਰ ਸਾਲ ਹੈ ਅਤੇ ਚੋਣ ਹਰ ਦੋ ਸਾਲ ਬਾਅਦ (ਇਕ ਵਾਰੀ 5 ਤੇ ਇਕ ਵਾਰੀ 4) ਹੁੰਦੀ ਹੈ। ਪਿਛਲੇ ਬੋਰਡ ਵਿਚੋਂ ਰਿਟਾਇਰ ਹੋ ਰਹੇ ਪੰਜ ਮੈਂਬਰ ਹਨ-ਮਹਾਂਬੀਰ ਸਿੰਘ ਬਰਾੜ, ਜਸਬੀਰ ਕੌਰ ਸਲੂਜਾ, ਸੁਰਿੰਦਰ ਕੌਰ ਸੈਣੀ, ਗਿਆਨ ਸਿੰਘ ਸੀਹਰਾ ਤੇ ਜਸਬੀਰ ਕੌਰ ਮਾਨ ਜਦੋਂਕਿ ਸੀ. ਆਈ. ਸੀ. ਮੈਂਬਰ ਹਨ, ਸੁਭਾਸ਼ ਸਿੰਘ।

## ਅੰਬੇਦਕਰ ਨੂੰ ਸਰਕਾਰੀ ਰਿਕਾਰਡ ਵਿਚ ਨਵਾਂ ਨਾਂ 'ਰਾਮਜੀ' ਮਿਲਿਆ

**ਲਖਨਊ:** ਉਤਰ ਪ੍ਰਦੇਸ਼ ਦੀ ਯੋਗੀ ਆਦਿੱਤਿਆ ਨਾਥ ਸਰਕਾਰ ਨੇ ਡਾ. ਬੀਆਰ ਅੰਬੇਦਕਰ ਦੇ ਨਾਂ ਵਿਚ 'ਰਾਮਜੀ' ਸ਼ਬਦ ਸ਼ਾਮਲ ਕਰ ਕੇ ਭਾਰੀ ਰਾਜਸੀ ਵਿਵਾਦ ਖੜ੍ਹਾ ਕਰ ਦਿੱਤਾ ਹੈ। ਉਤਰ ਪ੍ਰਦੇਸ਼ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਬੀਆਰ ਅੰਬੇਦਕਰ ਨਾਲ ਸਬੰਧਤ ਸਾਰੇ ਹਵਾਲਿਆਂ ਅਤੇ ਸਰਕਾਰੀ ਤੌਰ ਉਤੇ ਕੀਤੇ ਜਾਣ ਵਾਲੇ ਪੱਤਰ ਵਿਹਾਰ ਵਿਚ ਭੀਮਰਾਓ ਰਾਮਜੀ ਅੰਬੇਦਕਰ ਪ੍ਰਕਾਸ਼ਿਤ ਹੋਵੇਗਾ।

ਸਰਕਾਰ ਦੀ ਇਸ ਕਵਾਇਦ ਵਿਚੋਂ ਵਿਰੋਧੀ ਧਿਰ ਸਮਾਜਵਾਦੀ ਪਾਰਟੀ ਨੂੰ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਰਾਜਸੀ ਲਾਹਾ ਲਏ ਜਾਣ ਦੀ ਬੋਅ ਆ ਰਹੀ ਹੈ। ਪਾਰਟੀ ਇਸ ਕਦਮ ਨੂੰ ਵੋਟ ਬੈਂਕ ਰਾਜਨੀਤੀ ਨਾਲ ਜੋੜ ਕੇ ਦੇਖ ਰਹੀ ਹੈ। ਸਰਕਾਰ ਵੱਲੋਂ ਹੁਕਮ ਜਾਰੀ ਕਰਨ ਦੇ ਇਕ ਘੰਟੇ ਬਾਅਦ ਹੀ ਸਮਾਜਵਾਦੀ ਪਾਰਟੀ ਦੇ ਆਗੂ ਅਨੁਰਾਗ ਭਦੌਰੀਆਂ ਨੇ ਕਿਹਾ ਹੈ ਕਿ ਭਾਜਪਾ 'ਦਲਿਤਾਂ ਦੇ ਮਸੀਹਾ' ਦੇ ਨਾਂ ਨਾਲ ਰਾਜਨੀਤੀ ਕਰ ਰਹੀ ਹੈ।

## ਜੇਤਲੀ ਵੱਲੋਂ ਕੇਜਰੀਵਾਲ ਦਾ ਮੁਆਫੀਨਾਮਾ ਕਬੂਲ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਚਾਰ ਹੋਰਨਾਂ ਖਿਲਾਫ਼ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਦਾਖਲ ਮਾਣਹਾਨੀ ਦੇ ਮੁਕੱਦਮੇ ਖਤਮ ਕਰ ਦਿੱਤੇ ਹਨ। ਬੀਤੇ ਦਿਨੀਂ ਇਨ੍ਹਾਂ ਦੋਨਾਂ ਆਗੂਆਂ ਨੇ ਅਦਾਲਤ ਨੂੰ ਦੱਸਿਆ ਸੀ ਕਿ ਉਹ ਮਾਣਹਾਨੀ ਦੇ ਮਾਮਲੇ ਵਾਪਸ ਲੈਣਾ ਚਾਹੁੰਦੇ ਹਨ। ਸ੍ਰੀ ਜੇਤਲੀ ਦੇ ਵਕੀਲਾਂ ਨੇ ਕੇਜਰੀਵਾਲ ਤੇ ਚਾਰ ਹੋਰਨਾਂ ਵੱਲੋਂ ਮੰਗੀ ਗਈ ਮੁਆਫੀ ਨਾਲ ਸਹਿਮਤੀ ਪ੍ਰਗਟ ਕਰਦਿਆਂ ਅਦਾਲਤ ਵਿਚ ਅਰਜ਼ੀ ਦੇ ਕੇ ਮੁਕੱਦਮੇ ਵਾਪਸ ਲੈਣ ਬਾਰੇ ਦੱਸਿਆ ਸੀ।

ਅਦਾਲਤ ਨੇ ਸਾਂਝੀ ਅਰਜ਼ੀ ਮਨਜ਼ੂਰ ਕਰ ਲਈ ਹੈ। ਇਹ ਅਰਜ਼ੀ 'ਆਪ' ਕਨਵੀਨਰ ਵੱਲੋਂ ਭਾਜਪਾ ਆਗੂ ਤੋਂ ਦਿੱਲੀ ਅਤੇ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਮਾਮਲੇ ਵਿਚ ਕੀਤੀਆਂ ਟਿੱਪਣੀਆਂ ਬਾਰੇ ਮੁਆਫੀ ਮੰਗਣ ਤੋਂ ਬਾਅਦ ਦਾਖਲ ਕੀਤੀ ਗਈ ਹੈ। ਸ੍ਰੀ ਜੇਤਲੀ ਨੇ ਬੀਤੇ ਵਰ੍ਹੇ 5 ਅਗਸਤ ਨੂੰ ਜੇਤਲੀ ਅਤੇ ਹੋਰਨਾਂ 'ਆਪ' ਆਗੂਆਂ ਖਿਲਾਫ਼ ਮਾਣਹਾਨੀ ਕੇਸ ਦਾਖਲ ਕੀਤਾ ਸੀ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਸ਼ਾਹਕੋਟ ਉਪ ਚੋਣ ਲਈ ਸਿਆਸੀ ਧਿਰਾਂ ਨੇ ਕੀਤੇ ਕਮਰਕੱਸੇ

**ਜਲੰਧਰ:** ਸ਼ਾਹਕੋਟ ਉਪ ਚੋਣ ਲਈ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚ ਹਿਲਜੁਲ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਉਪ ਚੋਣ ਲਈ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਕਾਂਗਰਸ ਨੇ ਵੀ ਮੋਰਚਾ ਸੰਭਾਲ ਲਿਆ ਹੈ। ਸੱਤਾਧਾਰੀ ਧਿਰ ਹੋਣ ਕਰ ਕੇ ਕਾਂਗਰਸ ਦੇ ਹਾਰੇ ਹੋਏ ਆਗੂਆਂ ਦੀ ਨਿਗ੍ਹਾ ਸ਼ਾਹਕੋਟ ਹਲਕੇ ਉਤੇ ਟਿਕੀ ਹੋਈ ਹੈ। ਟਿਕਟ ਦੀ ਦੌੜ ਵਿਚ ਲੱਗੇ ਸੀਨੀਅਰ ਕਾਂਗਰਸੀ ਆਗੂਆਂ ਵਿਚ ਹੁਣ ਲਾਲ ਸਿੰਘ ਦਾ ਨਾਂ ਵੀ ਬੋਲਣ ਲੱਗ ਪਿਆ ਹੈ। ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਵੀ ਸ਼ਾਹਕੋਟ ਤੋਂ ਉਪ ਚੋਣ ਲੜਨ ਲਈ ਦੌੜ ਵਿਚ ਦੱਸੇ ਜਾ ਰਹੇ ਹਨ।

ਨਕੋਦਰ ਵਿਧਾਨ ਸਭਾ ਹਲਕੇ ਤੋਂ ਚੋਣ ਹਾਰ ਚੁੱਕੇ ਜ਼ਿਲ੍ਹਾ ਕਾਂਗਰਸ ਦਿਹਾਤੀ ਦੇ ਪ੍ਰਧਾਨ ਜਗਬੀਰ ਬਰਾੜ ਤੇ ਸ਼ਾਹਕੋਟ ਹਲਕੇ ਤੋਂ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਚੋਣ ਲੜਨ ਵਾਲੇ ਕਾਂਗਰਸੀ ਆਗੂ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਮੁੜ ਟਿਕਟ ਹਾਸਲ ਕਰਨ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਕਰੀਬੀ ਡਾ. ਨਵਜੋਤ ਸਿੰਘ ਦਾਹੀਆ ਵੀ ਟਿਕਟ ਦੇ ਦਾਅਵੇਦਾਰਾਂ ਵਿਚੋਂ ਹਨ। ਸੀਨੀਅਰ ਕਾਂਗਰਸੀ ਆਗੂਆਂ ਵਿਚ ਸਾਬਕਾ ਮੰਤਰੀ ਅਵਤਾਰ ਹੈਨਰੀ ਤੇ ਸਾਬਕਾ ਮੰਤਰੀ ਅਮਰਜੀਤ ਸਿੰਘ ਸਮਰਾ ਵੀ ਸ਼ਾਹਕੋਟ ਵਿਚ ਚੋਣ ਲੜਨਾ ਚਾਹੁੰਦੇ ਹਨ। ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ ਉਮੀਦਵਾਰ ਦੀ ਚੋਣ ਹੀ ਹੈ। ਸੱਤਾਧਾਰੀ ਧਿਰ ਹੋਣ ਕਾਰਨ ਬਹੁਤੇ ਕਾਂਗਰਸੀ ਆਗੂਆਂ ਨੂੰ ਉਮੀਦ ਹੈ ਕਿ ਉਨ੍ਹਾਂ ਨੂੰ ਜਿਤਾਉਣ ਲਈ ਸਰਕਾਰ ਪੂਰਾ ਜ਼ੋਰ ਲਾਵੇਗੀ। ਕਾਂਗਰਸੀ ਆਗੂ ਇਸ ਹਲਕੇ ਉਤੇ ਆਪਣੀ ਪੱਕੀ ਜਿੱਤ ਮੰਨ ਕੇ ਹੀ ਟਿਕਟ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ। ਸ਼ਾਹਕੋਟ ਦੇ ਸਿਆਸੀ ਪਿਛੋਕੜ ਉਤੇ ਨਜ਼ਰ ਮਾਰੀ ਜਾਵੇ ਤਾਂ ਇਹ ਹਲਕਾ ਅਕਾਲੀ ਦਲ ਦਾ ਗੜ੍ਹ ਰਿਹਾ ਹੈ। ਸਾਲ 1985 ਵਿਚ ਬਣੀ ਬਰਨਾਲਾ ਸਰਕਾਰ ਵੇਲੇ ਹਲਕੇ ਦਾ ਨਾਂ ਲੋਹੀਆਂ ਵਿਧਾਨ ਸਭਾ ਹਲਕਾ ਸੀ। ਉਦੋਂ ਇਸ ਹਲਕੇ ਤੋਂ ਬਲਵੰਤ ਸਿੰਘ ਚੋਣ ਜਿੱਤ ਕੇ ਵਿੱਤ ਮੰਤਰੀ ਬਣੇ ਸਨ। 1992 ਦੀਆਂ ਵਿਧਾਨ ਸਭਾ ਚੋਣਾਂ ਦਾ ਸ਼੍ਰੋਮਣੀ ਅਕਾਲੀ ਦਲ ਨੇ ਬਾਈਕਾਟ ਕੀਤਾ ਸੀ ਤੇ ਇਸ ਹਲਕੇ ਤੋਂ ਕਾਂਗਰਸ ਦੇ ਬ੍ਰਿਜ ਭੁਪਿੰਦਰ ਸਿੰਘ ਲਾਲੀ ਚੋਣ ਜਿੱਤੇ ਸਨ। 1997 ਵਿਚ ਪਹਿਲੀ ਵਾਰ ਅਜੀਤ ਸਿੰਘ ਕੋਹਾੜ ਨੇ ਚੋਣ ਲੜੀ ਸੀ ਤੇ ਉਹ 27 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤੇ ਸਨ। 2002 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਦੋਂ ਪੰਜਾਬ ਵਿਚ ਕਾਂਗਰਸ ਦੀ ਹਵਾ ਸੀ, ਤਾਂ ਵੀ ਇਸ ਹਲਕੇ ਤੋਂ ਸ. ਕੋਹਾੜ ਹੀ ਜੇਤੂ ਰਹੇ ਸਨ।

2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਅਜੀਤ ਸਿੰਘ ਕੋਹਾੜ ਨੇ ਕਾਂਗਰਸ ਦੇ ਪੈਰ ਨਹੀਂ ਲੱਗਣ ਦਿੱਤੇ ਸਨ। 2012 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਲੋਹੀਆਂ ਹਲਕੇ ਦਾ ਨਾਂ ਬਦਲ ਕੇ ਸ਼ਾਹਕੋਟ ਰੱਖ ਦਿੱਤਾ ਗਿਆ ਸੀ ਤੇ ਇਸ ਹਲਕੇ ਵਿਚ ਮਹਿਤਪੁਰ ਦਾ ਇਲਾਕਾ ਵੀ ਸ਼ਾਮਲ ਹੋ ਗਿਆ ਸੀ। ਅਜੀਤ ਸਿੰਘ ਕੋਹਾੜ ਨੇ ਲਗਾਤਾਰ ਆਪਣੀ ਚੌਥੀ ਜਿੱਤ ਦਰਜ ਕਰ ਕੇ ਇਸ ਹਲਕੇ ਦੇ ਅਕਾਲੀ ਪੱਖੀ ਹੋਣ ਦਾ ਸਬੂਤ ਦਿੱਤਾ ਸੀ। ਉਪ ਚੋਣ ਦੇ ਐਲਾਨ ਤੋਂ ਪਹਿਲਾਂ ਹੀ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗ ਚੁੱਕਾ ਹੈ, ਜਦੋਂ ਪਿਛਲੀਆਂ ਚੋਣਾਂ ਲੜਨ ਵਾਲਾ ਉਨ੍ਹਾਂ ਦਾ ਉਮੀਦਵਾਰ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ।

### ਅਕਾਲੀ ਦਲ ਨੂੰ ਕੋਹਾੜ ਪਰਿਵਾਰ 'ਤੇ ਭਰੋਸਾ

ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਜੀਤ ਸਿੰਘ ਕੋਹਾੜ ਪੰਜਵੀਂ ਵਾਰ ਚੋਣ ਜਿੱਤੇ ਸਨ। ਇਕ ਸਾਲ ਵਿਚ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਤੋਂ ਔਖੇ ਲੋਕਾਂ ਤੇ ਮੁਲਾਜ਼ਮਾਂ ਦੀ ਨਰਾਜ਼ਗੀ ਅਤੇ ਮਰਹੂਮ ਅਜੀਤ ਸਿੰਘ ਕੋਹਾੜ ਦੇ ਦੇਹਾਂਤ ਕਾਰਨ ਹਮਦਰਦੀ ਵਾਲੀਆਂ ਵੋਟ ਦਾ ਲਾਹਾ ਲੈਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਅਜੀਤ ਸਿੰਘ ਕੋਹਾੜ ਦੇ ਪੁੱਤ ਨਾਇਬ ਸਿੰਘ ਕੋਹਾੜ ਨੂੰ ਉਮੀਦਵਾਰ ਐਲਾਨ ਕੇ ਪਹਿਲਕਦਮੀ ਕੀਤੀ ਹੈ। ਨਾਇਬ ਸਿੰਘ ਕੋਹਾੜ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਹੀ ਹਲਕੇ ਵਿਚ ਸਿਆਸੀ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਉਨ੍ਹਾਂ ਨੇ ਹਲਕੇ ਦਾ ਦੌਰਾ ਵੀ ਕਰ ਲਿਆ ਹੈ।

# ਡਾ. ਗਾਂਧੀ ਨੇ ਬਣਾਇਆ 'ਪੰਜਾਬ ਮੰਚ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਵਿਚੋਂ ਮੁਅੱਤਲ ਕੀਤੇ ਪਟਿਆਲਾ ਹਲਕੇ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਨਵਾਂ 'ਪੰਜਾਬ ਮੰਚ' ਬਣਾਉਣ ਦਾ ਐਲਾਨ ਕਰ ਦਿੱਤਾ ਹੈ, ਜਿਸ ਨੂੰ ਭਵਿੱਖ ਵਿਚ ਸਿਆਸੀ ਪਾਰਟੀ ਵਜੋਂ ਵਿਕਸਿਤ ਕੀਤਾ ਜਾਵੇਗਾ।



ਡਾ. ਗਾਂਧੀ ਦਾ ਕਹਿਣਾ ਹੈ ਕਿ ਪੰਜਾਬੀ ਹਿਤੈਸ਼ੀਆਂ ਉਤੇ ਅਧਾਰਤ ਬਣਾਏ ਇਸ ਮੰਚ ਦਾ ਉਦੇਸ਼ 'ਫੈਡਰਲ ਭਾਰਤ, ਜਮਹੂਰੀ ਪੰਜਾਬ' ਦੀ ਸਿਰਜਣਾ ਕਰਨਾ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਕਿਸੇ ਵੇਲੇ ਪੰਜਾਬੀਆਂ ਦੀ ਆਵਾਜ਼ ਮੰਨੇ ਜਾਂਦੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਪੰਜਾਬ ਨੂੰ ਬੇਦਾਵਾ ਦੇ ਕੇ ਦਿੱਲੀ ਦੀ ਅਧੀਨਗੀ ਮੰਨ ਲਈ ਹੈ ਅਤੇ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਪਹਿਲਾਂ ਹੀ ਦਿੱਲੀ ਦਰਬਾਰ ਦੀਆਂ ਪਿਛਲੱਗ ਪਾਰਟੀਆਂ ਹਨ।

ਇਸ ਕਾਰਨ ਸੂਬੇ ਵਿਚ ਪੰਜਾਬੀਆਂ ਦੀ ਆਵਾਜ਼ ਉਠਾਉਣ ਵਾਲੀ ਕੋਈ ਵੀ ਖੇਤਰੀ ਆਵਾਜ਼ ਨਹੀਂ ਬਚੀ ਅਤੇ ਉਨ੍ਹਾਂ ਨੇ ਪੰਜਾਬੀਅਤ ਦੇ ਇਸੇ ਖਲਾਅ ਨੂੰ ਪੂਰਨ ਲਈ ਪੰਜਾਬ ਮੰਚ ਬਣਾਇਆ ਹੈ। ਪੰਜਾਬ ਮੰਚ ਦੀ ਮੁਢਲੀ ਟੀਮ ਵਿਚ ਡਾ. ਗਾਂਧੀ ਸਮੇਤ ਡਾ. ਜਗਜੀਤ ਚੀਮਾ, ਪ੍ਰੋ. ਬਾਵਾ ਸਿੰਘ, ਪ੍ਰੋ. ਮਲਕੀਅਤ ਸਿੰਘ ਸੈਣੀ, ਪ੍ਰੋ. ਰੌਣਕੀ ਰਾਮ, ਪੱਤਰਕਾਰ ਸੁਖਦੇਵ ਸਿੰਘ, ਹਰਮੀਤ ਕੌਰ ਬਰਾੜ, ਗੁਰਪ੍ਰੀਤ ਕੌਰ ਗਿੱਲ, ਦਿਲਪ੍ਰੀਤ ਗਿੱਲ ਅਤੇ ਡਾ. ਹਰਿੰਦਰ ਸਿੰਘ ਜ਼ੀਰਾ ਨੂੰ ਸ਼ਾਮਲ ਕੀਤਾ ਗਿਆ ਹੈ। ਡਾ. ਗਾਂਧੀ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਉਹ 'ਆਪ' ਦੀ ਹਾਈਕਮਾਂਡ ਨੂੰ ਉਨ੍ਹਾਂ ਉਪਰ ਲੱਗੇ ਦੋਸ਼ਾਂ ਦੇ ਜਵਾਬ ਢਾਈ ਸਾਲ ਪਹਿਲਾਂ ਦੇ ਚੁੱਕੇ ਹਨ ਅਤੇ ਇਹ ਹੁਣ ਲੀਡਰਸ਼ਿਪ ਦੇ ਹੱਥ ਹੈ ਕਿ ਉਨ੍ਹਾਂ ਨੂੰ ਪਾਰਟੀ ਵਿਚ ਰੱਖਣਾ ਹੈ ਜਾਂ ਕੱਢਣਾ ਹੈ ਪਰ ਉਹ ਖੁਦ ਅਸਤੀਫਾ ਨਹੀਂ ਦੇਣਗੇ ਕਿਉਂਕਿ ਉਨ੍ਹਾਂ ਨੇ ਲੋਕਾਂ ਦੀ ਪੰਜ ਸਾਲ ਸੇਵਾ ਕਰਨ ਦਾ ਵਾਅਦਾ ਕੀਤਾ ਹੈ।

ਉਨ੍ਹਾਂ ਕਿਹਾ ਕਿ 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਪਹਿਲਾਂ ਹੀ ਸਵਰਾਜ, ਪਾਰਦਰਸ਼ਤਾ ਅਤੇ ਧਰਮ ਦੀ ਆੜ ਹੇਠ ਸਿਆਸਤ ਨਾ ਕਰਨ ਦੇ ਨਿਰਧਾਰਤ ਮੁਢਲੇ ਅਸੂਲਾਂ ਨੂੰ ਛੱਡ ਚੁੱਕੇ ਹਨ, ਇਸ ਲਈ ਉਹ ਸ੍ਰੀ ਕੇਜਰੀਵਾਲ ਨੂੰ ਕਦੇ ਵੀ ਮੁਆਫ ਨਹੀਂ ਕਰ ਸਕਦੇ। ਡਾ. ਗਾਂਧੀ ਨੇ ਕਿਹਾ ਕਿ ਉਹ ਸੂਬੇ ਦੇ ਸਿੱਖਾਂ, ਹਿੰਦੂਆਂ ਤੇ ਦਲਿਤਾਂ ਨੂੰ ਇਕਜੁਟ ਕਰ ਕੇ ਪੰਜਾਬ ਦੀ ਆਵਾਜ਼ ਬਣਨਗੇ। ਉਹ ਪਾਕਿਸਤਾਨ ਨਾਲ ਦੋਸਤੀ ਤੇ ਵਪਾਰਕ ਸਾਂਝ ਪੈਦਾ ਕਰਨ ਅਤੇ ਜੰਗ ਵਿਰੁੱਧ ਆਵਾਜ਼ ਬੁਲੰਦ ਕਰਨਗੇ। ਇਸ ਮੰਚ ਰਾਹੀਂ ਖੇਤਰੀ ਪੱਧਰ 'ਤੇ ਪੈਦਾ ਹੋਏ ਸਿਆਸੀ ਖਲਾਅ ਨੂੰ ਭਰਿਆ ਜਾਵੇਗਾ।

### ਸ਼੍ਰੋਮਣੀ ਕਮੇਟੀ ਵੱਲੋਂ ਦੋ ਸਿੱਖ ਖਿਡਾਰੀਆਂ ਦਾ ਸਨਮਾਨ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਏਸ਼ੀਆਈ ਕੁਸ਼ਤੀ ਚੈਂਪੀਅਨਸ਼ਿਪ ਵਿਚ ਸੋਨ ਤਗਮਾ ਜੇਤੂ ਸਿੱਖ ਖਿਡਾਰਨ ਨਵਜੋਤ ਕੌਰ ਅਤੇ ਅੰਡਰ 19 ਵਿਚ ਕ੍ਰਿਕਟ ਵਿਸ਼ਵ ਕੱਪ 2018 ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਸਿੱਖ ਨੌਜਵਾਨ ਖਿਡਾਰੀ ਅਰਸ਼ਦੀਪ ਸਿੰਘ ਦਾ ਸਨਮਾਨ ਕੀਤਾ।

ਨਵਜੋਤ ਕੌਰ ਨੂੰ 2 ਲੱਖ 51 ਹਜ਼ਾਰ ਰੁਪਏ ਅਤੇ ਅਰਸ਼ਦੀਪ ਸਿੰਘ ਨੂੰ 1 ਲੱਖ 25 ਹਜ਼ਾਰ ਰੁਪਏ ਦੀ ਰਾਸ਼ੀ ਦੇ ਚੈੱਕ ਦਿੱਤੇ ਗਏ। ਭਾਈ ਲੌਂਗੋਵਾਲ ਨੇ ਕਿਹਾ ਕਿ ਅੰਤ੍ਰਿੰਗ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਨੌਜਵਾਨ ਸਿੱਖ ਖਿਡਾਰੀਆਂ ਨੂੰ ਸਨਮਾਨ ਕੀਤਾ ਗਿਆ ਹੈ ਅਤੇ ਸ਼੍ਰੋਮਣੀ ਕਮੇਟੀ ਭਵਿੱਖ ਵਿਚ ਵੀ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਸਿੱਖ ਖਿਡਾਰੀਆਂ ਦਾ ਸਨਮਾਨ ਕਰਦੀ ਰਹੇਗੀ।

# ਪੰਜਾਬ ਮੰਤਰੀ ਮੰਡਲ ਦੇ ਵਿਸਥਾਰ ਬਾਰੇ ਮੁੜ ਜ਼ੋਰ ਅਜ਼ਮਾਈ

**ਜਲੰਧਰ:** ਪੰਜਾਬ ਮੰਤਰੀ ਮੰਡਲ ਦੇ ਵਿਸਥਾਰ ਦਾ ਕੰਮ ਲੰਮੇ ਸਮੇਂ ਤੋਂ ਅਨੇ ਬਹਾਨੇ ਲਟਕਦਾ ਆ ਰਿਹਾ ਹੈ। ਬਜਟ ਸਮਾਗਮ ਮਗਰੋਂ ਇਸ ਦੇ ਵਿਸਥਾਰ ਦੀ ਚਰਚਾ ਨੇ ਮੁੜ ਜ਼ੋਰ ਫੜ ਲਿਆ ਹੈ। ਮੰਤਰੀ ਮੰਡਲ ਵਿਚ 9 ਮੰਤਰੀਆਂ ਦੇ ਅਹੁਦੇ ਖਾਲੀ ਹਨ।

ਦੋਆਬੇ ਵਿਚੋਂ ਇਕੋ ਮੰਤਰੀ ਰਾਣਾ ਗੁਰਜੀਤ ਸਿੰਘ ਹੀ ਲਿਆ ਗਿਆ ਸੀ। ਰੇਤ ਖੱਡਾਂ ਦੀ ਨਿਲਾਮੀ ਦੇ ਵਿਵਾਦਾਂ 'ਚ ਫਸਣ ਕਾਰਨ ਉਨ੍ਹਾਂ ਨੂੰ ਦਸਾਂ ਮਹੀਨਿਆਂ ਅੰਦਰ ਹੀ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਲਈ ਮਜਬੂਰ ਹੋਣਾ ਪੈ ਗਿਆ। ਲਿਹਾਜ਼ਾ ਹੁਣ ਦੋਆਬੇ ਦੀ ਮੰਤਰੀ ਮੰਡਲ ਵਿਚ ਕੋਈ ਵੀ ਨੁਮਾਇੰਦਗੀ ਨਹੀਂ ਰਹੀ। ਕੈਪਟਨ ਅਮਰਿੰਦਰ ਸਿੰਘ ਦੇ ਮੁੜ ਮੁੱਖ ਮੰਤਰੀ ਬਣਨ ਮਗਰੋਂ ਇਹ ਪਹਿਲੀ ਵਾਰ ਸੀ ਕਿ ਜਲੰਧਰ ਦਾ ਇਕ ਵੀ ਮੰਤਰੀ ਨਹੀਂ ਸੀ ਬਣਾਇਆ ਗਿਆ।

ਜਲੰਧਰ ਜ਼ਿਲ੍ਹੇ ਵਿਚੋਂ ਜਿੱਤੇ ਕਾਂਗਰਸ ਦੇ ਪੰਜ ਵਿਧਾਇਕਾਂ ਵਿਚੋਂ ਪਰਗਟ ਸਿੰਘ ਦੂਜੀ ਵਾਰ ਚੋਣ ਜਿੱਤੇ ਹਨ। ਉਹ ਮੰਤਰੀ ਦੇ ਅਹੁਦੇ ਵਾਸਤੇ ਵੱਡੇ ਦਾਅਵੇਦਾਰ ਮੰਨੇ ਜਾਂਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਬੀਤੇ ਦਿਨੀਂ ਪਰਗਟ ਸਿੰਘ ਦੀ ਮੁਲਾਕਾਤ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਨਾਲ ਹੋਈ ਸੀ। ਇਸ ਮੀਟਿੰਗ ਤੋਂ ਇਹ ਕਿਆਸ ਲਾਏ ਜਾ ਰਹੇ ਹਨ ਕਿ ਪੰਜਾਬ ਮੰਤਰੀ ਮੰਡਲ ਵਿਚ ਹੋਣ ਵਾਲੇ ਵਾਧੇ ਦੌਰਾਨ ਉਨ੍ਹਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

ਵਿਧਾਇਕ ਪਰਗਟ ਸਿੰਘ ਨੂੰ ਕਾਂਗਰਸ ਵਿਚ ਲਿਆਉਣ ਅਤੇ ਜਲੰਧਰ ਛਾਉਣੀ ਤੋਂ ਟਿਕਟ ਦਿਵਾਉਣ ਵਿਚ ਨਵਜੋਤ ਸਿੰਘ ਸਿੱਧੂ ਨੇ ਵੱਡੀ ਭੂਮਿਕਾ ਨਿਭਾਈ ਸੀ। ਬੀਤੇ ਦਿਨੀਂ ਜਲੰਧਰ ਵਿਚ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਨਵਜੋਤ ਸਿੰਘ ਸਿੱਧੂ ਨੇ ਇਸ਼ਾਰਾ ਕੀਤਾ ਸੀ ਕਿ ਜੇਕਰ ਉਨ੍ਹਾਂ ਦਾ ਵੱਸ ਚੱਲੇ ਤਾਂ ਉਹ ਪਰਗਟ ਸਿੰਘ ਨੂੰ ਖੇਡ ਮੰਤਰੀ ਬਣਾ ਕੇ ਹੀ ਸਾਹ ਲੈਣਗੇ। ਸਿੱਧੂ ਵੱਲੋਂ ਕੀਤੇ ਗਏ ਇਸ ਇਸ਼ਾਰੇ ਨਾਲ ਕਾਂਗਰਸ ਵਿਚ ਹਲਚਲ ਮੱਚ ਗਈ ਸੀ ਕਿ ਮੰਤਰੀ ਮੰਡਲ ਵਿਚ ਹੋਣ ਵਾਲੇ ਵਾਧੇ ਸਮੇਂ ਪਰਗਟ ਸਿੰਘ ਨੂੰ ਮੰਤਰੀ ਬਣਾ ਕੇ ਅਹਿਮ ਵਿਭਾਗ ਦਿੱਤੇ ਜਾ ਸਕਦੇ ਹਨ।

# ਕਿਸਾਨ ਖੁਦਕੁਸ਼ੀਆਂ: ਵਿਧਾਨ ਸਭਾ ਕਮੇਟੀ ਦੀ ਰਿਪੋਰਟ ਵੀ ਬੁੱਤਾ ਸਾਰਨ ਵਾਲੀ

**ਚੰਡੀਗੜ੍ਹ:** ਪੰਜਾਬ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਖੁਦਕੁਸ਼ੀਆਂ ਅਤੇ ਖੇਤ ਮਜ਼ਦੂਰਾਂ ਦੀ ਆਰਥਿਕ ਤੰਗੀ ਦੇ ਕਾਰਨਾਂ ਦੀ ਜਾਂਚ ਲਈ ਸੁਝਾਅ ਦੇਣ ਵਾਸਤੇ ਬਣਾਈ ਗਈ ਵਿਧਾਨ ਸਭਾ ਦੀ ਕਮੇਟੀ ਦੀ ਰਿਪੋਰਟ ਪੀੜਤ ਪਰਿਵਾਰਾਂ ਦੇ ਹੰਝੂ ਪੂੰਝਣ ਦਾ ਕੰਮ ਨਹੀਂ ਕਰ ਸਕੇਗੀ। ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਆਖਰੀ ਦਿਨ ਪੇਸ਼ ਕੀਤੀ ਗਈ ਰਿਪੋਰਟ ਉਤੇ ਸਦਨ ਵਿਚ ਕੋਈ ਬਹਿਸ ਨਹੀਂ ਕਰਵਾਈ ਗਈ। ਰਿਪੋਰਟ ਵਿਚਲੀਆਂ ਬਹੁਤ ਸਾਰੀਆਂ ਸਿਫਾਰਸ਼ਾਂ ਬੇਸ਼ੱਕ ਸਰਕਾਰੀ ਐਲਾਨਾਂ ਤੱਕ ਵੀ ਨਹੀਂ ਪਹੁੰਚਦੀਆਂ, ਫਿਰ ਵੀ ਜੇਕਰ ਕੁਝ ਕੁ ਉਤੇ ਵੀ ਅਮਲ ਹੋ ਜਾਵੇ ਤਾਂ ਅੰਸ਼ਿਕ ਰਾਹਤ ਜ਼ਰੂਰ ਮਿਲ ਜਾਵੇਗੀ। ਕਮੇਟੀ ਨੇ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਵਿਚ ਬਣਾਈਆਂ ਕਮੇਟੀਆਂ ਦੀ ਕਾਰਗੁਜ਼ਾਰੀ ਉਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਇਨ੍ਹਾਂ ਕਮੇਟੀਆਂ ਨੇ ਕਿਸੇ ਪਰਿਵਾਰ ਨਾਲ ਰਾਬਤਾ ਨਹੀਂ ਕੀਤਾ।



ਦੱਸਣਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 19 ਜੂਨ 2017 ਨੂੰ ਵਿਧਾਨ ਸਭਾ ਦੀ ਕਮੇਟੀ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ ਅਤੇ ਉਸੇ ਦਿਨ ਉਨ੍ਹਾਂ ਖੁਦਕੁਸ਼ੀ ਪੀੜਤ ਕਿਸਾਨ ਅਤੇ ਮਜ਼ਦੂਰ ਪਰਿਵਾਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਵੀ ਕਰ ਦਿੱਤਾ ਸੀ। ਮੁੱਖ ਮੰਤਰੀ ਦੀ ਪੇਸ਼ਕਸ਼ ਉਤੇ ਕਾਂਗਰਸ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿਚ ਬਣੀ ਵਿਧਾਨ ਸਭਾ ਕਮੇਟੀ ਨੇ ਆਪਣੀਆਂ ਸਿਫਾਰਸ਼ਾਂ ਵਿਚ ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਸਮੁੱਚੇ ਕਰਜ਼ੇ ਨੂੰ ਸਿਰਫ ਫਸਲੀ ਕਰਜ਼ੇ ਤੱਕ ਸੀਮਤ ਕਰ ਦਿੱਤਾ ਹੈ। ਕਮੇਟੀ ਦੀ ਸਿਫਾਰਸ਼ ਹੈ ਕਿ ਕਰਜ਼ੇ ਤੋਂ ਤੰਗ ਹੋਣ ਕਰ ਕੇ ਹੁਣ ਤੱਕ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਵੱਲੋਂ ਲਏ ਫਸਲੀ ਕਰਜ਼ੇ ਦਾ ਭੁਗਤਾਨ ਸਰਕਾਰ ਵੱਲੋਂ ਕੀਤਾ ਜਾਵੇ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਦਾ ਭੁਗਤਾਨ ਵੀ ਸਰਕਾਰ ਕਰੇ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਜਿਹੜੇ ਖੁਦਕੁਸ਼ੀ ਪੀੜਤ ਪਰਿਵਾਰ ਸਬੰਧਤ ਕਿਸਾਨ ਜਾਂ ਮਜ਼ਦੂਰ ਦੀ ਮੌਤ ਪਿਛੋਂ 30 ਦਿਨਾਂ ਦੇ ਨਿਰਧਾਰਤ ਸਮੇਂ ਵਿਚ ਮੁਆਵਜ਼ੇ ਦੀ ਮਾਲੀ ਸਹਾਇਤਾ ਲਈ ਅਪਲਾਈ ਨਹੀਂ ਕਰ ਸਕੇ, ਉਨ੍ਹਾਂ ਨੂੰ ਸਮੇਂ ਤੋਂ ਛੋਟ ਦੇ ਕੇ ਮਾਲੀ ਸਹਾਇਤਾ ਦਿੱਤੀ ਜਾਵੇ। ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਅਤੇ ਮਜ਼ਦੂਰਾਂ ਦੇ ਮਾਮਲਿਆਂ ਦੇ ਨਿਬੇੜੇ ਲਈ ਕਰਜ਼ ਨਿਬੇੜਾ ਅਤੇ ਹੱਲ ਕਮਿਸ਼ਨ ਬਣਾਉਣ ਦੀ ਸਿਫਾਰਸ਼ ਕੀਤੀ ਹੈ ਪਰ ਉਸ ਕਮਿਸ਼ਨ ਦੀਆਂ ਸੇਵਾ ਸ਼ਰਤਾਂ ਕੀ ਹੋਣਗੀਆਂ, ਇਸ ਨੂੰ ਕਮਿਸ਼ਨ ਦੇ ਵਿਵੇਕ ਮੁਤਾਬਕ ਖੁੱਲ੍ਹਾ ਛੱਡਿਆ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿਚ ਕਿਹਾ ਸੀ ਕਿ ਮਜ਼ਦੂਰਾਂ ਦੀ ਗਿਣਤੀ ਅਤੇ ਕਰਜ਼ੇ ਦਾ ਹਿਸਾਬ ਨਾ ਹੋਣ ਕਰ ਕੇ ਇਨ੍ਹਾਂ ਬਾਰੇ ਐਲਾਨ ਨਹੀਂ ਕੀਤਾ ਗਿਆ। ਕਮੇਟੀ ਨੇ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਆਧਾਰ ਉਤੇ ਦਰਜ ਕੀਤਾ ਹੈ ਕਿ ਪੰਜਾਬ ਵਿਚ 15,80,455 ਖੇਤ ਮਜ਼ਦੂਰ ਹਨ। ਇਨ੍ਹਾਂ ਦੇ ਕਰਜ਼ੇ ਬਾਰੇ ਕੋਈ ਹਿਸਾਬ-ਕਿਤਾਬ ਰਿਪੋਰਟ ਵਿਚ ਸ਼ਾਮਲ ਨਹੀਂ ਹੈ। ਹਾਲਾਂਕਿ ਡਾ. ਗਿਆਨ ਸਿੰਘ ਦੀ ਅਤੇ ਖੇਤ ਮਜ਼ਦੂਰ ਯੂਨੀਅਨ ਦੀਆਂ ਆਪਣੀਆਂ ਰਿਪੋਰਟਾਂ ਵੀ ਕਰਜ਼ੇ ਬਾਰੇ ਅਖਬਾਰਾਂ ਵਿਚ ਛਪ ਚੁੱਕੀਆਂ ਹਨ।

### ਕਮੇਟੀ ਦੀਆਂ ਸਿਫਾਰਸ਼ਾਂ

ਕਮੇਟੀ ਨੇ ਸਰਕਾਰ ਨੂੰ ਖੇਤ ਮਜ਼ਦੂਰਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਬਾਰੇ ਸਲਾਹ ਰੂਪੀ ਸਿਫਾਰਸ਼ ਕੀਤੀ ਹੈ। ਕਰਜ਼ਾ ਨਾ ਮੋੜ ਸਕਣ ਕਰ ਕੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਪੇਂਡੂ ਲੋਕਾਂ ਦੀ ਰੋਜ਼ੀ ਰੋਟੀ ਦੇ ਸਾਧਨ (ਜ਼ਮੀਨ ਸਮੇਤ) ਦੀ ਕੁਰਕੀ ਦੇ ਮੁੱਦੇ ਉਤੇ ਕਮੇਟੀ ਨੇ ਕੋਈ ਸਿਫਾਰਸ਼ ਨਹੀਂ ਕੀਤੀ ਪਰ ਖੁਦਕੁਸ਼ੀ ਦੇ ਮਾਮਲੇ ਵਿਚ ਜੇਕਰ ਆੜ੍ਹਤੀ ਉਤੇ ਪਰੇਸ਼ਾਨੀ ਦਾ ਦੋਸ਼ ਲੱਗਦਾ ਹੈ ਤਾਂ ਉਸ ਦੀ ਜਾਂਚ ਘੱਟੋ-ਘੱਟ ਐਸ.ਪੀ. ਰੈਂਕ ਦੇ ਪੁਲਿਸ ਅਧਿਕਾਰੀ ਤੋਂ ਕਰਵਾਉਣ ਦੀ ਸਿਫਾਰਸ਼ ਕੀਤੀ ਹੈ। ਇਸ ਦੇ ਨਾਲ ਨਿੱਜੀ ਕਰਜ਼ੇ ਨੂੰ ਨਿਯਮਿਤ ਕਰਨ ਲਈ ਦੁੱਗਣੇ ਤੋਂ ਵੱਧ ਪੈਸਾ ਮੋੜਨ ਉਤੇ ਕਰਜ਼ਾ ਅਦਾ ਕੀਤਾ ਸਮਝਣ ਅਤੇ ਵਿਆਜ ਦੀ ਦਰ ਨਿਯਮਿਤ ਕਰਨ ਦੀ ਵੀ ਸਿਫਾਰਸ਼ ਕੀਤੀ ਹੈ।

### ਖੇਤ ਮਜ਼ਦੂਰਾਂ ਦਾ ਵਿਧਾਨ ਸਭਾ ਕਮੇਟੀ ਨਾਲ ਗਿਲਾ

**ਬਠਿੰਡਾ:** ਕਿਸਾਨ ਮਜ਼ਦੂਰ ਆਗੂਆਂ ਨੇ ਖੁਦਕੁਸ਼ੀਆਂ ਸਬੰਧੀ ਬਣਾਈਆਂ ਕਮੇਟੀਆਂ 'ਤੇ ਕਾਰਗੁਜ਼ਾਰੀ ਤਸੱਲੀਬਖ਼ਸ਼ ਨਾ ਹੋਣ ਅਤੇ ਖੁਦਕੁਸ਼ੀਆਂ ਦੇ ਅਸਲ ਕਾਰਨਾਂ ਨੂੰ ਛੁਪਾਉਣ ਦੇ ਦੋਸ਼ ਲਾਏ ਹਨ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਨੇ ਆਖਿਆ ਹੈ ਕਿ ਕਮੇਟੀ ਵੱਲੋਂ ਮਸਲੇ ਦਾ ਕੋਈ ਬੁਨਿਆਦੀ ਤੇ ਠੋਸ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਚੋਣ ਵਾਅਦੇ ਮੁਤਾਬਕ ਖੇਤ ਮਜ਼ਦੂਰਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਤੋਂ ਸਰਕਾਰ ਭੱਜ ਹੀ ਗਈ ਹੈ, ਜਦੋਂਕਿ 19 ਜੂਨ, 2017 ਨੂੰ ਮੁੱਖ ਮੰਤਰੀ ਨੇ ਖੁਦਕੁਸ਼ੀ ਪੀੜਤ ਪਰਿਵਾਰਾਂ ਦਾ ਸਾਰਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ।

# ਬਜਟ ਇਜਲਾਸ: ਅਹਿਮ ਮਸਲਿਆਂ ਦੀ ਥਾਂ ਆਪਸੀ ਖੁੰਦਕਬਾਜ਼ੀ ਰਹੀ ਭਾਰੂ

**ਚੰਡੀਗੜ੍ਹ:** ਪਿਛਲੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਸਮਾਪਤ ਹੋਏ ਬਜਟ ਸੈਸ਼ਨ ਦੌਰਾਨ ਬਹੁਤੇ ਵਿਧਾਇਕ ਆਪੋ-ਆਪਣੇ ਹਲਕੇ ਦੀਆਂ ਛੋਟੀਆਂ-ਮੋਟੀਆਂ ਸਮੱਸਿਆਵਾਂ ਉਠਾਉਣ ਤੱਕ ਹੀ ਸੀਮਤ ਰਹੇ। ਇਸ ਤੋਂ ਪਤਾ ਲੱਗਦਾ ਹੈ ਕਿ ਅਜੇ ਪੰਜਾਬ ਵਿਚ ਅਜਿਹੇ ਛੋਟੇ-ਮੋਟੇ ਮੁੱਦੇ ਹੀ ਲੋਕਾਂ ਲਈ ਮੁਸੀਬਤ ਬਣੇ ਪਏ ਹਨ। ਪੰਜਾਬ ਨੂੰ ਦਰਪੇਸ਼ ਗੰਭੀਰ ਮੁੱਦੇ ਜਿਵੇਂ ਬੇਰੁਜ਼ਗਾਰੀ, ਡਰੱਗ, ਵਿੱਤੀ ਸੰਕਟ, ਅਮਨ ਤੇ ਕਾਨੂੰਨ, ਭ੍ਰਿਸ਼ਟਾਚਾਰ, ਧਰਤੀ ਹੇਠਾਂ ਡੂੰਘੇ ਤੇ ਜ਼ਹਿਰੀਲੇ ਹੋ ਰਹੇ ਪਾਣੀ, ਟਰੈਫਿਕ ਦੀ ਸਮੱਸਿਆ ਤੇ ਹਾਦਸਿਆਂ ਵਿਚ ਰੋਜ਼ਾਨਾ ਵਿਆਪਕ ਪੱਧਰ ਉਤੇ ਜਾ ਰਹੀਆਂ ਕੀਮਤੀ ਜਾਨਾਂ, ਕੈਂਸਰ ਅਤੇ ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਆਏ ਨਿਘਾਰ ਉਪਰ ਕੋਈ ਸੰਜੀਦਾ ਬਹਿਸ ਨਹੀਂ ਹੋ ਸਕੀ। ਜੇ ਕਿਸੇ ਵੇਲੇ ਵਿਧਾਨ ਸਭਾ ਵਿਚ ਗੰਭੀਰ ਮੁੱਦੇ ਉਠੇ ਵੀ ਹਨ ਤਾਂ ਉਹ ਗਾਲੀ-ਗਲੋਚ, ਮਿਹਣੋਂ-ਮਿਹਣੀ, ਬੋਲ-ਕੁਬੋਲ ਤੇ ਸ਼ਰੀਕੇਬਾਜ਼ੀ ਦੀ ਭੇਟ ਚੜ੍ਹ ਗਏ।

ਬਜਟ ਸੈਸ਼ਨ ਦੌਰਾਨ ਵਿੱਤੀ ਅੰਕੜਿਆਂ ਦੀ ਥਾਂ ਬੋਲ-ਕੁਬੋਲ ਸੁਣਨ ਨੂੰ ਮਿਲੇ। ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਵੀ ਲਹਿਰਾ ਤੇ ਮੂਨਕ ਹਸਪਤਾਲ ਵਿਚ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਦਾ ਮੁੱਦਾ ਉਠਾਉਣਾ ਪਿਆ।

## ਆਪਣੇ ਹਲਕੇ ਦੀਆਂ ਸਮੱਸਿਆਵਾਂ ਤੱਕ ਸੀਮਤ ਰਹੇ ਵਿਧਾਇਕ

ਵਿਧਾਇਕ ਨੱਥੂ ਰਾਮ ਨੇ ਜਿਥੇ ਹਲਕੇ ਬੱਲੂਆਣਾ ਦੇ ਪਿੰਡ ਧਰਮਪੁਰਾ ਦੇ ਪਾਣੀ ਦੀ ਸਪਲਾਈ ਲਈ ਵਾਟਰ ਵਰਕਸ ਦੀਆਂ ਨਾਕਸ ਪਾਈਪਾਂ ਦਾ ਮੁੱਦਾ



ਉਠਾਇਆ, ਉਥੇ ਵਿਧਾਇਕ ਦਰਸ਼ਨ ਲਾਲ ਨੇ ਹਲਕਾ ਬਲਾਚੌਰ ਦੇ ਸਕੂਲਾਂ ਤੇ ਕਾਲਜਾਂ ਵਿਚ ਵੋਕੇਸ਼ਨਲ, ਸਾਇੰਸ ਤੇ ਕਾਮਰਸ ਦੀਆਂ ਕਲਾਸਾਂ ਸ਼ੁਰੂ ਕਰਨ ਦੀ ਅਰਜੋਈ ਕੀਤੀ। ਹਲਕਾ ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਨੇ ਇਸ ਹਲਕੇ ਦੇ ਧਰਤੀ ਹੇਠਲੇ ਨਾ-ਪੀਣਯੋਗ ਪਾਣੀ ਅਤੇ ਪਿੰਡ ਗੁਣਾਚੌਰ ਦੇ ਕਮਿਊਨਿਟੀ ਸੈਂਟਰ ਦਾ ਮੁੱਦਾ ਉਠਾਇਆ। ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਠਿੰਡਾ ਵੱਲੋਂ ਚਲਾਏ ਜਾ ਰਹੇ ਨਸ਼ਾ ਛਡਾਊ ਕੇਂਦਰ ਦਾ ਮੁੱਦਾ ਉਠਾਇਆ। ਹਲਕਾ ਨਕੋਦਰ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਪਣੇ ਹਲਕੇ ਦੇ ਕਈ ਪਿੰਡਾਂ ਦੇ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਦਾ ਮੁੱਦਾ ਉਠਾਇਆ। ਇਸੇ ਤਰ੍ਹਾਂ ਸੰਸਦ ਮੈਂਬਰ ਰਹੇ ਵਿਧਾਇਕ ਵਿਜੇਇੰਦਰ ਸਿੰਗਲਾ ਨੇ ਧੂਰੀ ਤੋਂ ਬਰਨਾਲਾ ਵਾਇਆ ਰਾਣੀਕੇ ਦੀ ਸੜਕ ਦੀ ਮੰਦੀ ਹਾਲਤ ਦਾ ਮਾਮਲਾ ਉਠਾਇਆ।

ਵਿਧਾਇਕਾ ਰੁਪਿੰਦਰ ਕੌਰ ਰੂਬੀ ਨੂੰ ਸਰੂਪਾ ਬਸਤੀ ਘੁੱਦਾ ਦੇ ਐਲੀਮੈਂਟਰੀ ਸਕੂਲ ਦੇ ਗੇਟ ਮੂਹਰਲੇ ਕੱਚੇ ਰਸਤੇ ਦਾ ਮੁੱਦਾ ਵਿਧਾਨ ਸਭਾ ਵਿਚ ਉਠਾਉਣਾ ਪਿਆ। ਵਿਧਾਇਕ ਜੈ ਕ੍ਰਿਸ਼ਨ ਰੋੜੀ ਨੂੰ ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਵਾਲੀ ਸੜਕੀ ਦੀ ਮੰਦੀ ਹਾਲਤ ਅਤੇ ਮੁਹਾਲੀ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੂੰ ਪਿੰਡ ਬਲੌਂਗੀ ਲਾਈਟ ਪੁਆਇੰਟ ਤੋਂ ਪੀ.ਸੀ.ਐਲ. ਲਾਈਟ ਪੁਆਇੰਟ ਵਾਲੀ ਸੜਕ ਦੀ ਖਸਤਾ ਹਾਲਤ ਸਦਨ ਵਿਚ ਬਿਆਨ ਕਰਨੀ ਪਈ। ਵਿਧਾਇਕ ਗੁਰਕੀਰਤ ਸਿੰਘ ਕੋਟਲੀ, ਕੁਲਬੀਰ ਸਿੰਘ ਜ਼ੀਰਾ, ਸੰਗਤ ਸਿੰਘ ਗਿਲਜ਼ੀਆਂ, ਪਵਨ ਕੁਮਾਰ ਆਦੀਆ, ਸਤਕਾਰ ਕੌਰ, ਨਿਰਮਲ ਸਿੰਘ, ਵਿਧਾਇਕ ਅਮਿਤ ਵਿਜ, ਪਿਰਮਲ ਸਿੰਘ ਖਾਲਸਾ, ਹਰਮਿੰਦਰ ਸਿੰਘ ਗਿੱਲ, ਲਖਵੀਰ ਸਿੰਘ ਲੱਖਾ ਆਦਿ ਨੂੰ ਵੀ ਆਪਣੇ ਹਲਕਿਆਂ ਦੀਆਂ ਛੋਟੀਆਂ-ਛੋਟੀਆਂ ਮੁਸ਼ਕਲਾਂ ਵਿਧਾਨ ਸਭਾ ਵਿੱਚ ਦੱਸਣੀਆਂ ਪਈਆਂ।

### ਵਿਧਾਨ ਸਭਾ ਅੰਦਰ ਨਾ ਪੁੱਜੀ ਮੁਲਾਜ਼ਮਾਂ ਦੇ ਸੰਘਰਸ਼ ਦੀ ਗੂੰਜ

ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਸਾਂਝੀਆਂ ਮੰਗਾਂ ਡੀਏ ਦੀਆਂ ਤਿੰਨ ਬਕਾਇਆ ਕਿਸ਼ਤਾਂ ਰਿਲੀਜ਼ ਕਰਨ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਜਲਦ ਰਿਲੀਜ਼ ਕਰਨ, ਪੰਜਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਅਨੁਸਾਰ 125ਡੀਏ ਮੁਢਲੀ ਤਨਖਾਹ ਵਿਚ ਜੋੜ ਕੇ ਅੰਤਰਿਮ ਸਹਾਇਤਾ ਦੀ ਦੂਜੀ ਕਿਸ਼ਤ ਦੇਣ, ਪੁਰਾਣੀਆਂ ਡੀਏ ਦੀਆਂ ਕਿਸ਼ਤਾਂ ਦਾ 22 ਮਹੀਨਿਆਂ ਦਾ ਬਕਾਇਆ ਰਿਲੀਜ਼ ਕਰਨ ਆਦਿ ਲਈ ਬਾਹਰ ਨਾਅਰੇ ਲਾਉਂਦੀਆਂ ਰਹੀਆਂ ਹਨ, ਪਰ ਵਿਧਾਨ ਸਭਾ ਵਿਚ ਹੁਕਮਰਾਨ ਧਿਰ ਸਮੇਤ ਵਿਰੋਧੀ ਧਿਰਾਂ ਨੇ ਇਨ੍ਹਾਂ ਮੰਗਾਂ ਦਾ ਜ਼ਿਕਰ ਤੱਕ ਨਹੀਂ ਕੀਤਾ।

# ਬਾਦਲਾਂ 'ਤੇ ਹੱਲੇ ਬਣੇ ਕੈਪਟਨ ਲਈ ਸਿਰਦਰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਦੋ ਮੰਤਰੀਆਂ ਵੱਲੋਂ ਅਕਾਲੀ ਦਲ ਦੇ ਸਿਖਰਲੇ ਆਗੂਆਂ ਖਿਲਾਫ ਪੰਜਾਬ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਕੀਤੇ ਜ਼ਬਰਦਸਤ ਹਮਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲਈ ਅਗਲੇ ਸਮੇਂ ਵਿਚ ਸਿਰਦਰਦੀ ਵਧਾ ਸਕਦੇ ਹਨ ਤੇ ਕੈਪਟਨ ਨੂੰ ਅਕਾਲੀ ਆਗੂਆਂ ਪ੍ਰਤੀ 'ਉਦਾਰਵਾਦੀ, ਸਮਝੌਤਾਵਾਦੀ' ਪਹੁੰਚ ਛੱਡ ਕੇ ਕਾਰਵਾਈ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ।

ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਪਹਿਲਾਂ ਹੀ ਅਕਾਲੀ ਆਗੂਆਂ ਅਤੇ ਖਾਸ ਕਰ ਕੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਹਮਲੇ ਕਰਦੇ ਸਨ ਤੇ ਵਿਧਾਨ ਸਭਾ ਦੇ ਸਦਨ ਵਿਚ ਦੋਵਾਂ ਵਿਚਾਲੇ ਅਕਸਰ ਹੀ ਤਲਖਕਲਾਮੀ ਹੁੰਦੀ ਰਹੀ ਹੈ, ਪਰ ਹੁਣ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਖਿਲਾਫ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਟਰਾਂਸਪੋਰਟ ਕਾਰੋਬਾਰ, ਹੋਟਲ ਕਾਰੋਬਾਰ ਅਤੇ ਚਿੱਟਾ ਵੇਚ ਕੇ ਪੈਸਾ ਬਣਾਇਆ ਹੈ। ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਚਿੱਟੇ ਦੇ ਮੁੱਦੇ ਉਤੇ ਦੋ ਮੰਤਰੀ ਖੁੱਲ੍ਹੇਆਮ ਅਕਾਲੀ ਆਗੂਆਂ ਖਿਲਾਫ ਮੈਦਾਨ ਵਿਚ ਨਿੱਤਰ ਆਏ ਹਨ ਤੇ ਦੋ ਹੋਰ ਮੰਤਰੀ ਵਜ਼ਾਰਤ ਵਿਚ ਇਸ ਮੁੱਦੇ ਉਤੇ ਉਨ੍ਹਾਂ ਨਾਲ ਹਨ। ਦਬਵੀਂ ਸੁਰ ਵਿਚ ਇਕ, ਦੋ ਹੋਰਾਂ ਦੀ ਸਹਿਮਤੀ ਹੈ। ਚਾਲੀ ਵਿਧਾਇਕਾਂ ਨੇ ਪਹਿਲਾਂ ਵੀ ਇਸ ਮੁੱਦੇ ਉਤੇ ਮੁੱਖ ਮੰਤਰੀ ਨੂੰ ਪੱਤਰ ਭੇਜਿਆ ਸੀ, ਜਿਸ ਵਿਚ ਚਿੱਟੇ ਦੇ ਮੁੱਦੇ ਉਤੇ ਸਾਬਕਾ ਅਕਾਲੀ ਮੰਤਰੀ ਤੇ ਹੋਰ ਅਕਾਲੀ ਆਗੂਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਸੀ। ਹਾਲਾਂਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਆਖ ਕੇ ਟਾਲ ਦਿੱਤਾ ਕਿ ਕਾਂਗਰਸ ਦੇ ਚਾਲੀ ਵਿਧਾਇਕਾਂ ਦੀ ਮੰਗ ਸਾਲ ਪੁਰਾਣੀ ਹੈ ਤੇ ਇਸ ਨੂੰ ਭੁੱਲ ਜਾਣਾ ਚਾਹੀਦਾ ਹੈ।

ਇਸ ਮੁੱਦੇ ਉਤੇ ਐਸ.ਟੀ.ਐਫ. ਬਣਾਈ ਗਈ ਹੈ ਤੇ ਉਸ ਦੀ ਰਿਪੋਰਟ ਦੇ ਆਧਾਰ ਉਤੇ ਹੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਆਮ ਆਦਮੀ ਪਾਰਟੀ ਦੇ ਆਗੂ ਮੁੱਖ ਮੰਤਰੀ ਉਤੇ ਦੋਸ਼ ਲਾਉਂਦੇ ਹਨ ਕਿ ਮੁੱਖ ਮੰਤਰੀ ਅਤੇ ਬਾਦਲਾਂ ਵਿਚਾਲੇ ਸਮਝੌਤਾ ਹੋ ਚੁੱਕਾ ਹੈ ਅਤੇ ਇਸ ਕਰ ਕੇ ਮੁੱਖ ਮੰਤਰੀ ਭ੍ਰਿਸ਼ਟਾਚਾਰ ਕਰਨ ਅਤੇ ਚਿੱਟਾ ਵੇਚਣ ਵਾਲਿਆਂ ਖਿਲਾਫ ਕਾਰਵਾਈ ਕਰਨ ਤੋਂ ਪਾਸਾ ਵੱਟ ਰਹੇ ਹਨ। ਕਾਂਗਰਸ ਸਰਕਾਰ ਦੇ ਇਕ ਸਾਲ ਦੇ ਕਾਰਜਕਾਲ 'ਚ ਹੀ ਸੂਬੇ ਵਿਚ ਬੇਵਿਸ਼ਵਾਸੀ ਦਾ ਮਾਹੌਲ ਬਣਦਾ ਜਾ ਰਿਹਾ ਹੈ ਤੇ ਇਸ ਸਥਿਤੀ ਵਿਚ ਮੁੱਖ ਮੰਤਰੀ ਕੋਲ ਕਾਰਵਾਈ ਕਰਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਰਹਿ ਜਾਵੇਗਾ।

### 'ਤਾਈ ਦੇ ਭੋਗ 'ਚ ਸ਼੍ਰੋਮਣੀ ਕਮੇਟੀ ਦਾ ਲੰਗਰ ਵਰਤਿਆ'



ਵਿੱਤ ਮੰਤਰੀ ਮਨਪ੍ਰੀਤ ਸਿੰਘ ਨੇ ਬਾਦਲ ਪਰਿਵਾਰ 'ਤੇ ਸਿੱਧਾ ਹੱਲਾ ਬੋਲਦਿਆਂ ਕਿਹਾ, ''ਜਦੋਂ ਮੇਰੀ ਤਾਈ ਜੀ (ਸੁਰਿੰਦਰ ਕੌਰ ਬਾਦਲ) ਦੀ ਮੌਤ ਹੋਈ ਤਾਂ ਭੋਗ ਮੌਕੇ ਲੰਗਰ ਅਤੇ ਪ੍ਰਸ਼ਾਦ ਸ਼੍ਰੋਮਣੀ ਕਮੇਟੀ ਦਾ ਹੀ ਵਰਤਾਇਆ ਗਿਆ, ਜਦੋਂ ਕਿ ਗਰੀਬ ਤੋਂ ਗਰੀਬ ਬੰਦਾ ਵੀ ਅਜਿਹੇ ਮੌਕੇ ਆਪਣੇ ਘਰੋਂ ਖਰਚਾ ਕਰਦਾ ਹੈ।'' ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਪੰਜਾਬ ਦਾ ਸਭ ਤੋਂ ਅਮੀਰ ਪਰਿਵਾਰ ਹੈ, ਪਰ ਸੁਰਿੰਦਰ ਕੌਰ ਦੀ ਕੈਂਸਰ ਦੀ ਬਿਮਾਰੀ ਦਾ ਇਲਾਜ ਪੰਜਾਬ ਸਰਕਾਰ ਨੇ ਕਰਾਇਆ।

### ਮਨਪ੍ਰੀਤ ਬਾਦਲ ਦੀਆਂ ਟਿੱਪਣੀਆਂ 'ਤੇ ਭੜਕੇ ਸੁਖਬੀਰ ਬਾਦਲ

**ਚੰਡੀਗੜ੍ਹ:** ਮਨਪ੍ਰੀਤ ਸਿੰਘ ਬਾਦਲ ਵੱਲੋਂ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਅਤੇ ਕਰੀਬੀ ਰਿਸ਼ਤੇਦਾਰਾਂ (ਮਜੀਠੀਆ ਪਰਿਵਾਰ) ਖਿਲਾਫ਼ ਕੀਤੀਆਂ ਤਿੱਖੀਆਂ ਟਿੱਪਣੀਆਂ ਤੋਂ ਬਾਅਦ ਸ਼੍ਰੋਮਣੀ



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਮੈਦਾਨ ਵਿਚ ਨਿੱਤਰ ਆਏ ਹਨ। ਛੋਟੇ ਬਾਦਲ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਜਾਂ ਤਾਂ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਜਾਂ ਫਿਰ ਰਾਜਨੀਤੀ ਛੱਡ ਦੇਣ। ਜੇ ਵਿੱਤ ਮੰਤਰੀ ਇਸ ਦੋਸ਼ ਨੂੰ ਸਾਬਤ ਕਰ ਦਿੰਦੇ ਹਨ ਤਾਂ ਉਹ (ਸੁਖਬੀਰ) ਹਮੇਸ਼ਾ ਲਈ ਰਾਜਨੀਤੀ ਛੱਡ ਦੇਣਗੇ।

### ਵਿਸਫੋਟਕ ਸਮੱਗਰੀ ਮਾਮਲੇ 'ਚੋਂ ਹਰਮਿੰਦਰ ਸਿੰਘ ਮਿੰਟੂ ਬਰੀ

**ਲੁਧਿਆਣਾ:** ਖਾੜਕੂ ਹਰਮਿੰਦਰ ਸਿੰਘ ਮਿੰਟੂ ਨੂੰ ਅਦਾਲਤ ਨੇ ਵਿਸਫੋਟਕ ਸਮੱਗਰੀ ਦੀ ਬਰਾਮਦਗੀ ਦੇ ਮਾਮਲੇ ਵਿਚੋਂ ਬਰੀ ਕਰ ਦਿੱਤਾ ਗਿਆ ਹੈ। ਪੁਲਿਸ ਨੇ 2008 ਵਿਚ ਲੁਧਿਆਣਾ-ਫਿਰੋਜ਼ਪੁਰ ਰੋਡ ਤੋਂ ਇਕ ਕਾਰ ਵਿਚੋਂ ਭਾਰੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਸੀ। ਇਸ ਮਾਮਲੇ 'ਚ ਹਰਮਿੰਦਰ ਸਿੰਘ ਮਿੰਟੂ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ ਪਰ ਗ੍ਰਿਫਤਾਰੀ ਨਾ ਹੋਣ ਕਾਰਨ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ।



ਕੁਝ ਸਮਾਂ ਪਹਿਲਾਂ ਹੀ ਪੁਲਿਸ ਨੇ ਉਸ ਖਿਲਾਫ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ, ਜਿਸ ਅਧੀਨ ਧਾਰਾ 121-ਏ/123/153-ਏ/120-ਬੀ ਅਤੇ ਹੋਰ ਧਰਾਵਾਂ ਲਗਾਈਆਂ ਗਈਆਂ। ਅਦਾਲਤ ਵਿਚ ਸਰਕਾਰੀ ਵਕੀਲ ਅਤੇ ਮਿੰਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਵਿਚਾਲੇ ਬਹਿਸ ਹੋਈ, ਜਿਸ ਦੌਰਾਨ ਮਿੰਟੂ ਖਿਲਾਫ਼ ਕੋਈ ਠੋਸ ਸਬੂਤ ਅਦਾਲਤ ਵਿਚ ਪੇਸ਼ ਨਹੀਂ ਕੀਤਾ ਜਾ ਸਕਿਆ।

# ਪੰਜਾਬੀਆਂ 'ਤੇ 1500 ਕਰੋੜ ਦਾ ਸਾਲਾਨਾ ਭਾਰ ਪਾਵੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਸਮਾਜਿਕ ਸੁਰੱਖਿਆ ਬਿਲ ਅਤੇ ਵਿਕਾਸ ਟੈਕਸ ਬਿਲ ਪਾਸ ਕਰ ਕੇ ਸੂਬੇ ਦੇ ਲੋਕਾਂ ਉਪਰ 1500 ਕਰੋੜ ਰੁਪਏ ਦਾ ਮਾਲੀ ਭਾਰ ਪਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਸਮਾਜਿਕ ਸੁਰੱਖਿਆ ਬਿਲ ਦੇ ਕਾਨੂੰਨ ਬਣਨ ਪਿਛੋਂ ਪੈਟਰੋਲ ਤੇ ਡੀਜ਼ਲ ਦੀ ਕੀਮਤ ਦੋ ਰੁਪਏ ਪ੍ਰਤੀ ਲਿਟਰ ਵਧਾਈ ਜਾ ਸਕੇਗੀ। ਇਹ ਵਸੂਲੀ ਵੈਟ ਉਤੇ ਸਰਚਾਰਜ ਵਜੋਂ ਕੀਤੀ ਜਾਵੇਗੀ। ਬਿਜਲੀ ਉਤੇ 5 ਫੀਸਦੀ ਸਮਾਜਿਕ ਸੁਰੱਖਿਆ ਸਰਚਾਰਜ ਲੱਗ ਸਕਦਾ ਹੈ, ਜੋ ਘੱਟੋ-ਘੱਟ 25 ਰੁਪਏ ਪ੍ਰਤੀ ਬਿਲ ਅਤੇ ਵੱਧੋ-ਵੱਧ 10 ਹਜ਼ਾਰ ਰੁਪਏ ਹੋਵੇਗਾ। ਟਰਾਂਸਪੋਰਟ ਵਾਹਨਾਂ ਦੀ ਰਜਿਸਟਰੇਸ਼ਨ ਉਪਰ 10 ਫੀਸਦੀ ਸਮਾਜਿਕ ਸੁਰੱਖਿਆ ਸਰਚਾਰਜ ਲਾਇਆ ਜਾ ਸਕੇਗਾ। ਆਬਕਾਰੀ ਡਿਊਟੀ ਅਤੇ ਲਾਇਸੈਂਸ ਫੀਸ ਉਤੇ 10 ਫੀਸਦੀ ਸਰਚਾਰਜ ਲਾ ਕੇ ਸ਼ਰਾਬ ਮਹਿੰਗੀ ਕੀਤੀ ਜਾ ਸਕੇਗੀ।




ਇਹ ਦੋਵੇਂ ਬਿਲ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਿਧਾਨ ਸਭਾ ਵਿਚ ਪੇਸ਼ ਕੀਤੇ। ਸਮਾਜਿਕ ਸੁਰੱਖਿਆ ਬਿਲ ਦਾ ਆਮ ਆਦਮੀ ਪਾਰਟੀ (ਆਪ) ਦੇ ਕੰਵਰ ਸੰਧੂ ਅਤੇ ਹੋਰਨਾਂ ਮੈਂਬਰਾਂ ਨੇ ਵਿਰੋਧ ਕਰਦਿਆਂ ਨਵੇਂ ਕਰ ਲਾਉਣ ਵਾਲਾ ਇਹ ਬਿਲ ਵਾਪਸ ਲੈਣ ਦੀ ਮੰਗ ਕੀਤੀ। ਸਦਨ ਵਿਚ ਕਾਂਗਰਸ ਦੀ ਬਹੁਸੰਮਤੀ ਕਾਰਨ ਇਹ ਬਿਲ ਪਾਸ ਹੋ ਗਿਆ। ਵਿੱਤ ਮੰਤਰੀ ਨੇ 'ਆਪ' ਵਿਧਾਇਕਾਂ ਦੇ ਖਦਸ਼ਿਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਕੋਈ ਨਵਾਂ ਟੈਕਸ ਨਹੀਂ ਲੱਗ ਰਿਹਾ ਪਰ ਸਰਕਾਰ ਸਮਾਜ ਭਲਾਈ ਸਕੀਮਾਂ ਖਾਸ ਕਰ ਬੁਢਾਪਾ ਪੈਨਸ਼ਨਾਂ, ਸ਼ਗਨ ਸਕੀਮ ਤੇ ਵਜ਼ੀਫਾ ਆਦਿ ਸਮੇਂ ਸਿਰ ਦੇਣ ਲਈ ਇਸ ਕਾਨੂੰਨ ਤਹਿਤ ਕਰ ਲਾ ਸਕਦੀ ਹੈ।

ਸਦਨ ਨੇ ਕੁੱਲ 10 ਬਿੱਲਾਂ 'ਤੇ ਮੋਹਰ ਲਾਈ। ਇਨ੍ਹਾਂ ਵਿਚ ਗੈਰਕਾਨੂੰਨੀ ਕਲੋਨੀਆਂ ਨੂੰ ਪੱਕਾ ਕਰਨ, ਰੇਂਜਾਂ 'ਚ ਆਈ.ਜੀ. ਤੇ ਡੀ.ਆਈ.ਜੀ. ਦੀ ਤਾਇਨਾਤੀ ਲਈ ਪੁਲਿਸ ਕਾਨੂੰਨ ਦੇ ਆਰਡੀਨੈਂਸ ਨੂੰ ਬਿਲ 'ਚ ਬਦਲਣ, ਮੁੱਖ ਮੰਤਰੀ, ਮੰਤਰੀਆਂ ਅਤੇ ਵਿਰੋਧੀ ਧਿਰ ਦੇ ਨੇਤਾ ਦਾ ਆਮਦਨ ਕਰ ਸਰਕਾਰੀ ਖਜ਼ਾਨੇ ਵਿਚੋਂ ਭਰਨਾ ਬੰਦ ਕਰਨਾ ਆਦਿ ਸੋਧ ਬਿਲ ਸ਼ਾਮਲ ਸਨ। ਵਿੱਤ ਮੰਤਰੀ ਨੇ ਤਾਜ਼ਾ ਬਜਟ ਵਿਚ 1500 ਕਰੋੜ ਰੁਪਏ ਦੇ ਮਾਲੀ ਵਸੀਲੇ ਜੁਟਾਉਣ ਦਾ ਹਵਾਲਾ ਦਿੱਤਾ ਸੀ। ਇਹ ਦੋ ਨਵੇਂ ਬਿਲ ਪਾਸ ਕੀਤੇ ਜਾਣ ਤੋਂ ਸਾਫ ਹੋ ਗਿਆ ਹੈ ਕਿ ਕੈਪਟਨ ਸਰਕਾਰ ਵੱਲੋਂ ਲੋਕਾਂ ਉਤੇ 1500 ਕਰੋੜ ਰੁਪਏ ਦਾ ਸਲਾਨਾ ਭਾਰ ਪਾਇਆ ਜਾਵੇਗਾ। ਨਵੇਂ ਬਿਲਾਂ 'ਤੇ ਰਾਜਪਾਲ ਦੀ ਮੋਹਰ ਲੱਗਣ ਤੋਂ ਬਾਅਦ 30 ਹਜ਼ਾਰ ਰੁਪਏ ਤੱਕ ਦੀ ਮਾਸਕ ਆਮਦਨ ਵਾਲੇ ਹਰੇਕ ਵਿਅਕਤੀ ਨੂੰ 200 ਰੁਪਏ ਵਿਕਾਸ ਟੈਕਸ ਤਾਂ ਦੇਣਾ ਹੀ ਪਵੇਗਾ।

ਵਿਧਾਨ ਸਭਾ ਨੇ ਜਿਨ੍ਹਾਂ ਹੋਰ ਬਿਲਾਂ 'ਤੇ ਮੋਹਰ ਲਾਈ ਹੈ, ਉਨ੍ਹਾਂ ਵਿਚ ਪੰਜਾਬ ਸੜਕਾਂ ਤੇ ਪੁਲਿਸ ਵਿਕਾਸ ਬੋਰਡ, ਪੰਜਾਬ ਪੁਲਿਸ ਸੋਧ ਬਿਲ 2018, ਪੰਜਾਬ ਜਨਤਕ ਸੇਵਾ ਦੇਣ ਵਿਚ ਪਾਰਦਰਸ਼ਤਾ ਤੇ ਜਵਾਬਦੇਹੀ ਬਿਲ 2018, ਉਪ ਮੰਤਰੀਆਂ ਦੀਆਂ ਤਨਖਾਹਾਂ ਤੇ ਭੱਤੇ ਸੋਧ ਬਿਲ 2018, ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ ਸੋਧ ਬਿਲ 2018, ਸਿਗਰਟ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਇਸ਼ਤਿਹਾਰਬਾਜ਼ੀ ਉਪਰ ਰੋਕ, ਵਪਾਰ, ਵਣਜ, ਉਤਪਾਦਨ ਸਪਲਾਈ, ਵੰਡ ਨੇਮਬੰਦੀ ਪੰਜਾਬ ਸੋਧ ਬਿਲ 2018 ਪਾਸ ਕਰ ਕੇ ਪੰਜਾਬ ਵਿਚ ਹੁੱਕਾਬਾਰਾਂ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

### ਅਕਾਲੀ ਦਲ ਵੱਲੋਂ ਨਵੇਂ ਟੈਕਸਾਂ ਦਾ ਵਿਰੋਧ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਵੱਲੋਂ ਸਮਾਜਿਕ ਸੁਰੱਖਿਆ ਸਰਚਾਰਜ ਅਤੇ ਪੇਸ਼ੇਵਰ ਟੈਕਸ ਲਾਉਣ ਦਾ ਵਿਰੋਧ ਕੀਤਾ ਹੈ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕਾਂਗਰਸ ਸਰਕਾਰ ਪੈਟਰੋਲ, ਡੀਜ਼ਲ, ਵਾਹਨਾਂ ਦੀ ਰਜਿਸਟ੍ਰੇਸ਼ਨ, ਬਿਜਲੀ ਦੇ ਬਿੱਲਾਂ ਤੇ ਸ਼ਰਾਬ 'ਤੇ ਸਰਚਾਰਜ ਲਗਾ ਕੇ ਆਮ ਆਦਮੀ ਦੀ ਰੋਜ਼ੀ ਰੋਟੀ ਉਤੇ ਲੱਤ ਮਾਰ ਰਹੀ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੋਦੀ ਰਾਜ ਵਿਚ 36 ਹਜ਼ਾਰ ਕਿਸਾਨਾਂ ਨੇ ਮੌਤ ਗਲੇ ਲਾਈ

**ਨਵੀਂ ਦਿੱਲੀ:** ਭਾਰਤ ਵਿਚ 2014 ਤੋਂ 2016 ਤੱਕ ਤਿੰਨ ਸਾਲਾਂ ਦੌਰਾਨ ਕਰਜ਼ੇ, ਦਿਵਾਲੀਆਪਨ ਤੇ ਹੋਰ ਕਾਰਨਾਂ ਨਾਲ ਤਕਰੀਬਨ 36 ਹਜ਼ਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਖੇਤੀਬਾੜੀ ਮੰਤਰੀ ਰਾਧਾਮੋਹਨ ਸਿੰਘ ਨੇ 2014, 2015 ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਅਤੇ ਸਾਲ 2016 ਦੇ ਅੰਤਿਮ ਅੰਕੜਿਆਂ ਦੇ ਹਵਾਲੇ ਨਾਲ ਲੋਕ ਸਭਾ 'ਚ ਇਹ ਜਾਣਕਾਰੀ ਦਿੱਤੀ। ਗ੍ਰਹਿ ਮੰਤਰਾਲੇ ਦੇ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ 'ਭਾਰਤ ਵਿਚ ਹਾਦਸੇ 'ਚ ਮੌਤਾਂ ਅਤੇ ਖੁਦਕੁਸ਼ੀਆਂ' ਨਾਂ ਦੇ ਪ੍ਰਕਾਸ਼ਨ 'ਚ ਖੁਦਕੁਸ਼ੀਆਂ ਨਾਲ ਜੁੜੀ ਰਿਪੋਰਟ ਅਨੁਸਾਰ ਸਾਲ 2014 ਵਿਚ 12360, 2015 'ਚ 12602 ਅਤੇ 2016 ਵਿਚ 11370 ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀ ਕੀਤੇ ਜਾਣ ਦੀ ਗੱਲ ਸਾਹਮਣੇ ਆਈ ਹੈ। ਸਾਲ 2015 ਦੀ ਰਿਪੋਰਟ ਦੱਸਦੀ ਹੈ ਕਿ ਦੇਸ਼ ਭਰ 'ਚ ਦਿਵਾਲੀਆਪਨ ਜਾਂ ਕਰਜ਼ੇ ਕਾਰਨ 8007 ਕਿਸਾਨਾਂ ਅਤੇ 4595 ਖੇਤੀਬਾੜੀ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਇਸ ਤੋਂ ਇਲਾਵਾ ਦੇਸ਼ 'ਚ 52 ਫੀਸਦੀ ਖੇਤੀਬਾੜੀ ਪਰਿਵਾਰਾਂ ਦੇ ਕਰਜ਼ਦਾਰ ਹੋਣ ਦਾ ਅਨੁਮਾਨ ਹੈ ਅਤੇ ਪ੍ਰਤੀ ਖੇਤੀਬਾੜੀ ਪਰਿਵਾਰ ਉਤੇ ਬਕਾਇਆ ਔਸਤ ਕਰਜ਼ਾ 47000 ਰੁਪਏ ਹੈ।

ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਖੇਤੀਬਾੜੀ ਪਰਿਵਾਰਾਂ ਵੱਲੋਂ ਗੈਰ-ਸੰਸਥਾਗਤ ਸ੍ਰੋਤਾਂ ਤੋਂ ਲਏ ਗਏ ਬਕਾਇਆ ਕਰਜ਼ੇ 'ਚ ਖੇਤੀ ਅਤੇ ਕਾਰੋਬਾਰੀ ਸ਼ਾਹੂਕਾਰਾਂ ਤੋਂ 25.8 ਫੀਸਦੀ, ਦੁਕਾਨਦਾਰਾਂ ਤੇ ਵਪਾਰੀਆਂ ਤੋਂ 2.9 ਫੀਸਦੀ, ਨੌਕਰੀਪੇਸ਼ਾ ਜਾਂ ਜ਼ਮੀਨ ਦੇ ਮਾਲਕਾਂ ਤੋਂ 0.8 ਫੀਸਦੀ, ਰਿਸ਼ਤੇਦਾਰਾਂ ਤੇ ਮਿੱਤਰਾਂ ਤੋਂ 9.1 ਫੀਸਦੀ ਅਤੇ ਹੋਰਨਾਂ ਤੋਂ 1.6 ਫੀਸਦੀ ਕਰਜ਼ਾ ਲਿਆ ਗਿਆ ਸੀ। ਪ੍ਰਤੀ ਖੇਤੀਬਾੜੀ ਪਰਿਵਾਰ ਬਕਾਇਆ ਕਰਜ਼ ਦੀ ਔਸਤ ਰਾਸ਼ੀ 47000 ਰੁਪਏ ਸੀ।

## ਸੋਸ਼ਲ ਮੀਡੀਆ ਨੂੰ ਵੀ ਨੱਥ ਪਾਉਣ ਦੀ ਤਿਆਰੀ

**ਨਵੀਂ ਦਿੱਲੀ:** ਚੋਣ ਕਮਿਸ਼ਨ ਨਾਲ ਸਹਿਯੋਗ ਕਰਨ ਵਾਲੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਹੁਣ ਚੋਣ ਜ਼ਾਬਤਾ ਦੀ ਪਾਲਣਾ ਕਰਨੀ ਪਵੇਗੀ। ਡਾਟਾ ਨਾਲ ਛੇੜਛਾੜ ਕਰ ਕੇ ਚੋਣਾਂ ਉਤੇ ਗਲਤ ਅਸਰ ਪੈ ਸਕਦਾ ਹੈ। ਚੋਣ ਕਮਿਸ਼ਨ ਦੇ ਸੂਤਰਾਂ ਨੇ ਕਿਹਾ ਕਿ ਕਮਿਸ਼ਨ ਦੇ ਸੋਸ਼ਲ ਮੀਡੀਆ ਯੂਨਿਟ ਦੀ ਮੀਟਿੰਗ ਹੋਈ ਜਿਸ ਵਿਚ ਚੋਣ ਜ਼ਾਬਤੇ ਦਾ ਫੈਸਲਾ ਲਿਆ ਗਿਆ।

# ਪੈਸੇ ਦੇ ਮੁਕਾਬਲੇ ਸਿਹਤ ਨੂੰ ਵੱਧ ਤਰਜੀਹ ਦਿੰਦੇ ਨੇ ਭਾਰਤੀ

**ਨਵੀਂ ਦਿੱਲੀ:** ਇਕ ਸਰਵੇਖਣ ਦੀ ਮੰਨੀਏ ਤਾਂ ਜ਼ਿਆਦਾਤਰ ਭਾਰਤੀ ਪੈਸੇ ਦੇ ਮੁਕਾਬਲੇ ਖੁਸ਼ੀ ਤੇ ਸਿਹਤ ਨੂੰ ਵੱਧ ਤਰਜੀਹ ਦਿੰਦੇ ਹਨ। ਸਰਵੇਖਣ ਵਿਚ ਸ਼ਾਮਲ ਲੋਕਾਂ ਵਿਚੋਂ 72 ਫੀਸਦੀ ਦਾ ਮੰਨਣਾ ਹੈ ਕਿ ਖੁਸ਼ ਰਹਿਣਾ ਸਫਲਤਾ ਦੀ ਕੁੰਜੀ ਹੈ।

ਪੇਸ਼ੇਵਰ ਨੈੱਟਵਰਕਿੰਗ ਸਾਈਟ ਲਿੰਕੇਡਨ ਵੱਲੋਂ ਕੀਤੇ ਇਸ ਸਰਵੇਖਣ ਮੁਤਾਬਕ 72 ਫੀਸਦੀ ਭਾਰਤੀਆਂ ਨੇ 'ਖੁਸ਼ ਰਹਿਣ ਨੂੰ' ਸਫਲਤਾ ਦੀ ਪਰਿਭਾਸ਼ਾ ਦੇ ਬਦਲ ਵਜੋਂ ਚੁਣਿਆ। ਹੋਰਨਾਂ ਦੀ ਗੱਲ ਕਰੀਏ ਤਾਂ 65 ਫੀਸਦੀ ਨੇ ਚੰਗੀ ਸਿਹਤ ਜਦਕਿ 57 ਫੀਸਦੀ ਨੇ ਸਿਹਤ ਤੇ ਕੰਮਕਾਜੀ ਜ਼ਿੰਦਗੀ ਵਿਚ ਸੰਤੁਲਨ ਬਣਾ ਕੇ ਰੱਖਣ ਨੂੰ ਸਫਲਤਾ ਦੇ ਅਹਿਮ ਸੂਚਕ ਦੱਸਿਆ। ਸਫਲਤਾ ਦਾ ਅਹਿਸਾਸ ਕਰਨ ਲਈ ਮੁਲਕਾਂ ਉਤੇ ਕੀਤੇ ਸਰਵੇਖਣ ਵਿਚ ਭਾਰਤੀ ਪੇਸ਼ੇਵਰ ਤੀਜੀ ਥਾਵੇਂ ਹਨ। ਇਸ ਸੂਚੀ ਵਿਚ ਯੂਏਈ ਪਹਿਲੇ ਜਦਕਿ ਬ੍ਰਾਜ਼ੀਲ ਦੂਜੇ ਸਥਾਨ ਉਤੇ ਹੈ। ਆਮ ਧਾਰਨਾ ਕਿ ਵੱਧ ਪੈਸੇ ਨਾਲ ਵੱਧ ਸਫਲਤਾ ਮਿਲਦੀ ਹੈ, ਤੋਂ ਉਲਟ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਸਿਰਫ 22 ਫੀਸਦੀ ਲੋਕ ਤਨਖਾਹ ਵਿਚ ਵਾਧੇ ਨੂੰ ਸਫਲਤਾ ਦਾ ਮੰਤਰ ਮੰਨਦੇ ਹਨ ਜਦਕਿ 36 ਫੀਸਦੀ ਲੋਕ ਛੇ ਅੰਕਾਂ ਦੀ ਤਨਖਾਹ ਨੂੰ ਸਫਲਤਾ ਵਜੋਂ ਪਰਿਭਾਸ਼ਤ ਕਰਦੇ ਹਨ।

ਲਿੰਕੇਡਨ ਦਾ ਇਹ ਸਰਵੇਖਣ ਪਿਛਲੇ ਸਾਲ 12 ਅਕਤੂਬਰ ਤੋਂ 3 ਨਵੰਬਰ ਦਰਮਿਆਨ ਆਨਲਾਈਨ ਕੀਤਾ ਗਿਆ ਸੀ। ਸਰਵੇਖਣ ਲਈ 16 ਮੁਲਕਾਂ, ਜਿਨ੍ਹਾਂ ਵਿਚ ਆਸਟਰੇਲੀਆ, ਚੀਨ, ਫਰਾਂਸ, ਜਰਮਨੀ, ਹਾਂਗਕਾਂਗ, ਭਾਰਤ, ਇੰਡੋਨੇਸ਼ੀਆ, ਆਇਰਲੈਂਡ, ਇਟਲੀ, ਨੀਦਰਲੈਂਡ, ਸਿੰਗਾਪੁਰ, ਸਪੇਨ, ਬ੍ਰਾਜ਼ੀਲ, ਯੂਏਈ, ਯੂਕੇ ਤੇ ਅਮਰੀਕਾ ਸ਼ਾਮਲ ਹਨ, ਦੇ 18,191 ਬਾਲਗਾਂ ਵੱਲੋਂ ਮਿਲੀ ਜਾਣਕਾਰੀ ਨੂੰ ਅਧਾਰ ਬਣਾਇਆ ਗਿਆ ਹੈ।

# ਚਾਰ ਸਾਲਾਂ ਵਿਚ ਪੈਟਰੋਲ-ਡੀਜ਼ਲ ਦੀ ਕੀਮਤ ਨੇ ਤੋੜੇ ਰਿਕਾਰਡ

**ਨਵੀਂ ਦਿੱਲੀ:** ਦਿੱਲੀ ਵਿਚ ਪੈਟਰੋਲ ਦੀ ਕੀਮਤ 73.73 ਰੁਪਏ ਪ੍ਰਤੀ ਲੀਟਰ ਉਤੇ ਪਹੁੰਚ ਗਈ ਹੈ ਜੋ ਪਿਛਲੇ ਚਾਰ ਸਾਲਾਂ 'ਚ ਸਭ ਤੋਂ ਉਪਰ ਹੈ। ਉਥੇ ਹੀ ਡੀਜ਼ਲ ਦੀ ਕੀਮਤ 64.58 ਰੁਪਏ ਪ੍ਰਤੀ ਲੀਟਰ ਹੋ ਗਈ ਹੈ।

ਇਹ ਵੀ ਪਿਛਲੇ ਸਮੇਂ ਨਾਲੋਂ ਕਾਫੀ ਜ਼ਿਆਦਾ ਹੈ। ਅਜਿਹੇ 'ਚ ਸਰਕਾਰ ਉਤੇ ਇਕ ਵਾਰ ਫਿਰ ਐਕਸਾਈਜ਼ ਟੈਕਸ ਵਿਚ ਕਟੌਤੀ ਦਾ ਦਬਾਅ ਵਧਣ ਲੱਗਿਆ ਹੈ। ਜਨਤਕ ਖੇਤਰ ਦੀਆਂ ਪੈਟ੍ਰੋਲੀਅਮ ਕੰਪਨੀਆਂ ਨੇ ਪਿਛਲੇ ਸਾਲ ਜੂਨ 'ਚ ਹਰ ਰੋਜ਼ ਕੀਮਤਾਂ ਵਧਾਉਣ ਘਟਾਉਣ ਦਾ ਫੈਸਲਾ ਲਿਆ ਸੀ।

ਪਿਛਲੇ ਸਮੇਂ ਵਿਚ ਮੰਗ ਉੱਠੀ ਸੀ ਕਿ ਕੱਚੇ ਤੇਲ ਦੀਆਂ ਘਟਦੀਆਂ ਕੀਮਤਾਂ ਕਰ ਕੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਕਟੌਤੀ ਕੀਤੀ ਜਾਵੇ। ਵਿੱਤ ਮੰਤਰੀ ਅਰੁਣ ਜੇਟਲੀ ਨੇ ਇਸ ਮੰਗ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਸੀ। ਦੱਖਣੀ ਏਸ਼ੀਆ ਦੇਸ਼ਾਂ 'ਚੋਂ ਭਾਰਤ ਵਿਚ ਸਭ ਤੋਂ ਵੱਧ ਪੈਟਰੋਲ ਤੇ ਡੀਜ਼ਲ ਮਹਿੰਗਾ ਹੈ।

ਦੱਸਣਯੋਗ ਹੈ ਭਾਜਪਾ ਦੀ ਮੋਦੀ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ ਨੌਂ ਵਾਰ ਤੇਲ ਦੀਆਂ ਕੀਮਤਾਂ ਵਧੀਆਂ ਹਨ। ਕੇਂਦਰ ਨੇ ਰਾਜਾਂ ਨੂੰ ਪੈਟ੍ਰੋਲੀਅਮ ਪਦਾਰਥਾਂ ਤੋਂ ਵੈਟ ਘਟਾਉਣ ਲਈ ਕਿਹਾ ਸੀ ਪਰ ਰਾਜਾਂ ਨੇ ਟੈਕਸ ਨਹੀਂ ਹਟਾਇਆ। ਇਸੇ ਕਰ ਕੇ ਹੀ ਕੀਮਤਾਂ ਲਗਾਤਾਰ ਵਧੀਆਂ ਹਨ।

## ਬੈਂਕਾਂ ਨਾਲ ਹੋਇਆ 18,170 ਕਰੋੜ ਦਾ ਧੋਖਾ

**ਨਵੀਂ ਦਿੱਲੀ:** ਘਰੇਲੂ ਬੈਂਕਿੰਗ ਸੈਕਟਰ ਨੇ ਵਿੱਤੀ ਸਾਲ 2016-17 ਵਿਚ 18,170 ਕਰੋੜ ਰੁਪਏ ਦੇ 12,553 ਧੋਖਾਧੜੀ ਮਾਮਲਿਆਂ ਦੀ ਪਛਾਣ ਕੀਤੀ ਹੈ। ਸਰਕਾਰੀ ਖੇਤਰ ਦੇ ਬੈਂਕ ਆਫ ਮਹਾਰਾਸ਼ਟਰ ਵਿਚ ਅਜਿਹੇ ਸਭ ਤੋਂ ਵੱਧ ਮਾਮਲੇ ਵੇਖੇ ਗਏ। ਇਕ ਰਿਪੋਰਟ ਵਿਚ ਇਹ ਜਾਣਕਾਰੀ ਸਾਹਮਣੇ ਆਈ ਹੈ।

ਪਿਛਲੇ ਵਿੱਤੀ ਸਾਲ ਵਿਚ ਪੰਜਾਬ ਨੈਸ਼ਨਲ ਬੈਂਕ ਨੇ 2810 ਕਰੋੜ ਰੁਪਏ ਦੀ ਸਭ ਤੋਂ ਵੱਡੀ ਧੋਖਾਧੜੀ ਦੀ ਸ਼ਿਕਾਇਤ ਦਿੱਤੀ ਸੀ।

# ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ ਮੁੜ ਸਵਾਲਾਂ ਦੇ ਘੇਰੇ ਵਿਚ

*(ਸਫਾ ਇਕ ਦੀ ਬਾਕੀ)*

ਮੀਟਿੰਗ ਵਿਚੋਂ 76 ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਗੈਰਹਾਜ਼ਰੀ ਵੀ ਵੱਡਾ ਮੁੱਦਾ ਬਣਿਆ। ਮੁਲਾਜ਼ਮਾਂ ਦੀ ਛਾਂਟੀ ਤੋਂ ਕਈ ਅਕਾਲੀ ਨੇਤਾ ਵੀ ਦੁਖੀ ਹਨ। ਬਠਿੰਡਾ ਜਿਲ੍ਹੇ ਦੇ ਦੋ ਸ਼੍ਰੋਮਣੀ ਕਮੇਟੀ ਮੈਂਬਰਾਂ ਦੀਆਂ ਧੀਆਂ ਨੂੰ ਨੌਕਰੀ ਤੋਂ ਫਾਰਗ ਕੀਤਾ ਗਿਆ ਹੈ, ਜਿਸ ਕਰ ਕੇ ਉਹ ਨਾਰਾਜ਼ ਹਨ। ਮਾਨਸਾ ਜ਼ਿਲ੍ਹੇ ਦੇ ਦੋ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਕਰੀਬ ਇਕ ਦਰਜਨ ਕਰੀਬੀਆਂ ਦੀ ਛਾਂਟੀ ਹੋਈ ਹੈ। ਸੂਤਰ ਆਖਦੇ ਹਨ ਕਿ ਕੋਈ ਟਾਂਵਾ ਮੈਂਬਰ ਹੀ ਹੋਵੇਗਾ, ਜਿਸ ਦਾ ਕੋਈ ਨਾ ਕੋਈ ਰਿਸ਼ਤੇਦਾਰ ਜਾਂ ਨੇੜਲਾ ਛਾਂਟੀ ਦੀ ਮਾਰ ਹੇਠ ਨਾ ਆਇਆ ਹੋਵੇ। ਬਹੁਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲ ਗਿਲਾ ਕੀਤਾ ਹੈ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਵਿਚ ਵਾਧੂ ਤੇ ਸਿਫਾਰਸ਼ੀ ਨਿਯੁਕਤੀਆਂ ਦਾ ਮੁੱਦਾ ਕੋਈ ਨਵਾਂ ਨਹੀਂ ਹੈ। ਹਮੇਸ਼ਾ ਦੋਸ਼ ਲੱਗਦੇ ਆਏ ਹਨ ਕਿ ਕਮੇਟੀ ਵਿਚ ਕੰਮ ਕਰ ਰਹੇ ਬਹੁਤੇ ਮੁਲਾਜ਼ਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਾਂ ਜਥੇਦਾਰਾਂ ਦੇ ਰਿਸ਼ਤੇਦਾਰ ਹਨ। ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਮੇਂ ਵੀ ਇਹ ਮਸਲਾ ਉਠਿਆ ਸੀ ਜਿਸ ਪਿੱਛੋਂ ਪ੍ਰੋ. ਬਡੂੰਗਰ ਸਮੇਂ ਹੋਈਆਂ 700 ਤੋਂ ਵੱਧ ਨਿਯੁਕਤੀਆਂ ਦੀ ਜਾਂਚ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਜਾਂਚ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਪਹਿਲੇ ਪੜਾਅ ਦੀ ਜਾਂਚ ਮੁਕੰਮਲ ਕਰਦਿਆਂ 523 ਭਰਤੀਆਂ ਨੂੰ ਨਿਯਮਾਂ ਦੀ ਉਲੰਘਣਾ ਕਰ ਕੇ ਕੀਤੀਆਂ ਗਈਆਂ ਭਰਤੀਆਂ ਕਰਾਰ ਦਿੱਤਾ। ਇਸ ਜਾਂਚ ਕਮੇਟੀ ਨੇ ਹੀ ਨਿਯੁਕਤੀਆਂ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।

## ਫਿਲਮ 'ਨਾਨਕ ਸ਼ਾਹ ਫਕੀਰ' ਖਿਲਾਫ ਰੋਹ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਯੂ-ਟਰਨ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਨੇ 19 ਮਾਰਚ 2018 ਨੂੰ ਇਸ ਫਿਲਮ ਦੀ ਗੁਰੂ ਘਰਾਂ ਵਿਚ ਪ੍ਰਚਾਰ ਕਰਨ ਲਈ ਆਗਿਆ ਦਿੱਤੀ ਸੀ ਤੇ ਹੁਣ ਇਨ੍ਹਾਂ ਹੁਕਮਾਂ ਨੂੰ ਵਾਪਸ ਲੈ ਲਿਆ ਹੈ। ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਦਾ ਕਹਿਣਾ ਹੈ ਕਿ ਫਿਲਮ ਤੈਅ ਕੀਤੇ ਦਿਨ 13 ਅਪਰੈਲ ਨੂੰ ਹੀ ਜਾਰੀ ਕੀਤੀ ਜਾਵੇਗੀ। ਉਧਰ, ਸਿੱਖ ਜਥੇਬੰਦੀਆਂ ਵੱਲੋਂ ਫਿਲਮ ਨੂੰ ਇਤਰਾਜ਼ਯੋਗ ਦੱਸਦੇ ਹੋਏ ਰੋਸ ਮਾਰਚ ਕੀਤੇ ਜਾ ਰਹੇ ਹਨ। ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਹਰਿੰਦਰ ਸਿੱਕਾ ਨੇ ਆਮ ਵਿਅਕਤੀਆਂ ਕੋਲੋਂ ਗੁਰੂ ਨਾਨਕ ਦਾ ਕਿਰਦਾਰ ਕਰਵਾ ਕੇ ਵੱਡੀ ਗਲਤੀ ਕੀਤੀ ਹੈ। 2015 ਵਿਚ ਵੀ ਇਸ ਫਿਲਮ ਨੂੰ ਰਿਲੀਜ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਰੋਸ ਕਾਰਨ ਰਿਲੀਜ਼ ਨਹੀਂ ਹੋ ਸਕੀ ਸੀ।

# ਕੈਨੇਡਾ ਵਿਚ ਸਿੱਖ ਉਤੇ ਨਸਲੀ ਹਮਲਾ

**ਓਟਵਾ:** ਕੈਨੇਡਾ ਵਿਚ ਇਕ ਨਸਲੀ ਹਮਲੇ ਵਿਚ ਦੋ ਗੋਰਿਆਂ ਨੇ ਇਕ ਸਿੱਖ ਦੀ ਖਿੱਚ ਧੂਹ ਕਰਦਿਆਂ ਉਸ ਦੀ ਪੱਗ ਪਾੜ ਦਿੱਤੀ। ਹਮਲਾਵਰਾਂ ਨੇ ਚਾਕੂ ਵਿਖਾ ਦੇ ਉਸ ਨੂੰ ਡਰਾਇਆ ਧਮਕਾਇਆ ਤੇ ਉਸ ਖਿਲਾਫ਼ ਨਸਲੀ ਟਿੱਪਣੀਆਂ ਵੀ ਕੀਤੀਆਂ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਦੋਵੇਂ ਗੋਰੇ ਹਮਲਾਵਰ 20 ਸਾਲ ਦੀ ਉਮਰ ਦੇ ਸਨ ਤੇ ਉਨ੍ਹਾਂ ਵੈਸਟਗੇਟ ਸ਼ਾਪਿੰਗ ਸੈਂਟਰ ਨੇੜੇ ਉਸ ਨੂੰ ਆਪਣਾ ਨਿਸ਼ਾਨਾ ਬਣਾਇਆ। ਜਾਂਦੇ ਹੋਏ ਹਮਲਾਵਰ ਸਿੱਖ ਦੀ ਪੱਗ ਤੇ ਹੋਰ ਸਾਮਾਨ ਨਾਲ ਲੈ ਗਏ।

ਕੈਨੇਡਾ ਦੀਆਂ ਦੋਵਾਂ ਪ੍ਰਮੁੱਖ ਪਾਰਟੀਆਂ ਨੇ ਇਸ ਹਮਲੇ ਦੀ ਨਿਖੇਧੀ ਕੀਤੀ ਹੈ। ਹਮਲਾਵਰਾਂ ਨੇ ਨਾ ਸਿਰਫ ਸਿੱਖ ਵਿਅਕਤੀ ਦੀ ਲੁੱਟ ਖੋਹ ਕੀਤੀ ਬਲਕਿ ਦਸਤਾਰ ਨੂੰ ਵੀ ਪਾੜ ਦਿੱਤਾ ਤੇ ਚਾਕੂ ਵਿਖਾ ਕੇ ਧਮਕੀਆਂ ਦਿੰਦਿਆਂ ਉਸ ਖਿਲਾਫ਼ ਨਸਲੀ ਟਿੱਪਣੀਆਂ ਕੀਤੀਆਂ। ਪੁਲਿਸ ਨੇ ਦੱਸਿਆ ਕਿ ਦੋਵੇਂ ਮਸ਼ਕੂਕ ਜਦੋਂ ਸਿੱਖ ਕੋਲ ਪੁੱਜੇ ਤਾਂ ਰਾਤ ਕਰੀਬ ਸਾਢੇ ਗਿਆਰਾਂ ਵਜੇ ਦਾ ਸਮਾਂ ਸੀ ਤੇ ਉਹ ਬੱਸ ਦੀ ਉਡੀਕ ਵਿਚ ਸਨ। ਹਮਲਾਵਰਾਂ ਨੇ ਪਹਿਲਾਂ ਉਸ ਨੂੰ ਉਹਦੀ ਜਾਤ ਬਾਰੇ ਪੁੱਛਿਆ ਤੇ ਮਗਰੋਂ ਦਾੜ੍ਹੀ ਤੇ ਵਾਲ ਕੱਟਣ ਬਾਰੇ ਪੁੱਛਣ ਲੱਗੇ।

## ਪੰਜਾਬੀ ਨੌਜਵਾਨ ਦੀ ਮਨੀਲਾ 'ਚ ਹੱਤਿਆ

**ਸ਼ੇਰਪੁਰ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਪਿੰਡ ਈਸਾਪੁਰ ਲੰਡਾ ਦੇ ਸਾਬਕਾ ਸਰਪੰਚ ਸੁਖਦੇਵ ਸਿੰਘ ਧਨੇਸਰ ਦੇ ਪੁੱਤਰ ਗੁਰਤੇਜ ਸਿੰਘ ਦੀ ਮਨੀਲਾ ਵਿਚ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਧਨੇਸਰ ਨੇ ਦੱਸਿਆ ਕਿ ਕਈ ਸਾਲ ਪਹਿਲਾਂ ਉਸ ਦਾ ਪੁੱਤਰ ਮਨੀਲਾ ਗਿਆ ਸੀ, ਤੇ ਉਸ ਦਾ ਫਾਇਨਾਂਸ ਦਾ ਕਾਰੋਬਾਰ ਸੀ। ਗੁਰਤੇਜ ਸਿੰਘ ਕਿਸ਼ਤਾਂ ਦੇ ਪੈਸੇ ਲੈ ਕੇ ਆ ਰਿਹਾ ਸੀ ਤੇ ਲੁਟੇਰਿਆਂ ਨੇ ਉਸ ਉਤੇ ਲੁੱਟ ਦੀ ਨੀਯਤ ਨਾਲ ਗੋਲੀ ਚਲਾ ਦਿੱਤੀ। ਗੰਭੀਰ ਹਾਲਤ ਵਿਚ ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਬਚਾਇਆ ਨਾ ਜਾ ਸਕਿਆ।

## ਅਮਰੀਕਾ ਅਤੇ ਕੈਨੇਡਾ 'ਚ ਸਿੱਖਾਂ ਲਈ ਖਾਸ ਰਹੇਗਾ ਅਪਰੈਲ ਮਹੀਨਾ

*(ਸਫਾ ਇਕ ਦੀ ਬਾਕੀ)*

ਕੀਤਾ। ਇਸ ਦਾ ਐਲਾਨ ਪਿਛਲੇ ਸਾਲ ਤਤਕਾਲੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਕੀਤਾ ਸੀ, ਪਰ ਮੌਜੂਦਾ ਐਨ.ਡੀ.ਪੀ. ਸਰਕਾਰ ਨੇ ਇਸ ਨੂੰ ਲਾਗੂ ਕਰ ਦਿੱਤਾ ਹੈ। ਬੀ.ਸੀ. ਦੀ ਲੈਫਟੀਨੈਂਟ ਗਵਰਨਰ ਵੱਲੋਂ ਇਸ ਐਲਾਨ ਨੂੰ ਲਾਗੂ ਕੀਤੇ ਜਾਣ ਉਤੇ ਸਹੀ ਪਾ ਦਿੱਤੀ ਗਈ ਹੈ। ਅਪਰੈਲ ਵਿਚ ਵਿਸਾਖੀ ਮੌਕੇ ਸਿੱਖ ਧਰਮ ਦਾ ਮੁੱਢ ਬੱਝਾ ਹੋਣ ਕਾਰਨ ਇਹ ਮਹੀਨਾ ਸਾਰੀ ਦੁਨੀਆਂ 'ਚ ਵਸੇ ਸਿੱਖਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ ਤੇ ਪਿਛਲੀ ਸਦੀ ਦੀ ਸ਼ੁਰੂਆਤ ਤੋਂ ਹੀ ਸਿੱਖਾਂ ਵੱਲੋਂ ਬੀ.ਸੀ. 'ਚ ਆਉਣ ਅਤੇ ਇਸ ਦੀ ਆਰਥਿਕਤਾ ਵਿਚ ਵੱਡਾ ਯੋਗਦਾਨ ਪਾਉਣ ਕਾਰਨ ਇਹ ਮਹੀਨਾ ਇਸ ਸੂਬੇ ਲਈ ਵੀ ਖਾਸ ਬਣ ਜਾਂਦਾ ਹੈ। ਇਸ ਫੈਸਲੇ ਦਾ ਸਿੱਖ ਜਥੇਬੰਦੀਆਂ ਵੱਲੋਂ ਸਵਾਗਤ ਕੀਤਾ ਗਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸ਼੍ਰੋਮਣੀ ਕਮੇਟੀ ਦਾ 1159 ਕਰੋੜ ਰੁਪਏ ਦਾ ਬਜਟ ਪ੍ਰਵਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2018-19 ਵਾਸਤੇ ਲਗਭਗ 1159 ਕਰੋੜ 67 ਲੱਖ ਰੁਪਏ ਦਾ ਅਨੁਮਾਨਿਤ ਬਜਟ ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਬਜਟ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਅਖਤਿਆਰੀ ਫੰਡਾਂ ਵਿਚ ਦੋ ਲੱਖ ਰੁਪਏ ਦਾ ਸਾਲਾਨਾ ਵਾਧਾ ਕਰ ਦਿੱਤਾ ਗਿਆ ਹੈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਹੋਈ ਜਨਰਲ ਹਾਊਸ ਦੀ ਮੀਟਿੰਗ ਵਿਚ ਬਜਟ ਪਾਸ ਕੀਤਾ ਗਿਆ।

ਬਜਟ ਵਿਚ ਸੈਕਸ਼ਨ 85 ਹੇਠ ਸਿੱਧੇ ਆਉਂਦੇ ਗੁਰਦੁਆਰਿਆਂ ਅਤੇ ਇਨ੍ਹਾਂ ਨਾਲ ਜੋੜੇ ਗਏ ਗੁਰਦੁਆਰਿਆਂ ਦਾ ਬਜਟ 688 ਕਰੋੜ 94 ਲੱਖ ਰੁਪਏ ਰੱਖਿਆ ਗਿਆ ਹੈ। ਧਰਮ ਪ੍ਰਚਾਰ ਕਮੇਟੀ ਦਾ ਬਜਟ 76 ਕਰੋੜ ਰੁਪਏ, ਵਿਦਿਅਕ ਅਦਾਰਿਆਂ ਦਾ ਬਜਟ 228 ਕਰੋੜ ਰੁਪਏ, ਪ੍ਰਿੰਟਿੰਗ ਪ੍ਰੈੱਸਾਂ ਲਈ 7 ਕਰੋੜ 98 ਲੱਖ ਰੁਪਏ ਬਜਟ ਰੱਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਨਿੱਜੀ ਬਜਟ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ, ਜਿਨ੍ਹਾਂ ਦਾ ਕੁਲ ਜੋੜ 158.75 ਕਰੋੜ ਰੁਪਏ ਹੈ, ਜਿਸ ਵਿਚ ਜਨਰਲ ਬੋਰਡ ਫੰਡ 66 ਕਰੋੜ 25 ਲੱਖ, ਟਰੱਸਟ ਫੰਡ 56 ਕਰੋੜ ਅਤੇ ਵਿੱਦਿਆ ਫੰਡ 36 ਕਰੋੜ 50 ਲੱਖ ਰੁਪਏ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਬਜਟ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਸਮੂਹ 233 ਅਦਾਰਿਆਂ ਦਾ ਬਜਟ ਹੈ। ਬਜਟ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਵਿਸ਼ੇਸ਼ ਬਜਟ ਰੱਖਿਆ ਗਿਆ ਹੈ, ਜਿਸ ਤਹਿਤ ਗੁਰਮਤਿ ਸਮਾਗਮ ਕੀਤੇ ਜਾਣਗੇ, ਸੁਲਤਾਨਪੁਰ ਲੋਧੀ ਵਿੱਚ ਯਾਦਗਾਰਾਂ ਉਸਾਰੀਆਂ ਜਾਣਗੀਆਂ।

ਵਿਸ਼ੇਸ਼ ਯਾਦਗਾਰ ਗੁਰਦੁਆਰਾ ਸੰਤ ਘਾਟ ਦੇ ਨੇੜੇ ਸਥਾਪਤ ਹੋਵੇਗੀ, ਜਿਥੇ ਇਕ ਮੀਨਾਰ ਤੇ ੴ ਦਾ ਵਿਸ਼ਾਲ ਚਿੰਨ੍ਹ ਬਣੇਗਾ। ਪੱਛੜੇ ਇਲਾਕਿਆਂ ਖਾਸ ਕਰ ਕੇ ਪਿੰਡਾਂ ਵਿਚ ਮੁਢਲੀਆਂ ਮੈਡੀਕਲ ਸਹੂਲਤਾਂ ਦੇਣ ਲਈ ਮੈਡੀਕਲ ਵੈਨਾਂ ਖਰੀਦਣ ਵਾਸਤੇ 90 ਲੱਖ ਰੁਪਏ ਰੱਖੇ ਗਏ ਹਨ। ਜਦੋਂਕਿ ਡਾਕਟਰੀ ਸਹੂਲਤਾਂ ਤੇ ਦਵਾਈਆਂ ਲਈ 25 ਲੱਖ ਰੁਪਏ ਰੱਖੇ ਗਏ ਹਨ, ਕੈਂਸਰ ਪੀੜਤ ਫੰਡ ਵਿਚ 9 ਕਰੋੜ 50 ਲੱਖ ਰੁਪਏ, ਕੁਦਰਤੀ ਆਫਤਾਂ ਵੇਲੇ ਮਨੁੱਖੀ ਭਲਾਈ ਲਈ 61 ਲੱਖ ਰੁਪਏ, ਖਾਲਸਾਈ ਖੇਡਾਂ ਤੇ ਸਾਬਤ ਸੂਰਤ ਸਿੱਖ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ 63 ਲੱਖ ਰੁਪਏ ਰੱਖੇ ਗਏ ਹਨ। ਸਿੱਖ ਰੈਫਰੈਂਸ ਲਾਇਬਰੇਰੀ ਦੇ ਨਵੀਨੀਕਰਨ ਲਈ 25 ਲੱਖ ਰੁਪਏ, ਪੰਥਕ ਵਿਦਵਾਨਾਂ ਤੇ ਧਾਰਮਿਕ ਸ਼ਖਸੀਅਤਾਂ ਦੇ ਸਨਮਾਨ ਲਈ 50 ਲੱਖ ਰੁਪਏ, 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਬੱਚਿਆਂ ਨੂੰ ਉਚੇਰੀ ਸਿੱਖਿਆ ਲਈ 30 ਲੱਖ ਰੁਪਏ ਰੱਖੇ ਗਏ ਹਨ। ਇਸ ਤੋਂ ਇਲਾਵਾ ਦੇਸ਼ ਭਰ ਦੇ ਸਿੱਖਿਆ ਬੋਰਡਾਂ ਵਿਚੋਂ ਪਹਿਲੇ 20 ਸਥਾਨ ਪ੍ਰਾਪਤ ਕਰਨ ਵਾਲੇ ਅੰਮ੍ਰਿਤਧਾਰੀ ਬੱਚਿਆਂ ਦੇ ਸਨਮਾਨ ਲਈ, ਧਾਰਮਿਕ ਵਿੱਦਿਆ ਦੇ ਹੋਰ ਪਾਸਾਰ ਵਾਸਤੇ, ਆਈਏਐਸ ਤੇ ਇਸ ਦੇ ਬਰਾਬਰ ਪ੍ਰੀਖਿਆਵਾਂ ਵਿਚ ਚੁਣੇ ਜਾਣ ਵਾਲੇ ਸਾਬਤ ਸੂਰਤ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਵੀ ਫੰਡ ਰੱਖੇ ਗਏ ਹਨ।

### ਬਜਟ 'ਤੇ ਨੋਟਬੰਦੀ ਤੇ ਜੀ.ਐਸ.ਟੀ. ਦੀ ਮਾਰ

2018-19 ਵਰ੍ਹੇ ਦਾ ਇਹ ਬਜਟ 1159 ਕਰੋੜ 67 ਲੱਖ ਰੁਪਏ ਦਾ ਹੈ, ਜੋ ਕਿ ਪਿਛਲੇ ਵਰ੍ਹੇ 2017-18 ਦੇ ਬਜਟ 1106.59 ਕਰੋੜ ਨਾਲੋਂ ਲਗਭਗ 53 ਕਰੋੜ ਰੁਪਏ ਵੱਧ ਹੈ। ਬਜਟ ਵਿਚ ਭਾਵੇਂ ਵਾਧਾ ਹੋਇਆ ਹੈ ਪਰ ਵਾਧੇ ਦੀ ਦਰ ਵਿਚ ਕਮੀ ਆਈ ਹੈ। ਪਿਛਲੇ ਵਰ੍ਹੇ ਦੇ ਬਜਟ ਵਿਚ 88.1 ਕਰੋੜ ਰੁਪਏ ਦਾ ਵਾਧਾ ਹੋਇਆ ਸੀ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਮੁਤਾਬਕ ਨੋਟਬੰਦੀ ਕਾਰਨ ਗੁਰਦੁਆਰਿਆਂ ਦੀ ਗੋਲਕ ਵਿਚ ਅਤੇ ਦਾਨ ਦੀ ਰਕਮ ਵਿਚ ਕਮੀ ਆਈ ਹੈ। ਇਸ ਤੋਂ ਇਲਾਵਾ ਹੁਣ ਤੱਕ ਸ਼੍ਰੋਮਣੀ ਕਮੇਟੀ ਸਾਢੇ ਚਾਰ ਕਰੋੜ ਰੁਪਏ ਜੀ.ਐਸ.ਟੀ. ਟੈਕਸ ਦੇ ਭੁਗਤਾਨ ਵਜੋਂ ਅਦਾ ਕਰ ਚੁੱਕੀ ਹੈ।

### 19 ਮਤਿਆਂ ਨੂੰ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ

ਸਮਾਗਮ ਵਿਚ ਕੁੱਲ 19 ਮਤੇ ਪੜ੍ਹੇ ਗਏ, ਜਿਨ੍ਹਾਂ ਨੂੰ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ਵਿਚ ਸਿੱਖ ਰੈਫਰੈਂਸ ਲਾਇਬਰੇਰੀ ਦਾ ਅਮੁੱਲਾ ਖ਼ਜ਼ਾਨਾ ਵਾਪਸ ਕਰਨ ਲਈ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਹੈ, ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਮਾਂ ਬੋਲੀ ਪੰਜਾਬੀ ਨੂੰ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਵਿਚ ਢੁਕਵਾਂ ਮਾਣ ਸਨਮਾਨ ਦੇਣ ਦੀ ਮੰਗ, ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਖੁੱਲ੍ਹੇ ਲਾਂਘੇ ਦੀ ਮੰਗ, ਹਵਾਈ ਅੱਡਿਆਂ ਉੱਤੇ



ਦਸਤਾਰ ਦੀ ਸ਼ਾਨ ਨੂੰ ਬਹਾਲ ਰੱਖਣ ਦੀ ਮੰਗ, ਜੀ.ਐਸ.ਟੀ. ਖਤਮ ਕਰਨ ਦੀ ਮੰਗ, ਸੈਂਸਰ ਬੋਰਡ ਵਿੱਚ ਸਿੱਖ ਪ੍ਰਤੀਨਿਧ ਵਜੋਂ ਸ਼੍ਰੋਮਣੀ ਕਮੇਟੀ ਦਾ ਨੁਮਾਇੰਦਾ ਸ਼ਾਮਲ ਕਰਨ, ਆਨੰਦ ਮੈਰਿਜ ਐਕਟ ਨੂੰ ਦੇਸ਼ ਭਰ ਵਿਚ ਲਾਗੂ ਕਰਨ, ਵਿਦੇਸ਼ਾਂ ਵਿਚ ਸਿੱਖਾਂ ਤੇ ਹੁੰਦੇ ਨਸਲੀ ਹਮਲਿਆਂ ਨੂੰ ਰੋਕਣ ਲਈ ਉਪਰਾਲੇ ਕਰਨ ਦੀ ਮੰਗ, ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਨੂੰ ਖੁੱਲ੍ਹੇ ਕਰਨ ਦੀ ਮੰਗ, ਜੰਮੂ ਕਸ਼ਮੀਰ ਵਿਚ ਵਸਦੇ ਸਿੱਖਾਂ ਨੂੰ ਘੱਟ ਗਿਣਤੀਆਂ ਵਾਲੀਆਂ ਵਿਸ਼ੇਸ਼ ਸਹੂਲਤਾਂ ਦੇਣ ਦੀ ਮੰਗ ਆਦਿ ਮਤੇ ਸ਼ਾਮਲ ਹਨ। ਸਮਾਗਮ ਵਿਚ ਲਗਭਗ 115 ਸ਼੍ਰੋਮਣੀ ਕਮੇਟੀ ਮੈਂਬਰ ਹਾਜ਼ਰ ਸਨ।

# ਫਿਲਮ 'ਨਾਨਕ ਸ਼ਾਹ ਫਕੀਰ' ਉਤੇ ਸ਼੍ਰੋਮਣੀ ਕਮੇਟੀ ਦਾ ਯੂ-ਟਰਨ

**ਅੰਮ੍ਰਿਤਸਰ:** ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂ-ਟਰਨ ਲੈ ਲਿਆ ਹੈ। ਸ਼੍ਰੋਮਣੀ ਕਮੇਟੀ ਨੇ 19 ਮਾਰਚ 2018 ਨੂੰ ਇਸ ਫਿਲਮ ਦੀ ਗੁਰੂ ਘਰਾਂ ਵਿਚ ਪ੍ਰਚਾਰ ਕਰਨ ਲਈ ਆਗਿਆ ਦਿੱਤੀ ਸੀ ਤੇ ਹੁਣ ਕਮੇਟੀ ਨੂੰ ਫਿਲਮ ਵਿਚ ਗੜਬੜ ਨਜ਼ਰ ਆਉਣ ਲੱਗੀ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਕਿਹਾ ਹੈ ਕਿ ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਉਨਾ ਚਿਰ ਰਿਲੀਜ਼ ਨਹੀਂ ਕੀਤਾ ਜਾ ਸਕੇਗਾ ਜਿਨ੍ਹਾਂ ਚਿਰ ਇਸ ਸਬੰਧੀ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਸਾਰੇ ਇਤਰਾਜ਼ ਦੂਰ ਨਹੀਂ ਹੋ ਜਾਂਦੇ। ਉਨ੍ਹਾਂ ਕਿਹਾ ਕਿ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸੰਗਤਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਫਿਲਮ ਦੀ ਪ੍ਰਵਾਨਗੀ ਸਬੰਧੀ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਦੇ ਅਮਲ ਉਤੇ ਰੋਕ ਲਗਾ ਦਿੱਤੀ ਹੈ।

ਉਨ੍ਹਾਂ ਕਿਹਾ ਕਿ 2016 ਵਿਚ ਉਸ ਵੇਲੇ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਪ੍ਰਵਾਨਗੀ ਪੱਤਰ ਜਾਰੀ ਕੀਤਾ ਸੀ ਪਰ ਹੁਣ ਫਿਲਮ ਦੇ ਵੱਖ-ਵੱਖ ਚੈਨਲਾਂ ਉਤੇ ਪ੍ਰੋਮੋ ਪ੍ਰਸਾਰਿਤ ਹੋਣ ਤੋਂ ਬਾਅਦ ਸੰਗਤਾਂ ਵੱਲੋਂ ਵੱਡੇ ਪੱਧਰ ਉਤੇ ਇਤਰਾਜ਼ ਕੀਤੇ ਗਏ ਹਨ। ਸੰਗਤ ਵੱਲੋਂ ਸੋਸ਼ਲ ਮੀਡੀਆ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਨੂੰ ਈ-ਮੇਲ ਭੇਜ ਕੇ ਇਸ ਉਤੇ ਰੋਕ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ।

ਹਾਲਾਂਕਿ ਫਿਲਮ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੇ ਕਿਹਾ ਹੈ ਕਿ ਫਿਲਮ ਤੈਅ ਕੀਤੇ ਦਿਨ 13 ਅਪਰੈਲ ਨੂੰ ਹੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਫਿਲਮ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਹੀ ਬਣਾਈ ਗਈ ਹੈ। ਫਿਲਮ ਦਾ ਟ੍ਰੇਲਰ ਹੇਠ ਦਿੱਤੇ ਲਿੰਕ ਰਾਹੀਂ ਯੂ-ਟਿਊਬ ਉਤੇ ਵੇਖਿਆ ਜਾ ਸਕਦਾ ਹੈ।



### ਫਿਲਮ ਨੂੰ ਕਲੀਨ ਚਿੱਟ ਦੇਣ ਵਾਲੇ ਮੁਆਫੀ ਮੰਗਣ: ਸਰਨਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਸਕੱਤਰ ਜਨਰਲ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਇਸ ਗੱਲ ਦਾ ਖੁਲਾਸਾ ਹੋਣਾ ਚਾਹੀਦਾ ਹੈ ਕਿ ਸ਼੍ਰੋਮਣੀ ਕਮੇਟੀ ਨੇ 'ਨਾਨਕ ਸ਼ਾਹ ਫਕੀਰ' ਨੂੰ ਦਿੱਤੀ ਕਲੀਨ ਚਿੱਟ ਕਿਹੜੇ ਕਾਰਨਾਂ ਕਰ ਕੇ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ ਇਸ ਫਿਲਮ ਨੂੰ ਕਲੀਨ ਚਿੱਟ ਦੇਣ ਵਾਲੀ ਟੀਮ ਬਾਰੇ ਜਾਣਕਾਰੀ ਹਾਸਲ ਕਰਨ 'ਤੇ ਖੁਲਾਸਾ ਹੋਇਆ ਹੈ ਕਿ ਇਹ ਟੀਮ ਪਿਛਲੇ ਲੰਬੇ ਸਮੇਂ ਤੋਂ ਫਿਲਮ ਬਣਾਉਣ ਵਾਲਿਆਂ ਦੇ ਸੰਪਰਕ ਵਿਚ ਸੀ।

## ਇਤਰਾਜ਼ਯੋਗ ਫਿਲਮਾਂ ਦੇ ਮਾਮਲੇ 'ਤੇ ਕਮੇਟੀ ਕਾਇਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ 'ਨਾਨਕ ਸ਼ਾਹ ਫਕੀਰ' ਨੂੰ ਰਿਲੀਜ਼ ਕਰਨ ਸਬੰਧੀ ਹਰੀ ਝੰਡੀ ਦੇਣ ਅਤੇ ਫਿਰ ਫੈਸਲਾ ਵਾਪਸ ਲੈਣ ਦਾ ਮਾਮਲਾ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਚਰਚਾ ਦਾ ਵਿਸ਼ਾ ਬਣਿਆ ਰਿਹਾ, ਜਿਸ ਨੂੰ ਲੈ ਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਵਿਚਾਲੇ ਹਲਕਾ ਤਕਰਾਰ ਵੀ ਹੋਇਆ ਹੈ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਅਜਿਹੀਆਂ ਇਤਰਾਜ਼ਯੋਗ ਧਾਰਮਿਕ ਫਿਲਮਾਂ ਦੇ ਮਾਮਲੇ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਮੇਟੀ ਬਣਾਈ ਗਈ ਹੈ, ਜੋ ਸਿਰਫ ਸਿੱਖ ਸਿਧਾਂਤਾਂ ਮੁਤਾਬਕ ਬਣੀਆਂ ਫ਼ਿਲਮਾਂ ਨੂੰ ਹੀ ਹਰੀ ਝੰਡੀ ਦੇਵੇਗੀ।

ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁਖਦੇਵ ਸਿੰਘ ਭੌਰ, ਜੋ ਪਹਿਲਾਂ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ, ਨੇ ਇਹ ਮਾਮਲਾ ਉਠਾਇਆ। ਉਨ੍ਹਾਂ ਆਖਿਆ ਕਿ ਅਜਿਹੇ ਫ਼ੈਸਲਿਆਂ ਨਾਲ ਸ਼੍ਰੋਮਣੀ ਕਮੇਟੀ ਦੀ ਸਾਖ ਨੂੰ ਵੀ ਢਾਹ ਲੱਗਦੀ ਹੈ ਅਤੇ ਸੰਗਤਾਂ ਵਿਚ ਵੀ ਦੁਚਿੱਤੀ ਵਾਲਾ ਮਾਹੌਲ ਬਣਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਭਵਿੱਖ ਵਿਚ ਅਜਿਹਾ ਨਾ ਵਾਪਰੇ, ਇਸ ਲਈ ਠੋਸ ਪ੍ਰਬੰਧ ਕੀਤੇ ਜਾਣਗੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਜੇਕਰ ਫਿਲਮ ਨਿਰਮਾਤਾ ਵੱਲੋਂ ਵਿਸਾਖੀ ਮੌਕੇ ਫਿਲਮ ਰਿਲੀਜ਼ ਕਰਨ ਦਾ ਯਤਨ ਕੀਤਾ ਗਿਆ ਤਾਂ ਉਸ ਵੇਲੇ ਵੀ ਸੰਗਤਾਂ ਦੀਆਂ ਭਾਵਨਾਵਾਂ ਮੁਤਾਬਕ ਹੀ ਫੈਸਲਾ ਕੀਤਾ ਜਾਵੇਗਾ।

## ਵਿਰੋਧ ਕਾਰਨ ਪੇਸ਼ ਨਾ ਕੀਤਾ ਚੀਫ ਖਾਲਸਾ ਦੀਵਾਨ ਦਾ ਬਜਟ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦਾ ਸਾਲਾਨਾ ਬਜਟ ਮੈਂਬਰਾਂ ਵੱਲੋਂ ਪ੍ਰਗਟਾਏ ਵਿਰੋਧ ਕਾਰਨ ਪਾਸ ਨਹੀਂ ਹੋ ਸਕਿਆ ਅਤੇ ਇਸ ਨੂੰ ਤਿੰਨ ਮਹੀਨਿਆਂ ਵਾਸਤੇ ਅੱਗੇ ਪਾ ਦਿੱਤਾ ਗਿਆ ਹੈ।

ਇਸ ਦੌਰਾਨ ਸੰਸਥਾ ਦਾ ਕੰਮਕਾਜ ਪਹਿਲਾਂ ਚੱਲ ਰਹੇ ਖਾਤਿਆਂ ਮੁਤਾਬਕ ਹੀ ਚੱਲੇਗਾ। ਚੀਫ ਖਾਲਸਾ ਦੀਵਾਨ ਦੇ ਬਜਟ ਵਾਸਤੇ ਜਨਰਲ ਹਾਊਸ ਦੀ ਮੀਟਿੰਗ ਸੱਦੀ ਗਈ ਸੀ। ਇਸ ਤੋਂ ਪਹਿਲਾਂ ਕਾਰਜਸਾਧਕ ਕਮੇਟੀ ਦੀ ਮੀਟਿੰਗ ਵੀ ਸੱਦੀ ਗਈ ਸੀ, ਜਿਸ ਵਿਚੋਂ ਬਜਟ ਵਾਸਤੇ ਪ੍ਰਵਾਨਗੀ ਲਈ ਜਾਣੀ ਸੀ।

ਜਨਰਲ ਹਾਊਸ ਦੀ ਮੀਟਿੰਗ ਦੌਰਾਨ ਮੈਂਬਰਾਂ ਨੇ ਆਖਿਆ ਕਿ ਉਨ੍ਹਾਂ ਨੂੰ ਬਜਟ ਦੀ ਕਾਪੀ ਕੁਝ ਘੰਟੇ ਪਹਿਲਾਂ ਹੀ ਮਿਲੀ ਹੈ, ਜਿਸ ਕਾਰਨ ਉਹ ਸੰਸਥਾ ਦੇ ਬਜਟ ਦਾ ਅਧਿਐਨ ਨਹੀਂ ਕਰ ਸਕੇ। ਜਾਣਕਾਰੀ ਨਾ ਹੋਣ ਕਾਰਨ ਬਜਟ ਸਬੰਧੀ ਕੋਈ ਸੁਝਾਅ ਜਾਂ ਸੋਧ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਮੰਗ ਕੀਤੀ ਕਿ ਬਜਟ ਅਗਾਂਹ ਪਾ ਦਿੱਤਾ ਜਾਵੇ। ਮੈਂਬਰਾਂ ਦੇ ਰੌਲੇ ਰੱਪੇ ਕਾਰਨ ਮੀਟਿੰਗ ਵਿਚ ਬਜਟ ਪੇਸ਼ ਨਹੀਂ ਹੋ ਸਕਿਆ ਅਤੇ ਸੰਸਥਾ ਦੇ ਪ੍ਰਧਾਨ ਡਾ. ਸੰਤੋਖ ਸਿੰਘ ਨੇ ਮੈਂਬਰਾਂ ਦੀ ਮੰਗ ਨੂੰ ਸਵੀਕਾਰ ਕਰਦਿਆਂ ਬਜਟ ਨੂੰ ਤਿੰਨ ਮਹੀਨਿਆਂ ਲਈ ਅੱਗੇ ਪਾ ਦਿੱਤਾ ਹੈ।

ਵੇਰਵਿਆਂ ਮੁਤਾਬਕ ਚੀਫ ਖਾਲਸਾ ਦੀਵਾਨ ਦਾ ਵਿੱਤੀ ਵਰ੍ਹਾ 2018-19 ਵਾਸਤੇ ਲਗਭਗ 157 ਕਰੋੜ ਰੁਪਏ ਦਾ ਅਨੁਮਾਨਿਤ ਬਜਟ ਤਿਆਰ ਕੀਤਾ ਗਿਆ ਸੀ ਜਦੋਂਕਿ ਇਸ ਵਿਚ ਕੁਲ ਆਮਦਨ 139 ਕਰੋੜ ਰੁਪਏ ਦਰਸਾਈ ਗਈ ਸੀ। ਇਸ ਤਰ੍ਹਾਂ ਇਹ ਬਜਟ 18 ਕਰੋੜ ਰੁਪਏ ਘਾਟੇ ਵਾਲਾ ਬਜਟ ਹੈ। ਕੁਝ ਮੈਂਬਰਾਂ ਨੇ ਆਖਿਆ ਕਿ ਬਜਟ ਤਿਆਰ ਕਰਨ ਸਮੇਂ ਪੂਰੇ ਵੇਰਵੇ ਨਹੀਂ ਦਿੱਤੇ ਗਏ ਹਨ।

## ਬੰਗਲਾਦੇਸ਼ 'ਚ 20 ਨੂੰ ਮਨਾਇਆ ਜਾਵੇਗਾ ਵਿਸਾਖੀ ਦਾ ਦਿਹਾੜਾ

**ਚੰਡੀਗੜ੍ਹ:** ਖਾਲਸੇ ਦੀ ਸਾਜਨਾ ਦਿਵਸ ਵਿਸਾਖੀ ਸਬੰਧੀ ਬੰਗਲਾਦੇਸ਼ ਵਿਚ 20 ਅਪਰੈਲ ਨੂੰ ਸਮਾਗਮ ਕਰਵਾਏ ਜਾ ਰਹੇ ਹਨ। ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕ ਬੋਰਡ ਦੀ ਮੀਟਿੰਗ ਵਿਚ ਬੋਰਡ ਦੇ ਸਮੂਹ ਅਹੁਦੇਦਾਰਾਂ ਅਤੇ ਸੰਪਰਦਾ ਕਾਰ ਸੇਵਾ ਸਰਹਾਲੀ ਦੇ ਮੁਖੀ ਬਾਬਾ ਸੁੱਖਾ ਸਿੰਘ ਨੇ ਹਿੱਸਾ ਲਿਆ। ਬੋਰਡ ਦੇ ਪ੍ਰਧਾਨ ਅਜੈਬ ਸਿੰਘ ਬੋਪਾਰਾਏ ਨੇ ਦੱਸਿਆ ਕਿ ਵਿਸਾਖੀ ਮੌਕੇ ਪੰਜਾਬ ਅਤੇ ਹੋਰ ਥਾਵਾਂ ਤੋਂ ਸਿੱਖ ਸੰਗਤਾਂ ਗੁਰਦੁਆਰਾ ਨਾਨਕਸ਼ਾਹੀ ਵਿਖੇ ਪਹੁੰਚ ਰਹੀਆਂ ਹਨ।

ਇਸ ਸਬੰਧੀ ਅੰਮ੍ਰਿਤਸਰ ਤੋਂ ਸੰਗਤਾਂ ਦਾ ਜਥਾ 16 ਅਪਰੈਲ ਨੂੰ ਰੇਲਗੱਡੀ ਰਾਹੀਂ ਰਵਾਨਾ ਹੋ ਕੇ 20 ਅਪਰੈਲ ਦੇ ਸਮਾਗਮਾਂ ਵਿਚ ਸ਼ਾਮਲ ਹੋਵੇਗਾ। ਗੁਰਦੁਆਰਾ ਨਾਨਕਸ਼ਾਹੀ ਢਾਕਾ ਵਿਖੇ ਵਿਸਾਖੀ ਮੌਕੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਨ੍ਹਾਂ ਵਿਚ ਪੰਥ ਪ੍ਰਸਿੱਧ ਰਾਗੀ ਸਿੰਘ ਅਤੇ ਕਥਾ ਵਾਚਕ ਸੰਗਤਾਂ ਨੂੰ ਨਿਹਾਲ ਕਰਨਗੇ।

## ਗੁਰਬਖਸ਼ ਸਿੰਘ ਖਾਲਸਾ ਖਾਲਸਾ ਦੀ ਮੌਤ ਦੀ ਹੋਵੇਗੀ ਮੈਜਿਸਟਰੇਟੀ ਜਾਂਚ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਕੁਰੂਕਸ਼ੇਤਰ ਵਿਚ ਗੁਰਬਖ਼ਸ਼ ਸਿੰਘ ਖਾਲਸਾ ਦੀ ਮੌਤ ਦੇ ਮਾਮਲੇ ਦੀ ਮੈਜਿਸਟਰੇਟੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਕੁਰੂਕਸ਼ੇਤਰ ਦੇ ਜਿਲ੍ਹਾ ਮੈਜਿਸਟ੍ਰੇਟ ਡਾ. ਐਸ.ਐਸ. ਫੁਲਿਆ ਨੇ ਇਸਮਾਈਲਾਬਾਦ ਦੇ ਠਸਕਾ ਅਲੀ ਵਾਸੀ ਭਾਈ ਖਾਲਸਾ ਦੀ ਮੌਤ ਦੇ ਮਾਮਲੇ ਦੀ ਮਜਿਸਟਰੇਟੀ ਜਾਂਚ ਕਰਨ ਲਈ ਐਸ.ਡੀ.ਐਮ. ਸ਼ਾਹਬਾਦ ਨੂੰ ਜ਼ਿੰਮੇਵਾਰੀ ਸੌਂਪੀ ਹੈ।

ਜਾਰੀ ਆਦੇਸ਼ਾਂ 'ਚ ਕਿਹਾ ਹੈ ਕਿ 20 ਮਾਰਚ ਨੂੰ ਪਿੰਡ ਠਸਕਾ ਅਲੀ ਵਾਸੀ ਭਾਈ ਖਾਲਸਾ ਨੇ ਖੁਦਕੁਸ਼ੀ ਕੀਤੀ ਸੀ। ਮ੍ਰਿਤਕ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਦੋਸ਼ ਲਗਾਇਆ ਸੀ ਕਿ ਅਣਜਾਣੇ ਕਾਰਨਾਂ ਨਾਲ ਹੀ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਸ਼ੱਕੀ ਹਾਲਤਾਂ ਵਿਚ ਖੁਦਕੁਸ਼ੀ ਕੀਤੀ ਹੈ। ਇਸ ਮਾਮਲੇ 'ਚ ਪਰਿਵਾਰਾਂ ਵਾਲਿਆਂ ਦੀ ਮੰਗ 'ਤੇ ਧਾਰਾ 176 ਸੀ.ਆਰ.ਪੀ.ਸੀ. ਦੇ ਤਹਿਤ ਖੁਦਕੁਸ਼ੀ ਦੇ ਕਾਰਨਾਂ



ਨੂੰ ਜਾਨਣ ਸਮੇਤ ਸਾਰੇ ਪਹਿਲੂਆਂ ਉਤੇ ਜਾਂਚ ਕਰਨ ਲਈ ਐਸ.ਡੀ.ਐਮ. ਸ਼ਾਹਬਾਦ ਨੂੰ ਮਜਿਸਟਰੇਟੀ ਜਾਂਚ ਅਧਿਕਾਰੀ ਨਿਯੁਕਤ ਕੀਤਾ ਹੈ।

# ਇਰਾਕ ਤੋਂ ਲਾਸ਼ਾਂ ਬਣ ਪਰਤੇ 38 ਭਾਰਤੀ ਕਾਮੇ

**ਚੰਡੀਗੜ੍ਹ:** ਇਰਾਕ ਵਿਚ ਮਾਰੇ ਗਏ 39 ਭਾਰਤੀਆਂ ਵਿਚੋਂ 38 ਦੀਆਂ ਅਸਥੀਆਂ (ਬਚੇ ਖੁਚੇ ਅੰਗ) ਵਾਲੇ ਤਾਬੂਤ ਵਾਰਸਾਂ ਹਵਾਲੇ ਕਰ ਦਿੱਤੀਆਂ ਗਈਆਂ। ਇਨ੍ਹਾਂ ਵਿਚ 27 ਅਸਥੀਆਂ ਪੰਜਾਬੀਆਂ ਦੀਆਂ, ਚਾਰ ਹਿਮਾਚਲ ਪ੍ਰਦੇਸ਼ ਅਤੇ ਸੱਤ ਪੱਛਮੀ ਬੰਗਾਲ ਤੇ ਬਿਹਾਰ ਨਾਲ ਸਬੰਧਤ ਵਿਅਕਤੀਆਂ ਦੀਆਂ ਸਨ। ਇਨ੍ਹਾਂ ਨੌਜਵਾਨਾਂ ਨੂੰ ਆਈ.ਐਸ. ਅਤਿਵਾਦੀਆਂ ਵੱਲੋਂ ਅਗਵਾ ਕਰ ਕੇ ਮਾਰ ਦਿੱਤਾ ਗਿਆ ਸੀ।



ਹਵਾਈ ਅੱਡੇ ਉਤੇ ਅਸਥੀਆਂ ਲੈਣ ਲਈ ਪੰਜਾਬ ਵਿਚੋਂ ਵੱਖ-ਵੱਖ ਥਾਵਾਂ ਤੋਂ ਵਾਰਸ ਪੁੱਜੇ ਹੋਏ ਸਨ ਅਤੇ ਬੜਾ ਗਮਗੀਨ ਮਾਹੌਲ ਬਣਿਆ ਹੋਇਆ ਸੀ। ਇਸ ਮੌਕੇ 27 ਪੰਜਾਬੀਆਂ ਦੀਆਂ ਦੇਹਾਂ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪ੍ਰਾਪਤ ਕੀਤੀਆਂ। ਹਿਮਾਚਲ ਦੇ ਚਾਰ ਮ੍ਰਿਤਕਾਂ ਦੀਆਂ ਅਸਥੀਆਂ ਉਥੋਂ ਦੇ ਖੁਰਾਕ ਸਪਲਾਈ ਤੇ ਖਪਤਕਾਰ ਮੰਤਰੀ ਕਿਸ਼ਨ ਕਪੂਰ ਨੇ ਲਈਆਂ। ਪੱਛਮੀ ਬੰਗਾਲ ਤੇ ਬਿਹਾਰ ਨਾਲ ਸਬੰਧਤ ਸੱਤ ਜਣਿਆਂ ਦੀਆਂ ਅਸਥੀਆਂ ਇਥੋਂ ਇਕ ਹੋਰ ਹਵਾਈ ਜਹਾਜ਼ ਲੈ ਕੇ ਕੇਂਦਰੀ ਮੰਤਰੀ ਕੋਲਕਾਤਾ ਲਈ ਰਵਾਨਾ ਹੋ ਗਏ। ਪੰਜਾਬੀਆਂ ਦੀਆਂ ਅਸਥੀਆਂ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਪ੍ਰਬੰਧਾਂ ਰਾਹੀਂ ਐਂਬੂਲੈਂਸਾਂ ਵਿਚ ਤੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਬੰਧਤ ਜ਼ਿਲ੍ਹਿਆਂ ਨੂੰ ਭੇਜੀਆਂ ਗਈਆਂ।

ਸ੍ਰੀ ਸਿੱਧੂ ਨੇ ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹਵਾਲੇ ਨਾਲ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ ਪੰਜ-ਪੰਜ ਲੱਖ ਰੁਪਏ ਨਗਦ ਅਤੇ ਪਰਿਵਾਰ ਦੇ ਇਕ-ਇਕ ਜੀਅ ਨੂੰ ਯੋਗਤਾ ਮੁਤਾਬਕ ਨੌਕਰੀ ਦੇਣ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਵੀ ਇਨ੍ਹਾਂ ਪਰਿਵਾਰਾਂ ਨੂੰ ਪਿਛਲੇ ਤਿੰਨ ਸਾਲਾਂ ਤੋਂ ਲਗਭਗ 20 ਹਜ਼ਾਰ ਰੁਪਏ ਮਾਸਕ ਮਦਦ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਟਰੈਵਲ ਏਜੰਟਾਂ ਦੇ ਝਾਂਸੇ ਵਿਚ ਆ ਕੇ ਗਲਤ ਢੰਗ ਨਾਲ ਵਿਦੇਸ਼ ਜਾਣਾ ਚਿੰਤਨ ਦਾ ਮਾਮਲਾ ਹੈ ਅਤੇ ਇਸ ਨੂੰ ਵਿਧਾਨ ਸਭਾ ਵਿਚ ਗੰਭੀਰਤਾ ਨਾਲ ਵਿਚਾਰਿਆ ਜਾਵੇਗਾ।

ਇਸ ਮੌਕੇ ਜਨਰਲ ਵੀ.ਕੇ. ਸਿੰਘ ਨੇ ਵੀ ਪੀੜਤ ਪਰਿਵਾਰਾਂ ਨਾਲ ਦੁਖ ਸਾਂਝਾ ਕੀਤਾ, ਪਰ ਕੇਂਦਰ ਵਲੋਂ ਪੀੜਤਾਂ ਦੀ ਮਦਦ ਸਬੰਧੀ ਕੋਈ ਐਲਾਨ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਦੇ ਜੀਆਂ ਦੇ ਵੇਰਵੇ ਮੰਗੇ ਗਏ ਹਨ ਅਤੇ ਉਨ੍ਹਾਂ ਨੂੰ ਯੋਗਤਾ ਦੇ ਆਧਾਰ ਉਤੇ ਮਦਦ ਕੀਤੀ ਜਾਵੇਗੀ। ਪਰਿਵਾਰਾਂ ਵੱਲੋਂ ਆਪਣੇ ਵਿੱਛੜੇ ਜੀਆਂ ਦੀਆਂ ਅਸਥੀਆਂ ਨੂੰ ਆਖਰੀ ਵਾਰ ਦੇਖਣ ਦੀ ਕੀਤੀ ਜਾ ਰਹੀ ਮੰਗ ਬਾਰੇ ਕੇਂਦਰੀ ਮੰਤਰੀ ਨੇ ਆਖਿਆ ਕਿ ਡੀ.ਐਨ.ਏ. ਟੈਸਟ ਕਰਨ ਵਾਲੀ ਇਰਾਕ ਦੀ ਮੋਰਟਲ ਫਾਊਂਡੇਸ਼ਨ ਨੇ ਸਲਾਹ ਦਿੱਤੀ ਹੈ ਕਿ ਤਾਬੂਤ ਨਾ ਖੋਲ੍ਹੇ ਜਾਣ ਕਿਉਂਕਿ ਟੈਸਟ ਕਰਨ ਸਮੇਂ ਕਈ ਤਰ੍ਹਾਂ ਦੇ ਰਸਾਇਣਾਂ ਦੀ ਵਰਤੋਂ ਕੀਤੀ ਗਈ ਹੈ, ਜੋ ਹਾਨੀਕਾਰਕ ਹੋ ਸਕਦੇ ਹਨ। ਪਹਿਲਾਂ ਪੀੜਤਾਂ ਦੇ ਪਰਿਵਾਰਕ ਜੀਆਂ ਨੇ ਇਸ ਮੰਗ ਨੂੰ ਲੈ ਕੇ ਹਵਾਈ ਅੱਡੇ ਵਿਚ ਧਰਨਾ ਵੀ ਦਿੱਤਾ। ਪਿੰਡ ਭੋਏਵਾਲ ਦੀ ਗੁਰਪਿੰਦਰ ਕੌਰ, ਜਿਸ ਦਾ ਭਰਾ ਇਰਾਕ ਵਿਚ ਮਾਰਿਆ ਗਿਆ ਹੈ, ਨੇ ਆਖਿਆ ਕਿ ਪਰਿਵਾਰ ਆਪਣੇ ਜੀਆਂ ਦੇ ਅੰਤਿਮ ਦਰਸ਼ਨ ਕਰਨਾ ਚਾਹੁੰਦੇ ਹਨ।

ਸੰਗਰੂਰ ਦੇ ਮਹਿੰਦਰਪਾਲ, ਜਿਸ ਦਾ ਛੋਟਾ ਭਰਾ ਪ੍ਰਿਤਪਾਲ ਇਰਾਕ ਵਿਚ ਮਾਰਿਆ ਗਿਆ, ਨੇ ਕਿਹਾ ਕਿ ਉਨ੍ਹਾਂ ਨੂੰ ਦੇਹਾਂ ਦੇਖਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਪ੍ਰਿਤਪਾਲ ਦੇ ਦੋ ਬੱਚੇ ਹਨ ਅਤੇ ਉਸ ਦਾ ਬੇਟਾ ਨੀਰਜ ਵੀ ਪੁੱਜਾ ਹੋਇਆ ਸੀ। ਕੁਝ ਪਰਿਵਾਰਾਂ ਨੇ ਦੋਸ਼ ਲਾਇਆ ਕਿ ਹੁਣ ਤਕ ਸਰਕਾਰਾਂ ਵਲੋਂ ਕੋਈ ਮਦਦ ਨਹੀਂ ਮਿਲੀ। ਆਪਣੇ ਕਮਾਊ ਜੀਆਂ ਦੀ ਮੌਤ ਤੋਂ ਉਨ੍ਹਾਂ ਨੂੰ ਮੰਦਹਾਲੀ ਵਿਚੋਂ ਲੰਘਣਾ ਪੈ ਰਿਹਾ ਹੈ।

### ਕੜਿਆਂ ਅਤੇ ਲੰਮੇ ਵਾਲਾਂ ਤੋਂ ਹੋਈ ਸੀ ਲਾਸ਼ਾਂ ਦੀ ਪਛਾਣ

**ਅੰਮ੍ਰਿਤਸਰ:** 2014 ਵਿਚ ਲਾਪਤਾ ਹੋਏ 39 ਭਾਰਤੀਆਂ ਸਬੰਧੀ ਜਨਰਲ ਵੀ.ਕੇ. ਸਿੰਘ ਚਾਰ ਵਾਰ ਇਰਾਕ ਜਾ ਚੁੱਕੇ ਹਨ। ਉਨ੍ਹਾਂ ਖੁਲਾਸਾ ਕੀਤਾ ਕਿ ਭਾਰਤੀਆਂ ਦੀਆਂ ਅਸਥੀਆਂ ਇਰਾਕ ਦੇ ਸ਼ਹਿਰ ਮੋਸੂਲ ਨੇੜੇ ਬਦੋਸ਼ਾ ਇਲਾਕੇ ਵਿਚ ਇਕ ਟਿੱਲੇ ਹੇਠਾਂ ਦੱਬੀਆਂ ਹੋਈਆਂ ਸਨ, ਜਿਥੇ ਹੋਰ ਵੀ ਅਣਗਿਣਤ ਲਾਸ਼ਾਂ ਨੂੰ ਦਫਨਾਇਆ ਗਿਆ ਸੀ। ਟਿੱਲੇ ਦੀ ਗੈਰਕੁਦਰਤੀ ਦਿੱਖ ਕਾਰਨ ਇਸ ਬਾਰੇ ਸ਼ੱਕ ਹੋਇਆ ਅਤੇ ਇਰਾਕੀ ਫੌਜ ਨੇ ਰਾਡਾਰ ਰਾਹੀਂ ਇਸ ਦੀ ਘੋਖ ਕੀਤੀ ਤਾਂ ਪਤਾ ਲਗਾ ਕਿ ਇਥੇ ਅਣਗਿਣਤ ਲਾਸ਼ਾਂ ਦੱਬੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਬਹੁਤੇ ਪੰਜਾਬੀਆਂ ਦੀ ਪਛਾਣ ਉਨ੍ਹਾਂ ਦੇ ਕੜਿਆਂ ਅਤੇ ਲੰਮੇ ਵਾਲਾਂ ਤੋਂ ਹੋਈ। ਇਹ ਕੜੇ ਅਤੇ ਲੰਮੇ ਵਾਲ ਦੇਖ ਕੇ ਹੀ ਇਸ ਬਾਰੇ ਭਾਰਤ ਸਰਕਾਰ ਨੂੰ ਸੂਚਿਤ ਕੀਤਾ ਤੇ ਭਾਰਤ ਸਰਕਾਰ ਨੇ ਸਬੰਧਤ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਦੇ ਡੀ.ਐਨ.ਏ. ਦੇ ਨਮੂਨੇ ਲੈ ਕੇ ਅਸਥੀਆਂ ਨਾਲ ਮਿਲਾਉਣ ਵਾਸਤੇ ਇਰਾਕ ਭੇਜੇ। 38 ਭਾਰਤੀਆਂ ਦੇ ਡੀ.ਐਨ.ਏ. ਮਿਲ ਗਏ ਹਨ ਜਦੋਂਕਿ ਇਕ ਰਾਜੂ ਯਾਦਵ ਦਾ ਡੀ.ਐਨ.ਏ. ਸਿਰਫ 70 ਫੀਸਦੀ ਮਿਲਿਆ ਹੈ। ਇਸ ਲਈ ਉਸ ਦੀ ਲਾਸ਼ ਭਾਰਤ ਨਹੀਂ ਲਿਆਂਦੀ ਜਾ ਸਕੀ।

## ਸਰਕਾਰੀ ਰਿਕਾਰਡ 'ਚ ਭਿੰਡਰਾਂਵਾਲਾ ਅਪਰਾਧੀ ਜਾਂ ਪ੍ਰਚਾਰਕ?

**ਨਵੀਂ ਦਿੱਲੀ:** ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸਰਕਾਰੀ ਰਿਕਾਰਡ ਵਿਚ ਕੀ ਕਿਹਾ ਗਿਆ ਹੈ- ਧਾਰਮਿਕ ਪ੍ਰਚਾਰਕ, ਅਪਰਾਧੀ, ਅਤਿਵਾਦੀ ਜਾਂ ਕੁਝ ਹੋਰ, ਇਸ ਸਬੰਧੀ ਪਾਈ ਆਰ.ਟੀ.ਆਈ. ਨੂੰ ਕੇਂਦਰੀ ਸੂਚਨਾ ਕਮਿਸ਼ਨ ਨੇ ਗ੍ਰਹਿ ਮੰਤਰਾਲੇ ਨੂੰ ਜਵਾਬ ਦੇਣ ਵਾਸਤੇ



ਪੰਜਾਬ ਸਰਕਾਰ ਨੂੰ ਭੇਜਣ ਲਈ ਕਿਹਾ ਹੈ।

ਬਿਨੈਕਾਰ ਵੱਲੋਂ ਪੁੱਛੇ ਕਈ ਸਵਾਲਾਂ ਵਿਚ ਉਪਰੋਕਤ ਪ੍ਰਸ਼ਨ ਵੀ ਸ਼ਾਮਲ ਹੈ ਅਤੇ ਉਸ ਨੇ ਗ੍ਰਹਿ ਮੰਤਰਾਲੇ ਤੋਂ ਇਹ ਵੀ ਪੁੱਛਿਆ ਕਿ ਸੰਤ ਭਿੰਡਰਾਂਵਾਲਿਆਂ ਖਿਲਾਫ ਕਿੰਨੀਆਂ ਐਫ.ਆਈ.ਆਰਜ਼. ਲਟਕ ਰਹੀਆਂ ਹਨ। ਅਮਨ ਤੇ ਕਾਨੂੰਨ ਸੂਬੇ ਦਾ ਵਿਸ਼ਾ ਹੈ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਖਿਲਾਫ ਦਰਜ ਮਾਮਲਿਆਂ ਦੀ ਜਾਣਕਾਰੀ ਪੰਜਾਬ ਸਰਕਾਰ ਕੋਲ ਹੋਣੀ ਚਾਹੀਦੀ ਹੈ। ਸੂਚਨਾ ਕਮਿਸ਼ਨਰ ਯਸ਼ੋਵਰਧਨ ਆਜ਼ਾਦ ਨੇ ਕਿਹਾ ਕਿ ਸੂਚਨਾ ਅਧਿਕਾਰੀ ਨੂੰ ਇਹ ਹੁਕਮ ਮਿਲਣ ਤੋਂ ਇਕ ਹਫਤੇ ਦੇ ਅੰਦਰ ਅੰਦਰ ਆਰ.ਟੀ.ਆਈ. ਅਰਜ਼ੀ ਪੰਜਾਬ ਸਰਕਾਰ ਨੂੰ ਭੇਜਣ ਲਈ ਹਦਾਇਤ ਕੀਤੀ ਜਾਂਦੀ ਹੈ।

## ਭਾਜਪਾ ਨੇ ਪੰਜਾਬ ਵਿਚ ਵਿੱਢੀਆਂ ਲੋਕ ਸਭਾ ਦੀਆਂ ਤਿਆਰੀਆਂ

**ਚੰਡੀਗੜ੍ਹ:** ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਇਕਾਈ ਦੀ ਕਮਾਨ ਵਿਜੇ ਸਾਂਪਲਾ ਦੇ ਹੱਥੋਂ ਲੈ ਕੇ ਸ਼ਵੇਤ ਮਲਿਕ ਦੇ ਹੱਥ ਸੌਂਪ ਦਿੱਤੀ ਹੈ। ਮਲਿਕ ਪਿਛਲੇ ਸਾਲ ਅਪਰੈਲ ਵਿਚ ਰਾਜ ਸਭਾ ਮੈਂਬਰ ਚੁਣੇ ਗਏ ਸਨ। ਸੂਤਰ ਦੱਸਦੇ ਹਨ ਕਿ ਭਾਜਪਾ ਪੰਜਾਬ ਤੋਂ ਬਾਅਦ ਅਜਿਹੇ ਬਦਲਾਅ ਹੋਰ ਸੂਬਿਆਂ ਵਿਚ ਵੀ ਕਰਨ ਜਾ ਰਹੀ ਹੈ।

### ਸਾਂਪਲਾ ਦੀ ਥਾਂ ਸ਼ਵੇਤ ਮਲਿਕ ਨੂੰ ਦਿੱਤੀ ਸੂਬੇ ਦੀ ਕਮਾਨ



ਪਾਰਟੀ ਨੇ ਸੂਬਾ ਪ੍ਰਧਾਨ ਬਦਲਣ ਦੀ ਸ਼ੁਰੂਆਤ ਪੰਜਾਬ ਤੋਂ ਕੀਤੀ ਹੈ। ਪਾਰਟੀ ਨਾਲ ਸਬੰਧਤ ਸੂਤਰਾਂ ਦਾ ਕਹਿਣਾ ਹੈ ਕਿ ਸਾਂਪਲਾ ਪ੍ਰਤੀ ਨਾਰਾਜ਼ਗੀ ਵਧ ਰਹੀ ਸੀ। ਇਸ ਕਾਰਨ ਪੰਜਾਬ ਭਾਜਪਾ ਵਿਚ ਧੜੇਬੰਦੀ ਵੀ ਹੋ ਚੁੱਕੀ ਸੀ। ਇਕ ਧੜਾ ਅਕਾਲੀ ਦਲ ਨਾਲੋਂ ਗੱਠਜੋੜ ਤੋੜ ਕੇ ਲੋਕ ਸਭਾ ਚੋਣਾਂ ਦੇ ਸਾਰੇ ਸਮੀਕਰਨ ਬਦਲਣ ਦੇ ਪੱਖ ਵਿਚ ਹੈ।

ਪ੍ਰਧਾਨਗੀ ਦੀ ਦੌੜ ਵਿਚ ਪੰਜਾਬ ਭਾਜਪਾ ਦੇ ਮੀਤ ਪ੍ਰਧਾਨ ਰਾਕੇਸ਼ ਰਾਠੌਰ ਵੀ ਸ਼ਾਮਲ ਸਨ ਪਰ ਅੰਮ੍ਰਿਤਸਰ ਨਗਰ ਨਿਗਮ ਦੇ ਸਾਬਕਾ ਮੇਅਰ ਸ਼ਵੇਤ ਮਲਿਕ ਬਾਜ਼ੀ ਮਾਰਨ ਵਿਚ ਸਫਲ ਰਹੇ। ਸ੍ਰੀ ਮਲਿਕ ਨੂੰ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਦਾ ਆਸ਼ੀਰਵਾਦ ਹਾਸਲ ਹੈ ਜਿਸ ਕਾਰਨ ਉਹ ਪੰਜਾਬ ਭਾਜਪਾ ਦਾ ਟੀਸੀ ਦਾ ਅਹੁਦਾ ਹਾਸਲ ਕਰਨ ਵਿਚ ਸਫਲ ਹੋਏ। ਭਾਜਪਾ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਸਾਲ ਕੁ ਪਹਿਲਾਂ ਵਿਜੈ ਸਾਂਪਲਾ ਨੂੰ ਸੂਬੇ 'ਚ ਪਾਰਟੀ ਦੀ ਕਮਾਨ ਸੌਂਪੀ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਸ੍ਰੀ ਸਾਂਪਲਾ ਦੀ ਅਗਵਾਈ ਹੇਠ ਭਾਜਪਾ ਵਿਧਾਨ ਸਭਾ ਚੋਣਾਂ ਦੌਰਾਨ ਚੰਗੀ ਕਾਰਗੁਜ਼ਾਰੀ ਦਿਖਾਏਗੀ ਪਰ ਚੋਣਾਂ ਵਿਚ ਗਠਜੋੜ ਨੂੰ ਲੱਕ-ਤੋੜਵੀਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਭਾਜਪਾ ਦੇ ਵਿਧਾਇਕਾਂ ਦੀ ਗਿਣਤੀ 12 ਤੋਂ ਘੱਟ ਕੇ 3 ਰਹਿ ਗਈ ਸੀ। ਉਸ ਤੋਂ ਬਾਅਦ ਗੁਰਦਾਸਪੁਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਭਾਜਪਾ ਉਮੀਦਵਾਰ ਸਵਰਨ ਸਲਾਰੀਆ ਲਗਭਗ ਦੋ ਲੱਖ ਵੋਟਾਂ ਦੇ ਫਰਕ ਨਾਲ ਹਾਰ ਗਿਆ ਸੀ। ਵਿਧਾਨ ਸਭਾ, ਲੋਕ ਸਭਾ ਦੀ ਜ਼ਿਮਨੀ ਚੋਣ, ਤਿੰਨ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਸ੍ਰੀ ਸਾਂਪਲਾ ਦੇ ਵਿਰੋਧੀਆਂ ਨੇ ਹਾਈਕਮਾਂਡ ਕੋਲ ਪਾਰਟੀ ਦੀ ਕਾਰਗੁਜ਼ਾਰੀ ਨੂੰ ਲੈ ਕੇ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਜਾਣਕਾਰੀ ਅਨੁਸਾਰ ਉਨ੍ਹਾਂ ਹਾਈਕਮਾਂਡ ਨੂੰ ਦਲੀਲ ਦੇਣੀ ਸ਼ੁਰੂ ਕਰ ਦਿੱਤੀ ਸੀ ਕਿ ਸ੍ਰੀ ਸਾਂਪਲਾ ਕੇਂਦਰ ਵਿਚ ਵਜ਼ੀਰ ਹਨ ਅਤੇ ਉਹ ਪ੍ਰਧਾਨਗੀ ਦੇ ਅਹੁਦੇ ਨਾਲ ਇਨਸਾਫ ਨਹੀਂ ਕਰ ਸਕਦੇ। ਉਨ੍ਹਾਂ ਸੁਝਾਅ ਦਿੱਤਾ ਕਿ ਜੇਕਰ ਪਾਰਟੀ ਨੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਬਿਹਤਰ ਨਤੀਜੇ ਹਾਸਲ ਕਰਨੇ ਹਨ ਤਾਂ ਪਾਰਟੀ ਕਿਸੇ ਹੋਰ ਆਗੂ ਨੂੰ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪੇ।

ਪੰਜਾਬ ਭਾਜਪਾ ਵਿਚ ਧੜੇਬਾਜ਼ੀ ਅਤੇ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਸ਼ਵੇਤ ਮਲਿਕ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ। ਜਿਸ ਸਮੇਂ ਸ੍ਰੀ ਸਾਂਪਲਾ ਨੂੰ ਅਹੁਦੇ ਤੋਂ ਲਾਂਭੇ ਕੀਤਾ ਗਿਆ ਹੈ, ਉਸ ਸਮੇਂ ਦੇਸ਼ ਦੀਆਂ ਅਨੁਸੂਚਿਤ ਜਾਤੀਆਂ ਵਿਚ ਐਸਸੀ/ਐਸਟੀ ਐਕਟ ਨੂੰ ਨਰਮ ਕੀਤੇ ਜਾਣ ਦੇ ਮਾਮਲੇ ਨੂੰ ਲੈ ਕੇ ਰੋਸ ਹੈ।

## ਪੰਜਾਬ ਦੇ ਮੁੱਦਿਆਂ ਉਤੇ ਆਮ ਆਦਮੀ ਪਾਰਟੀ ਖੋਲ੍ਹੇਗੀ ਮੋਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਮੈਦਾਨ ਵਿਚ ਨਿੱਤਰੇਗੀ। ਇਸ ਲਈ ਪੰਜਾਬ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਖਿਲਾਫ ਵੀ ਮੋਰਚਾ ਖੋਲ੍ਹਿਆ ਜਾਏਗਾ। ਪਾਰਟੀ, ਕਿਸਾਨ ਤੇ ਖੇਤ ਮਜ਼ਦੂਰ ਆਤਮ-ਹੱਤਿਆ, ਨਸ਼ਿਆਂ, ਚਿੱਟ ਫੰਡ ਕੰਪਨੀਆਂ ਦੀ ਲੁੱਟ ਤੇ ਰੋਜ਼ੀ-ਰੋਟੀ ਲਈ ਇਰਾਕ ਸਮੇਤ ਗੜਬੜੀ ਵਾਲੇ ਦੇਸ਼ਾਂ 'ਚ ਜਾਨਾਂ ਗੁਆ ਰਹੇ ਨੌਜਵਾਨਾਂ ਦੇ ਮੁੱਦਿਆਂ ਉਤੇ ਪੰਜਾਬ 'ਚ ਸਰਗਰਮੀਆਂ ਤੇਜ਼ ਕਰੇਗੀ ਤੇ ਕੇਂਦਰ ਤੇ ਪੰਜਾਬ ਸਰਕਾਰਾਂ ਤੋਂ ਜਵਾਬ ਮੰਗੇਗੀ।



ਪੀਪਲਜ਼ ਕਨਵੈਨਸ਼ਨ ਸੈਂਟਰ ਵਿਚ 'ਆਪ' ਦੇ ਸੂਬਾ ਸਹਿ ਪ੍ਰਧਾਨ ਡਾ. ਬਲਵੀਰ ਸਿੰਘ ਦੀ ਅਗਵਾਈ 'ਚ ਜੋਨ ਪ੍ਰਧਾਨ, ਜਨਰਲ ਸਕੱਤਰਾਂ, ਸੰਯੁਕਤ ਸਕੱਤਰ ਤੇ ਹਲਕਾ ਇੰਚਾਰਜਾਂ ਦੀ ਬੈਠਕ ਵਿਚ ਇਨ੍ਹਾਂ ਮੁੱਦਿਆਂ 'ਤੇ ਚਰਚਾ ਹੋਈ। ਉਪਰੋਕਤ ਮੁੱਦਿਆਂ 'ਤੇ ਅਧਾਰਤ 4 ਮਤੇ ਵੀ ਪਾਸ ਕੀਤੇ ਗਏ। ਇਸ ਮੌਕੇ ਡਾ. ਬਲਵੀਰ ਸਿੰਘ ਸਮੇਤ ਜੋਨ ਪ੍ਰਧਾਨ ਮਾਝਾ ਕੁਲਦੀਪ ਸਿੰਘ ਧਾਲੀਵਾਲ, ਮਾਲਵਾ-1 ਅਨਿਲ ਠਾਕੁਰ, ਮਾਲਵਾ-2 ਗੁਰਦਿੱਤ ਸਿੰਘ ਸੇਖੋਂ ਤੇ ਮਾਲਵਾ-3 ਦਲਵੀਰ ਸਿੰਘ ਢਿੱਲੋਂ ਨੇ ਸਾਰੇ ਅਹੁਦੇਦਾਰਾਂ ਦੇ ਵਿਚਾਰ ਸੁਣੇ।

ਡਾ. ਬਲਵੀਰ ਸਿੰਘ ਨੇ ਕਿਹਾ ਕਿ ਪਾਰਟੀ ਦੇ ਵਰਕਰ ਤੇ ਵਲੰਟੀਅਰ ਪਾਰਟੀ ਦੀ ਸਭ ਤੋਂ ਮਜ਼ਬੂਤ ਕੜੀ ਹਨ। ਇਸ ਲਈ ਪਾਰਟੀ ਆਪਣੇ ਕਾਡਰ ਉਤੇ ਸਭ ਤੋਂ ਵੱਧ ਕੇਂਦਰਤ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪਿੰਡ ਪੱਧਰ, ਬਲਾਕ, ਜ਼ਿਲ੍ਹਾ ਤੇ ਸੂਬਾ ਪੱਧਰ ਉਪਰ ਸਕਾਰਾਤਮਕ ਮਾਹੌਲ ਪ੍ਰਦਾਨ ਕਰੇਗੀ। ਉਹ ਖੁਦ ਵਰਕਰ ਤੋਂ ਲੈ ਕੇ ਸੀਨੀਅਰ ਆਗੂਆਂ ਦਰਮਿਆਨ ਪੁਲ ਦਾ ਕੰਮ ਕਰਨਗੇ। ਚੰਗਾ ਵਾਤਾਵਰਣ ਪ੍ਰਦਾਨ ਕਰ ਕੇ ਸਭ ਨੂੰ ਵਧੀਆ ਕੰਮ ਕਰਨ ਲਈ ਮੌਕੇ ਦਿੱਤੇ ਜਾਣਗੇ। ਅਨੁਸ਼ਾਸਨ ਉਪਰ ਖਾਸ ਜੋਰ ਦਿੱਤਾ ਜਾਵੇਗਾ ਜੋ ਵੀ ਵਲੰਟੀਅਰ ਜਾਂ ਆਗੂ ਪਾਰਟੀ ਦੀ ਬਿਹਤਰੀ ਤੇ ਜਨਹਿਤ ਮੁੱਦਿਆਂ ਉਪਰ ਆਪਸੀ ਤਾਲਮੇਲ ਨਹੀਂ ਦਿਖਾਉਣਗੇ ਉਨ੍ਹਾਂ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ।

ਡਾ. ਬਲਵੀਰ ਸਿੰਘ ਨੇ ਸਾਰੇ ਵਲੰਟੀਅਰਾਂ ਤੇ ਆਗੂਆਂ ਨੂੰ ਆਪਸੀ ਮਤਭੇਦ ਤੇ ਈਰਖਾ ਤਿਆਗਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਦੁੱਖ ਉਨ੍ਹਾਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਨਾਲੋਂ ਕਿਤੇ ਵੱਡੇ ਹਨ। ਇਸ ਲਈ ਵੱਡਾ ਦਿਲ ਦਿਖਾਉਂਦੇ ਹੋਏ ਪੰਜਾਬ ਨੂੰ ਬਚਾਉਣ ਲਈ ਇਕਜੁੱਟ ਤੇ ਇਕਸੁਰ ਹੋਇਆ ਜਾਵੇ।

## ਸਿੱਖ ਕਤਲੇਆਮ: ਮੁਆਵਜ਼ਾ ਲੈਣ ਵਾਲਿਆਂ ਦੇ ਨਾਂ ਨਸ਼ਰ ਕਰਨ ਦੇ ਹੁਕਮ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ (ਸੀ.ਆਈ.ਸੀ.) ਨੇ ਗ੍ਰਹਿ ਮੰਤਰਾਲੇ ਨੂੰ ਹਦਾਇਤ ਕੀਤੀ ਹੈ ਕਿ ਉਹ ਮੁਆਵਜ਼ਾ ਲੈਣ ਵਾਲੇ 1984 ਦੇ ਸਿੱਖ ਕਤਲੇਆਮ ਪੀੜਤਾਂ ਦੀ ਸੂਚੀ ਨਸ਼ਰ ਕਰੇ। ਸੂਚਨਾ ਕਮਿਸ਼ਨਰ ਯਸ਼ੋਵਰਧਨ ਆਜ਼ਾਦ ਨੇ ਨਵਦੀਪ ਗੁਪਤਾ ਵੱਲੋਂ ਦਿੱਤੀ ਗਈ ਸ਼ਿਕਾਇਤ ਉਤੇ ਇਹ ਹੁਕਮ ਜਾਰੀ ਕੀਤੇ ਹਨ।

ਗੁਪਤਾ ਨੇ ਮੰਤਰਾਲੇ ਤੋਂ ਲਾਭਪਾਤਰੀਆਂ ਦੇ ਨਾਂਵਾਂ, ਪਤਿਆਂ, ਦੰਗਿਆਂ ਵਿਚ ਹੋਏ ਨੁਕਸਾਨ ਅਤੇ ਮੁਆਵਜ਼ੇ ਸਮੇਤ ਹੋਰ ਮੁਕੰਮਲ ਜਾਣਕਾਰੀ ਦੀ ਸੂਚੀ ਮੰਗੀ ਹੈ। ਜਦੋਂ ਉਸ ਨੂੰ ਮੰਤਰਾਲੇ ਤੋਂ ਕੋਈ ਜਵਾਬ ਨਾ ਮਿਲਿਆ ਤਾਂ ਨਵਦੀਪ ਗੁਪਤਾ ਨੇ ਸੀ.ਆਈ.ਸੀ. ਕੋਲ ਸ਼ਿਕਾਇਤ ਕੀਤੀ ਜਿਥੇ ਮੰਤਰਾਲੇ ਨੇ ਉਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਕਿ ਕਿਸੇ ਖਾਸ ਇਰਾਦੇ ਨਾਲ ਉਸ ਦੀ ਆਰ.ਟੀ.ਆਈ. ਪਟੀਸ਼ਨ ਦਾ ਜਵਾਬ ਨਹੀਂ ਦਿੱਤਾ ਗਿਆ। ਅਧਿਕਾਰੀ ਨੇ ਕਿਹਾ ਕਿ



ਤਕਨੀਕੀ ਗੜਬੜੀ ਕਰ ਕੇ ਉਸ ਨੂੰ ਜਾਣਕਾਰੀ ਨਹੀਂ ਦਿੱਤੀ ਜਾ ਸਕੀ। ਸ੍ਰੀ ਆਜ਼ਾਦ ਨੇ ਪੀ.ਆਈ.ਓ. ਨੂੰ ਨਿਰਦੇਸ਼ ਦਿੱਤੇ ਕਿ ਉਹ ਅਰਜ਼ੀਕਾਰ ਨੂੰ ਦੋ ਹਫਤਿਆਂ ਅੰਦਰ ਜਵਾਬ ਦੇਣ ਪਰ ਜੇਕਰ ਫਿਰ ਵੀ ਅਰਜ਼ੀਕਾਰ ਦੀ ਤਸੱਲੀ ਨਹੀਂ ਹੁੰਦੀ ਹੈ ਤਾਂ ਉਹ ਮੁੜ ਕਮਿਸ਼ਨ ਦਾ ਰੁਖ ਕਰ ਸਕਦਾ ਹੈ।

**ਕਤਲੇਆਮ ਦੀ ਪਰਿਭਾਸ਼ਾ ਵੀ ਸਪਸ਼ਟ ਕਰੇ ਸਰਕਾਰ:** ਇਕ ਹੋਰ ਵੱਖਰੀ ਅਰਜ਼ੀ ਵਿਚ ਗੁਪਤਾ ਨੇ ਗ੍ਰਹਿ ਮੰਤਰਾਲੇ ਤੋਂ ਭਾਰਤ ਵਿਚ ਕਤਲੇਆਮ ਦੀ ਪਰਿਭਾਸ਼ਾ ਜਾਣਨੀ ਚਾਹੀ। ਸ੍ਰੀ ਆਜ਼ਾਦ ਨੇ ਕਿਹਾ ਕਿ ਕਮਿਸ਼ਨ ਕਤਲੇਆਮ ਦੀ ਪਰਿਭਾਸ਼ਾ ਨਾਲ ਜੁੜੇ ਸਵਾਲ ਦਾ ਨੋਟਿਸ ਲੈਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ 1948 ਦੇ ਯੂਐਨ ਜੈਨੋਸਾਈਡ ਕਨਵੈਨਸ਼ਨ 'ਤੇ ਸਹੀ ਪਾਈ ਹੈ ਪਰ 'ਜੈਨੋਸਾਈਡ' ਸ਼ਬਦ ਨੂੰ ਪਰਿਭਾਸ਼ਤ ਕਰਨ ਵਾਲਾ ਕੋਈ ਕਾਨੂੰਨ ਪਾਸ ਨਹੀਂ ਕੀਤਾ ਹੈ।

# ਐਸ.ਸੀ. ਐਕਟ ਨੂੰ ਕਮਜ਼ੋਰ ਕਰਨ ਖਿਲਾਫ ਹਿੰਸਕ ਪ੍ਰਦਰਸ਼ਨ, 8 ਮੌਤਾਂ

**ਨਵੀਂ ਦਿੱਲੀ:** ਐਸ.ਸੀ./ਐਸ.ਟੀ. (ਜ਼ੁਲਮ ਰੋਕੂ) ਐਕਟ ਨੂੰ ਕਮਜ਼ੋਰ ਕੀਤੇ ਜਾਣ ਖਿਲਾਫ ਦਲਿਤ ਜਥੇਬੰਦੀਆਂ ਵੱਲੋਂ ਦਿੱਤੇ ਗਏ ਬੰਦ ਦੇ ਸੱਦੇ ਦੌਰਾਨ ਮੁਲਕ ਦੇ ਕਈ ਸੂਬਿਆਂ ਵਿਚ ਭਾਰੀ ਹਿੰਸਾ ਤੇ ਅੱਗਜ਼ਨੀ ਕਾਰਨ ਘੱਟੋ-ਘੱਟ ਅੱਠ ਜਾਨਾਂ ਜਾਂਦੀਆਂ ਰਹੀਆਂ ਤੇ ਦਰਜਨਾਂ ਲੋਕ ਜ਼ਖ਼ਮੀ ਹੋ ਗਏ। ਬੰਦ ਦੇ ਹਮਾਇਤੀਆਂ ਨੇ 'ਜੈ ਭੀਮ' ਦੇ ਨਾਅਰੇ ਲਾਉਂਦਿਆਂ ਕਈ ਥਾਈਂ ਰੇਲਾਂ ਰੋਕੀਆਂ ਤੇ ਵਾਹਨਾਂ ਨੂੰ ਅੱਗਾਂ ਲਾ ਦਿੱਤੀਆਂ। ਉਨ੍ਹਾਂ ਦੀਆਂ ਪੁਲਿਸ ਤੇ ਬੰਦ ਦੇ ਵਿਰੋਧੀਆਂ ਨਾਲ ਝੜਪਾਂ ਵੀ ਹੋਈਆਂ। ਸਰਕਾਰੀ ਅਧਿਕਾਰੀਆਂ ਮੁਤਾਬਕ ਸਭ ਤੋਂ ਵੱਧ ਪੰਜ ਮੌਤਾਂ ਮੱਧ ਪ੍ਰਦੇਸ਼ ਵਿਚ ਹੋਈਆਂ, ਜਦੋਂਕਿ ਯੂਪੀ ਤੇ ਰਾਜਸਥਾਨ ਵਿਚ ਵੀ ਇਕ-ਇਕ ਮੁਜ਼ਾਹਰਾਕਾਰੀ ਮਾਰਿਆ ਗਿਆ। ਇਸ ਕਾਰਨ ਕਈ ਸ਼ਹਿਰਾਂ ਵਿਚ ਕਰਫਿਊ ਲਗਾ ਦਿੱਤਾ ਗਿਆ। ਕੇਂਦਰੀ ਗ੍ਰਹਿ ਮੰਤਰਾਲੇ ਨੇ ਦੰਗਾ ਰੋਕੂ ਪੁਲਿਸ ਦੇ 800 ਜਵਾਨ ਫੌਰੀ ਮੱਧ ਪ੍ਰਦੇਸ਼ ਤੇ ਯੂਪੀ ਭੇਜੇ ਅਤੇ ਸਾਰੀਆਂ ਸੂਬਾ ਸਰਕਾਰਾਂ ਨੂੰ ਅਮਨ ਕਾਨੂੰਨ ਬਣਾਈ ਰੱਖਣ ਅਤੇ ਲੋਕਾਂ ਦੇ



ਜਾਨ-ਮਾਲ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕਣ ਦੀ ਹਦਾਇਤ ਕੀਤੀ।

ਸੁਪਰੀਮ ਕੋਰਟ ਨੇ ਇਕ ਲੋਕ ਹਿੱਤ ਪਟੀਸ਼ਨ ਦੇ ਆਧਾਰ ਉਤੇ ਬੀਤੀ 20 ਮਾਰਚ ਨੂੰ ਆਪਣੇ ਫੈਸਲੇ ਦੌਰਾਨ 'ਇਮਾਨਦਾਰ' ਅਫਸਰਾਂ ਨੂੰ ਐਸ.ਸੀ./ਐਸ.ਟੀ. ਐਕਟ ਤਹਿਤ ਝੂਠੇ ਕੇਸਾਂ ਤੋਂ ਬਚਾਉਣ ਲਈ ਐਕਟ ਤਹਿਤ ਕੇਸ ਦਰਜ ਹੋਣ ਉਤੇ ਉਨ੍ਹਾਂ ਦੀ ਫੌਰੀ ਗ੍ਰਿਫਤਾਰੀ ਉਤੇ ਰੋਕ ਲਾ ਦਿੱਤੀ ਸੀ। ਦਲਿਤ ਜਥੇਬੰਦੀਆਂ ਤੇ ਵਿਰੋਧੀ ਧਿਰ ਨੇ ਫੈਸਲੇ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਦੇਸ਼ ਭਰ ਵਿਚ ਪਛੜੇ ਭਾਈਚਾਰਿਆਂ ਉਤੇ ਜ਼ੁਲਮ ਹੋਰ ਵਧਣਗੇ। ਬੰਦ ਕਾਰਨ ਕਈ ਸੂਬਿਆਂ ਵਿਚ ਟਰਾਂਸਪੋਰਟ, ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਉਤੇ ਮਾੜਾ ਅਸਰ ਪਿਆ ਅਤੇ 100 ਦੇ ਕਰੀਬ ਰੇਲ ਗੱਡੀਆਂ ਵੀ ਪ੍ਰਭਾਵਿਤ ਹੋਈਆਂ। ਕਈ ਗੱਡੀਆਂ ਨੂੰ ਰੱਦ ਕਰਨਾ ਪਿਆ। ਅੱਗਜ਼ਨੀ, ਫਾਇਰਿੰਗ ਤੇ ਤੋੜ-ਭੰਨ ਦੀਆਂ ਬਹੁਤੀਆਂ ਘਟਨਾਵਾਂ ਮੱਧ ਪ੍ਰਦੇਸ਼, ਯੂਪੀ, ਰਾਜਸਥਾਨ, ਬਿਹਾਰ, ਹਰਿਆਣਾ ਅਤੇ ਪੰਜਾਬ ਵਿਚ ਵਾਪਰੀਆਂ। ਮਹਾਰਾਸ਼ਟਰ ਤੇ ਉੜੀਸਾ ਆਦਿ ਵਿਚ ਵੀ ਬੰਦ ਕਾਰਨ ਜਨ ਜੀਵਨ ਉਤੇ ਮਾੜਾ ਅਸਰ ਪਿਆ।

ਮੱਧ ਪ੍ਰਦੇਸ਼ ਵਿਚ ਤਿੰਨ ਵਿਅਕਤੀ ਗਵਾਲੀਅਰ, ਦੋ ਭਿੰਡ ਜ਼ਿਲ੍ਹਿਆਂ ਵਿਚ ਤੇ ਇਕ ਮੁਰੈਨਾ ਜ਼ਿਲ੍ਹੇ ਵਿਚ ਮਾਰਿਆ ਗਿਆ। ਯੂ.ਪੀ. ਦੇ ਮੁਜ਼ੱਫ਼ਰਨਗਰ ਜ਼ਿਲ੍ਹੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 40 ਪੁਲਿਸ ਮੁਲਾਜ਼ਮਾਂ ਸਣੇ ਤਕਰੀਬਨ 75 ਜਣੇ ਜ਼ਖ਼ਮੀ ਹੋ ਗਏ। ਪੁਲਿਸ ਨੇ ਕਰੀਬ 450 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ। ਕੌਮੀ ਰਾਜਧਾਨੀ ਵਿਚ ਮੁਜ਼ਾਹਰਾਕਾਰੀਆਂ ਨੇ ਕਈ ਥਾਈਂ ਲਾਈਨਾਂ ਉਤੇ ਧਰਨੇ ਮਾਰ ਕੇ ਰੇਲ ਆਵਾਜਾਈ ਰੋਕੀ। ਮੁਜ਼ਾਹਰਾਕਾਰੀਆਂ ਵੱਲੋਂ ਸੜਕੀ ਆਵਾਜਾਈ ਰੋਕੇ ਜਾਣ ਕਾਰਨ ਦਿੱਲੀ ਦੀ ਆਵਾਜਾਈ ਦੀ ਹਾਲਤ ਵੀ ਵਿਗੜੀ ਰਹੀ।

### ਕੇਂਦਰ ਸਰਕਾਰ ਨੇ ਪਾਈ ਨਜ਼ਰਸਾਨੀ ਪਟੀਸ਼ਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਐਸ.ਸੀ./ਐਸ.ਟੀ. ਐਕਟ ਨਾਲ ਸਬੰਧਤ ਫੈਸਲੇ ਖਿਲਾਫ਼ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਖਲ ਕਰ ਦਿੱਤੀ ਹੈ। ਕੇਂਦਰ ਦਾ ਕਹਿਣਾ ਹੈ ਕਿ ਕੁਝ ਸਖ਼ਤ ਧਾਰਾਵਾਂ ਨਰਮ ਕਰਨ ਨਾਲ ਐਕਟ ਕਮਜ਼ੋਰ ਪੈ ਗਿਆ ਹੈ। ਉਧਰ, ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਦਿੱਤੇ ਕਾਰਨਾਂ ਨਾਲ ਸਰਕਾਰ ਆਪਣੀ ਰਾਇ ਵੱਖ ਰੱਖਦੀ ਹੈ।

## ਭਾਰਤ ਅਤੇ ਚੀਨ ਸਰਹੱਦ ਉਤੇ ਮੁੜ ਹਿਲਜੁਲ

**ਨਵੀਂ ਦਿੱਲੀ:** ਭਾਰਤ ਤੇ ਚੀਨ ਵਿਚਾਲੇ ਤਣਾਅ ਮੁੜ ਵਧ ਗਿਆ ਹੈ। ਦੋਵਾਂ ਮੁਲਕਾਂ ਦੀਆਂ ਸਰਹੱਦ ਉਤੇ ਸਰਗਰਮੀਆਂ ਇਸ ਗੱਲ ਦਾ ਸੰਕੇਤ ਦਿੰਦੀਆਂ ਹਨ। ਡੋਕਲਾਮ 'ਚ 73 ਦਿਨ ਤੱਕ ਚਲੇ ਟਕਰਾਅ ਮਗਰੋਂ ਚੀਨ ਨੇ ਹੁਣ ਅਰੁਣਾਚਲ ਪ੍ਰਦੇਸ਼ ਦੇ ਇਕ ਹਿੱਸੇ 'ਚ ਨਿਰਮਾਣ ਕਾਰਜ ਅਰੰਭ ਦਿੱਤੇ ਹਨ। ਦੂਜੇ ਪਾਸੇ ਭਾਰਤ ਨੇ ਤਿੱਬਤ ਨੇੜੇ ਚੀਨ ਨਾਲ ਲੱਗਦੀ ਸਰਹੱਦ 'ਤੇ ਫੌਜ ਦੇ ਵੱਧ ਜਵਾਨ ਤਾਇਨਾਤ ਕਰਦਿਆਂ ਗਸ਼ਤ ਵਧਾ ਦਿੱਤੀ ਹੈ।

ਮੀਡੀਆ ਰਿਪੋਰਟ ਮੁਤਾਬਕ ਅਰੁਣਾਚਲ ਪ੍ਰਦੇਸ਼ ਦੇ ਕਿਬਿਥੂ ਇਲਾਕੇ ਦੇ ਦੂਜੇ ਪਾਸੇ ਟਾਟੂ ਖੇਤਰ 'ਚ ਚੀਨ ਨੇ ਬੁਨਿਆਦੀ ਢਾਂਚਾ ਤਿਆਰ ਕਰ ਲਿਆ ਹੈ ਜਿਨ੍ਹਾਂ 'ਚ ਚੀਨੀ ਫੌਜੀਆਂ (ਪੀ. ਐਲ. ਏ.) ਦੇ ਕੈਂਪ ਤੇ ਘਰ ਸ਼ਾਮਲ ਹਨ। ਟਾਟੂ ਇਲਾਕੇ 'ਚ ਫੌਜੀ ਨਿਗਰਾਨ ਉਪਕਰਨਾਂ ਦੇ ਨਾਲ-ਨਾਲ ਚੀਨ ਨੇ ਚੌਕੀ ਤੇ ਦੂਰ ਸੰਚਾਰ ਟਾਵਰ ਵੀ ਬਣਾ ਲਏ ਹਨ। ਚੀਨ 'ਚ ਭਾਰਤੀ ਸਫੀਰ ਗੌਤਮ ਬੰਬਾਵਲੇ ਨੇ ਹੁਣੇ ਜਿਹੇ ਦਾਅਵਾ ਕੀਤਾ ਸੀ ਕਿ ਡੋਕਲਾਮ 'ਚ ਚੀਨੀ ਫੌਜੀਆਂ ਵੱਲੋਂ ਦੁਬਾਰਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ।

ਏ.ਐਨ.ਆਈ. ਵੱਲੋਂ ਜਾਰੀ ਤਸਵੀਰਾਂ 'ਚ ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਇਲਾਕੇ 'ਚ ਉਸਾਰੀ ਦੇ ਕੰਮ ਸਪੱਸ਼ਟ ਦੇਖੇ ਜਾ ਸਕਦੇ ਹਨ। ਭਾਰਤ ਤੇ ਚੀਨ ਵਿਚਾਲੇ ਲੰਮੀ ਸਰਹੱਦ 3 ਇਲਾਕਿਆਂ 'ਚ ਵੰਡੀ ਹੋਈ ਹੈ ਜਿਨ੍ਹਾਂ 'ਚੋਂ ਇਕ ਇਲਾਕਾ ਪੱਛਮੀ ਲਦਾਖ ਤੇ ਅਕਸਾਈ-ਚਿਨ ਦਰਮਿਆਨ ਹੈ। ਦੂਜਾ ਮੱਧ ਖੇਤਰ ਉਤਰਾਖੰਡ ਤੇ ਤਿੱਬਤ ਵਿਚਕਾਰ ਤੇ ਤੀਜਾ ਪੂਰਬੀ ਖੇਤਰ ਤਿੱਬਤ ਨੂੰ ਸਿੱਕਮ ਤੇ ਅਰੁਣਾਚਲ ਤੋਂ ਵੱਖ ਕਰਦਾ ਹੈ। ਉਧਰ, ਭਾਰਤ ਨੇ ਤਿੱਬਤ ਨੇੜੇ ਚੀਨ ਨਾਲ ਲੱਗਦੀ ਸਰਹੱਦ ਉਤੇ ਫੌਜ ਦੇ ਵਧ ਜਵਾਨ ਤਾਇਨਾਤ ਕਰਦਿਆਂ ਗਸ਼ਤ ਵਧਾ ਦਿੱਤੀ ਹੈ। ਅਰੁਣਾਚਲ ਸੈਕਟਰ ਦੇ ਪਹਾੜੀ ਇਲਾਕਿਆਂ ਦਿਬਾਂਗ, ਦਾਊ-ਦੇਲਾਈ ਤੇ ਲੋਹਿਤ ਵਾਦੀਆਂ 'ਚ ਫੌਜ ਨੂੰ ਚੌਕਸ ਕਰ ਦਿੱਤਾ ਗਿਆ ਹੈ। ਫੌਜੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਾਰਤ ਵੱਲੋਂ ਨਿਗਰਾਨੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਰਣਨੀਤਕ ਤੌਰ 'ਤੇ ਸੰਵੇਦਨਸ਼ੀਲ ਤਿੱਬਤੀ ਖਿੱਤੇ 'ਚ ਸਰਹੱਦ ਉਤੇ ਚੀਨ ਦੀਆਂ ਸਰਗਰਮੀਆਂ ਉਤੇ ਨਜ਼ਰ ਰੱਖੀ ਜਾ ਸਕੇ।

### ਭ੍ਰਿਸ਼ਟ ਨੌਕਰਸ਼ਾਹਾਂ ਦੇ ਨਹੀਂ ਬਣਨਗੇ ਪਾਸਪੋਰਟ

**ਨਵੀਂ ਦਿੱਲੀ:** ਪਰਸੋਨਲ ਮੰਤਰਾਲੇ ਵੱਲੋਂ ਜਾਰੀ ਨਵੇਂ ਨਿਯਮਾਂ ਅਨੁਸਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਅਤੇ ਫੌਜਦਾਰੀ ਮਾਮਲਿਆਂ ਵਿਚ ਨਾਮਜ਼ਦ ਅਧਿਕਾਰੀਆਂ ਨੂੰ ਪਾਸਪੋਰਟ ਲਈ ਜ਼ਰੂਰੀ ਵਿਜੀਲੈਂਸ ਕਲੀਅਰੈਂਸ ਨਹੀਂ ਦਿੱਤੀ ਜਾਵੇਗੀ।

ਨਵੇਂ ਨਿਯਮਾਂ ਅਨੁਸਾਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਘਿਰੇ ਹੋਏ, ਕਿਸੇ ਛਾਪੇ ਵਿਚ ਸ਼ਾਮਲ, ਐਫ.ਆਈ.ਆਰ. ਵਿਚ ਨਾਂ ਸ਼ਾਮਲ ਹੋਣ ਵਾਲੇ ਜਾਂ ਮੁਅੱਤਲ ਅਧਿਕਾਰੀਆਂ ਨੂੰ ਪਾਸਪੋਰਟ ਲਈ ਵਿਜੀਲੈਂਸ ਵੱਲੋਂ ਕਲੀਅਰੈਂਸ ਨਹੀਂ ਦਿੱਤੀ ਜਾਵੇਗੀ ਪਰ ਇਨ੍ਹਾਂ ਮਾਮਲਿਆਂ ਵਿਚ ਅਧਿਕਾਰੀ ਵਿਰੁੱਧ ਚਾਰਜਸ਼ੀਟ ਦਾਇਰ ਹੋਣੀ ਜ਼ਰੂਰੀ ਹੈ। ਨਿੱਜੀ ਮਾਮਲੇ ਵਿਚ ਦਰਜ ਐਫ.ਆਈ.ਆਰ. ਦੇ ਆਧਾਰ ਉਤੇ ਇਹ ਰੋਕ ਨਹੀਂ ਲੱਗੇਗੀ।

## ਮੋਦੀ ਦੌਰ 'ਚ ਫਿਰਕੂ ਹਿੰਸਾ ਨੇ ਫੜਿਆ ਜ਼ੋਰ

### ਤਿੰਨ ਸਾਲਾਂ ਵਿਚ 300 ਜਾਨਾਂ ਗਈਆਂ

**ਨਵੀਂ ਦਿੱਲੀ:** ਭਾਰਤ ਵਿਚ ਫਿਰਕੂ ਹਿੰਸਾ ਵੱਡੀ ਸਮੱਸਿਆ ਬਣ ਗਈ ਹੈ। ਮੋਦੀ ਸਰਕਾਰ ਨੇ ਮੰਨਿਆ ਹੈ ਕਿ ਭਾਰਤ ਵਿਚ ਪਿਛਲੇ ਤਿੰਨ ਸਾਲਾਂ ਵਿਚ ਹੋਈ ਫਿਰਕੂ ਹਿੰਸਾ ਨਾਲ



300 ਜਾਨਾਂ ਗਈਆਂ ਹਨ। ਇਨ੍ਹਾਂ ਵਿਚ ਇਕੱਲੇ ਸਾਲ 2017 ਵਿਚ 111 ਲੋਕਾਂ ਦੀ ਮੌਤ ਹੋਈ ਹੈ। ਸਾਲ 2017 ਵਿਚ ਫਿਰਕੂ ਹਿੰਸਾ ਦੀਆਂ 822 ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ 111 ਲੋਕਾਂ ਦੀ ਮੌਤ ਹੋਈ ਤੇ 2384 ਜ਼ਖ਼ਮੀ ਹੋਏ। ਸਾਲ 2017 ਵਿਚ ਉਤਰ ਪ੍ਰਦੇਸ਼ ਵਿਚ ਹੋਈਆਂ 195 ਫਿਰਕੂ ਘਟਨਾਵਾਂ ਵਿਚ ਸਭ ਤੋਂ ਜ਼ਿਆਦਾ 44 ਲੋਕਾਂ ਦੀ ਜਾਨ ਗਈ। ਇਸ ਤੋਂ ਬਾਅਦ ਰਾਜਸਥਾਨ ਦਾ ਨੰਬਰ ਰਿਹਾ ਜਿਥੇ 91 ਘਟਨਾਵਾਂ ਵਿਚ 12 ਲੋਕਾਂ ਦੀ ਮੌਤ ਹੋਈ। ਸਾਲ 2016 ਵਿਚ ਦੇਸ਼ ਭਰ ਵਿਚ ਹੋਈਆਂ 703 ਫਿਰਕੂ ਹਿੰਸਾ ਦੀਆਂ ਘਟਨਾਵਾਂ ਵਿਚ 86 ਲੋਕਾਂ ਦੀ ਮੌਤ ਹੋਈ ਤੇ 2321 ਲੋਕ ਜ਼ਖ਼ਮੀ ਹੋ ਗਏ। 2015 ਵਿਚ ਦੇਸ਼ ਭਰ ਵਿਚ ਹੋਈਆਂ 751 ਫਿਰਕੂ ਹਿੰਸਾ ਦੀਆਂ ਘਟਨਾਵਾਂ ਵਿਚ 97 ਲੋਕਾਂ ਦੀ ਮੌਤ ਹੋਈ ਤੇ 2264 ਲੋਕ ਜ਼ਖ਼ਮੀ ਹੋਏ। ਦੱਸ ਦਈਏ ਕਿ ਅੱਜ ਕੱਲ੍ਹ ਬਿਹਾਰ ਵਿਚ ਫਿਰਕੂ ਤਣਾਅ ਦਾ ਮਾਮਲਾ ਭਖਿਆ ਹੋਇਆ ਹੈ। ਨਵਾਡਾ ਜਿਲ੍ਹੇ ਵਿਚ ਮੂਰਤੀ ਤੋੜਨ ਦੀ ਤੋਂ ਬਾਅਦ ਦੋ ਗੁੱਟ ਦੇ ਲੋਕ ਆਹਮੋ-ਸਾਹਮਣੇ ਆ ਗਏ। ਇਕ-ਦੂਜੇ ਉਤੇ ਪੱਥਰਬਾਜ਼ੀ ਕੀਤੀ।

ਹਾਲਾਤ 'ਤੇ ਕਾਬੂ ਪਾਉਣ ਲਈ ਪੁਲਿਸ ਨੇ ਕਈ ਗੋਲੀਆਂ ਵੀ ਚਲਾਈਆਂ। ਰਾਮ ਨੌਮੀ ਤੋਂ ਬਾਅਦ 6 ਜਿਲ੍ਹੇ ਭਾਗਲਪੁਰ, ਔਰੰਗਾਬਾਦ, ਸਮਸਤੀਪੁਰ, ਮੁੰਗਰ, ਨਲੰਦਾ ਤੇ ਨਵਾਦਾ ਵਿਚ ਫਿਰਕੂ ਹਿੰਸਾ ਹੋਈ ਹੈ। ਇਸ ਮਗਰੋਂ ਲਗਾਤਾਰ ਬਿਹਾਰ ਦੇ 'ਸੁਸ਼ਾਸਨ ਬਾਬੂ' ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਮੌਜੂਦਾ ਕਾਰਜ ਸ਼ੈਲੀ ਉਤੇ ਸਵਾਲ ਉਠ ਰਹੇ ਹਨ। ਨਾਲੰਦਾ ਤੇ ਸਮਸਤੀਪੁਰ ਜਿਲ੍ਹਿਆਂ ਵਿਚ ਦੋ ਭਾਈਚਾਰਿਆਂ ਵਿਚਾਲੇ ਝੜਪ ਦੇ ਮਾਮਲਿਆਂ ਵਿਚ ਭਾਜਪਾ ਦੇ ਦੋ ਵਰਕਰਾਂ ਸਮੇਤ 50 ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਸਮਸਤੀਪੁਰ ਜ਼ਿਲ੍ਹਾ ਦੇ ਰੋਸੜਾ ਬਾਜ਼ਾਰ ਵਿਚ 27 ਮਾਰਚ ਨੂੰ ਚੇਤੀ ਦੁਰਗਾ ਪੂਜਾ ਮੌਕੇ ਦੋ ਫਿਰਕਿਆਂ ਦੇ ਵਿਵਾਦ ਮਗਰੋਂ ਪੱਥਰਬਾਜ਼ੀ ਤੇ ਅੱਗਜ਼ਨੀ ਵਿਚ ਤਿੰਨ ਮੋਟਰਸਾਈਕਲ ਸੜ ਕੇ ਸੁਆਹ ਹੋ ਗਏ।

### ਨਫਰਤ ਦੀ ਸਿਆਸਤ ਨੂੰ ਜਿੱਤਣ ਨਹੀਂ ਦੇਵੇਗੀ ਕਾਂਗਰਸ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਭਾਜਪਾ ਅਤੇ ਆਰ.ਐਸ.ਐਸ. ਉਤੇ 'ਨਫਰਤ ਫੈਲਾਉਣ' ਦਾ ਦੋਸ਼ ਲਾਇਆ ਅਤੇ ਕਿਹਾ ਕਿ ਕਾਂਗਰਸ ਨਫਰਤ ਦੀ ਵਿਚਾਰਧਾਰਾ ਨੂੰ ਜਿੱਤਣ ਨਹੀਂ ਦੇਵੇਗੀ।

ਆਪਣੀ ਟਵੀਟ ਵਿਚ ਸ੍ਰੀ ਗਾਂਧੀ ਨੇ ਪਿਆਰ ਤੇ ਆਪਸੀ ਸਾਂਝ ਦਾ ਸੁਨੇਹਾ ਦਿੰਦਿਆਂ ਯਸ਼ਪਾਲ ਸਕਸੈਨਾ ਅਤੇ ਇਮਾਮ ਇਮਦਾਦੁਲ ਰਸ਼ੀਦੀ ਦੇ ਬਿਆਨਾਂ ਦੇ ਹਵਾਲੇ ਦਿੱਤੇ ਹਨ, ਜਿਨ੍ਹਾਂ ਨੇ ਫਿਰਕੂ ਹਿੰਸਾ ਵਿਚ ਆਪਣੇ ਪੁੱਤਰ ਗਵਾ ਲਏ। ਰਸ਼ੀਦੀ ਦਾ 16 ਸਾਲ ਦਾ ਪੁੱਤਰ ਆਸਨਸੋਲ ਵਿਚ ਰਾਮ ਨੌਮੀ ਮੌਕੇ ਹੋਏ ਦੰਗਿਆਂ ਵਿਚ ਮਾਰਿਆ ਗਿਆ। ਜਨਾਬ ਰਸ਼ੀਦੀ ਨੇ ਕਿਹਾ ਸੀ ਕਿ ਉਨ੍ਹਾਂ ਇਕ ਇਮਾਮ ਵਜੋਂ ਪਿਛਲੇ ਤੀਹ ਸਾਲ ਵਿਚ ਹਮੇਸ਼ਾ ਆਪਸੀ ਪਿਆਰ ਅਤੇ ਸ਼ਾਂਤੀ ਦਾ ਸੁਨੇਹਾ ਦਿੱਤਾ ਹੈ।

## ਫੌਜੀ ਕਾਰਵਾਈ ਖਿਲਾਫ ਕਸ਼ਮੀਰ 'ਚ ਰੋਹ ਉਠਿਆ

**ਸ੍ਰੀਨਗਰ:** ਦੱਖਣੀ ਕਸ਼ਮੀਰ ਦੇ ਸ਼ੋਪੀਆਂ ਤੇ ਅਨੰਤਨਾਗ ਵਿਚ 13 ਅਤਿਵਾਦੀਆਂ ਅਤੇ 4 ਆਮ ਸ਼ਹਿਰੀਆਂ ਦੀ ਮੌਤ ਦੇ ਰੋਸ ਵਿਚ ਸਮੁੱਚੀ ਕਸ਼ਮੀਰ ਵਾਦੀ ਵਿਚ ਮੁਕੰਮਲ ਰੋਹ ਫੈਲ ਗਿਆ। ਪ੍ਰਸ਼ਾਸਨ ਨੇ ਵਾਦੀ ਵਿਚ ਪ੍ਰਦਰਸ਼ਨਾਂ ਅਤੇ ਹਿੰਸਾ ਨੂੰ ਰੋਕਣ ਲਈ ਦੱਖਣੀ ਕਸ਼ਮੀਰ, ਸ਼ੋਪੀਆਂ, ਕੁਲਗਾਮ, ਪੁਲਵਾਮਾ, ਅਨੰਤਨਾਗ ਸਮੇਤ ਸ੍ਰੀਨਗਰ ਦੇ 8 ਸੰਵੇਦਨਸ਼ੀਲ ਥਾਣਿਆਂ 'ਚ ਪਾਬੰਦੀਆਂ ਤਹਿਤ ਕਰਫਿਊ ਵਰਗੀ ਸਥਿਤੀ ਬਣੀ ਰਹੀ।

ਸ੍ਰੀਨਗਰ ਸਮੇਤ ਵਾਦੀ ਦੇ ਕਈ ਸਥਾਨਾਂ ਉਤੇ ਪ੍ਰਦਰਸ਼ਨ ਅਤੇ ਪਥਰਾਅ ਦੀਆਂ ਘਟਨਾਵਾਂ ਵਾਪਰੀਆਂ। ਪ੍ਰਸ਼ਾਸਨ ਨੇ ਪ੍ਰਦਰਸ਼ਨ ਅਤੇ ਹਿੰਸਾ ਨੂੰ ਰੋਕਣ ਲਈ ਸਕੂਲਾਂ, ਕਾਲਜਾਂ 'ਚ ਛੁੱਟੀ ਕਰ ਦਿੱਤੀ ਸੀ ਤੇ ਯੂਨੀਵਰਸਿਟੀ ਨੇ ਆਪਣੀਆਂ ਸਾਰੀਆਂ ਪ੍ਰੀਖਿਆਵਾਂ ਨੂੰ ਅਗਲੇ ਨਿਰਦੇਸ਼ਾਂ ਤੱਕ ਟਾਲ ਦਿੱਤਾ। ਰੇਲ ਪ੍ਰਸ਼ਾਸਨ ਨੇ ਰੇਲ ਸੇਵਾ ਨੂੰ ਮੁਅੱਤਲ ਰੱਖਿਆ।

ਇਸ ਦੌਰਾਨ ਸ਼ੋਪੀਆਂ ਦੇ ਕਚਡੂਰ ਇਲਾਕੇ 'ਚ ਮਾਰੇ ਗਏ ਅਤਿਵਾਦੀਆਂ ਦੀ ਪਛਾਣ ਹੋ ਗਈ ਹੈ। ਇਹ ਸਾਰੇ ਸਥਾਨਕ ਸਨ ਤੇ ਹਿਜ਼ਬੁਲ



ਮੁਜਾਹਦੀਨ ਨਾਲ ਸਬੰਧਤ ਸਨ। ਉਕਤ ਇਲਾਕੇ ਵਿਚ ਮੁਕਾਬਲੇ ਦੌਰਾਨ ਫੌਜ ਦੇ 3 ਜਵਾਨ ਅਤਿਵਾਦੀਆਂ ਨਾਲ ਲੋਹਾ ਲੈਂਦੇ ਸ਼ਹੀਦ ਹੋ ਗਏ ਸਨ। ਜ਼ਖ਼ਮੀ ਹੋਏ ਇਕ ਵਿਅਕਤੀ ਇਕਬਾਲ ਭੱਟ ਦੀ ਹਸਪਤਾਲ 'ਚ ਮੌਤ ਹੋ ਗਈ। ਇਸ ਨਾਲ ਹੁਣ ਮਰਨ ਵਾਲਿਆਂ ਦੀ ਗਿਣਤੀ 21 ਤੱਕ ਪਹੁੰਚ ਗਈ।

ਇਧਰ, ਕਸ਼ਮੀਰ ਟਰੇਡਰਜ਼ ਯੂਨੀਅਨ ਨੇ ਸ੍ਰੀਨਗਰ ਵਿਚ ਇਕ ਕਾਲੋਨੀ 'ਚ ਯਾਸੀਨ ਖਾਨ ਦੀ ਅਗਵਾਈ 'ਚ ਸ਼ੋਪੀਆਂ ਵਿਚ ਹੋਈਆਂ ਮੌਤਾਂ ਦੇ ਵਿਰੋਧ 'ਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਤੇ ਕਸ਼ਮੀਰ ਵਿਖੇ ਜਾਰੀ ਆਮ ਨਾਗਰਿਕਾਂ ਦੀਆਂ ਮੌਤਾਂ ਉਤੇ ਤੁਰਤ ਰੋਕ ਲਗਾਉਣ ਦੀ ਮੰਗ ਕਰਦੇ ਹੋਏ ਗਠਜੋੜ ਪੀ.ਡੀ.ਪੀ. -ਭਾਜਪਾ ਸਰਕਾਰ ਦੀ ਨਿਖੇਧੀ ਕਰਦਿਆਂ ਇਨ੍ਹਾਂ ਘਟਨਾਵਾਂ ਦੀ ਜਾਂਚ ਕਰਨ ਦੀ ਮੰਗ ਕੀਤੀ।

ਕਸ਼ਮੀਰ ਯੂਨੀਵਰਸਿਟੀ ਵਿਚ ਵੀ ਵਿਦਿਆਰਥੀਆਂ ਨੇ ਸ਼ੋਪੀਆਂ 'ਚ ਹੋਈਆਂ ਮੌਤਾਂ ਦੇ ਰੋਸ ਵਿਚ ਪ੍ਰਦਰਸ਼ਨ ਕੀਤਾ ਤੇ ਮੌਕੇ 'ਤੇ ਤਾਇਨਾਤ ਪੁਲਿਸ ਉਤੇ ਪਥਰਾਅ ਕੀਤਾ।

### ਵਿਖਾਵਾਕਾਰੀਆਂ 'ਤੇ ਢਾਹੇ ਜਾ ਰਹੇ ਨੇ ਜ਼ੁਲਮ: ਪਾਕਿ

**ਇਸਲਾਮਾਬਾਦ:** ਪਾਕਿਸਤਾਨ ਦਾ ਕਹਿਣਾ ਹੈ ਕਿ ਭਾਰਤ ਵੱਲੋਂ ਕਸ਼ਮੀਰ ਵਿਚ ਵਿਖਾਵਾਕਾਰੀਆਂ ਉਤੇ ਜ਼ੁਲਮ ਢਾਹੇ ਜਾ ਰਹੇ ਹਨ ਅਤੇ ਭਾਰਤੀ ਸੁਰੱਖਿਆ ਬਲਾਂ ਵੱਲੋਂ ਤਰਤੀਬਵਾਰ ਢੰਗ ਨਾਲ ਕਸ਼ਮੀਰੀ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਹ ਗੱਲ ਇਥੋਂ ਦੇ ਵਿਦੇਸ਼ ਵਿਭਾਗ ਦੇ ਦਫਤਰ ਵੱਲੋਂ ਜਾਰੀ ਇਕ ਬਿਆਨ ਵਿੱਚ ਕਹੀ ਗਈ। ਇਹ ਬਿਆਨ ਉਦੋਂ ਜਾਰੀ ਹੋਇਆ ਹੈ ਜਦੋਂ ਕਸ਼ਮੀਰ ਵਿਚ ਅਤਿਵਾਦੀ ਸੰਗਠਨਾਂ ਨੂੰ ਵੱਡਾ ਧੱਕਾ ਲੱਗਾ ਹੈ।

### ਹਰਿਆਣਾ ਦੇ ਸਿਹਤ ਮੰਤਰੀ ਵਿੱਜ ਨੂੰ ਇੱਟ ਮਾਰੀ

**ਕੁਰੂਕਸ਼ੇਤਰ:** ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿੱਜ ਦੀ ਗੱਡੀ ਉਪਰ ਹਮਲਾ ਹੋਇਆ ਹੈ। ਪਾਣੀਪਤ 'ਚ ਬੈਠਕ ਖਤਮ ਹੋਣ ਪਿਛੋਂ ਦੋ ਨੌਜਵਾਨਾਂ ਨੇ ਵਿੱਜ ਦੀ ਗੱਡੀ ਉਤੇ ਇੱਟ



ਮਾਰੀ। ਹਾਲਾਂ ਕਿ ਮੰਤਰੀ ਦਾ ਇਸ ਹਮਲੇ 'ਚ ਬਚਾਅ ਰਿਹਾ ਪਰ ਉਨ੍ਹਾਂ ਦੀ ਗੱਡੀ ਦਾ ਅਗਲਾ ਸ਼ੀਸ਼ਾ ਤਿੜਕ ਗਿਆ। ਪੁਲਿਸ ਨੇ ਹਮਲਾਵਰਾਂ ਨੂੰ ਹਿਰਾਸਤ 'ਚ ਲਿਆ ਤੇ ਪੁੱਛਗਿੱਛ ਕੀਤੀ। ਵਿੱਜ ਨੇ ਕਿਹਾ ਕਿ ਨੌਜਵਾਨ ਦਾ ਇਹ ਗੁੱਸਾ ਸੁਪਰੀਮ ਕੋਰਟ ਦੇ ਦਲਿਤਾਂ ਬਾਰੇ ਫੈਸਲੇ ਦਾ ਨਤੀਜਾ ਹੈ। ਵਿੱਜ ਨੇ ਪੁਲਿਸ ਸੁਰੱਖਿਆ ਵਿਚ ਵੀ ਕਮੀ ਦੱਸੀ ਤੇ ਜਾਂਚ ਦੇ ਹੁਕਮ ਦਿੱਤੇ। ਹਮਲਾਵਰਾਂ ਦੀ ਪਛਾਣ ਅਮਿਤ ਤੇ ਦੀਪਕ ਵਜੋਂ ਹੋਈ ਹੈ।

# ਸ੍ਰੀ ਨਨਕਾਣਾ ਸਾਹਿਬ ਹੀ ਬਣੇਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ

**ਇਸਲਾਮਾਬਾਦ:** ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਿਦ ਖਕਾਨ ਆਬਾਸੀ ਨੇ ਜਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਚ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਖੋਲ੍ਹੇ ਜਾਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ ਉਤੇ ਯੂਨੀਵਰਸਿਟੀ ਸਥਾਪਤ ਕੀਤੇ ਜਾਣ ਸਬੰਧੀ ਲੰਮੇ ਸਮੇਂ ਤੋਂ ਰਾਜਨੀਤੀ ਹੁੰਦੀ ਰਹੀ ਹੈ। ਜ਼ਿਕਰਯੋਗ ਹੈ ਕਿ ਪਿੱਛੇ ਜਿਹੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਦੇ ਸਾਬਕਾ ਚੇਅਰਮੈਨ ਸਾਦਿਕ ਉੱਲ ਫਾਰੂਕ ਨੇ ਇਹ ਯੂਨੀਵਰਸਿਟੀ ਜਿਲ੍ਹਾ ਸ਼ੇਖੂਪੁਰਾ ਦੇ ਮੁਰੀਦਕੇ ਵਿਚ ਖੋਲ੍ਹਣ ਦਾ ਐਲਾਨ ਕਰ ਦਿੱਤਾ ਸੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸ੍ਰੀ ਨਨਕਾਣਾ ਸਾਹਿਬ ਤੋਂ ਐਮ.ਐਨ.ਏ. ਡਾ. ਸ਼ਿਜਰਾ ਮਨਸਬ ਅਲੀ ਖਾਂ ਖਰਲ ਉਕਤ ਯੂਨੀਵਰਸਿਟੀ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਸਥਾਪਤ ਕਰਨ ਲਈ ਲੰਮੇ ਸਮੇਂ ਤੋਂ ਜੱਦੋ-ਜਹਿਦ ਕਰਦੇ ਆ ਰਹੇ ਹਨ

**ਪਾਕਿਸਤਾਨ ਪ੍ਰਧਾਨ ਮੰਤਰੀ ਵੱਲੋਂ ਸਿੱਖ ਭਾਈਚਾਰੇ ਨੂੰ ਭਰੋਸਾ**



ਅਤੇ ਜਿਲ੍ਹੇ ਦੇ ਲੋਕਾਂ ਸਮੇਤ ਦੇਸ਼-ਵਿਦੇਸ਼ ਦਾ ਸਿੱਖ ਭਾਈਚਾਰਾ ਵੀ ਇਹ ਯੂਨੀਵਰਸਿਟੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਉਤੇ ਖੋਲ੍ਹੇ ਜਾਣ ਦੀ ਮੰਗ ਕਰਦਾ ਆ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਮੁਸਲਿਮ ਲੀਗ (ਐਨ) ਨੇ ਪਾਕਿਸਤਾਨ ਦੇ ਹਰ ਜਿਲ੍ਹੇ 'ਚ ਯੂਨੀਵਰਸਿਟੀ ਸਥਾਪਤ ਕਰਨ ਦੀ ਯੋਜਨਾ ਬਣਾਈ ਹੈ ਅਤੇ ਇਸ ਸ਼ੁੱਭ ਕਾਰਜ ਦੀ ਸ਼ੁਰੂਆਤ ਸ੍ਰੀ ਨਨਕਾਣਾ ਸਾਹਿਬ ਦੀ ਸ੍ਰੀ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਤੋਂ ਕੀਤੀ ਜਾਵੇਗੀ।

ਐਮ.ਐਨ.ਏ. ਡਾ. ਸ਼ਿਜਰਾ ਮਨਸਬ ਨੇ ਕਿਹਾ ਕਿ ਬਹੁਤ ਜਲਦੀ ਜਿਲ੍ਹੇ 'ਚ ਵਕਫ ਦੀ ਭੂਮੀ ਉਤੇ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਕਾਇਮ ਕਰ ਕੇ ਉਸ 'ਚ ਵੱਖ-ਵੱਖ ਕੋਰਸਾਂ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਦੱਸਿਆ ਕਿ ਯੂਨੀਵਰਸਿਟੀ ਨੂੰ ਸ੍ਰੀ ਨਨਕਾਣਾ ਸਾਹਿਬ 'ਚ ਸ਼ੁਰੂ ਕੀਤੇ ਜਾਣ ਦੇ ਮਾਮਲੇ ਬਾਰੇ ਕੀਤੀ ਗਈ 18ਵੀਂ ਸੋਧ ਦੇ ਆਧਾਰ 'ਤੇ ਫੈਡਰਲ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਮੁੱਖ ਦਫਤਰਾਂ ਦਾ ਇਸਲਾਮਾਬਾਦ ਵਿਚ ਸਥਾਪਤ ਕੀਤਾ ਜਾਣਾ ਲਾਜ਼ਮੀ ਹੈ ਅਤੇ ਐਮ.ਫਿਲ. ਦੀ ਪੜ੍ਹਾਈ ਲਈ ਵਿਦਿਆਰਥੀਆਂ ਨੂੰ ਉਥੇ ਹੀ ਜਾਣਾ ਹੋਵੇਗਾ। ਅਜਿਹਾ ਨਾ ਕਰਨ 'ਤੇ ਯੂਨੀਵਰਸਿਟੀ ਸੂਬਾਈ ਅਦਾਰਾ ਹੋਵੇਗਾ, ਜਿਸ ਨਾਲ ਵਿਦਿਆਰਥੀਆਂ ਨੂੰ ਵਧੇਰੇ ਲਾਭ ਪ੍ਰਾਪਤ ਨਹੀਂ ਹੋ ਸਕੇਗਾ।

## ਪ੍ਰਕਾਸ਼ ਉਤਸਵ ਮੌਕੇ ਜਾਰੀ ਹੋਵੇਗਾ 350 ਰੁਪਏ ਦਾ ਸਿੱਕਾ

**ਨਵੀਂ ਦਿੱਲੀ:** ਸ੍ਰੀ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਉਤਸਵ ਮੌਕੇ ਰਿਜ਼ਰਵ ਬੈਂਕ ਆਫ ਇੰਡੀਆ 350 ਰੁਪਏ ਦਾ ਸਿੱਕਾ ਜਾਰੀ ਕਰੇਗਾ। ਇਸ ਨੂੰ ਆਮ ਲੋਕਾਂ ਲਈ ਬਾਜ਼ਾਰ ਵਿਚ ਉਤਾਰਿਆ ਜਾਏਗਾ। ਇਹ ਸਿੱਕਾ 44 ਮਿਲੀਮੀਟਰ ਦਾ ਹੋਏਗਾ। ਇਸ ਦਾ ਵਜ਼ਨ 35 ਗ੍ਰਾਮ ਹੋਏਗਾ ਤੇ ਇਸ ਵਿਚ 50 ਫੀਸਦੀ ਚਾਂਦੀ, 40 ਫੀਸਦੀ ਕਾਪਰ ਤੇ 5-5 ਫੀਸਦੀ ਨਿੱਕਲ ਤੇ ਜ਼ਿੰਕ ਦਾ ਮਿਸ਼ਰਨ ਹੋਏਗਾ।

ਸਿੱਕੇ ਦੇ ਦੋਵੇਂ ਪਾਸੇ ਅੰਗਰੇਜ਼ੀ ਵਿਚ ਇੰਡੀਆ ਤੇ ਦੇਵਨਾਗਰੀ ਲਿਪੀ ਵਿਚ ਭਾਰਤ ਲਿਖਿਆ ਹੋਏਗਾ। ਇਸ 350 ਰੁਪਏ ਦੇ ਸਿੱਕੇ ਦੇ ਪਿਛਲੇ ਹਿੱਸੇ ਵਿਚਾਲੇ ਸ੍ਰੀ ਹਰਿਮੰਦਰ ਸਾਹਿਬ ਦਾ ਚਿੱਤਰ ਹੋਏਗਾ। ਹਾਲਾਂਕਿ ਦੱਸਿਆ ਜਾ ਰਿਹਾ ਹੈ ਕਿ ਇਸ ਸਿੱਕੇ ਨੂੰ ਬੜੇ ਥੋੜ੍ਹੇ ਸਮੇਂ ਲਈ ਬਾਜ਼ਾਰ ਵਿਚ ਲਿਆਂਦਾ ਜਾਏਗਾ।

# ਬਜਟ ਵਿਚ ਭਾਸ਼ਾ ਵਿਭਾਗ ਮੁੜ ਅਣਗੌਲਿਆ

**ਪਟਿਆਲਾ:** ਆਰਥਿਕ ਮੰਦਹਾਲੀ ਦੇ ਦੌਰ ਵਿਚੋਂ ਲੰਘ ਰਹੇ ਭਾਸ਼ਾ ਵਿਭਾਗ ਨੂੰ ਸੂਬੇ ਦੀ ਨਵੀਂ ਬਣੀ ਕਾਂਗਰਸ ਸਰਕਾਰ ਤੋਂ ਕਾਫੀ ਆਸਾਂ ਸਨ, ਪਰ ਵਿਭਾਗ ਦੀਆਂ ਆਸਾਂ ਨੂੰ ਇਸ ਵਾਰ ਵੀ ਬੂਰ ਨਹੀਂ ਪਿਆ। ਪੰਜਾਬ ਸਰਕਾਰ ਵੱਲੋਂ ਬਜਟ ਵਿਚ ਭਾਵੇਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ 25 ਕਰੋੜ




ਦੀ ਤਜਵੀਜ਼ ਜ਼ਰੂਰ ਰੱਖੀ ਪਰ ਇਸ ਵਿਚ ਸਿੱਧੇ ਤੌਰ ਉਤੇ ਵਿੱਤੀ ਸੰਕਟ 'ਚ ਘਿਰੇ ਭਾਸ਼ਾ ਵਿਭਾਗ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਜਿਸ ਕਾਰਨ ਅੱਜ ਵੀ ਵਿਭਾਗ ਲਈ ਇਹ ਸਵਾਲ ਬਣਿਆ ਹੋਇਆ ਹੈ ਕਿ ਉਪਰੋਕਤ ਰਾਸ਼ੀ ਵਿਚੋਂ ਕਿੰਨਾ ਫੰਡ ਭਾਸ਼ਾ ਵਿਭਾਗ ਨੂੰ ਆਪਣੇ ਰੁਕੇ ਹੋਏ ਕੰਮਕਾਰਾਂ ਨੂੰ ਮੁੜ ਲੀਹਾਂ ਉਤੇ ਪਾਉਣ ਲਈ ਮਿਲਦਾ ਹੈ। ਸੂਤਰਾਂ ਅਨੁਸਾਰ ਤਕਰੀਬਨ ਪਿਛਲੇ ਚਾਰ ਸਾਲ ਤੋਂ ਫੰਡਾਂ ਦੀ ਘਾਟ ਕਾਰਨ ਪੰਜਾਬੀ ਸਾਹਿਤ ਦਾ ਪ੍ਰਸਾਰ ਕਰਨ ਵਾਲੀਆਂ ਕਿਤਾਬਾਂ ਤੱਕ ਨਹੀਂ ਛਪਾ ਸਕਿਆ।

ਆਲਮ ਇਹ ਹੈ ਕਿ ਬਹੁਤ ਸਾਰੇ ਅਜਿਹੇ ਪ੍ਰਕਾਸ਼ਕ ਹਨ ਜਿਨ੍ਹਾਂ ਵੱਲੋਂ ਵਿਭਾਗ ਦੀਆਂ ਕਿਤਾਬਾਂ ਛਾਪੀਆਂ ਗਈਆਂ ਸਨ, ਨੂੰ ਅਦਾਇਗੀਆਂ ਨਹੀਂ ਹੋਈਆਂ। ਪਟਿਆਲਾ ਦੇ ਪ੍ਰਕਾਸ਼ਕ ਹਰਦੀਪ ਸਿੰਘ ਨੇ ਦੱਸਿਆ ਕਿ ਸੰਨ 2012 'ਚ ਭਾਸ਼ਾ ਵਿਭਾਗ ਨੇ ਉਨ੍ਹਾਂ ਤੋਂ ਪੁਸਤਕਾਂ ਦੀ ਛਪਵਾਈ ਕਰਵਾਈ ਸੀ ਜਿਨ੍ਹਾਂ ਦੀ ਤਕਰੀਬਨ 19 ਲੱਖ ਰੁਪਏ ਦੀ ਅਦਾਇਗੀ ਹੁਣ ਤੱਕ ਨਹੀਂ ਹੋਈ।

ਇਸੇ ਤਰ੍ਹਾਂ ਰਾਜਧਾਨੀ ਪ੍ਰੈੱਸ ਚੰਡੀਗੜ੍ਹ ਦੇ ਮਾਲਕ ਅਸ਼ਵਨੀ ਸ਼ਰਮਾ ਨੇ ਆਖਿਆ ਕਿ ਤਕਰੀਬਨ 15 ਲੱਖ ਰੁਪਏ ਬਕਾਇਆ ਉਨ੍ਹਾਂ ਦਾ ਭਾਸ਼ਾ ਵਿਭਾਗ ਵੱਲ ਖੜ੍ਹਾ ਹੈ। ਸੂਤਰਾਂ ਅਨੁਸਾਰ 2012 ਤੋਂ ਹੀ ਕਰੀਬ 58 ਲੱਖ ਰੁਪਏ ਵੱਖ-ਵੱਖ ਪ੍ਰਕਾਸ਼ਕਾਂ ਦੇ ਵਿਭਾਗ ਵੱਲ ਬਕਾਏ ਦੇ ਤੌਰ 'ਤੇ ਖੜ੍ਹੇ ਹੋਏ ਹਨ।

ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਦੇ ਪਲੇਠੇ ਬਜਟ ਦੌਰਾਨ ਵੀ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਉਰਦੂ ਅਕੈਡਮੀ ਮਲੇਰਕੋਟਲਾ ਲਈ 3 ਕਰੋੜ ਰੱਖੇ ਸਨ ਪਰ ਉਸ ਸਮੇਂ ਵੀ ਭਾਸ਼ਾ ਵਿਭਾਗ ਦਾ ਪੱਲਾ ਗੱਲਾਂ ਬਾਤਾਂ ਨਾਲ ਹੀ ਭਰਿਆ ਗਿਆ ਸੀ। ਇਸ ਵਾਰ ਭਾਵੇਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਫੰਡਾਂ ਦੀ ਤਜਵੀਜ਼ ਤਾਂ ਹੈ ਪਰ ਭਾਸ਼ਾ ਵਿਭਾਗ ਪੰਜਾਬ ਦੇ ਵਿਕਾਸ ਲਈ ਕੋਈ ਠੋਸ ਐਲਾਨ ਨਹੀਂ ਕੀਤਾ ਗਿਆ, ਜਿਸ ਕਾਰਨ ਸਾਹਿਤ ਪ੍ਰੇਮੀਆਂ 'ਚ ਨਿਰਾਸ਼ਾ ਦਾ ਆਲਮ ਹੈ।

## ਪੰਜਾਬ ਦੇ ਹਿੱਸੇ ਦੇ ਸਸਤੇ ਤੇਲ ਵਾਲੇ ਕੋਟੇ 'ਤੇ ਕੇਂਦਰ ਨੇ ਮਾਰੀ ਕੁੰਡਲੀ

**ਜਲੰਧਰ:** ਪੰਜਾਬ ਦੀ ਮੰਗ ਦੇ ਬਾਵਜੂਦ ਕੇਂਦਰ ਨੇ ਅਪਰੈਲ ਦਾ ਸਸਤੇ ਤੇਲ ਦਾ ਮਿੱਟੀ ਦੇ ਤੇਲ ਦਾ ਕੋਟਾ ਜਾਰੀ ਨਹੀਂ ਕੀਤਾ ਹੈ ਜਦਕਿ ਬਾਕੀ ਰਾਜਾਂ 'ਚ ਤੇਲ ਦਾ ਕੋਟਾ ਜਾਰੀ ਕਰ ਦਿੱਤਾ ਗਿਆ ਹੈ। ਪੰਜਾਬ ਵਿਚ ਵੀ ਵਿਭਾਗ ਨੇ ਕੇਂਦਰ ਕੋਲ ਪਹੁੰਚ ਕੀਤੀ ਸੀ ਕਿ ਲੋੜਵੰਦਾਂ ਨੂੰ ਸਸਤਾ ਮਿੱਟੀ ਦਾ ਤੇਲ ਦੇਣ ਲਈ ਸਰਵੇਖਣ ਕਰਵਾਇਆ ਜਾ ਰਿਹਾ ਹੈ ਪਰ ਜਿੰਨੀ ਦੇਰ ਤੱਕ ਇਸ ਦੀ ਰਿਪੋਰਟ ਆਉਂਦੀ ਹੈ ਤਾਂ ਉਸ ਤੋਂ ਪਹਿਲਾਂ ਹੀ ਤੇਲ ਦੀ ਸਪਲਾਈ ਜਾਰੀ ਕਰ ਦਿੱਤੀ ਜਾਵੇਗੀ। ਦੱਸਿਆ ਜਾਂਦਾ ਹੈ ਕਿ ਸੂਬੇ ਵਿਚ ਕਈ ਜਗ੍ਹਾ ਇਸ ਤਰ੍ਹਾਂ ਦਾ ਸਰਵੇਖਣ ਕਰਵਾਇਆ ਜਾ ਰਿਹਾ ਸੀ ਜਦਕਿ ਅਜੇ ਤੱਕ ਰਿਪੋਰਟ ਵੀ ਨਹੀਂ ਆਈ ਹੈ।

ਕੇਂਦਰ ਵੱਲੋਂ ਸੂਬਿਆਂ ਨੂੰ ਜਾਰੀ ਹੋਣ ਵਾਲੇ ਤੇਲ ਦੇ ਕੋਟੇ ਦੀ ਸੂਚੀ ਜਾਰੀ ਕਰ ਦਿੱਤੀ ਗਈ ਹੈ ਜਿਸ ਵਿਚ ਪੰਜਾਬ ਦਾ ਨਾਂ ਦਰਜ ਨਹੀਂ ਕੀਤਾ ਗਿਆ ਹੈ ਤੇ ਇਸ ਦੇ ਬਦਲੇ ਪੰਜਾਬ ਦੇ ਗੁਆਂਢੀ ਸੂਬਿਆਂ 'ਚ ਤੇਲ ਸਪਲਾਈ ਜਾਰੀ ਕਰਨ ਲਈ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਦੇ ਗੁਆਂਢੀ ਸੂਬਿਆਂ ਹਿਮਾਚਲ ਪ੍ਰਦੇਸ਼ ਨੂੰ 3624 ਲਿਟਰ, ਜੰਮੂ ਕਸ਼ਮੀਰ ਨੂੰ 14520 ਲਿਟਰ ਤੇਲ ਦਾ ਕੋਟਾ ਸਪਲਾਈ ਕੀਤਾ ਗਿਆ ਹੈ। ਪੰਜਾਬ ਤੋਂ ਇਲਾਵਾ ਚੰਡੀਗੜ੍ਹ, ਹਰਿਆਣਾ 'ਚ ਵੀ ਪੰਜਾਬ ਦੀ ਤਰ੍ਹਾਂ ਤੇਲ ਦੀ ਸਪਲਾਈ ਬੰਦ ਕਰ ਦਿੱਤੀ ਗਈ ਹੈ। ਇਕ ਜਾਣਕਾਰੀ ਮੁਤਾਬਕ ਇਨ੍ਹਾਂ ਸੂਬਿਆਂ ਵਿਚ 90% ਤੋਂ ਜ਼ਿਆਦਾ ਐਲ.ਪੀ.ਜੀ. ਦੀ ਸਪਲਾਈ ਕੀਤੀ ਗਈ ਹੈ। ਪੰਜਾਬ, ਹਰਿਆਣਾ, ਚੰਡੀਗੜ੍ਹ ਉਂਜ ਵੀ ਖੁਸ਼ਹਾਲ ਰਾਜਾਂ ਵਿਚ ਗਿਣੇ ਜਾਂਦੇ ਹਨ ਜਿਸ ਕਰ ਕੇ ਸਿਫਾਰਸ਼ ਦੇ ਬਾਵਜੂਦ ਕੇਂਦਰ ਨੇ ਤੇਲ ਦੀ ਸਪਲਾਈ ਨਹੀਂ ਕੀਤੀ।

## ਹਰਿਮੰਦਰ ਸਾਹਿਬ ਕੰਪਲੈਕਸ ਅੰਦਰਲੀਆਂ ਬੇਰੀਆਂ ਨੂੰ ਲੱਗਿਆ ਭਰਪੂਰ ਫਲ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਕੰਪਲੈਕਸ ਅੰਦਰਲੀਆਂ ਪੁਰਾਤਨ ਤਿੰਨ ਬੇਰੀਆਂ ਨੂੰ ਇਸ ਵਰ੍ਹੇ ਵੀ ਬੇਰ ਲੱਗੇ ਹਨ। ਇਸ ਵਾਰ ਦੁਖ ਭੰਜਨੀ ਬੇਰੀ ਨੂੰ ਹੋਰਨਾਂ ਨਾਲੋਂ ਵਧੇਰੇ ਫਲ ਲੱਗਿਆ ਹੈ। ਇਨ੍ਹਾਂ ਪੁਰਾਤਨ ਬੇਰੀਆਂ ਨੂੰ ਲੱਗੇ ਫਲ ਇਥੇ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਹੋਏ ਹਨ।

ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸਦੀਆਂ ਪੁਰਾਣੀਆਂ ਤਿੰਨ ਬੇਰੀਆਂ ਹਨ, ਜਿਨ੍ਹਾਂ ਵਿਚੋਂ ਇਕ ਦੁਖ ਭੰਜਨੀ ਬੇਰੀ, ਲਾਚੀ ਬੇਰ ਅਤੇ ਬੇਰ ਬਾਬਾ ਬੁੱਢਾ ਸਾਹਿਬ ਸ਼ਾਮਲ ਹਨ। ਇਹ ਸਾਰੀਆਂ ਹੀ ਪੁਰਾਤਨ ਬੇਰੀਆਂ ਹਨ, ਜਿਨ੍ਹਾਂ ਦੀ ਸਾਂਭ-ਸੰਭਾਲ ਦਹਾਕਾ ਪਹਿਲਾਂ ਪੰਜਾਬ ਖੇਤੀਬਾੜੀ ਲੁਧਿਆਣਾ ਦੇ ਬਾਗਬਾਨੀ ਮਾਹਿਰਾਂ ਵੱਲੋਂ ਸ਼ੁਰੂ ਕੀਤੀ ਗਈ ਸੀ। ਸਿੱਟੇ ਵਜੋਂ ਇਨ੍ਹਾਂ ਬੇਰੀਆਂ ਨੂੰ ਹੁਣ ਮੁੜ ਹਰ ਵਰ੍ਹੇ ਫਲ ਲੱਗਣਾ ਸ਼ੁਰੂ ਹੋ ਗਿਆ ਹੈ। ਇਨ੍ਹਾਂ ਬੇਰੀਆਂ ਤੋਂ ਬੇਰ ਤੋੜਨ ਦੀ ਮਨਾਹੀ ਹੈ ਪਰ ਫਲ ਪੱਕਣ ਮਗਰੋਂ ਜਦੋਂ ਹੇਠਾਂ ਡਿੱਗਦਾ ਹੈ ਤਾਂ ਸ਼ਰਧਾਲੂਆਂ ਵੱਲੋਂ ਇਸ ਨੂੰ ਵੀ ਪ੍ਰਸਾਦਿ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਬੇਰੀਆਂ ਦੀ ਸਾਂਭ-ਸੰਭਾਲ ਲਈ ਇਨ੍ਹਾਂ ਦੇ ਆਲੇ ਦੁਆਲੇ ਰੋਕ ਲਾਈ ਹੈ ਤਾਂ ਜੋ ਸ਼ਰਧਾਲੂ ਇਸ ਉਤੇ ਕੜਾਹ ਪ੍ਰਸਾਦਿ ਵਾਲੇ ਹੱਥ ਨਾ ਲਾ ਸਕਣ ਅਤੇ ਕੜਾਹ ਪ੍ਰਸਾਦਿ ਇਥੇ ਨਾ ਰੱਖ ਸਕਣ।

ਇਹ ਰੋਕਾਂ ਤੋਂ ਪਹਿਲਾਂ ਸ਼ਰਧਾਲੂਆਂ ਵੱਲੋਂ ਇਥੇ ਕੜਾਹ ਪ੍ਰਸਾਦਿ ਵੀ ਰੱਖ ਦਿੱਤਾ ਜਾਂਦਾ ਸੀ ਅਤੇ ਘਿਉ ਵਾਲੇ ਹੱਥ ਤਣੇ ਨੂੰ ਲਾਏ ਜਾਂਦੇ ਸਨ, ਜਿਸ ਕਾਰਨ ਇਥੇ ਕੀੜੇ ਤੇ ਹੋਰ ਕੀਟ ਪੈਦਾ ਹੋਣੇ ਸ਼ੁਰੂ ਹੋ ਗਏ ਸਨ। ਇਸ ਕਾਰਨ ਇਨ੍ਹਾਂ ਪੁਰਾਤਨ ਦਰਖਤਾਂ ਨੂੰ ਨੁਕਸਾਨ ਪੁੱਜਿਆ ਸੀ। ਪੰਜਾਬ



ਖੇਤੀਬਾੜੀ ਦੀ ਮਾਹਿਰਾਂ ਦੀ ਟੀਮ ਵਿਚ ਸ਼ਾਮਲ ਨਰਿੰਦਰਪਾਲ ਸਿੰਘ ਨੇ ਆਖਿਆ ਕਿ ਬੇਰੀਆਂ ਦੀ ਸਾਂਭ ਸੰਭਾਲ ਲਈ 2005 ਤੋਂ ਯਤਨ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਦੁਖ ਭੰਜਨੀ ਬੇਰੀ ਨੂੰ ਇਸ ਵਾਰ ਵਧੇਰੇ ਫਲ ਪਿਆ ਹੈ ਜਦੋਂ ਕਿ ਬਾਕੀ ਦੋ ਬੇਰੀਆਂ ਨੂੰ ਕੁਝ ਘੱਟ ਹੈ।

## ਦਲੇਰ ਮਹਿੰਦੀ ਦੀ ਸਜ਼ਾ ਉਤੇ ਰੋਕ

**ਪਟਿਆਲਾ:** ਗਾਇਕ ਦਲੇਰ ਮਹਿੰਦੀ ਨੂੰ ਅਦਾਲਤ ਵੱਲੋਂ ਸੁਣਾਈ ਗਈ 2 ਸਾਲ ਦੀ ਸਜ਼ਾ ਖਿਲਾਫ਼ ਪਟਿਆਲਾ ਦੇ ਸੈਸ਼ਨ ਕੋਰਟ ਵਿਚ ਕੀਤੀ ਗਈ ਅਪੀਲ ਸੈਸ਼ਨ ਕੋਰਟ ਨੇ ਪ੍ਰਵਾਨ ਕਰਦਿਆਂ ਫੈਸਲਾ ਆਉਣ ਤੱਕ ਉਸ ਦੀ ਸਜ਼ਾ 'ਤੇ ਰੋਕ



ਲਾ ਦਿੱਤੀ ਹੈ ਅਤੇ 50 ਹਜ਼ਾਰ ਰੁਪਏ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਅਗਲੀ ਸੁਣਵਾਈ 18 ਮਈ 2018 ਨੂੰ ਹੋਵੇਗੀ। ਦਲੇਰ ਮਹਿੰਦੀ ਦੇ ਵਕੀਲ ਬਰਜਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਰਿਕਾਰਡ ਮੁਤਾਬਕ ਸਾਰੇ ਪੱਖ ਦਲੇਰ ਮਹਿੰਦੀ ਦੇ ਹੱਕ 'ਚ ਭੁਗਤਦੇ ਹਨ ਤੇ ਹੁਣ ਉਹ ਕੇਸ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲੜਨਗੇ।

ਵਿਰੋਧੀ ਧਿਰ ਬਖਸ਼ੀਸ਼ ਸਿੰਘ ਦੇ ਵਕੀਲ ਗੁਰਪ੍ਰੀਤ ਸਿੰਘ ਭਸੀਨ ਨੇ ਦੱਸਿਆ ਕਿ ਉਹ ਅਦਾਲਤ ਦਾ ਨੋਟਿਸ ਆਉਣ ਤੋਂ ਬਾਅਦ ਆਪਣਾ ਪੱਖ ਅਦਾਲਤ 'ਚ ਪੇਸ਼ ਕਰਨਗੇ ਅਤੇ ਉਨ੍ਹਾਂ ਨੂੰ ਅਦਾਲਤ ਉਤੇ ਪੂਰਾ ਭਰੋਸਾ ਹੈ ਕਿ ਉਨ੍ਹਾਂ ਨਾਲ ਇਨਸਾਫ ਹੋਵੇਗਾ। ਜ਼ਿਕਰਯੋਗ ਹੈ ਕਿ ਕਬੂਤਰਬਾਜ਼ੀ ਦੇ ਕੇਸ 'ਚ 2003 ਵਿਚ ਪਟਿਆਲਾ ਪੁਲਿਸ ਨੇ ਬਖ਼ਸ਼ੀਸ਼ ਸਿੰਘ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਸੀ। ਲੰਘੀ 16 ਮਾਰਚ ਨੂੰ ਅਦਾਲਤ ਦੇ ਜੱਜ ਨਿਧੀ ਸੈਣੀ ਦੀ ਅਦਾਲਤ ਨੇ ਦਲੇਰ ਮਹਿੰਦੀ ਨੂੰ ਕਬੂਤਰਬਾਜ਼ੀ ਦੇ ਕੇਸ 'ਚ ਦੋਸ਼ੀ ਠਹਿਰਾਉਂਦਿਆਂ 2 ਸਾਲ ਦੀ ਸਜ਼ਾ ਸੁਣਾਈ ਸੀ।

## ਸੈਲਾਨੀ ਜੋੜੇ ਦੇ ਹਤਿਆਰੇ ਨੂੰ ਮੌਤ ਦੀ ਸਜ਼ਾ

**ਦੇਹਰਾਦੂਨ:** ਦਿੱਲੀ ਦੇ ਇਕ ਸੈਲਾਨੀ ਜੋੜੇ ਨੂੰ ਤਿੰਨ ਸਾਲ ਪਹਿਲਾਂ ਕਤਲ ਕਰਨ ਦੇ ਮਾਮਲੇ ਵਿਚ ਅਦਾਲਤ ਨੇ ਇਕ ਟੈਕਸੀ ਡਰਾਈਵਰ ਨੂੰ ਮੌਤ ਦੀ ਅਤੇ ਤਿੰਨ ਸਹਿ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਹੈ। ਅਦਾਲਤ ਨੇ ਸਜ਼ਾ ਦਾ ਐਲਾਨ ਕਰਦਿਆਂ ਕਿਹਾ ਕਿ ਇਸ ਘਟਨਾ ਨੇ ਸੈਲਾਨੀ ਥਾਂ ਦੇਵ ਭੂਮੀ ਦੇ ਅਕਸ ਨੂੰ ਢਾਹ ਲਾਈ ਹੈ।

ਅਦਾਲਤ ਨੇ ਕਿਹਾ ਕਿ ਮੁੱਖ ਦੋਸ਼ੀ ਨੂੰ ਮੌਤ ਅਤੇ ਦੂਸਰਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਕੇ ਸਖਤ ਸੰਦੇਸ਼ ਦਿੱਤਾ ਗਿਆ ਹੈ। ਮੁੱਖ ਦੋਸ਼ੀ ਰਾਜੂ ਦਾਸ ਦਿੱਲੀ ਵਾਸੀ ਮੋਮਿਤਾ ਦਾਸ ਅਤੇ ਉਸ ਦੇ ਦੋਸਤ ਅਭੀਜੀਤ ਪਾਲ ਨੂੰ ਆਪਣੀ ਬੋਲੇਰੋ ਗੱਡੀ ਵਿਚ ਚਕਰਾਤਾ ਤੋਂ ਟਾਈਗਰ ਫਾਲ ਲੈ ਕੇ ਗਿਆ ਸੀ ਅਤੇ ਉਸ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਜੋੜੇ ਨੂੰ ਲੁੱਟਣ ਤੇ ਮਾਰਨ ਦੀ ਸਾਜਿਸ਼ ਘੜੀ ਸੀ। ਦੋਸ਼ੀਆਂ ਨੇ ਲੁੱਟਣ ਪਿੱਛੋਂ ਦੋਵਾਂ ਨੂੰ ਗਲਾ ਘੁੱਟ ਕੇ ਮਾਰ ਦਿੱਤਾ ਸੀ।

# ਕਾਮਰੇਡ ਨਰਿੰਜਨ ਸਿੰਘ ਸੁੱਜੋਂ ਦੀ ਸਦੀਵੀ ਅਲਵਿਦਾ

**ਐਸ. ਅਸ਼ੋਕ ਭੌਰਾ**

ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਨੌਰਾ, ਭੌਰਾ, ਸੁੱਜੋਂ ਤੇ ਮਾਹਿਲ ਗਹਿਲਾਂ-ਚਾਰ ਪਿੰਡਾਂ ਦੇ ਬਸੀਮੇ ਹੀ ਸਾਂਝੇ ਨਹੀਂ ਸਗੋਂ ਇਨ੍ਹਾਂ ਦੀ ਸਮਾਜਿਕ, ਰਾਜਨੀਤਕ ਅਤੇ ਸਾਹਿਤਕ ਸਾਂਝ ਵੀ ਬੜੀ ਗੂੜ੍ਹੀ ਹੈ। ਨਰਿੰਜਨ ਸਿੰਘ ਸੁੱਜੋਂ ਇਸ ਵੇਲੇ ਭਾਵੇਂ ਆਪਣੇ ਪੁੱਤਰ ਨਰਿੰਦਰ ਸਿੰਘ ਕੋਲ ਕੈਲੀਫੋਰਨੀਆ ਰਹਿ ਰਹੇ ਸਨ ਪਰ ਇਲਾਕੇ ਦੀਆਂ ਕਮਿਉਨਿਸਟ ਗਤੀਵਿਧੀਆਂ 'ਚੋਂ ਕਦੇ ਵੀ ਮਨਫੀ ਨਹੀਂ ਹੋਏ। ਉਨ੍ਹਾਂ ਨੇ ਸਾਰੀ ਉਮਰ ਆਪਣੀ ਕਾਮਰੇਡੀ ਤੇ ਅਸੂਲਾਂ ਨੂੰ ਅੰਗ-ਸੰਗ ਰੱਖਿਆ ਤੇ ਆਪਣੇ ਜੱਦੀ ਪਿੰਡ ਨਾਲ ਸਬੰਧ ਰੱਖਣ ਵਾਲੇ ਮਰਹੂਮ ਕਾਂਗਰਸੀ ਨੇਤਾ ਸ. ਦਿਲਬਾਗ ਸਿੰਘ ਦਾ ਅਸਰ ਰਸੂਖ ਹੋਣ ਦੇ ਬਾਵਜੂਦ ਆਪਣੇ ਅਸੂਲਾਂ ਨੂੰ ਤਿਲਾਂਜਲੀ ਨਹੀਂ ਦਿੱਤੀ। ਇਕ ਨਿੱਗਰ ਕਾਮਰੇਡ ਨੇਤਾ ਵਜੋਂ ਆਖਰੀ ਸਾਹ ਲਿਆ।

ਕਰੀਬ ਵੀਹ ਸਾਲ ਪਹਿਲਾਂ ਉਹ ਅਮਰੀਕਾ ਆ ਗਏ ਸਨ ਪਰ ਆਏ ਵਰ੍ਹੇ ਆਪਣੀ ਪੰਜਾਬ ਫੇਰੀ ਦੌਰਾਨ ਉਹ ਕਮਿਉਨਿਸਟ ਪਾਰਟੀਆਂ ਦੀਆਂ ਸਰਗਰਮੀਆਂ 'ਚ ਗਹਿਗੱਚ ਹੋ ਕੇ ਵਿਚਰਦੇ। ਇਹ ਕਾਮਰੇਡ ਨਰਿੰਜਨ ਸਿੰਘ ਹੀ ਸੀ ਕਿ ਕਾਂਗਰਸ ਦਾ ਗੜ੍ਹ ਵਜੋਂ ਜਾਣੇ ਜਾਂਦੇ ਨਵਾਂਸ਼ਹਿਰ ਹਲਕੇ ਵਿਚ ਉਨ੍ਹਾਂ ਨੇ ਜਿਲ੍ਹਾ ਪੱਧਰ ਦਾ ਕਮਿਉਨਿਸਟ ਪਾਰਟੀ ਦਾ ਦਫਤਰ ਉਸਾਰਿਆ



ਕਾਮਰੇਡ ਨਰਿੰਜਨ ਸਿੰਘ ਸੁੱਜੋਂ

ਜਿਸ ਨੂੰ ਮੇਹਲੀ ਭਵਨ ਦਾ ਨਾਂ ਦਿੱਤਾ ਗਿਆ।

ਰਾਜ ਮਿਸਤਰੀ ਦਾ ਕਿੱਤਾ ਕਰਕੇ ਆਪਣੇ ਪੁੱਤਰ ਨਰਿੰਦਰ ਸਿੰਘ, ਨਰਜੀਤ ਸਿੰਘ ਅਤੇ ਕੁਲਦੀਪ ਸਿੰਘ ਨੂੰ ਪੜ੍ਹਾ ਲਿਖਾ ਕੇ ਚੰਗੇ ਕਾਰੋਬਾਰ ਵਿਚ ਹੀ ਨਹੀਂ ਪਾਇਆ ਸਗੋਂ ਕਾਮਰੇਡੀ ਵਿਧੀ ਵਿਧਾਨ ਅਤੇ ਸਿਧਾਂਤਾਂ ਨਾਲ ਵੀ ਜੋੜੀ ਰੱਖਿਆ। ਕਾਮਰੇਡਾਂ ਦੀਆਂ ਦੋਵੇਂ ਜਥੇਬੰਦੀਆਂ ਸੀ. ਪੀ. ਆਈ. (ਐਮ) ਤੇ ਸੀ. ਪੀ. ਆਈ. ਨਾਲ ਜੁੜੇ ਰਹੇ ਅਤੇ 95 ਵਰ੍ਹਿਆਂ ਦੀ ਉਮਰੇ ਵੀ ਖੱਬੇਪੱਖੀ ਲਹਿਰ ਨਾਲ ਇਕਮਿਕ ਹੋ ਕੇ ਤੁਰਦੇ ਰਹੇ।

ਕਾਮਰੇਡੀ ਸਫਾਂ ਵਿਚ ਨਿਰਸਵਾਰਥ ਅਤੇ ਸਮਾਜ ਦੀ ਸੇਵਾ ਵਾਲਾ ਜੀਵਨ ਬਤੀਤ ਕਰਨ ਵਾਲੇ ਕਾਮਰੇਡ ਨਰਿੰਜਨ ਸਿੰਘ ਨੇ ਇਕ ਆਦਰਸ਼, ਮਿਹਨਤ ਭਰਿਆ ਅਤੇ ਅਸੂਲਾਂ ਵਾਲਾ ਜੀਵਨ ਜੀਵਿਆ ਜਿਸ 'ਤੇ ਇਕ ਪੁਤਸਕ ਲਿਖੀ ਜਾ ਸਕਦੀ ਹੈ। ਉਹ ਪਿਛਲੇ ਕੁਝ ਅਰਸੇ ਤੋਂ ਬਿਮਾਰ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਮਨਟੀਕਾ (ਕੈਲੀਫੋਰਨੀਆ) ਵਿਚ 7 ਅਪਰੈਲ ਨੂੰ ਬਾਅਦ ਦੁਪਹਿਰ ਹੋਵੇਗਾ। ਉਹ ਆਪਣੀ ਜੀਵਨ ਸਾਥਨ ਮਹਿੰਦਰ ਕੌਰ ਸਮੇਤ ਦੋਹਤਿਆਂ, ਪੋਤਿਆਂ ਵਾਲਾ ਪਰਿਵਾਰ ਛੱਡ ਗਏ ਹਨ।

ਇਕ ਅਸੂਲਾਂ ਵਾਲੇ ਇਨਸਾਨ ਦੀ ਜ਼ਿੰਦਗੀ ਤੋਂ ਕੁਝ ਸਿੱਖਣਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਰਾਜਿਆਂ-ਲੀਡਰਾਂ ਨੇ ਨਹੀਂ, ਦੇਸ਼ ਵੱਸਦਾ ਲੋਕਾਂ ਨੇ ਰੱਖਿਐ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੇ ਦਿਨਾਂ ਵਿਚ ਬਿਹਾਰ ਵਿਚ ਅੱਗੜ-ਪਿੱਛੜ ਹੋਏ ਦੰਗਿਆਂ ਨੇ ਕਈ ਲੋਕਾਂ ਨੂੰ ਇਹ ਕਹਿਣ ਦਾ ਮੌਕਾ ਦਿੱਤਾ ਹੈ ਕਿ ਉਥੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵਾਸਤੇ ਰਾਜਨੀਤੀ ਦਾ ਰਾਹ ਅੱਗੋਂ ਬੰਦ ਹੋਣ ਦਾ ਵਕਤ ਆ ਪਹੁੰਚਾ ਹੈ। ਉਸ ਲਈ ਭਾਜਪਾ ਨਾਲ ਨਿਭ ਸਕਣਾ ਔਖਾ ਹੋ ਜਾਣਾ ਹੈ ਤੇ ਪਿੱਛੇ ਲਾਲੂ ਪ੍ਰਸ਼ਾਦ ਯਾਦਵ ਵੱਲ ਮੁੜਨਾ ਸੰਭਵ ਨਹੀਂ ਰਿਹਾ। ਭਾਜਪਾ ਨਾਲ ਨਿਭ ਨਾ ਸਕਣ ਦਾ ਕਾਰਨ ਇਸ ਹਫਤੇ ਦੇ ਦੰਗਿਆਂ ਵਿਚ ਭਾਜਪਾ ਆਗੂਆਂ ਦੀ ਚੁਭਣ ਵਾਲੀ ਭੂਮਿਕਾ ਤੇ ਪੁਲਿਸ ਵੱਲੋਂ ਉਨ੍ਹਾਂ ਦੇ ਖਿਲਾਫ ਦਰਜ ਕੀਤੇ ਗਏ ਕੇਸਾਂ ਨਾਲ ਨਿਤੀਸ਼ ਕੁਮਾਰ ਬਾਰੇ ਪੈਦਾ ਹੋਈ ਕੌੜ ਬਣ ਜਾਣੀ ਹੈ। ਬਿਹਾਰ ਕਿਸ ਪਾਸੇ ਨੂੰ ਕਦੋਂ ਕਿੱਦਾਂ ਦਾ ਮੋੜਾ ਕੱਟੇਗਾ, ਇਹ ਬਾਅਦ ਦੀ ਗੱਲ ਹੈ, ਉਸ ਤੋਂ ਪਹਿਲੀ ਗੱਲ ਭਾਰਤ ਦੇ ਹਾਲਾਤ ਦੀ ਹੈ, ਜੋ ਨਿੱਤ ਨਵੇਂ ਦਿਨ ਨਵੇਂ ਰੱਫੜ ਕਾਰਨ ਵਿਗਾੜ ਵੱਲ ਤੁਰੇ ਜਾਂਦੇ ਹਨ ਤੇ ਸਿਆਸਤ ਦੀਆਂ ਗੋਟੀਆਂ ਖੇਡਣ ਦੇ ਸ਼ੌਕੀਨ ਇਨ੍ਹਾਂ ਹਾਲਾਤ ਨੂੰ ਕਾਬੂ ਵਿਚ ਕਰਨ ਦੀ ਥਾਂ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਸੋਚ ਰਹੇ ਹਨ।

ਤਾਜ਼ਾ ਦੰਗਿਆਂ ਦੀ ਸ਼ੁਰੂਆਤ ਬਿਹਾਰ ਦੇ ਭਾਗਲਪੁਰ ਤੋਂ ਹੋਈ ਹੈ। ਇਸੇ ਸ਼ਹਿਰ ਵਿਚ ਸਾਲ 1989 ਵਿਚ ਰਾਮ ਜਨਮ ਭੂਮੀ ਮੰਦਿਰ ਦੀ ਉਸਾਰੀ ਲਈ ਸ਼ਿਲਾ-ਪੂਜਨ ਦਾ ਜਲੂਸ ਕੱਢਣ ਮੌਕੇ ਇੱਕ ਥਾਂ ਭੜਕਾਹਟ ਹੋਈ ਤੇ ਫਿਰ ਅੱਗੇ ਫੈਲ ਗਈ ਸੀ। ਕਰੀਬ ਇੱਕ ਮਹੀਨਾ ਲਾ ਕੇ ਜਦੋਂ ਸਥਿਤੀ ਕਾਬੂ ਵਿਚ ਕੀਤੀ ਗਈ, ਸੈਂਕੜੇ ਲੋਕ ਕਤਲ ਕੀਤੇ ਜਾ ਚੁਕੇ ਸਨ ਤੇ ਕਿਹਾ ਜਾਂਦਾ ਹੈ ਕਿ ਇਸ ਕਿਸਮ ਦੇ ਦੰਗਿਆਂ ਦੌਰਾਨ ਗੁਜਰਾਤ ਵਿਚ ਵੱਧ ਨੁਕਸਾਨ ਹੋਇਆ ਜਾਂ ਭਾਗਲਪੁਰ ਵਿਚ, ਇਸ ਦਾ ਫਰਕ ਕਰਨਾ ਔਖਾ ਹੈ। ਉਸ ਪਿੱਛੋਂ ਇਥੇ ਆਮ ਤੌਰ 'ਤੇ ਸ਼ਾਂਤੀ ਰਹੀ ਸੀ। ਇਸ ਸਾਲ ਫਿਰ ਉਸੇ ਸ਼ਹਿਰ ਵਿਚ ਦੰਗੇ ਹੋ ਗਏ ਤਾਂ ਕਾਰਨ ਰਾਮ ਨੌਮੀ ਦੀ ਉਹ ਯਾਤਰਾ ਬਣੀ, ਜੋ ਉਨ੍ਹਾਂ ਇਲਾਕਿਆਂ ਤੋਂ ਕੱਢੀ ਗਈ, ਜਿੱਧਰ ਜਾਣ ਦੀ ਆਗਿਆ ਨਹੀਂ ਸੀ ਦਿੱਤੀ ਗਈ।

ਕੇਂਦਰ ਸਰਕਾਰ ਦੇ ਇੱਕ ਭਾਜਪਾ ਮੰਤਰੀ ਦੇ ਪੁੱਤਰ ਵਿਰੁਧ ਇਸ ਦੰਗੇ ਦਾ ਕੇਸ ਦਰਜ ਹੋਇਆ ਤਾਂ ਬਿਹਾਰ ਦੇ ਭਾਜਪਾ ਆਗੂ ਚੁੱਪ ਕੀਤੇ ਰਹੇ, ਕਿਉਂਕਿ ਸੱਚਾਈ ਜਾਣਦੇ ਸਨ, ਪਰ ਉਸੇ ਹੀ ਪਾਰਟੀ ਦਾ ਕੇਂਦਰੀ ਮੰਤਰੀ ਅਤੇ ਹੋਰ ਬਾਹਰਲੇ



ਮੌਲਾਨਾ ਇਮਦਾਦੁਲ ਰਸ਼ੀਦੀ

ਆਗੂ ਇਸ ਨੂੰ ਹਵਾ ਦੇਣ ਲੱਗੇ ਰਹੇ। ਨਿਤੀਸ਼ ਕੁਮਾਰ ਨੇ ਇਸ ਸਾਰੇ ਦੌਰ ਵਿਚ ਚੁੱਪ ਨਹੀਂ ਤੋੜੀ ਤੇ ਕਾਰਨ ਇਹ ਹੈ ਕਿ ਉਹ ਰਾਜਸੀ ਭਵਿੱਖ ਦੀ ਚਿੰਤਾ ਵਿਚ ਸਿਰ ਸੁੱਟੀ ਬੈਠਾ ਦੱਸਿਆ ਜਾਂਦਾ ਹੈ। ਬਿਹਾਰ ਦੇ ਇਸ ਸ਼ਹਿਰ ਤੋਂ ਬਾਅਦ ਤਿੰਨ ਹੋਰ ਸ਼ਹਿਰਾਂ ਵਿਚ ਅਜਿਹੇ ਦੰਗੇ ਹੋਏ ਤੇ ਫਿਰ ਸਥਿਤੀ ਦਾ ਵਿਗਾੜ ਸਮੁੱਚੇ ਰਾਜ ਵਿਚ ਤਣਾਓ ਫੈਲਣ ਦਾ ਕਾਰਨ ਬਣਨ ਲੱਗ ਪਿਆ, ਜੋ ਕਦੇ ਕਾਬੂ ਤੋਂ ਬਾਹਰ ਵੀ ਜਾ ਸਕਦਾ ਹੈ।

ਹਾਲਾਤ ਹਾਲੇ ਬਿਹਾਰ ਵਿਚ ਕਾਬੂ ਵਿਚ ਨਹੀਂ ਸੀ ਆਏ ਕਿ ਪੱਛਮੀ ਬੰਗਾਲ ਵਿਚ ਇਹੋ ਚਿੰਗਾੜੀ ਚਲੀ ਗਈ ਤੇ ਆਸਨਸੋਲ ਜਿਹੇ ਵੱਡੇ ਸ਼ਹਿਰ ਸਣੇ ਕਈ ਥਾਂਈਂ ਦੰਗੇ ਹੋਣ ਪਿਛੋਂ ਲੋਕਾਂ ਵਿਚ ਤਣਾਓ ਪੈਦਾ ਹੋਣ ਲੱਗ ਪਿਆ, ਪਰ ਰਾਜ ਦੀ ਮੁੱਖ ਮੰਤਰੀ ਦਿੱਲੀ ਵਿਚ ਬੈਠੀ ਕਹੀ ਜਾਂਦੀ ਰਹੀ ਕਿ ਸਥਿਤੀ ਕਾਬੂ ਹੇਠ ਹੀ ਹੈ। ਬਿਹਾਰ ਸਰਕਾਰ ਵਿਚ ਸ਼ਾਮਲ ਹੋਣ ਕਾਰਨ ਭਾਜਪਾ ਆਗੂ ਉਥੋਂ ਦੀ ਸਥਿਤੀ ਲਈ ਨਿਤੀਸ਼ ਕੁਮਾਰ ਨੂੰ ਕੋਈ ਦੋਸ਼ ਨਹੀਂ ਦਿੰਦੇ, ਚੁੱਪ ਰਹਿ ਜਾਂਦੇ ਹਨ। ਜਦੋਂ ਪੱਛਮੀ ਬੰਗਾਲ ਦੀ ਗੱਲ ਆਉਂਦੀ ਹੈ ਤਾਂ ਸਾਰਾ ਜ਼ਿੰਮਾ ਤ੍ਰਿਣਮੂਲ ਕਾਂਗਰਸ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਸਿਰ ਪਾ ਕੇ ਇੱਕ ਤਰਫਾ ਪ੍ਰਚਾਰ ਦੀ ਮੁਹਿੰਮ ਚਲਾਈ ਜਾਂਦੇ ਹਨ, ਕਿਉਂਕਿ ਅਗਲੀਆਂ ਚੋਣਾਂ 'ਤੇ ਅੱਖ ਟਿਕੀ ਹੋਈ ਹੈ।

ਦੂਜੇ ਪਾਸੇ ਭਾਜਪਾ ਦਾ ਗੜ੍ਹ ਮੰਨੇ ਜਾਣ ਵਾਲੇ ਗੁਜਰਾਤ ਵਿਚ ਦੋ ਘਟਨਾਵਾਂ ਏਦਾਂ ਦੀਆਂ ਵਾਪਰ ਗਈਆਂ ਹਨ ਕਿ ਉਥੇ ਬਿਹਾਰ ਤੇ ਬੰਗਾਲ ਤੋਂ ਵੱਡੀ ਮੁਸ਼ਕਿਲ ਖੜ੍ਹੀ ਹੋ ਸਕਦੀ ਹੈ। ਪਹਿਲੀ ਘਟਨਾ ਉਥੇ ਸੂਰਤ ਸ਼ਹਿਰ ਵਿਚ ਦੋ ਫਿਰਕਿਆਂ ਵਿਚਾਲੇ ਝੜਪ ਦੀ ਹੈ। ਇਸ ਟੱਕਰ ਵਿਚ ਦੋਵਾਂ ਫਿਰਕਿਆਂ ਦੇ ਧਰਮ ਅਸਥਾਨਾਂ 'ਤੇ ਪੱਥਰਬਾਜ਼ੀ ਹੋਣ ਦਾ ਜ਼ਿਕਰ ਆਇਆ ਹੈ, ਪਰ ਆਮ ਲੋਕ ਇਸ ਨੂੰ ਫਿਰਕੂ ਦੰਗਾ ਮੰਨਣ ਨੂੰ ਤਿਆਰ ਨਹੀਂ। ਉਹ ਕਹਿੰਦੇ ਹਨ ਕਿ ਟੱਕਰ ਨਾਜਾਇਜ਼ ਸ਼ਰਾਬ ਵੇਚਣ ਵਾਲੇ ਦੋ ਮਾਫੀਆ ਗਰੋਹਾਂ ਦੀ ਹੈ, ਜਿਨ੍ਹਾਂ ਵਿਚੋਂ ਇੱਕ ਹਿੰਦੂ ਗੈਂਗਸਟਰ ਦੇ ਕੰਟਰੋਲ ਹੇਠ ਚੱਲਦਾ ਹੈ ਤੇ ਦੂਜੇ ਗੈਂਗ ਦੀ ਕਮਾਂਡ ਇੱਕ ਮੁਸਲਿਮ ਗੈਂਗਸਟਰ ਦੇ ਹੱਥ ਹੈ।

ਧਰਮ ਅਸਥਾਨਾਂ 'ਤੇ ਪੱਥਰਬਾਜ਼ੀ ਹੋਈ ਜਾਂ ਨਹੀਂ, ਜੋ ਕੁਝ ਵੀ ਹੋਇਆ ਹੈ, ਇਨ੍ਹਾਂ ਦੋ ਗੈਂਗਾਂ ਦੇ ਬੰਦਿਆਂ ਦਾ ਆਪਸੀ ਹੋਣਾ ਚਾਹੀਦਾ ਸੀ, ਐਵੇਂ ਫਿਰਕੂ ਰੰਗ ਦੇ ਦਿੱਤਾ ਗਿਆ ਹੈ। ਸੋਚਣ ਵਾਲੀ ਖਾਸ ਗੱਲ ਇਹ ਹੈ ਕਿ ਸਾਰੇ ਗੁਜਰਾਤ ਵਿਚ ਸ਼ਰਾਬਬੰਦੀ ਲਾਗੂ ਹੈ ਤੇ ਇਸ ਦੇ ਬਾਵਜੂਦ ਸ਼ਰਾਬ ਵੇਚਣ ਵਾਲੇ ਗਰੋਹ ਉਸ ਰਾਜ ਵਿਚ ਇੰਨੇ ਹਨ ਕਿ ਕੋਈ ਜਿਸ ਕਿਸਮ ਦੀ ਦੇਸੀ, ਵਿਦੇਸ਼ੀ ਜਾਂ ਮਟਕੇ ਦੀ ਕੱਢੀ ਹੋਈ ਦਾਰੂ ਲੈਣੀ ਚਾਹੇ, ਉਸ ਦੀ 'ਹੋਮ ਡਿਲਿਵਰੀ' ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਹ ਗੁਜਰਾਤ ਦੀ ਸੱਚਾਈ ਹੈ।

ਇੱਕ ਵੱਖਰੀ ਗੱਲ ਪੱਛਮੀ ਬੰਗਾਲ ਤੋਂ ਸੁਣਨ ਨੂੰ ਮਿਲੀ ਹੈ, ਜਿਹੜੀ ਇੱਕੋ ਵਕਤ ਦੁੱਖ ਵਾਲੀ ਵੀ ਹੈ ਤੇ ਉਤਸ਼ਾਹ ਬੰਨਾਉਣ ਵਾਲੀ ਵੀ। ਪੰਜਾਬ ਦੇ ਸ਼ਹਿਰ ਪਟਿਆਲੇ ਜਿੰਨੀ ਆਬਾਦੀ ਵਾਲੇ ਪੱਛਮੀ ਬੰਗਾਲ ਦੇ ਸ਼ਹਿਰ ਆਸਨਸੋਲ ਦੇ ਦੰਗਾ ਮਾਰੇ ਹਾਲਾਤ ਵਿਚ ਨੂਰਾਨੀ ਮਸਜਿਦ ਦੇ ਇਮਾਮ ਮੌਲਾਨਾ ਇਮਦਾਦੁਲ ਰਸ਼ੀਦੀ ਦਾ ਪੁੱਤਰ ਅਚਾਨਕ ਗੁੰਮ ਹੋ ਗਿਆ ਅਤੇ ਫਿਰ ਉਸ ਦੀ ਲਾਸ਼ ਮਿਲੀ। ਉਹ ਮੁੰਡਾ ਕਤਲ ਕੀਤਾ ਗਿਆ ਸੀ। ਮੁਸਲਿਮ ਭਾਈਚਾਰੇ ਦੇ ਲੋਕਾਂ ਅਤੇ ਖਾਸ ਕਰ ਕੇ ਉਸ ਭਾਈਚਾਰੇ ਦੇ ਨੌਜਵਾਨਾਂ ਵਿਚ ਇਸ ਦਾ ਬਦਲਾ ਲੈਣ ਦੀਆਂ ਗੱਲਾਂ ਚੱਲ ਰਹੀਆਂ ਸਨ। ਇਸ ਦੌਰਾਨ ਮੌਲਾਨਾ ਇਮਦਾਦੁਲ ਰਸ਼ੀਦੀ ਨੇ ਉਹ ਕਰ ਵਿਖਾਇਆ, ਜਿਸ ਦੀ ਏਦਾਂ ਦੇ ਵਕਤ ਕਿਸੇ ਬਾਪ ਤੋਂ ਆਸ ਨਹੀਂ ਕੀਤੀ ਜਾਂਦੀ। ਉਸ ਨੇ ਭਾਈਚਾਰੇ ਦੇ ਧਾਰਮਿਕ ਇਕੱਠ ਵਿਚ ਜਾ ਕੇ ਕਿਹਾ, "ਮੇਰਾ ਪੁੱਤਰ ਮੈਥੋਂ ਖੋਹ ਲਿਆ ਗਿਆ ਹੈ, ਮੈਂ ਨਹੀਂ ਚਾਹੁੰਦਾ ਕਿ ਹੋਰਨਾਂ ਲੋਕਾਂ ਦੇ ਬੱਚਿਆਂ ਨਾਲ ਇਹੋ ਕੁਝ ਹੋਵੇ, ਇਸ ਲਈ ਮੈਂ ਸ਼ਹਿਰ ਵਿਚ ਅਮਨ ਚਾਹੁੰਦਾ ਹਾਂ, ਕੋਈ ਬਦਲੇ ਦੀ ਕਾਰਵਾਈ ਨਹੀਂ ਕਰਨ ਦੇਣੀ ਤੇ ਜੇ ਕਿਸੇ ਨੇ ਏਦਾਂ ਦੀ ਕੋਈ ਵੀ ਹਰਕਤ ਕੀਤੀ ਤਾਂ ਮੈਂ ਇਹ ਸ਼ਹਿਰ ਛੱਡ ਕੇ ਚਲਾ ਜਾਵਾਂਗਾ।"

ਸੁੰਨ ਵਰਗੀ ਚੁੱਪ ਹਰ ਪਾਸੇ ਫੈਲ ਗਈ। ਸ਼ਹਿਰ ਦਾ ਮੇਅਰ ਜੀਤੇਂਦਰ ਤਿਵਾੜੀ ਉਸ ਦਾ ਧੰਨਵਾਦ ਕਰਨ ਗਿਆ। ਨਤੀਜਾ ਸਭ ਦੇ ਸਾਹਮਣੇ ਹੈ ਕਿ ਉਥੇ ਕਿਸੇ ਨੇ ਬਦਲੇ ਦੀ ਕਾਰਵਾਈ ਨਹੀਂ ਕੀਤੀ ਅਤੇ ਸ਼ਹਿਰ ਨੂੰ ਵੱਸਦਾ ਰੱਖਣ ਲਈ ਅਗਲੇ ਦਿਨ ਏਕਤਾ ਮਾਰਚ ਸ਼ੁਰੂ ਹੋ ਗਿਆ। ਜ਼ਿੰਮੇਵਾਰੀ ਦਾ ਅਹਿਸਾਸ ਇਸੇ ਨੂੰ ਕਿਹਾ ਜਾਂਦਾ ਹੈ।

ਸਦੀਆਂ ਤੋਂ ਅਣਕਿਆਸੇ ਸਮਿਆਂ ਦਾ ਸਾਹਮਣਾ ਕਰਦਾ ਆਇਆ ਇਹ ਦੇਸ਼ ਰਾਜਿਆਂ ਤੇ ਫਿਰ ਲੀਡਰਾਂ ਨੇ ਨਹੀਂ ਸੀ ਵੱਸਦਾ ਰੱਖਿਆ, ਇਸ ਨੂੰ ਉਨ੍ਹਾਂ ਲੋਕਾਂ ਨੇ ਵੱਸਦੇ ਰੱਖਿਆ ਸੀ, ਜਿਨ੍ਹਾਂ ਵਿਚ ਮੌਲਾਨਾ ਇਮਦਾਦੁਲ ਰਸ਼ੀਦੀ ਨੂੰ ਇੱਕ ਕਹਿ ਸਕਦੇ ਹਾਂ। ਉਹ ਇੱਕ ਹੈ, ਪਰ ਉਹ ਇੱਕੋ ਇੱਕ ਨਹੀਂ। ਭਾਰਤ ਦੇ ਕੋਨੇ-ਕੋਨੇ ਵਿਚ ਏਦਾਂ ਦੀ ਸੋਚ ਵਾਲੇ ਲੋਕ ਮਿਲ ਜਾਂਦੇ ਹਨ, ਜਿਹੜੇ ਦੇਸ਼ ਨੂੰ ਵੱਸਦਾ ਰੱਖਣ ਦੇ ਚਾਹਵਾਨ ਹਨ। ਲੀਡਰਾਂ ਨੂੰ ਉਨ੍ਹਾਂ ਲੋਕਾਂ ਤੋਂ ਸਿੱਖਣਾ ਚਾਹੀਦਾ ਹੈ।

# ਪੰਜਾਬੀ ਟ੍ਰਿਬਿਊਨ ਬਨਾਮ ਅੰਗਰੇਜ਼ੀ ਟ੍ਰਿਬਿਊਨ: ਪ੍ਰਸੰਗ ਹਰੀਸ਼ ਖਰੇ

*'ਟ੍ਰਿਬਿਊਨ' ਦੇ ਮੁੱਖ ਸੰਪਾਦਕ ਹਰੀਸ਼ ਖਰੇ ਨੇ ਤਿੰਨ ਸਾਲ ਪਹਿਲਾਂ ਇਹ ਜ਼ਿੰਮੇਵਾਰੀ ਸੰਭਾਲਦਿਆਂ ਸਾਰ ਆਪਣੀ ਆਮਦ ਦਾ ਅਹਿਸਾਸ ਕਰਵਾ ਦਿੱਤਾ ਸੀ। ਉਨ੍ਹਾਂ ਆਪਣੇ ਪਹਿਲੇ ਹੀ ਲੇਖ ਵਿਚ ਜਿਸ ਢੰਗ ਨਾਲ ਨਰਿੰਦਰ ਮੋਦੀ ਅਤੇ ਉਸ ਦੀ ਸਿਆਸਤ ਉਤੇ ਤਿੱਖੀ ਤੇ ਹਮਲਾਵਰ ਟਿੱਪਣੀ ਕੀਤੀ ਸੀ, ਉਸ ਤੋਂ ਘੱਟੋ-ਘੱਟ ਪੰਜਾਬ ਨਾਲ ਜੁੜਿਆ ਹਰ ਜਿਊੜਾ ਅਸ਼ ਅਸ਼ ਕਰ ਉਠਿਆ ਸੀ। ਮਗਰੋਂ ਆਪਣੀ ਹਰ ਲਿਖਤ ਵਿਚ ਉਨ੍ਹਾਂ ਇਹ ਜਲੌਅ ਕਾਇਮ ਰੱਖਿਆ। ਇਸੇ ਕਰ ਕੇ ਹੁਣ ਜਦੋਂ ਉਹ ਕੁਝ ਪ੍ਰਸ਼ਾਸਕੀ ਕਾਰਨਾਂ ਕਰ ਕੇ ਅਖਬਾਰ ਛੱਡ ਕੇ ਗਏ ਹਨ ਤਾਂ ਪੰਜਾਬੀ ਪਿਆਰਿਆਂ ਨੇ ਆਪੋ-ਆਪਣੇ ਢੰਗ ਨਾਲ ਉਨ੍ਹਾਂ ਦੀ ਸ਼ਖਸੀਅਤ ਅਤੇ ਲਿਖਤਾਂ ਬਾਰੇ ਗੱਲ ਕੀਤੀ ਹੈ। ਪ੍ਰੋ. ਅਵਤਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਆਪਣੀਆਂ ਅਤੇ ਹਜ਼ਾਰਾਂ ਹੋਰ ਪਾਠਕਾਂ ਦੀਆਂ ਭਾਵਨਾਵਾਂ ਦੀ ਨੁਮਾਇੰਦਗੀ ਕੀਤੀ ਹੈ। -ਸੰਪਾਦਕ*

ਫਗਵਾੜੇ ਰਾਮਗੜ੍ਹੀਏ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਸੀ, ਗਿੱਲ। ਉਸ ਨੇ ਆਪਣੇ ਬੱਚਿਆਂ ਦੀ ਅੰਗਰੇਜ਼ੀ 'ਤੇ ਕੁਝ ਜ਼ਿਆਦਾ ਹੀ ਜ਼ੋਰ ਦੇ ਦਿੱਤਾ।

ਪ੍ਰੋ. ਗਿੱਲ ਨੂੰ ਤਾਂ ਮੈਂ ਬਾਅਦ ਵਿਚ ਮਿਲਿਆ, ਪਹਿਲਾਂ ਉਸ ਦੇ ਬੇਟੇ ਹਰਿੰਦਰ ਗਿੱਲ ਨਾਲ ਚੰਡੀਗੜ੍ਹ ਵਿਚ ਮੁਲਾਕਾਤ ਹੋਈ। ਪੰਜਾਬ ਯੂਨੀਵਰਸਿਟੀ 'ਚ ਉਹ ਮੇਰਾ ਸੁਪਰ ਸੀਨੀਅਰ ਸੀ। ਯੂਨੀਵਰਸਿਟੀ ਵਿਚ ਜਦ ਕਿਤੇ ਉਹ ਅੰਗਰੇਜ਼ੀ ਬੋਲਦਾ ਤਾਂ ਲੋਕ ਉਸ ਦੇ ਮੂੰਹ ਵੱਲ ਦੇਖਦੇ ਰਹਿ ਜਾਂਦੇ। ਅੰਗਰੇਜ਼ੀ ਉਸ ਨੂੰ ਇੰਨੀ ਫੱਬਦੀ ਸੀ ਕਿ ਉਸ ਦੀ ਅੰਗਰੇਜ਼ੀ ਦੀਆਂ ਧੁੰਮਾਂ ਮੈਂ ਕੰਨੀਂ ਸੁਣੀਆਂ ਤੇ ਅੱਖੀਂ ਦੇਖੀਆਂ। ਪੰਜਾਬੀ ਵਾਲਿਆਂ ਨੂੰ ਛੇੜ ਵਜੋਂ ਉਹ ਗੁਰਮੁਖੀ ਵਾਲੇ ਕਹਿੰਦਾ। ਗਿੱਲ



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਦਾ ਪੱਕਾ ਵਿਸ਼ਵਾਸ ਸੀ ਕਿ ਯੂਨੀਵਰਸਿਟੀ ਦੇ ਕਿਸੇ ਹੋਰ ਵਿਦਿਆਰਥੀ ਨੂੰ ਅੰਗਰੇਜ਼ੀ ਨਹੀਂ ਆਉਂਦੀ। ਇਹ ਵਿਸ਼ਵਾਸ ਹੀ ਗਿੱਲ ਦੀ ਪੂੰਜੀ ਸੀ। ਸਿਰਫ ਢੱਲ ਬਾਬਤ, ਗਿੱਲ ਕਦੀ ਕਦੀ ਕਹਿੰਦਾ, "ਹੀ ਨੋਜ਼ ਅ ਫਿਊ ਵਰਡਜ਼।" ਢੱਲ ਵੀ ਗਿੱਲ ਦੀ ਇਹ ਗੱਲ ਦੋਸਤਾਂ ਦੀ ਸਜੀ ਮਹਿਫਿਲ ਵਿਚ, ਬੜੇ ਮਾਣ ਨਾਲ ਦੱਸਦਾ।

1978 ਦੀ ਗੱਲ ਹੈ ਕਿ ਕਿਸੇ ਨੇ ਗਿੱਲ ਨੂੰ ਦੱਸਿਆ ਕਿ ਨਵਾਂ ਅਖਬਾਰ ਸ਼ੁਰੂ ਹੋ ਗਿਆ। ਗਿੱਲ ਨੇ ਬੜੀ ਉਤਸੁਕਤਾ ਨਾਲ ਪੁੱਛਿਆ, 'ਕਿਹੜਾ?' ਪਤਾ ਲੱਗਾ ਕਿ 'ਪੰਜਾਬੀ ਟ੍ਰਿਬਿਊਨ' ਸ਼ੁਰੂ ਹੋਇਆ ਸੀ। ਗਿੱਲ ਕਹਿਣ ਲੱਗਾ, "ਪੰਜਾਬੀ ਟ੍ਰਿਬਿਊਨ ਦੀ ਕੀ ਜ਼ਰੂਰਤ ਸੀ!... ਅੰਗਰੇਜ਼ੀ ਟ੍ਰਿਬਿਊਨ ਪੰਜਾਬੀ ਟ੍ਰਿਬਿਊਨ ਹੀ ਹੈ!"

ਸਾਰੇ ਹੱਸ ਪਏ ਤੇ ਹੈਰਾਨ ਹੋਏ ਸੋਚਣ ਲੱਗ ਪਏ ਕਿ ਗਿੱਲ ਦੀ ਇਸ ਗੱਲ ਦਾ ਕੀ ਰਹੱਸ ਹੋਇਆ! ਇਸ ਗੱਲ ਨੂੰ 39 ਸਾਲ ਹੋ ਗਏ ਹਨ; ਗਿੱਲ ਅਗਲੇ ਲੋਕ 'ਚ ਜਾ ਜਾਂ ਸਮਾ ਚੁਕਾ ਹੈ। ਗਿੱਲ ਦੀਆਂ ਸਿਰਫ ਗੱਲਾਂ ਪਿੱਛੇ ਰਹਿ ਗਈਆਂ ਹਨ। ਕਹਿੰਦੇ ਹਨ, ਔਲੇ ਦਾ ਸੁਆਦ ਤੇ ਸਿਆਣੇ ਦੀ ਗੱਲ ਦਾ ਦੇਰ ਬਾਅਦ ਪਤਾ ਲੱਗਦਾ ਹੈ। ਗਿੱਲ ਦੀ ਗੱਲ ਦਾ ਤਾਤਪਰਜ ਵੀ ਉਦੋਂ ਸਮਝ ਆਇਆ ਜਦ ਅੰਗਰੇਜ਼ੀ ਟ੍ਰਿਬਿਊਨ ਦਾ ਸੰਪਾਦਕ ਹਰੀਸ਼ ਖਰੇ ਆਣ ਲੱਗਾ। ਹਰ ਹਫਤੇ ਉਸ ਦਾ ਸੰਪਾਦਕੀ ਲੇਖ ਅਤੇ ਕੌਫੀ ਕਲਾਸ ਪੜ੍ਹਨ ਦਾ ਮੌਕਾ ਮਿਲਦਾ। ਗਿਆਨ ਦੀ ਵਿਸ਼ਾਲਤਾ ਤੇ ਭਰਪੂਰਤਾ, ਪੁਖਤਾ ਬੌਧਿਕ ਇਖਲਾਕ ਅਤੇ ਭਾਸ਼ਾ 'ਤੇ ਸਿਰੇ ਦੀ ਕਲਾਤਮਿਕ ਪਕੜ। ਉਸ ਦਾ ਇੱਕ ਵੀ ਸ਼ਬਦ ਕਦੀ ਵੀ ਵਾਧੂ ਜਾਂ ਬੇਲੋੜਾ ਨਹੀਂ ਸੀ ਹੁੰਦਾ। ਉਸ ਦਾ ਹਰ ਸ਼ਬਦ ਅਹਿਸਾਸ ਦੇ ਅੰਦਰ ਖੁੱਭ ਗਿਆ ਪ੍ਰਤੀਤ ਹੁੰਦਾ। ਉਸ ਦਾ ਹਰ ਸ਼ਬਦ ਅੰਤਹਕਰਣ ਦੇ ਧੁਰ ਅੰਦਰੋਂ ਅਹਿਸਾਸ ਨੂੰ ਖਿੱਚ ਖਿੱਚ ਲੈ ਆਉਂਦਾ। ਕਈ ਸ਼ਬਦ ਅਜਿਹੇ ਹੁੰਦੇ, ਲੱਗਦਾ ਕਿ ਸਪੈਲਿੰਗ ਗਲਤ ਛਪ ਗਏ ਹੋਣਗੇ। ਡਿਕਸ਼ਨਰੀ ਚੁੱਕਣੀ ਤਾਂ ਨਵੇਂ ਸ਼ਬਦ ਦੇ ਦੀਦਾਰ ਹੋਣੇ। ਮਨ ਖਿੜ ਜਾਣਾ। 'ਅੰਗਰੇਜ਼ੀ ਟ੍ਰਿਬਿਊਨ' ਸੱਚਮੁਚ 'ਅੰਗਰੇਜ਼ੀ ਟ੍ਰਿਬਿਊਨ' ਹੋ ਗਿਆ ਸੀ।

ਫਿਰ 'ਪੰਜਾਬੀ ਟ੍ਰਿਬਿਊਨ' ਦੀ ਮਹੱਤਤਾ ਵੀ ਉਜਾਗਰ ਹੋਈ। ਗਿੱਲ ਦੀ ਗੱਲ ਗਲਤ ਲੱਗਣ ਲੱਗ ਪਈ। ਲੱਗਣ ਲੱਗ ਪਿਆ ਕਿ 'ਪੰਜਾਬੀ ਟ੍ਰਿਬਿਊਨ' ਦੀ ਸਖਤ ਲੋੜ ਹੈ। ਹਰੀਸ਼ ਖਰੇ ਦੀ ਹਰ ਲਿਖਤ ਦਾ ਪੰਜਾਬੀ ਤਰਜਮਾ ਪੜ੍ਹਨਾ ਪੈਂਦਾ। ਪੰਜਾਬੀ ਵਾਲਿਆਂ ਨੇ ਵੀ ਪੂਰਾ ਤਾਣ ਅਤੇ ਟਿੱਲ ਲਾ ਕੇ ਅਨੁਵਾਦ ਕਰਨਾ। ਕਦੀ ਕਦੀ ਅਸਲ ਤੇ ਅਨੁਵਾਦ ਦਾ ਫਰਕ ਇਸ ਕਦਰ ਸਿਮਟ ਜਾਣਾ ਕਿ ਇੰਜ ਲੱਗਣਾ, ਜਿਵੇਂ ਹਰੀਸ਼ ਖਰੇ ਨੇ ਹੀ ਪੰਜਾਬੀ 'ਚ ਲਿਖਿਆ ਹੋਵੇ। ਅਨੁਵਾਦਕ ਨੇ ਪੰਜਾਬੀ ਦਾ ਰੰਗ ਰੂਪ, ਟੌਹਰ ਅਤੇ ਠਾਠ-ਬਾਠ ਇਸ ਕਦਰ ਲਿਸ਼ਕਾ ਦੇਣੀ ਕਿ ਪੰਜਾਬੀ ਦੀ ਮੌਲਿਕਤਾ ਤੇ ਅਹਿਮੀਅਤ ਪ੍ਰਤੱਖ ਹੋ ਜਾਣੀ।

'ਪੰਜਾਬੀ ਟ੍ਰਿਬਿਊਨ' ਦੇ ਸਿਰ 'ਤੇ ਹਰੀਸ਼ ਖਰੇ ਦੇ ਅਨੁਵਾਦ ਦਾ ਜਾਦੂ ਇਸ ਕਦਰ ਚੜ੍ਹ ਚੜ੍ਹ ਬੋਲਿਆ ਕਿ ਕਦੀ ਕਦੀ 'ਪੰਜਾਬੀ ਟ੍ਰਿਬਿਊਨ' ਹੀ 'ਅੰਗਰੇਜ਼ੀ ਟ੍ਰਿਬਿਊਨ' ਲੱਗਣ ਲੱਗ ਜਾਂਦੀ। ਗਿੱਲ ਦੀ ਗੱਲ ਦਾ ਐਂਟੀ ਥੀਸਿਸ ਹੋਣ ਲੱਗ ਪਿਆ।

ਸੁਣਿਆ ਹੈ ਕਿ ਭਰਤਰੀ ਜੀ ਦਾ ਇੱਕ ਸ਼ਲੋਕ ਡਾ. ਇਕਬਾਲ ਨੇ ਅਨੁਵਾਦ ਕੀਤਾ: ਮਨ ਨਜ਼ਰ ਖ੍ਵਾਹਮ, ਊ ਖਬਰ ਗੋਯਦ; ਅਰਥਾਤ ਮੈਂ ਨਜ਼ਰ ਦੀ ਤਲਾਸ਼ 'ਚ ਹਾਂ, ਪਰ ਉਹ ਖਬਰਾਂ ਸੁਣਾਈ ਜਾ ਰਿਹਾ ਹੈ। ਹਰੀਸ਼ ਖਰੇ ਦੀ ਲਿਖਤ ਵਿਚ ਦੁਨੀਆਂ ਦੀ ਹਰ ਖਬਰ, ਨਜ਼ਰ ਦਾ ਵਾਹਨ ਬਣ ਜਾਂਦੀ; ਉਸ ਨੂੰ ਪਤਾ ਸੀ ਕਿ ਨਜ਼ਰ ਦੇ ਬਗੈਰ ਨਿਰੋਲ ਖਬਰ ਕਿਸ ਕੰਮ! ਖਬਰ ਤੇ ਨਜ਼ਰ-ਇਕ ਦੂਜੀ ਵਿਚ ਰਚ-ਮਿਚ ਜਾਂਦੀਆਂ।

ਦਿੱਲੀ ਵਿਸ਼ਵ ਵਿਦਿਆਲੇ ਦੇ ਸੋਸ਼ਿਆਲੋਜੀ ਦੇ ਪ੍ਰੋ. ਓਬਰਾਏ ਨੂੰ ਮੈਂ ਕਿਤੇ ਉਨ੍ਹਾਂ ਦੇ ਪਿਤਾ ਡਾ. ਮੋਹਣ ਸਿੰਘ ਦੀਵਾਨਾ ਦੀ ਕੋਈ ਗੱਲ ਪੁੱਛ ਬੈਠਾ। ਕਹਿਣ ਲੱਗੇ, "ਉਨ੍ਹਾਂ ਨੇ ਅਖਬਾਰ 'ਚ ਲਿਖਿਆ ਕਿ ਕਿਤਾਬ 'ਚ?" ਪ੍ਰੋ. ਓਬਰਾਏ ਨੂੰ ਪੁੱਛਿਆ ਸਵਾਲ ਵਿੱਸਰ ਗਿਆ ਤੇ ਨਵਾਂ ਸਵਾਲ ਖੜ੍ਹਾ ਹੋ ਗਿਆ। ਅਖਬਾਰ ਤੇ ਕਿਤਾਬ 'ਚ ਵੀ ਕੋਈ ਫਰਕ ਹੈ? ਸਵਾਲ ਦਰ ਸਵਾਲ ਕਰਨ ਦੀ ਆਦਤ ਨਹੀਂ ਸੀ; ਚੁੱਪ ਹੀ ਕਰ ਗਿਆ। ਉਹੀ



ਔਲੇ ਦਾ ਖਾਧਾ ਤੇ ਸਿਆਣੇ ਦੀ ਗੱਲ। ਕਾਫੀ ਦੇਰ ਬਾਅਦ ਸਮਝ ਲੱਗੀ ਕਿ ਕਿਤਾਬ ਤੇ ਅਖਬਾਰ ਵਿਚ ਕੀ ਅੰਤਰ ਹੁੰਦਾ ਹੈ। ਅਖਬਾਰ ਖਬਰ ਦਾ ਬਹੁਵਚਨ ਹੈ ਤੇ ਕਿਤਾਬ ਨਜ਼ਰ ਦਾ ਵਾਹਨ। ਅਖਬਾਰ ਲਈ ਲਿਖਣ ਲੱਗਿਆਂ ਬੰਦਾ ਹੋਰ ਹੁੰਦਾ ਹੈ ਤੇ ਕਿਤਾਬ ਲਿਖਣ ਲੱਗਿਆਂ ਹੋਰ।

ਹਰੀਸ਼ ਖਰੇ ਦੀ ਹਰ ਲਿਖਤ ਪੜ੍ਹਦਿਆਂ ਮਹਿਸੂਸ ਹੁੰਦਾ, ਜਿਵੇਂ ਕਿਤਾਬ ਪੜ੍ਹ ਰਹੇ ਹੋਈਏ। ਉਸ ਨੇ ਕਿਤਾਬ ਅਤੇ ਅਖਬਾਰ ਵਿਚਲਾ ਫਰਕ ਮੇਟ ਜਾਂ ਸਮੇਟ ਦਿੱਤਾ। ਇਹ ਉਸ ਦੀ ਅਲੋਕਾਰੀ ਪ੍ਰਤਿਭਾ, ਕਮਾਲ ਦੀ ਕਲਾਕਾਰੀ ਅਤੇ ਬੇਜੋੜ ਜੁਗਤ ਸੀ। ਉਹ ਸ਼ਬਦਾਂ ਦਾ ਜਾਦੂਗਰ ਅਤੇ ਵਾਕਾਂ ਦਾ ਫਰਿਸ਼ਤਾ ਸੀ। ਸ਼ਬਦਾਂ ਦੀ ਜੜਤ ਅਤੇ ਵਾਕਾਂ ਦੀ ਜੁਗਤ ਵਿਚ ਉਹ ਆਪਣੀ ਭਾਸ਼ਾਈ ਮੁਹਾਰਤ ਦੇ ਜਲਵੇ ਬਿਖੇਰ ਦਿੰਦਾ। ਉਸ ਦੇ ਸ਼ਬਦਾਂ ਤੇ ਵਾਕਾਂ ਦਾ ਸੱਚ ਸਨਾਤਨ ਅਰਥਾਤ ਸਦੀਵੀ ਸੱਤ ਪ੍ਰਤੀਤ ਹੁੰਦਾ। ਉਸ ਦੇ ਸ਼ਬਦ ਹਕੂਮਤ ਦੇ ਭੈ ਤੋਂ ਹਮੇਸ਼ਾ ਨਿਰਲੇਪ ਰਹਿੰਦੇ। ਉਸ ਦੇ ਸ਼ਬਦ ਇੱਕ ਆਪਣੀ ਕਿਸਮ ਦਾ ਭੈ ਸਿਰਜ ਦਿੰਦੇ; "ਏਕੋ ਸੱਤ ਦੁਤੀਆ ਨਾਸੱਤ" ਵਾਲਾ। ਉਸ ਦੇ ਕਈ ਵਾਕ ਕਿਸੇ ਉਪਨਿਸ਼ਦ ਦੀ ਵਿਆਖਿਆ ਹੁੰਦੇ।

ਕਦੀ ਕਦੀ ਇਵੇਂ ਲੱਗਦਾ, ਜਿਵੇਂ ਉਹ ਕਿਸੇ ਬੋਧ ਬਿਰਖ ਹੇਠ ਤਪ ਕਰਕੇ ਆਇਆ ਹੋਵੇ; ਜਾਂ ਕਿਤੇ ਚੁੱਪ ਦੀ ਅਨੰਤ ਸਾਧਨਾ ਕਰ ਚੁਕਾ ਹੋਵੇ; ਕਿਤੇ ਕਿਤੇ ਉਹ ਵਿਟਗਨਸਟੀਨ ਦਾ ਵਿਦਿਆਰਥੀ ਲੱਗਦਾ, ਕਦੀ ਰਸਲ ਦਾ ਚੇਲਾ।

ਸਹਿਜ ਅਤੇ ਸੰਜਮ ਦਾ ਏਨਾ ਪੱਕਾ ਕਿ ਉਹ ਮੈਨੂੰ ਸਹਿਜਧਾਰੀ ਸਿੱਖ ਪ੍ਰਤੀਤ ਹੁੰਦਾ। ਗੱਲ ਕੀ, ਉਸ ਦੀ ਹਰ ਲਿਖਤ ਵਿਚ ਦੁਨੀਆਂ ਦਾ ਹਰ ਦਾਨਿਸ਼ਵਰ ਅਤੇ ਹਰ ਸੱਚ ਬੋਲਦਾ। ਜਿਵੇਂ ਕਿਸੇ ਮਾਂ ਨੇ ਕੁੱਲ ਸਿਆਣਪਾਂ ਦੇ ਨਿਚੋੜ ਦਾ ਨਾਂ 'ਹਰੀਸ਼ ਖਰੇ' ਰੱਖ ਦਿੱਤਾ ਹੋਵੇ।

ਹਿੰਦੁਸਤਾਨ ਨੂੰ ਇੱਕ ਅੱਛੇ ਮੁਲਕ ਦਾ ਅਕਸ ਦੇਣ ਲਈ, ਉਸ ਕੋਲ ਵਿਸ਼ੇਸ਼ ਅੰਤਰਦ੍ਰਿਸ਼ਟੀ ਸੀ। ਅਸੀਂ ਬੇਸ਼ੱਕ ਉਸ ਨੂੰ ਨਾ ਸਮਝ ਸਕੇ, ਨਾ ਜਾਣ ਸਕੇ। ਪਰ, ਭ੍ਰਿਸ਼ਟ ਸਰਕਾਰੀ ਤੰਤਰ ਉਸ ਨੂੰ ਬੁਰੀ ਅਤੇ ਪੂਰੀ ਤਰ੍ਹਾਂ ਸਮਝਦਾ ਸੀ। ਸੌੜੀ ਅਤੇ ਬੌਣੀ ਰਾਜਨੀਤੀਵੇਤਾ ਅਤੇ ਨੇਤਾ ਉਸ ਦੀ ਨੇਕਨੀਤੀ ਨੂੰ ਖੂਬ ਪਛਾਣਦੇ ਅਤੇ ਜਾਣਦੇ ਸਨ।

ਅਸੀਂ ਸਮਝ ਸਕਦੇ ਹਾਂ ਕਿ ਸਾਰੇ ਭ੍ਰਿਸ਼ਟਵਾਨਾਂ ਨੇ ਰਲ ਕੇ ਹਰੀਸ਼ ਖਰੇ ਲਈ ਆਪਣੇ ਸੰਕਲਪ 'ਤੇ ਖੜ੍ਹੇ ਰਹਿਣਾ ਮੁਹਾਲ ਕਰ ਦਿੱਤਾ ਹੋਵੇਗਾ। ਉਹ 'ਅੰਗਰੇਜ਼ੀ ਟ੍ਰਿਬਿਊਨ' ਦਾ ਸੰਪਾਦਕ ਰਿਹਾ ਨਾ ਰਿਹਾ; ਆਪਣੀ ਸੰਪਾਦਕੀ ਪ੍ਰਤਿੱਗਿਆ 'ਤੇ ਹਰ ਹਾਲ ਕਾਇਮ ਰਿਹਾ। ਖਰੇ ਦੀ ਹਰ ਗੱਲ ਖਰੀ ਹੁੰਦੀ। ਸੱਚਮੁਚ 'ਪੂਰਨ ਪੁਰਖ ਨਹੀ ਡੋਲਾਨੇ।'

ਹੁਣ ਉਸ ਦੇ ਜਾਣ 'ਤੇ 'ਅੰਗਰੇਜ਼ੀ ਟ੍ਰਿਬਿਊਨ' ਫਿਰ 'ਪੰਜਾਬੀ ਟ੍ਰਿਬਿਊਨ' ਹੋ ਗਿਆ ਹੈ। ਹਰੀਸ਼ ਖਰੇ 'ਅੰਗਰੇਜ਼ੀ ਟ੍ਰਿਬਿਊਨ' ਦੀ ਅੰਗਰੇਜ਼ੀ ਆਪਣੇ ਨਾਲ ਲੈ ਗਿਆ ਹੈ। ਹੁਣ ਫਿਰ, ਗਿੱਲ ਦੀ ਗੱਲ, ਠੀਕ ਲੱਗਣ ਲੱਗ ਪਈ ਹੈ, "ਅੰਗਰੇਜ਼ੀ ਟ੍ਰਿਬਿਊਨ, ਪੰਜਾਬੀ ਟ੍ਰਿਬਿਊਨ ਹੀ ਹੈ।"

ਪੰਜਾਬ ਟਾਈਮਜ਼

*ਸਨਿਚਰਵਾਰ, 7 ਅਪਰੈਲ 2018*

## *ਹਿੰਦੂਤਵੀ ਹਮਲੇ ਜਾਰੀ*

ਐਸ.ਸੀ/ਐਸ.ਟੀ. ਵਧੀਕੀਆਂ ਰੋਕੂ ਕਾਨੂੰਨ ਬਾਰੇ ਟਿੱਪਣੀ ਭਾਵੇਂ ਸੁਪਰੀਮ ਕੋਰਟ ਵੱਲੋਂ ਆਈ ਹੈ ਪਰ ਜਿਸ ਢੰਗ ਨਾਲ ਮੋਦੀ ਸਰਕਾਰ ਨੇ ਇਸ ਮਸਲੇ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਸਪਸ਼ਟ ਹੋ ਗਿਆ ਹੈ ਕਿ ਸਮੁੱਚੀ ਕਵਾਇਦ ਦਾ ਨਿਸ਼ਾਨਾ ਅਸਲ ਵਿਚ ਹਿੰਦੂਤਵ ਵੱਲ ਪੇਸ਼ਕਦਮੀ ਹੀ ਹੈ। ਇਸ ਦੇ ਨਾਲ ਹੀ 'ਜਾਅਲੀ ਖਬਰਾਂ' ਦੇ ਬਹਾਨੇ ਸਰਕਾਰ ਨੇ ਜਿਸ ਢੰਗ ਨਾਲ ਮੀਡੀਆ ਨੂੰ ਨੱਥ ਪਾਉਣ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ, ਉਨ੍ਹਾਂ ਦਾ ਬਹੁਤ ਵੱਡੀ ਪੱਧਰ ਉਤੇ ਵਿਰੋਧ ਸ਼ੁਰੂ ਹੋ ਗਿਆ। ਸਿੱਟੇ ਵਜੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਮਜਬੂਰੀਵੱਸ ਖੁਦ ਇਸ ਮਾਮਲੇ ਵਿਚ ਪਹਿਲਕਦਮੀ ਕਰਨੀ ਪਈ ਅਤੇ ਇਹ ਦਿਸ਼ਾ ਨਿਰਦੇਸ਼ ਤੁਰੰਤ ਵਾਪਸ ਲੈਣੇ ਪੈ ਗਏ। ਐਸ.ਸੀ./ਐਸ.ਟੀ. ਕਾਨੂੰਨ ਮਾਮਲੇ ਬਾਰੇ ਵੀ ਤਿੱਖਾ ਵਿਰੋਧ ਹੋਣ ਕਰ ਕੇ ਸਰਕਾਰ ਨੂੰ ਸਫਾਈਆਂ ਦੇਣੀਆਂ ਪੈ ਰਹੀਆਂ ਹਨ ਅਤੇ ਫਿਲਹਾਲ ਇਸ ਨੂੰ ਇਸ ਮਾਮਲੇ ਵਿਚ ਵੀ ਪਿਛੇ ਮੁੜਨਾ ਪਿਆ ਹੈ। ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਇਹ ਸਰਕਾਰ ਆਪਣੇ ਹਿੰਦੂ ਰਾਸ਼ਟਰ ਦੇ ਮੁੱਦੇ ਤੋਂ ਰੱਤੀ ਭਰ ਵੀ ਟੱਸ ਤੋਂ ਮੱਸ ਨਹੀਂ ਹੋ ਰਹੀ ਅਤੇ ਇਸ ਦੀ ਹਰ ਕਾਰਵਾਈ ਹਿੰਦੂ ਰਾਸ਼ਟਰ ਵੱਲ ਕਦਮ ਵਧਾਉਣ ਵੱਲ ਹੀ ਹੁੰਦੀ ਹੈ। ਰਾਖਵਾਂਕਰਨ ਬਾਰੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਦੇ ਵਿਚਾਰ ਕਿਸੇ ਤੋਂ ਲੁਕੇ ਹੋਏ ਨਹੀਂ ਹਨ। ਬਿਹਾਰ ਵਿਧਾਨ ਸਭਾ ਚੋਣਾਂ ਮੌਕੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਰਾਖਵਾਂਕਰਨ ਬਾਰੇ ਆਪਣੇ ਸਪਸ਼ਟ ਵਿਚਾਰ ਪ੍ਰਗਟ ਕਰ ਦਿੱਤੇ ਸਨ ਜੋ ਵੋਟਾਂ ਦੀ ਸਿਆਸਤ ਕਾਰਨ ਉਦੋਂ ਉਨ੍ਹਾਂ ਨੂੰ ਵਾਪਸ ਵੀ ਲੈਣੇ ਪੈ ਗਏ ਸਨ। ਐਸ.ਸੀ/ਐਸ.ਟੀ. ਕਾਨੂੰਨ ਬਾਰੇ ਵੀ ਅਜਿਹਾ ਹੀ ਵਾਪਰਿਆ ਹੈ। ਸੁਪਰੀਮ ਕੋਰਟ ਦਾ ਇਹ ਸਹੀ ਫੈਸਲਾ ਹੈ ਕਿ ਐਸ.ਸੀ/ਐਸ.ਟੀ. ਕਾਨੂੰਨ ਤਹਿਤ ਆਈ ਸ਼ਿਕਾਇਤ ਦੀ ਮੁਕੰਮਲ ਜਾਂਚ ਤੋਂ ਬਾਅਦ ਹੀ ਮੁਲਜ਼ਮ ਖਿਲਾਫ ਕੋਈ ਕਾਰਵਾਈ ਹੋਣੀ ਚਾਹੀਦੀ ਹੈ ਪਰ ਸਵਾਲ ਇਹ ਹੈ ਕਿ ਦੇਸ਼ ਅੰਦਰ ਜੋ ਮਾਹੌਲ ਹੈ, ਕੀ ਉਸ ਮੁਤਾਬਕ ਇਸ ਮਾਮਲੇ ਵਿਚ ਦਲਿਤਾਂ ਨੂੰ ਇਨਸਾਫ ਦੀ ਕੋਈ ਆਸ ਬਾਕੀ ਬਚਦੀ ਹੈ। ਦੇਸ਼ ਦਾ ਸਮੁੱਚਾ ਢਾਂਚਾ ਧਨਾਢਾਂ ਅਤੇ ਰਸੂਖਵਾਨਾਂ ਦੇ ਕਹਿਣੇ 'ਤੇ ਚੱਲਦਾ ਹੈ। ਐਸ.ਸੀ/ਐਸ.ਟੀ. ਕਾਨੂੰਨ ਬਣਾਇਆ ਹੀ ਇਸ ਕਰ ਕੇ ਸੀ ਤਾਂ ਕਿ ਦੱਬੇ-ਕੁਚਲਿਆਂ ਨੂੰ ਤੁਰੰਤ ਇਨਸਾਫ ਮਿਲ ਸਕੇ। ਜੇ ਇਸ ਕਾਨੂੰਨ ਦੀ ਕਿਤੇ ਦੁਰਵਰਤੋਂ ਹੋਈ ਹੈ ਤਾਂ ਉਸ ਮੋਰੀ ਨੂੰ ਮੁੰਦਣ ਦੀ ਥਾਂ ਸੁਪਰੀਮ ਕੋਰਟ ਨੇ ਨਵਾਂ ਫੈਸਲਾ ਸੁਣਾ ਦਿੱਤਾ ਹੈ ਜੋ ਇਸ ਦੇ ਅਧਿਕਾਰ ਖੇਤਰ ਵਿਚ ਵੀ ਨਹੀਂ ਹੈ। ਨਹੀਂ ਤਾਂ ਘੱਟ-ਗਿਣਤੀਆਂ ਨਾਲ ਸਬੰਧਤ ਕਿੰਨੇ ਨੌਜਵਾਨ ਅੱਜ ਬਿਨਾ ਕੋਈ ਕੇਸ ਦਰਜ ਕੀਤਿਆਂ ਜੇਲ੍ਹਾਂ ਵਿਚ ਸੜ ਰਹੇ ਹਨ। ਲੱਖ ਅਪੀਲਾਂ-ਦਲੀਲਾਂ ਦੇ ਬਾਵਜੂਦ ਸੁਪਰੀਮ ਕੋਰਟ ਨੂੰ ਇਨ੍ਹਾਂ ਦੇ ਅਧਿਕਾਰਾਂ ਦਾ ਤਾਂ ਕਦੀ ਫਿਕਰ ਨਹੀਂ ਹੋਇਆ ਪਰ ਉਚ ਜਾਤੀ ਖਿਲਾਫ ਐਸ.ਸੀ./ਐਸ.ਟੀ. ਕਾਨੂੰਨ ਦੀ ਦੁਰਵਰਤੋਂ ਇਸ ਨੂੰ ਅਹਿਮ ਲੱਗੀ ਹੈ। ਜ਼ਾਹਰ ਹੈ ਕਿ ਅਦਾਲਤ ਅਤੇ ਸਰਕਾਰ ਦੀ ਸੋਚ ਵਿਚ ਹੀ ਕਿਤੇ ਬਦਨੀਤੀ ਹੈ, ਇਸੇ ਕਰ ਕੇ ਇਸ ਇਕ ਮੁੱਦੇ ਨੂੰ ਛਾਂਟ ਕੇ ਇਸ ਬਾਰੇ ਫੈਸਲਾ ਸੁਣਾ ਦਿੱਤਾ ਗਿਆ ਹੈ। ਤੱਥ ਇਹ ਵੀ ਹਨ ਕਿ ਫੈਸਲਾ ਸੁਣਾਉਣ ਵਾਲੇ ਦੋ ਜੱਜਾਂ ਵਿਚੋਂ ਇਕ, ਕਿਸੇ ਵੇਲੇ ਇਕ ਬਹੁਤ ਅਹਿਮ ਕੇਸ ਵਿਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਦਾ ਵਕੀਲ ਵੀ ਰਿਹਾ ਹੈ। ਕੁਝ ਅਰਸਾ ਪਹਿਲਾਂ ਭਾਜਪਾ ਨੇ ਪੂਰਾ ਮਜਮਾ ਲਾ ਕੇ ਦੱਸਿਆ ਸੀ ਕਿ ਦੇਸ਼ ਨੂੰ ਦਲਿਤ ਰਾਸ਼ਟਰਪਤੀ ਦੇ ਦਿੱਤਾ ਗਿਆ ਹੈ ਪਰ ਅਜੇ ਤੱਕ ਇਸ ਮਸਲੇ ਬਾਰੇ ਇਸ ਦਲਿਤ ਰਾਸ਼ਟਰਪਤੀ ਨੇ ਇਕ ਵੀ ਸ਼ਬਦ ਨਹੀਂ ਆਖਿਆ ਹੈ।

ਮੀਡੀਆ ਵਾਲਾ ਮਸਲਾ ਵੀ ਇਤਨਾ ਹੀ ਘਾਤਕ ਹੈ। ਇਹ ਅਸਲ ਵਿਚ ਮੀਡੀਆ ਨੂੰ ਨੱਥ ਪਾਉਣ ਦਾ ਸਿੱਧਾ ਸਰਕਾਰੀ ਦਖਲ ਸੀ ਜਿਸ ਨੂੰ ਵਿਰੋਧੀ ਧਿਰ ਅਤੇ ਮੀਡੀਆ ਦੀ ਤੁਰੰਤ ਸਰਗਰਮੀ ਨਾਲ ਖਾਰਜ ਕਰ ਦਿੱਤਾ ਗਿਆ। ਸਰਕਾਰ ਨੇ ਤਾਂ ਜਾਅਲੀ ਖਬਰਾਂ ਦੇ ਮਾਮਲੇ 'ਤੇ ਦਿਸ਼ਾ ਨਿਰਦੇਸ਼ ਦੇ ਕੇ ਪੱਤਰਕਾਰਾਂ ਉਤੇ ਕਾਠੀ ਪਾਉਣ ਦਾ ਜੁਗਾੜ ਬਣਾ ਲਿਆ ਸੀ। ਜਦੋਂ ਇਸ ਦਾ ਤਿੱਖਾ ਵਿਰੋਧ ਹੋਇਆ ਤਾਂ ਪ੍ਰਧਾਨ ਮੰਤਰੀ ਨੇ ਇਹ ਦਿਸ਼ਾ ਨਿਰਦੇਸ਼ ਵਾਪਸ ਕਰਵਾ ਦਿੱਤੇ। ਦਰਅਸਲ, ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ ਜਅਲੀ ਖਬਰਾਂ ਦੇਣ ਵਾਲਿਆਂ ਦੀ ਮਾਨਤਾ ਛੇ ਮਹੀਨੇ ਲਈ ਮੁਅੱਤਲ ਕਰਨ ਅਤੇ ਤੀਜੀ ਵਾਰ ਉਲੰਘਣਾ ਕਰਨ 'ਤੇ ਮਾਨਤਾ ਰੱਦ ਕਰਨ ਦਾ ਐਲਾਨ ਕੀਤਾ ਸੀ। ਮੀਡੀਆ ਅਦਾਰਿਆਂ ਅਤੇ ਵਿਰੋਧੀ ਪਾਰਟੀਆਂ ਦਾ ਤਰਕ ਸੀ ਕਿ ਜਾਅਲੀ ਖਬਰਾਂ ਦਾ ਮਸਲਾ ਭਾਰਤੀ ਪ੍ਰੈਸ ਕੌਂਸਲ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ, ਇਸ ਲਈ ਸਰਕਾਰ ਨੂੰ ਇਸ ਮਾਮਲੇ ਵਿਚ ਅਜਿਹਾ ਕੋਈ ਦਖਲ ਨਹੀਂ ਦੇਣਾ ਚਾਹੀਦਾ। ਅਸਲ ਗੱਲ ਵਿਚੋਂ ਇਹ ਸੀ ਕਿ ਇਸ ਮਸਲੇ ਦੇ ਬਹਾਨੇ ਵੱਖ ਵੱਖ ਮੁੱਦਿਆਂ ਉਤੇ ਸਰਕਾਰ ਦੀ ਖਿਚਾਈ ਕਰਨ ਵਾਲੇ ਪੱਤਰਕਾਰਾਂ ਨੂੰ ਲਾਂਭੇ ਕਰਨ ਖਾਤਰ ਮੰਤਰਾਲੇ ਨੇ ਇਹ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ ਪਰ ਸਰਕਾਰ ਆਪਣੇ ਵਿਛਾਏ ਜਾਲ ਵਿਚ ਆਪੇ ਹੀ ਫਸ ਗਈ ਅਤੇ ਇਸ ਨੂੰ ਇਸ ਫੈਸਲੇ ਤੋਂ ਤੁਰੰਤ ਪਿਛਾਂਹ ਹਟਣਾ ਪਿਆ। ਇਹ ਜ਼ਿਕਰ ਕਰਨਾ ਬਣਦਾ ਹੈ ਕਿ ਕੇਂਦਰ ਸਰਕਾਰ ਦੇ ਕਰਤਿਆਂ-ਧਰਤਿਆਂ ਨੇ ਮੀਡੀਆ ਦੇ ਇਕ ਵੱਡੇ ਹਿੱਸੇ ਨੂੰ ਵੱਖ ਵੱਖ ਢੰਗ-ਤਰੀਕਿਆਂ ਰਾਹੀਂ ਆਪਣੇ ਹੱਕ ਵਿਚ ਭੁਗਤਾ ਲਿਆ ਹੋਇਆ ਹੈ। ਇਸ ਮੀਡੀਆ ਮੈਨੇਜਮੈਂਟ ਦੇ ਦਰਸ਼ਨ ਕੁਝ ਮੀਡੀਆ ਅਦਾਰਿਆਂ ਦੀ ਸਰਕਾਰ ਪ੍ਰਤੀ ਪਹੁੰਚ ਤੋਂ ਨਿੱਤ ਹੁੰਦੇ ਰਹਿੰਦੇ ਹਨ। ਇਨ੍ਹਾਂ ਅਦਾਰਿਆਂ ਉਤੇ ਤਾਂ ਸਗੋਂ ਸਰਕਾਰ ਦਾ ਲੋਕ ਸੰਪਰਕ ਵਿੰਗ ਬਣਨ ਦੇ ਦੋਸ਼ ਵੀ ਲੱਗ ਰਹੇ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਸਪਸ਼ਟ ਮੰਨਣਾ ਹੈ ਕਿ ਸੱਤਾਧਾਰੀ ਪਾਰਟੀ ਅਤੇ ਸਰਕਾਰ ਵੱਖ ਵੱਖ ਮਸਲਿਆਂ ਨੂੰ ਆਪਣੇ ਏਜੰਡੇ ਮੁਤਾਬਕ ਤੋੜ-ਮਰੋੜ ਰਹੀ ਹੈ। ਜਿਥੇ ਕਿਤੇ ਵਿਰੋਧ ਦੀ ਸੁਰ ਉਚੀ ਉਠਦੀ ਹੈ, ਉਥੇ ਚੁੱਪ-ਚਾਪ ਪੈਰ ਪਿਛਾਂਹ ਕਰ ਲਏ ਜਾਂਦੇ ਹਨ ਪਰ ਇਨ੍ਹਾਂ ਦਾ ਹਿੰਦੂਤਵ ਵਾਲਾ ਏਜੰਡਾ ਜਿਉਂ ਦਾ ਤਿਉਂ ਕਾਇਮ ਰਹਿੰਦਾ ਹੈ। ਹੁਣ ਇਸ ਧਿਰ ਦਾ ਸਾਰਾ ਜ਼ੋਰ ਇਕ ਵਾਰ ਫਿਰ ਲੋਕਾਂ ਵਿਚ ਵੰਡੀਆਂ ਪਾ ਕੇ ਅਗਲੀਆਂ ਲੋਕ ਸਭਾ ਚੋਣਾਂ ਵਿਚ ਆਪਣੀ ਜਿੱਤ ਪੱਕੀ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭਬੀਖਣ ਦੀ ਭਬਕਾਰ!*

ਜੰਗ ਦਾ ਅਖਾੜਾ ਬਣੀ ਰਹੀ ਏ ਵਿਧਾਨ ਸਭਾ, ਤਾਅਨੇ ਮਿਹਣੇ ਲੀਡਰਾਂ ਨੇ ਮਾਰੇ ਛਾਤੀ ਠੋਰ ਜੀ।
ਕਹਿੰਦਾ ਮਨਪ੍ਰੀਤ ਮੈਂ ਸ਼ਰੀਕ ਬਣ ਟੱਕਰਾਂਗਾ, ਫੋਲਣੇ ਨੇ ਪੋਤੜੇ ਤੇ ਨੰਗੇ ਕਰੂੰ ਚੋਰ ਜੀ।
ਹੁੰਦਿਆਂ ਹੁਕਮਰਾਨ ਚੌੜਾ ਕਰੀ ਰੱਖਿਆ ਸੀ, ਦੋਹੀਂ ਹੱਥੀਂ ਲੁੱਟ ਲਈ ਖਜ਼ਾਨੇ ਨੂੰ ਮਘੋਰ ਜੀ।
'ਤਖਤ' ਗੁਲਾਮ ਕਰ ਗੋਲਕਾਂ ਵੀ ਛੱਡੀਆਂ ਨਾ, ਗੁਰੂ ਘਰ ਨਾਲ ਹੈ ਕਮਾਇਆ ਪਾਪ ਘੋਰ ਜੀ।
ਲਾਹੁੰਦਾ ਏ ਭਬੀਖਣ ਸਹਾਈ ਬਣ ਰਾਮ ਜੀ ਦਾ, ਰਾਵਣਾਂ ਨੂੰ ਚੜ੍ਹੀ ਰਾਜ-ਮਦ ਵਾਲੀ ਲੋਰ ਜੀ।
ਪਾਪਾਂ ਲੱਦੀ ਲੰਕਾਂ ਨੂੰ ਢਾਹੁਣ ਦੇ ਬਿਆਨ ਦੇਵੇ, ਦੇਖਦੇ ਹਾਂ 'ਭੇਤੀ' ਵਿਚ ਕਿੰਨਾ ਕੁ ਹੈ ਜੋਰ ਜੀ!

# ਜਮਹੂਰੀ ਪੰਜਾਬ ਦੀ ਤਾਂਘ ਅਤੇ ਸਿਆਸਤ

***ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਦੀ ਸਿਆਸਤ ਕੁਝ ਖਾਸ ਤਬਦੀਲੀਆਂ ਵੱਲ ਅਹੁਲਦੀ ਨਜ਼ਰ ਆ ਰਹੀ ਹੈ। ਆਮ ਆਦਮੀ ਪਾਰਟੀ ਦੀ ਟਿਕਟ ਉਤੇ ਲੋਕ ਸਭਾ ਵਿਚ ਦਾਖਲਾ ਪਾਉਣ ਵਾਲੇ ਡਾ. ਧਰਮਵੀਰ ਗਾਂਧੀ ਉਨ੍ਹਾਂ ਪੰਜਾਬੀਆਂ ਵਿਚੋਂ ਹਨ ਜਿਨ੍ਹਾਂ ਨੇ ਗਾਹੇ-ਬਗਾਹੇ ਲੋਕ ਸਭਾ ਦੇ ਅੰਦਰ ਵੀ ਅਤੇ ਬਾਹਰ ਵੀ, ਪੰਜਾਬ ਅਤੇ ਪੰਜਾਬੀਅਤ ਦੀ ਆਵਾਜ਼ ਬੁਲੰਦ ਕੀਤੀ ਹੈ। ਇਸ ਲੇਖ ਵਿਚ ਉਨ੍ਹਾਂ ਭਾਰਤ ਦੇ ਫੈਡਰਲ ਢਾਂਚੇ ਦੇ ਪ੍ਰਸੰਗ ਵਿਚ ਜਮਹੂਰੀ ਪੰਜਾਬ ਦਾ ਤਰਕ ਉਭਾਰਨ ਦਾ ਯਤਨ ਕੀਤਾ ਹੈ। -ਸੰਪਾਦਕ***

ਬਰਤਾਨਵੀ ਰਾਜ ਦੇ ਜਾਨਸ਼ੀਨ ਭਾਰਤੀ ਗਣਰਾਜ ਦੇ ਸੱਤਰ ਸਾਲ ਦਾ ਇਤਿਹਾਸ ਇਸ ਦੀ ਏਕਾਤਮਕਤਾ ਅਤੇ ਉਭਰ ਰਹੀਆਂ ਖੇਤਰੀ ਤਾਕਤਾਂ ਦਰਮਿਆਨ ਸ਼ਕਤੀ-ਸੰਘਰਸ਼ ਦਾ ਇਤਿਹਾਸ ਹੈ। ਇਹ ਮੁੱਖ ਰੂਪ ਵਿਚ ਤਾਂ 'ਕੇਂਦਰ ਨੂੰ ਮਜ਼ਬੂਤ' ਕਰਨ ਦੀ ਸਿਆਸਤ ਅਤੇ 'ਰਾਜਾਂ ਨੂੰ ਵੱਧ ਅਧਿਕਾਰਾਂ' ਦੇ ਕਾਨੂੰਨੀ ਸੰਘਰਸ਼ ਵਿਚ ਪ੍ਰਗਟ ਹੋਇਆ ਪਰ ਇਹ ਖੇਤਰੀ ਪਾਰਟੀਆਂ ਦੀ ਕਾਇਮੀ, ਇਨ੍ਹਾਂ ਦੇ ਉਭਾਰ ਅਤੇ ਰਾਜਾਂ ਦੀ ਸੱਤਾ ਉਪਰ ਕਾਬਜ਼ ਹੋਣ, ਤੇ ਕੌਮੀ ਪਾਰਟੀਆਂ ਦੇ ਕਮਜ਼ੋਰ ਹੋਣ ਦੇ ਸਿਆਸੀ ਰੁਝਾਨ ਦੇ ਰੂਪ ਵਿਚ ਸਾਹਮਣੇ ਆਇਆ।

ਬਿਨਾਂ ਸ਼ੱਕ ਭਾਰਤ ਦੀ 'ਅਨੇਕਤਾ' ਨੇ ਇਸ

**ਡਾ. ਧਰਮਵੀਰ ਗਾਂਧੀ**
ਫੋਨ: +91-90138-69336

ਖੇਤਰੀ ਉਭਾਰ ਲਈ ਜ਼ਮੀਨ ਮੁਹੱਈਆ ਕੀਤੀ, ਇਸ ਦੇ ਦੋ ਮੁੱਖ ਕਾਰਨ ਗਿਣੇ ਜਾ ਸਕਦੇ ਹਨ: ਪਹਿਲਾ, ਰਾਜਾਂ ਦਾ ਭਾਸ਼ਾ ਦੇ ਆਧਾਰ 'ਤੇ ਪੁਨਰਗਠਨ ਜਿਸ ਨੇ ਇਤਿਹਾਸ ਵਿਚ ਪਹਿਲੀ ਵਾਰ ਭਾਸ਼ਾ ਤੇ ਭੂਗੋਲ ਨੂੰ ਪਾਰਲੀਮਾਨੀ ਜਮੂਹਰੀਅਤ ਦੇ ਮੁਕਾਬਲਤਨ ਸਥਿਰ ਦੌਰ ਵਿਚ ਇਕੱਠਿਆਂ ਕਰ ਦਿੱਤਾ। ਇਸ ਦੇ ਸਿੱਟੇ ਵਜੋਂ ਕੌਮੀਅਤਾਂ ਦੇ ਸਪਸ਼ਟ ਨਕਸ਼ ਉਘੜ ਆਏ। ਦੂਜਾ, ਆਰਥਿਕ ਖੇਤਰ ਵਿਚ ਮੰਡੀ ਦੇ ਫ਼ੈਲਾਓ ਨੇ ਸਥਾਨਕ ਵਸੋਂ ਵਿਚ ਸ਼ਕਤੀਸ਼ਾਲੀ ਵਰਗਾਂ ਨੂੰ ਉਭਾਰ ਦਿੱਤਾ ਜਿਹੜੇ ਸਥਾਨਕ ਵਸੋਂ ਦੇ ਨੇੜੇ ਹੋਣ ਕਰ ਕੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਅਤੇ ਅਗਵਾਈ ਕਰ ਸਕਦੇ ਸਨ।

ਭਾਰਤੀ ਰਾਜ ਜਿਥੇ ਬਰਤਾਨਵੀ ਰਾਜ ਤੋਂ ਆਜ਼ਾਦੀ ਦਾ ਪ੍ਰਤੀਕ ਸੀ, ਉਥੇ ਇਸ ਦੀ ਹੋਂਦ ਵਿਚ ਆਉਣ ਦਾ ਕਾਰਨ ਬਣੀ 'ਫ਼ਿਰਕੂ ਵੰਡ' ਇਸ ਦੇ ਮੱਥੇ ਉਤੇ 'ਜਮਾਂਦਰੂ ਲਸਣ' ਵਾਂਗ 'ਕਾਲਾ ਕਲੰਕ' ਬਣ ਇਸ ਦੇ ਜਮਹੂਰੀਅਤ ਵਿਰੋਧੀ ਕਿਰਦਾਰ ਦਾ ਪ੍ਰਤੀਕ ਸੀ। ਇਹ ਇਸ ਦੀ ਧਰਮ ਨਿਰਪੱਖਤਾ ਦਾ ਸਦਾ ਮੂੰਹ ਚਿੜ੍ਹਾਉਂਦਾ ਸੀ। ਬਰਤਾਨਵੀ ਰਾਜ ਤੋਂ ਆਜ਼ਾਦੀ ਦੀ ਲਹਿਰ ਅਤੇ ਵੀਹਵੀਂ ਸਦੀ ਦੇ ਇਨਕਲਾਬਾਂ ਦੇ ਜਮੂਹਰੀ ਵੇਗ ਦੌਰਾਨ ਭਾਰਤੀ ਸੰਵਿਧਾਨ ਨੂੰ ਬੇਸ਼ੱਕ ਐਲਾਨੀਆ ਨਹੀਂ, ਪਰ ਤਾਕਤਾਂ ਦੀ ਤਿੰਨ ਥਾਏਂ ਵੰਡ ਕਰ ਕੇ ਕੁਝ ਫ਼ੈਡਰਲ ਸਰੂਪ ਦਿੱਤਾ ਗਿਆ ਪਰ ਉਸ ਤੋਂ ਬਾਅਦ ਇਕ ਪਾਰਟੀ ਦੀ ਕੇਂਦਰ ਅਤੇ ਰਾਜ ਦੋਹੀਂ ਥਾਈਂ ਸੱਤਾ ਦੌਰਾਨ ਸੰਵਿਧਾਨਕ ਸੋਧਾਂ, ਗ਼ੈਰ-ਸੰਵਿਧਾਨਕ, ਜਬਰੀ ਅਤੇ ਚੋਰ ਤਰੀਕਿਆਂ ਰਾਹੀਂ ਰਾਜਾਂ ਦੀ ਪ੍ਰਭੂਸੱਤਾ ਨੂੰ ਖੋਰਾ ਲਾਉਣ ਦਾ ਅਮਲ ਚਲਾਇਆ ਗਿਆ। ਪੰਜਾਬ ਦੇ ਪਾਣੀਆਂ ਦਾ ਮਾਮਲਾ ਇਸ ਦੀ ਉਘੀ ਮਿਸਾਲ ਹੈ।

ਗਣਰਾਜ ਦੀ ਕੇਂਦਰ ਨੂੰ ਮਜ਼ਬੂਤ ਕਰਨ ਦੀ ਪਹਿਲੀ ਜ਼ੋਰਦਾਰ ਕੋਸ਼ਿਸ਼ 'ਐਮਰਜੈਂਸੀ' ਸੀ ਜਿਹੜੀ ਦਿੱਖ ਪੱਖੋਂ 'ਧਰਮ ਨਿਰਪੱਖ' ਪਰ ਅਸਫ਼ਲ ਕੋਸ਼ਿਸ਼ ਸੀ। ਦੂਜੀ ਸਾਕਾ ਨੀਲਾ ਤਾਰਾ ਅਤੇ ਬਾਬਰੀ ਮਸਜਿਦ ਢਾਹੁਣਾ ਸੀ ਜਿਹੜੀਆਂ ਫ਼ਿਤਰਤ ਪੱਖੋਂ ਫ਼ਿਰਕੂ ਹੋ ਕੇ, ਹਿੰਸਕ ਅਤੇ ਅਸਰਕਾਰ ਵੀ ਸਨ, ਕਿਉਂਕਿ ਇਨ੍ਹਾਂ ਨੇ ਭਾਰਤੀ ਗਣਰਾਜ ਨੂੰ ਬਹੁਗਿਣਤੀ ਦੇ ਦਬਦਬੇ ਅਤੇ 'ਪੁਲਿਸ ਰਾਜ' ਬਣਨ ਦੇ ਰਾਹ ਪਾ ਦਿੱਤਾ। ਅਜਿਹਾ ਤਾਂ ਸੰਭਵ ਹੋ ਸਕਿਆ ਜਦ 'ਜਮਾਂਦਰੂ ਲਸਣ' (ਫ਼ਿਰਕੂ ਵੰਡ) ਦੇ ਤਰੀਕਾਕਾਰ ਨੂੰ ਹਰ ਜਗ੍ਹਾ ਵਰਤਦਿਆਂ ਬੋਲੀ, ਇਲਾਕਾਈ, ਕੌਮੀ, ਧਾਰਮਿਕ, ਜਾਤਪਾਤੀ, ਕਬਾਇਲੀ ਅਤੇ ਨਸਲੀ; ਗੱਲ ਕੀ, ਹਰ ਕਿਸਮ ਦੀ ਸਮਾਜੀ ਤਰੇੜ ਵਧਾ ਕੇ ਹਰ ਥਾਂ ਪਾੜ ਪਾ ਦਿੱਤਾ ਅਤੇ ਭਾਈਚਾਰਿਆਂ ਨੂੰ ਖੇਰੂੰ ਖੇਰੂੰ ਕਰ ਦਿੱਤਾ। ਨਤੀਜੇ ਵਜੋਂ, ਅੱਜ ਕੁੱਲ ਭਾਰਤ ਦਾ ਸਾਰਾ ਸਮਾਜ ਪਾਟੋਧਾੜ ਦਾ ਸ਼ਿਕਾਰ ਹੋ ਕੇ ਕਮਜ਼ੋਰ ਅਤੇ ਨਿਤਾਣਾ ਹੋ ਚੁੱਕਾ ਹੈ। 'ਪਾੜੋ ਅਤੇ ਰਾਜ ਕਰੋ' ਦੀ ਇਸੇ ਨੀਤੀ ਨੂੰ ਪੰਜਾਬ ਅੰਦਰ ਲਾਗੂ ਕਰਦਿਆਂ ਪੰਜਾਬੀਆਂ ਦੀ ਏਕਤਾ ਫ਼ੀਤਾ ਫ਼ੀਤਾ ਕਰ ਦਿੱਤੀ ਗਈ।

ਇਨ੍ਹਾਂ ਜਾਬਰ ਕੋਸ਼ਿਸ਼ਾਂ ਨੂੰ ਢਕਣ ਲਈ ਜੋ 'ਸਰਕਾਰੀਆ ਕਮਿਸ਼ਨ' ਕੇਂਦਰ-ਰਾਜ ਸਬੰਧਾਂ ਦੀ ਮੁੜ-ਨਜ਼ਰਸਾਨੀ ਲਈ ਸੰਵਿਧਾਨਕ ਭੇਖ ਵਜੋਂ ਜੂਨ 1983 ਵਿਚ ਬਿਠਾਇਆ ਗਿਆ ਅਤੇ ਜਿਸ ਦੀ ਰਿਪੋਰਟ ਅਕਤੂਬਰ 1987 ਵਿਚ ਆਈ, ਉਸ ਦੀਆਂ ਨਿਗੂਣੀਆਂ ਸਿਫ਼ਾਰਸ਼ਾਂ ਅੱਜ ਵੀ ਠੰਢੇ ਬਸਤੇ ਵਿਚ ਹਨ। ਉਂਜ, ਕੇਂਦਰੀਕਰਨ ਦੀਆਂ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਖੇਤਰੀ ਲੋਕਾਂ ਅਤੇ ਕੌਮੀਅਤਾਂ ਦੀਆਂ ਜਾਗੀਆਂ ਹੋਈਆਂ ਇੱਛਾਵਾਂ ਨੇ ਐਸਾ ਹਕੀਕੀ ਜਮੂਹਰੀ ਨਾਚ ਦਿਖਾਇਆ ਕਿ ਖੇਤਰੀ ਪਾਰਟੀਆਂ ਨੂੰ ਰਾਜਾਂ ਦੀ ਸੱਤਾ 'ਤੇ ਕਾਬਜ਼ ਬਣਾ ਧਰਿਆ। ਇਸ ਨੇ ਸਾਰੀਆਂ ਕੌਮੀ ਪਾਰਟੀਆਂ, ਭਾਵੇਂ ਉਹ ਸੱਜੇਪੰਥੀ ਹੋਣ ਜਾਂ ਖੱਬੇ ਪੱਖੀ – ਸਭ ਨੂੰ ਇਸ ਕਦਰ ਕਮਜ਼ੋਰ ਕਰ ਦਿੱਤਾ ਕਿ ਅੱਠਵੇਂ ਦਹਾਕੇ ਦੇ ਖ਼ਤਮ ਹੋਣ ਤੱਕ 'ਗੱਠਜੋੜ ਸਰਕਾਰਾਂ' ਦਾ ਦੌਰ ਲੈ ਆਂਦਾ।

ਇਹ ਖੇਤਰੀ ਉਭਾਰ ਕੁਝ ਗੰਭੀਰ ਦੋਸ਼ ਵੀ ਨਾਲ ਲੈ ਕੇ ਆਇਆ: ਪਹਿਲਾ, ਖੇਤਰੀ ਜਮਾਤਾਂ ਦੀ ਸੱਤਾ ਅਤੇ ਪੂੰਜੀ ਲਈ ਭੁੱਖ, ਜਿਸ ਦੇ ਲਈ ਉਨ੍ਹਾਂ ਕੇਂਦਰਵਾਦੀ ਨੀਤੀਆਂ ਤੇ ਤੌਰ-ਤਰੀਕਿਆਂ ਅੱਗੇ ਝੁਕਣਾ ਕਬੂਲ ਕਰ ਲਿਆ ਅਤੇ ਉਨ੍ਹਾਂ ਨੂੰ ਅਪਣਾ ਲਿਆ। ਦੂਸਰਾ, ਪਿਛਾਂਹ ਵੱਲ ਝਾਕ ਅਤੇ ਰਾਜੇ-ਮਹਾਰਾਜਿਆਂ ਵਾਲੀ ਸ਼ਾਨੋ-ਸ਼ੌਕਤ ਦੇ ਸੁਫ਼ਨੇ, ਜਿਸ ਦਾ ਸਮਅਰਥ ਹੈ, ਆਮ ਲੋਕਾਂ ਵਾਸਤੇ ਤ੍ਰਿਸਕਾਰ ਅਤੇ ਜਮੂਹਰੀਅਤ ਅੰਦਰ ਸੱਤਾ ਤੇ ਪ੍ਰਸ਼ਾਸਨ ਦੀਆਂ ਲੋੜਾਂ ਪ੍ਰਤੀ ਅਗਿਆਨਤਾ ਤੇ ਬੇਫ਼ਿਕਰੀ। ਇਸੇ ਵਜ੍ਹਾ ਕਰ ਕੇ ਹੀ ਵੀਹਵੀਂ ਸਦੀ ਦਾ ਇਹ ਖੇਤਰੀਵਾਦ ਭ੍ਰਿਸ਼ਟ ਅਤੇ ਸਮਾਜਿਕ ਜਮੂਹਰੀਅਤ ਦੇ ਸਾਰੇ ਸਮਾਜ ਭਲਾਈ ਕਾਰਜਾਂ ਨੂੰ ਛੁਟਿਆਉਣ ਅਤੇ ਖ਼ਪਤਕਾਰੀ ਨਵ-ਉਦਾਰਵਾਦ ਦੀਆਂ ਨੀਤੀਆਂ ਅਪਨਾਉਣ ਵਿਚ ਭਾਰਤੀ ਗਣਰਾਜ ਦੀਆਂ ਕੇਂਦਰਵਾਦੀ ਸ਼ਕਤੀਆਂ ਦਾ ਸਹਿਯੋਗੀ ਹੋ ਨਿਬੜਿਆ। ਇਸ ਲਈ ਖੇਤਰੀ ਹਕੂਮਤਾਂ ਅਤੇ ਕੇਂਦਰ ਵਿਚ ਗਠਜੋੜਾਂ ਦਾ ਇਹ ਦੌਰ 'ਭ੍ਰਿਸ਼ਟਾਚਾਰ ਅਤੇ ਪ੍ਰਸ਼ਾਸਨ ਨੂੰ ਲਕਵੇ' ਦਾ ਐਸਾ ਦੌਰ ਹੋ ਨਿੱਬੜਿਆ, ਜਿਸ ਨੇ 'ਬਹੁਗਿਣਤੀਵਾਦੀ' ਵਿਚਾਰਧਾਰਾ ਹੇਠ ਕੇਂਦਰੀਕਰਨ ਦੀ ਨਵੀਂ ਜ਼ੋਰਦਾਰ ਕੋਸ਼ਿਸ਼ ਨੂੰ ਸਫ਼ਲ ਹੋਣ ਲਈ ਆਧਾਰ ਮੁਹੱਈਆ ਕਰ ਦਿੱਤਾ। ਇਸ ਤਹਿਤ ਭੇਖੀ 'ਧਰਮ ਨਿਰਪੱਖਤਾ' ਅਤੇ ਫ਼ੋਕੀ 'ਜਮੂਹਰੀਅਤ' ਦੇ ਲਬਾਦੇ ਨੂੰ ਵਗ੍ਹਾ ਮਾਰਿਆ ਗਿਆ ਅਤੇ ਸਿੱਧਮ-ਸਿੱਧਾ ਖੇਤਰੀ ਤਾਕਤਾਂ, ਘੱਟਗਿਣਤੀਆਂ, ਦਲਿਤਾਂ ਅਤੇ ਕਬਾਇਲੀਆਂ ਨੂੰ ਚੁਣੌਤੀ ਪੇਸ਼ ਕਰ ਦਿੱਤੀ ਗਈ ਹੈ: "ਜੇ ਇਸ ਮੁਲਕ ਵਿਚ ਰਹਿਣਾ ਹੋਊ, ਤਾਂ ਵੰਦੇ ਮਾਤ੍ਰਮ ਕਹਿਣਾ ਹੋਊ"। 2019 ਦੀਆਂ ਚੋਣਾਂ ਵਿਚ ਮੁੱਖ ਮੁੱਦਾ ਇਹੀ ਰਹੇਗਾ: "ਖੇਤਰੀਵਾਦ ਬਚਦਾ ਹੈ ਕਿ ਕੇਂਦਰਵਾਦ ਭਾਰੂ ਹੁੰਦਾ ਹੈ"।

ਅੱਜ ਇਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵਿਚ ਭਾਰਤ ਇਸ ਇਤਿਹਾਸਕ ਮੋੜ 'ਤੇ ਖੜ੍ਹਾ ਹੈ ਕਿ ਭਾਰਤ ਬਹੁਕੌਮੀ, ਬਹੁਭਾਸ਼ਾਈ, ਬਹੁਧਰਮੀ, ਬਹੁਸੱਭਿਆਚਾਰਕ ਅਤੇ ਵੱਖ ਵੱਖ ਹੋਰ ਵਿਲੱਖਣਤਾਵਾਂ ਦਾ ਜਮੂਹਰੀ, ਖਿੜਿਆ ਹੋਇਆ ਗੁਲਦਸਤਾ ਹੋਵੇਗਾ ਜਾਂ ਰਾਸ਼ਟਰਵਾਦ ਦੇ ਇਕੋ ਰੱਸੇ ਨੂੜਿਆ "ਕੌਮੀਅਤਾਂ ਦੀ ਜੇਲ੍ਹ" ਹੋਵੇਗਾ। ਨਤੀਜਾ ਇਹ ਹੋਇਆ ਹੈ ਕਿ ਭਾਰਤ ਵਿਚ ਪੈਦਾ ਹੋ ਰਹੀ ਕੁੱਲ ਦੌਲਤ ਦਾ ਕਰੀਬ ਤਿੰਨ ਚੌਥਾਈ ਭਾਰਤ ਦੇ ਉਪਰਲੇ ਇਕ ਪ੍ਰਤੀਸ਼ਤ ਅਮੀਰਾਂ ਪਾਸ ਚਲਾ ਜਾਂਦਾ ਹੈ ਜਦ ਕਿ ਕਿਸਾਨ, ਦਲਿਤ, ਕਬਾਇਲੀ, ਮਜ਼ਦੂਰ ਅਤੇ ਸ਼ਹਿਰੀ ਮੱਧਵਰਗ ਦੇ ਹਿੱਸੇ ਗ਼ੁਰਬਤ ਵੱਲ ਧੱਕੇ ਜਾ ਰਹੇ ਹਨ। ਖਣਿਜਾਂ ਨਾਲ ਭਰਪੂਰ ਇਕ-ਦੋ ਰਾਜਾਂ ਨੂੰ ਛੱਡ ਕੇ ਬਹੁਤੇਰੇ ਰਾਜ ਕਰਜ਼ਾ ਜਾਲ ਵਿਚ ਫਸ ਚੁੱਕੇ ਹਨ। ਕਸ਼ਮੀਰ ਅਤੇ ਉਤਰ-ਪੂਰਬ ਵਿਚ ਲੋਕ, ਫ਼ੌਜ ਨਾਲ ਆਹਮੋ-ਸਾਹਮਣੇ ਹਨ। ਗੁਆਂਢੀ ਮੁਲਕਾਂ ਨਾਲ ਜੰਗ ਵਾਲਾ ਮਾਹੌਲ ਬਣ ਚੁੱਕਾ ਹੈ। ਰਾਜ ਸਰਕਾਰਾਂ ਦੀ ਵਿਤੀ ਹਾਲਤ ਇਸ ਕਦਰ ਪਤਲੀ ਹੋ ਗਈ ਹੈ ਕਿ ਉਹ ਲੋਕ ਭਲਾਈ ਅਤੇ ਹੋਰ ਕਲਿਆਣ ਕਾਰੀ ਕੰਮਾਂ ਦੀ ਉਨ੍ਹਾਂ ਸਿਰ ਪਾਈ ਗਈ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਦੇ ਸਮਰੱਥ ਨਹੀਂ ਰਹੀਆਂ।

> ***ਅੱਜ ਇਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਵਿਚ ਭਾਰਤ ਇਸ ਇਤਿਹਾਸਕ ਮੋੜ 'ਤੇ ਖੜ੍ਹਾ ਹੈ ਕਿ ਭਾਰਤ ਬਹੁਕੌਮੀ, ਬਹੁਭਾਸ਼ਾਈ, ਬਹੁਧਰਮੀ, ਬਹੁਸੱਭਿਆਚਾਰਕ ਅਤੇ ਵੱਖ ਵੱਖ ਹੋਰ ਵਿਲੱਖਣਤਾਵਾਂ ਦਾ ਜਮੂਹਰੀ, ਖਿੜਿਆ ਹੋਇਆ ਗੁਲਦਸਤਾ ਹੋਵੇਗਾ ਜਾਂ ਰਾਸ਼ਟਰਵਾਦ ਦੇ ਇਕੋ ਰੱਸੇ ਨੂੜਿਆ "ਕੌਮੀਅਤਾਂ ਦੀ ਜੇਲ੍ਹ" ਹੋਵੇਗਾ।***

ਇਸ ਇਤਿਹਾਸਕ ਮੋੜ 'ਤੇ ਭਾਰਤ ਨੂੰ ਅਮਨ, ਖੁਸ਼ਹਾਲੀ ਅਤੇ ਕਲਿਆਣਕਾਰੀ ਰਾਜ ਦੀ ਲੋੜ ਹੈ। ਅਜਿਹਾ ਕਲਿਆਣਕਾਰੀ ਰਾਜ ਜਮਹੂਰੀਅਤ ਉਤੇ ਆਧਾਰਤ "ਫ਼ੈਡਰਲ ਭਾਰਤ" ਹੀ ਹੋ ਸਕਦਾ ਹੈ ਜਿੱਥੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਨੈਤਿਕਤਾ ਤੇ ਇਸ 'ਤੇ ਆਧਾਰਤ ਨਿਯਮ ਸਮਾਜ ਦਾ ਆਧਾਰ ਬਣਨ; ਤੇ ਰਾਜ ਸਰਕਾਰਾਂ ਸਿਆਸੀ, ਵਪਾਰਕ ਅਤੇ ਵਿਤੀ ਤੌਰ 'ਤੇ ਸਮਰੱਥ ਹੋਣ ਕਿ ਉਹ ਕਲਿਆਣਕਾਰੀ ਕਾਰਜਾਂ ਦੇ ਯੋਗ ਹੋਣ। ਭਾਰਤ ਨੂੰ ਇਕੀਵੀਂ ਸਦੀ ਦੇ ਹਾਣ ਦੀਆਂ ਫ਼ੈਡਰਲ ਲੀਹਾਂ ਉਪਰ ਲਿਆਉਣ ਲਈ ਇਸ ਦੀਆਂ ਬਹੁ-ਕੌਮੀਅਤਾਂ ਅਤੇ ਅਨੇਕਤਾ ਦੀਆਂ ਇੱਛਾਵਾਂ ਅਨੁਸਾਰ ਰਾਜਾਂ ਦੀ ਪ੍ਰਭੂਸੱਤਾ ਦੇ ਸਵਾਲ ਨੂੰ ਮੁੜ ਏਜੰਡੇ 'ਤੇ ਲਿਆ ਕੇ ਕੇਂਦਰ-ਰਾਜ ਸਬੰਧਾਂ ਨੂੰ ਮੁੜ-ਵਿਚਾਰਨ ਲਈ ਗੱਲਬਾਤ ਦਾ ਦੌਰ ਫ਼ੌਰੀ ਤੌਰ 'ਤੇ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਭਾਰਤੀ ਉਪ-ਮਹਾਂਦੀਪ ਵਿਚ ਅਨੇਕਤਾ ਦਾ ਗੁਲਦਸਤਾ ਜਮੂਹਰੀਅਤ ਦੀ ਫ਼ਿਜ਼ਾ ਵਿਚ ਟਹਿਕੇ।

'ਫ਼ੈਡਰਲ ਭਾਰਤ' ਦਾ ਸੁਫ਼ਨਾ ਓਨਾ ਚਿਰ ਪੂਰਾ ਨਹੀਂ ਹੋ ਸਕਦਾ ਜਿੰਨਾ ਚਿਰ ਖ਼ੁਦ ਕੌਮੀਅਤਾਂ ਪਾਟੋਧਾੜ ਦਾ ਸ਼ਿਕਾਰ ਹਨ ਅਤੇ ਇਕ-ਜੁੱਟ ਨਹੀਂ ਹਨ। ਅੱਜ ਪੰਜਾਬ ਧਾਰਮਿਕ, ਜਾਤਪਾਤੀ ਅਤੇ ਨਸਲੀ ਧਿਰਾਂ ਬਣ ਬੁਰੀ ਤਰ੍ਹਾਂ ਖਿੰਡਿਆ ਹੋਇਆ ਹੈ। ਪੰਜਾਬੀ ਹੋਣ ਦੇ ਹਿੱਕ ਠੋਕਵੇਂ ਦਾਅਵਿਆਂ ਦੇ ਬਾਵਜੂਦ ਪੰਜਾਬੀ ਹਿੰਦੂ, ਸਿੱਖ, ਦਲਿਤ ਤੇ ਪਛੜੇ ਦੀਆਂ ਪਛਾਣਾਂ ਦੇ ਸਵਾਰਥਾਂ ਵਿਚ ਗ੍ਰਸੇ ਹੋਏ ਹਨ। ਇਸੇ ਕਰ ਕੇ ਪੰਜਾਬੀਆਂ ਵਿਚ ਇਕ ਮਾਨਸਿਕਤਾ ਅਤੇ ਸਾਂਝੀ ਹੋਣੀ ਦੀ ਘਾਟ ਨਜ਼ਰ ਆਉਂਦੀ ਹੈ। ਇਸ ਘਾਟ ਕਾਰਨ ਪੰਜਾਬੀਆਂ ਨੂੰ 'ਪੰਜਾਬੀ ਕੌਮ' ਤੱਕ ਪਹੁੰਚਣ ਲਈ ਮਾਨਸਿਕ, ਸਭਿਆਚਾਰਕ ਅਤੇ ਆਰਥਿਕ ਇਨਕਲਾਬ ਕਰ ਕੇ ਆਜ਼ਾਦੀ, ਬਰਾਬਰੀ ਅਤੇ ਸਾਂਝੀਵਾਲਤਾ ਦਾ ਜਮੂਹਰੀ ਝੰਡਾ ਬੁਲੰਦ ਕਰਨਾ ਪਏਗਾ।

ਜ਼ਾਹਿਰ ਹੈ ਕਿ ਭਾਰਤ ਵਿਚ 'ਫ਼ੈਡਰਲ ਭਾਰਤ' ਦਾ 'ਵਿਵਸਥਾ ਪਰਿਵਰਤਨ' 'ਜਮੂਹਰੀ ਪੰਜਾਬ' ਦੇ ਅੰਦਰੂਨੀ ਸਮਾਜਿਕ ਇਨਕਲਾਬ ਤੋਂ ਬਿਨਾਂ ਸੰਭਵ ਨਹੀਂ ਜਿਸ ਵਿਚ ਦਲਿਤਾਂ, ਪਛੜਿਆਂ, ਔਰਤਾਂ, ਧਾਰਮਿਕ ਘੱਟਗਿਣਤੀਆਂ ਲਈ ਕਿਸੇ ਵੀ ਕਿਸਮ ਦੇ ਭੈ ਜਾਂ ਦਾਬੇ ਤੋਂ ਮੁਕਤ ਮਾਹੌਲ ਅਤੇ ਭਾਈਚਾਰਾ ਸਿਰਜਣ ਦਾ ਕਾਰਜ ਹੋਵੇਗਾ। ਇਸ ਲਈ ਸਾਡਾ 'ਪੰਜਾਬ ਮੰਚ' ਆਪਣੇ ਸਿਆਸੀ ਨਿਸ਼ਾਨੇ ਅਤੇ ਬਦਲਵੀਂ ਸਿਆਸਤ ਦੇ ਤੌਰ 'ਤੇ ਨਾਅਰਾ ਪੇਸ਼ ਕਰਦਾ ਹੈ: 'ਫ਼ੈਡਰਲ ਭਾਰਤ, ਜਮੂਹਰੀ ਪੰਜਾਬ'। ਇਹ ਸਿਆਸੀ ਨਿਸ਼ਾਨਾ ਆਜ਼ਾਦੀ, ਨਿਆਂ, ਬਰਾਬਰੀ ਅਤੇ ਭਾਈਚਾਰੇ ਦੀ ਸਰਬ-ਪ੍ਰਵਾਨਤ ਨੈਤਿਕਤਾ 'ਤੇ ਆਧਾਰਤ ਹੋਵੇਗਾ।

# ਮੋਦੀ ਸਰਕਾਰ, ਅਦਾਲਤ ਦਾ ਫੈਸਲਾ ਅਤੇ ਦਲਿਤਾਂ ਦਾ ਰੋਹ

20 ਮਾਰਚ ਨੂੰ ਸੁਪਰੀਮ ਕੋਰਟ ਦੇ ਦੋ ਸੀਨੀਅਰ ਜੱਜਾਂ ਆਦਰਸ਼ ਕੁਮਾਰ ਗੋਇਲ ਅਤੇ ਉਦੈ ਉਮੇਸ਼ ਲਲਿਤ ਦੇ ਬੈਂਚ ਨੇ ਐਸ.ਸੀ./ਐਸ.ਟੀ. ਐਕਟ ਦਾ ਗ਼ਲਤ ਇਸਤੇਮਾਲ ਰੋਕਣ ਦੇ ਨਾਂ ਹੇਠ ਮਹਾਰਾਸ਼ਟਰ ਦੀ ਪਟੀਸ਼ਨ ਉਪਰ ਜੋ ਫੈਸਲਾ ਸੁਣਾਇਆ, ਉਹ ਇਸ ਐਕਟ ਨੂੰ ਬਿਲਕੁਲ ਨਾਕਾਰਾ ਬਣਾਉਣ ਵਾਲਾ ਹੈ। ਇਸੇ ਕਾਰਨ ਇਸ ਦੇ ਖ਼ਿਲਾਫ ਦੋ ਅਪਰੈਲ ਨੂੰ ਭਾਰਤ ਬੰਦ ਦੇ ਸੱਦੇ ਨੂੰ ਐਨਾ ਭਰਵਾਂ ਹੁੰਗਾਰਾ ਮਿਲਿਆ।

ਇਹ ਐਕਟ ਤਿੰਨ ਦਹਾਕੇ ਪਹਿਲਾਂ ਐਸ.ਸੀ./ਐਸ.ਟੀ. ਭਾਈਚਾਰੇ ਉਪਰ ਜਾਤਪਾਤੀ ਜ਼ੁਲਮਾਂ ਅਤੇ ਵਿਤਕਰੇ ਨੂੰ ਰੋਕਣ ਲਈ ਲਿਆਂਦਾ ਗਿਆ ਸੀ। ਐਕਟ ਹੋਂਦ ਵਿਚ ਆਉਣ ਤੋਂ ਬਾਅਦ ਵੀ ਇਸ ਨੂੰ ਲਾਗੂ ਹੋਣ ਲਈ ਛੇ ਸਾਲ ਲੱਗੇ।

**ਬੂਟਾ ਸਿੰਘ**
ਫੋਨ: +91-94634-74342

ਉਚ ਜਾਤੀ ਗ਼ਲਬੇ ਵਾਲੇ ਢਾਂਚੇ ਅਤੇ ਹੁਕਮਰਾਨਾਂ ਨੂੰ ਇਹ ਮਨਜ਼ੂਰ ਨਹੀਂ। ਚਾਹੇ ਮੋਦੀ ਸਰਕਾਰ ਨੇ ਹੁਣ ਅਵਾਮੀ ਰੋਹ ਉਪਰ ਠੰਢਾ ਛਿੜਕਣ ਲਈ ਸੁਪਰੀਮ ਕੋਰਟ ਵਿਚ ਰੀਵਿਊ ਪਟੀਸ਼ਨ ਪਾਉਣ ਦਾ ਨਾਟਕ ਕੀਤਾ ਹੈ ਪਰ ਉਨ੍ਹਾਂ ਦੀ ਅਸਲ ਮਨਸ਼ਾ ਇਸ ਨੂੰ ਖ਼ਤਮ ਕਰਨ ਦੀ ਹੈ। ਇਸੇ ਸਰਕਾਰ ਦੀ ਮਿਲੀਭੁਗਤ ਨਾਲ ਸੀਨੀਅਰ ਜੱਜ ਕਾਨੂੰਨ ਦੇ ਗ਼ਲਤ ਇਸਤੇਮਾਲ ਦੀ ਪੂਰੀ ਤਰ੍ਹਾਂ ਝੂਠੀ ਦਲੀਲ ਉਪਰ ਅਦਾਲਤੀ ਮੋਹਰ ਲਾਉਣ ਵਿਚ ਕਾਮਯਾਬ ਹੋ ਗਏ ਜੋ ਜਾਤਪਾਤੀ ਜਬਰ ਢਾਹੁਣ ਵਾਲੀ ਧਿਰ ਦੀ ਆਪਣੇ ਬਚਾਓ ਲਈ ਘੜੀ ਦਲੀਲ ਹੈ। ਸਰਕਾਰੀ ਪੱਖ ਇਹ ਚਾਹੁੰਦਾ ਹੀ ਨਹੀਂ ਸੀ ਕਿ ਸਹੀ ਪ੍ਰਸੰਗ ਵਿਚ ਠੋਸ ਤੱਥ ਅਤੇ ਅੰਕੜੇ ਪੇਸ਼ ਕਰ ਕੇ ਇਸ ਖ਼ਤਰਨਾਕ ਕਾਨੂੰਨੀ ਘੁਣਤਰ ਨੂੰ ਨਾਕਾਮ ਬਣਾਇਆ ਜਾਵੇ ਸਗੋਂ ਇਹ ਤਾਂ ਸੰਘ ਬ੍ਰਿਗੇਡ ਦੀ ਆਪਣੀ ਜ਼ਰੂਰਤ ਹੈ ਕਿ 2019 ਵਿਚ ਜੋ ਲੋਕ ਚੋਣਾਂ ਹੋਣ ਵਾਲੀਆਂ ਹਨ, ਉਨ੍ਹਾਂ ਦੀ ਤਿਆਰੀ ਦੇ ਹਿੱਸੇ ਵਜੋਂ ਜਾਤਪਾਤੀ ਅਤੇ ਫਿਰਕੂ ਪਾਲਾਬੰਦੀ ਦੀ ਹਮਲਾਵਰ ਮੁਹਿੰਮ ਵਿਚ ਤੇਜ਼ੀ ਲਿਆਂਦੀ ਜਾਵੇ ਅਤੇ ਜਿਸ ਕਾਨੂੰਨ ਦੇ ਸਹਾਰੇ ਦਲਿਤ ਇਨਸਾਫ ਦੀ ਉਮੀਦ ਨਾਲ ਐਫ.ਆਈ.ਆਰ. ਦਰਜ ਕਰਾਉਣ ਦੀ ਕੋਸ਼ਿਸ਼ ਕਰਦੇ ਹਨ, ਉਸ ਨੂੰ ਪੂਰੀ ਤਰ੍ਹਾਂ ਨਾਮਨਿਹਾਦ ਬਣਾ ਦਿੱਤਾ ਜਾਵੇ। ਜੱਜਾਂ ਦਾ ਕੰਮ ਹੈ ਕਾਨੂੰਨ ਨੂੰ ਲਾਗੂ ਕਰਾਉਣਾ ਨਾ ਕਿ ਇਨ੍ਹਾਂ ਨੂੰ ਬਦਲਣਾ। ਇਥੇ ਜੱਜ ਕਾਨੂੰਨਸਾਜ਼ ਅਥਾਰਟੀ ਦੀ ਭੂਮਿਕਾ ਨਿਭਾ ਰਹੇ ਹਨ।

ਹਾਲੀਆ ਨਿਰਦੇਸ਼ ਵਿਚ ਕਾਨੂੰਨ ਦਾ "ਗ਼ਲਤ ਇਸਤੇਮਾਲ" ਲ਼ਫਜ਼ ਸੱਤ ਵਾਰ ਆਇਆ ਹੈ ਜਿਸ ਤੋਂ ਸੀਨੀਅਰ ਜੱਜਾਂ ਦਾ ਦਲਿਤ ਵਿਰੋਧੀ ਤੁਅੱਸਬ ਸਾਫ ਨਜ਼ਰ ਆਉਂਦਾ ਹੈ। ਡਾ. ਸੁਭਾਸ਼ ਕਾਸ਼ੀਨਾਥ ਮਹਾਜਨ ਬਨਾਮ ਮਹਾਰਾਸ਼ਟਰ ਰਾਜ ਮਾਮਲੇ ਵਿਚ ਜੱਜਾਂ ਨੇ ਕਿਹਾ ਕਿ ਦਲਿਤਾਂ ਵਲੋਂ ਤਿੰਨ ਦਹਾਕਿਆਂ ਤੋਂ ਇਸ ਕਾਨੂੰਨ ਦਾ ਸਿਲਸਿਲੇਵਾਰ ਤਰੀਕੇ ਨਾਲ ਗ਼ਲਤ ਇਸਤੇਮਾਲ ਕੀਤਾ ਜਾ ਰਿਹਾ ਹੈ; ਕਿ ਇਸ ਨੂੰ ਰੋਕਣ ਭਾਵ 'ਬੇਕਸੂਰਾਂ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਲਈ ਕਾਨੂੰਨ ਵਿਚ ਬਚਾਓ ਦੇ ਉਪਾਅ' ਸ਼ਾਮਲ ਕਰਨੇ ਜ਼ਰੂਰੀ ਹਨ, ਫਿਰ ਹੀ ਜਾਤਪਾਤੀ ਲੀਹਾਂ ਉਪਰ ਬੇਕਸੂਰ ਨਾਗਰਿਕਾਂ ਨੂੰ ਫਰਜ਼ੀ ਮਾਮਲਿਆਂ ਵਿਚ ਫਸਾਏ ਜਾਣ ਨੂੰ ਰੋਕਿਆ ਜਾ ਸਕਦਾ ਹੈ। ਇਹ ਯਾਦ ਰੱਖਣਾ ਹੋਵੇਗਾ ਕਿ ਪਿਛਲੇ ਸਾਲ ਜੁਲਾਈ ਵਿਚ ਇਨ੍ਹਾਂ ਹੀ ਦੋ ਜੱਜਾਂ ਦੇ ਬੈਂਚ ਨੇ ਔਰਤਾਂ ਉਪਰ ਜ਼ੁਲਮਾਂ ਦੇ ਮਾਮਲੇ ਵਿਚ ਵੀ ਐਨ ਇਹੀ ਤੁਅੱਸਬੀ ਦਲੀਲ ਦਿੱਤੀ ਸੀ। ਉਦੋਂ ਵੀ ਇਨ੍ਹਾਂ ਨੇ ਕਿਹਾ ਸੀ ਕਿ ਆਈ.ਪੀ.ਸੀ. (ਭਾਰਤੀ ਦੰਡ ਵਿਧਾਨ) ਦੀ ਧਾਰਾ 498 ਏ ਦਾ ਗ਼ਲਤ ਇਸਤੇਮਾਲ ਕੀਤਾ ਜਾ ਰਿਹਾ ਹੈ ਜੋ ਸ਼ਾਦੀਸ਼ੁਦਾ ਔਰਤ ਉਪਰ ਉਸ ਦੇ ਪਤੀ ਜਾਂ ਸਹੁਰਾ ਪਰਿਵਾਰ ਵਲੋਂ ਜ਼ੁਲਮ ਕੀਤੇ ਜਾਣ ਸਬੰਧੀ ਧਾਰਾ ਹੈ। ਉਦੋਂ ਵੀ ਜੱਜਾਂ ਦੀ ਦਲੀਲ ਐਨੀ ਤਰਕਹੀਣ ਸੀ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਵੀ ਕਹਿਣਾ ਪੈ ਗਿਆ ਹੈ ਕਿ ਇਸ ਉਪਰ ਨਜ਼ਰਸਾਨੀ ਜ਼ਰੂਰੀ ਹੈ ਅਤੇ ਅਸੀਂ ਇਸ ਨਾਲ ਸਹਿਮਤ ਨਹੀਂ ਹਾਂ।

ਪਹਿਲਾਂ ਜੇ ਕੋਈ ਦਲਿਤ ਕਿਸੇ ਜਾਤ-ਹੰਕਾਰ ਵਿਚ ਗ੍ਰਸਤ ਅਨਸਰ ਵਲੋਂ ਜਾਤਪਾਤੀ ਸਲੂਕ ਕੀਤੇ ਜਾਣ ਦੀ ਸ਼ਿਕਾਇਤ ਕਰਦਾ ਸੀ ਤਾਂ ਪੁਲਿਸ ਕਾਨੂੰਨੀ ਤੌਰ 'ਤੇ ਤੁਰੰਤ ਐਫ.ਆਈ.ਆਰ. ਦਰਜ ਕਰਨ ਲਈ ਪਾਬੰਦ ਸੀ। ਫਿਰ ਵੀ ਪੁਲਿਸ ਅਧਿਕਾਰੀ ਸੰਵਿਧਾਨਕ ਡਿਊਟੀ ਨਿਭਾਉਣ ਦੀ ਬਜਾਏ ਉਚ ਜਾਤੀ ਜਾਬਰਾਂ ਦੇ ਹੱਕ ਵਿਚ ਭੁਗਤਦੇ ਸਨ। ਐਫ.ਆਈ.ਆਰ ਦਰਜ ਹੀ ਨਾ ਹੋਣ ਦਿੱਤੀ ਜਾਵੇ, ਇਸ ਲਈ ਹਰ ਹਰਬਾ ਇਸਤੇਮਾਲ ਕਰਦੇ ਸਨ। ਹੁਣ ਨਵੇਂ ਨਿਰਦੇਸ਼ ਤਹਿਤ ਤਾਂ ਪੁਲਿਸ ਉਚ ਜਾਤੀ ਅਨਸਰਾਂ ਦੀ ਸੇਵਾ ਕਰਨ ਅਤੇ ਮਨਮਾਨੀਆਂ ਕਰਨ ਲਈ ਆਜ਼ਾਦ ਹੋ ਗਈ ਹੈ। ਐਸ.ਸੀ./ਐਸ.ਟੀ. ਐਕਟ ਬਾਰੇ ਸੁਪਰੀਮ ਕੋਰਟ ਦੇ ਹਾਲੀਆ ਨਿਰਦੇਸ਼ ਦਾ ਭਾਵ ਇਹ ਹੈ ਕਿ ਜਦੋਂ ਤਕ ਡੀ.ਐਸ.ਪੀ ਪੱਧਰ ਦਾ ਪੁਲਿਸ ਅਧਿਕਾਰੀ ਸ਼ਿਕਾਇਤ ਦੀ ਜਾਂਚ ਨਹੀਂ ਕਰ ਲੈਂਦਾ, ਉਦੋਂ ਤਕ ਐਫ.ਆਈ.ਆਰ. ਦਰਜ ਨਹੀਂ ਕੀਤੀ ਜਾ ਸਕਦੀ। ਇਹ ਜਾਂਚ ਅਧਿਕਾਰੀ ਤੈਅ ਕਰੇਗਾ ਕਿ ਸ਼ਿਕਾਇਤ ਇਸ ਐਕਟ ਦੇ ਅਧੀਨ ਆਉਂਦੀ ਹੈ ਜਾਂ ਨਹੀਂ। ਐਫ.ਆਈ.ਆਰ. ਦਰਜ ਕਰਨ ਲਈ ਵਾਜਬ ਕਾਰਨ ਦੱਸਣੇ ਪੈਣਗੇ ਅਤੇ ਗ੍ਰਿਫਤਾਰੀ ਦੀ ਮਨਜ਼ੂਰੀ ਲਈ ਅਦਾਲਤ ਵਿਚ ਜਾਣਾ ਪਵੇਗਾ। ਇਹ ਵੀ ਕਿ ਨਿਯੁਕਤ ਕਰਨ ਵਾਲੀ ਉਚ ਅਥਾਰਟੀ/ਅਧਿਕਾਰੀ ਤੋਂ ਲਿਖਤੀ ਮਨਜ਼ੂਰੀ ਲਏ ਬਿਨਾਂ ਜਾਤਪਾਤੀ ਜੁਰਮ ਦੇ ਦੋਸ਼ੀ ਸਰਕਾਰੀ ਅਧਿਕਾਰੀਆਂ ਖ਼ਿਲਾਫ ਐਫ.ਆਈ.ਆਰ. ਦਰਜ ਨਹੀਂ ਕੀਤੀ ਜਾ ਸਕੇਗੀ। ਜੇ ਇਉਂ ਕੀਤਾ ਜਾਂਦਾ ਹੈ ਤਾਂ ਇਸ ਨੂੰ ਅਦਾਲਤ ਦੀ ਉਲੰਘਣਾ ਮੰਨਿਆ ਜਾਵੇਗਾ।

ਇਸ ਫੈਸਲੇ ਨੇ ਐਕਟ ਵਿਚ ਪੇਸ਼ਗੀ ਜ਼ਮਾਨਤ ਦੀ ਵਿਵਸਥਾ ਕਰ ਕੇ ਜਾਤਪਾਤੀ ਧੌਂਸਬਾਜ਼ ਤਾਕਤਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ ਹਨ। ਹੁਣ ਦਲਿਤਾਂ ਉਪਰ ਜ਼ੁਲਮ ਕਰਨ ਵਾਲੇ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਹੋਵੇਗੀ ਅਤੇ ਉਹ ਆਪਣੇ ਰਾਜਕੀ ਰਸੂਖ਼, ਤਾਕਤ ਅਤੇ ਪੈਸੇ ਦੇ ਜ਼ੋਰ ਤੁਰੰਤ ਜ਼ਮਾਨਤ ਹਾਸਲ ਕਰ ਲਿਆ ਕਰਨਗੇ। ਇਸ ਜਾਂਚ ਦਾ ਨਤੀਜਾ ਰਸੂਖ਼ਵਾਨ ਉਚਜਾਤੀ ਅਨਸਰਾਂ ਦੀ ਜੇਬ ਵਿਚ ਹੋਵੇਗਾ, ਕਿਉਂਕਿ ਪੁਲਿਸ ਅਧਿਕਾਰੀ ਵਲੋਂ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਦੀ ਰਿਪੋਰਟ ਹੀ ਇਹ ਤੈਅ ਕਰੇਗੀ ਕਿ ਇਸ ਐਕਟ ਤਹਿਤ ਪਰਚਾ ਦਰਜ ਕਰਨਾ ਹੈ ਜਾਂ ਇਸ ਨੂੰ ਮਾਮੂਲੀ ਜੁਰਮ ਦੇ ਖ਼ਾਤੇ ਪਾ ਕੇ ਰਫਾ-ਦਫਾ ਕਰਨਾ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਬੇਬੁਨਿਆਦ ਅਤੇ ਤੁਅੱਸਬੀ ਹੈ। ਹਰ ਕਾਨੂੰਨ ਦੇ ਗ਼ਲਤ ਇਸਤੇਮਾਲ ਦੀ ਗੁੰਜਾਇਸ਼ ਮੌਜੂਦ ਹੈ, ਫਿਰ ਇਕੱਲਾ ਐਸ.ਸੀ./ਐਸ.ਟੀ. ਐਕਟ ਜਾਂ ਔਰਤਾਂ ਉਪਰ ਹਿੰਸਾ ਰੋਕਣ ਲਈ ਕਾਨੂੰਨੀ ਧਾਰਾਵਾਂ ਹੀ ਨਿਸ਼ਾਨਾ ਕਿਉਂ? ਬਦਲਾਖ਼ੋਰੀ ਜਾਂ ਸੌੜੇ ਸਵਾਰਥਾਂ ਲਈ ਕਾਨੂੰਨ ਦੇ ਗ਼ਲਤ ਇਸਤੇਮਾਲ ਦੀ ਦਲੀਲ ਦੇਣ ਵਾਲੇ ਜੱਜ ਦਹਿਸ਼ਤਗਰਦੀ ਨੂੰ ਰੋਕਣ ਦੇ ਨਾਂ ਹੇਠ ਬਣਾਏ ਕਾਨੂੰਨਾਂ ਅਫਸਪਾ, ਯੂ.ਏ.ਪੀ.ਏ. ਆਦਿ ਅਤੇ ਰਾਜਧ੍ਰੋਹ ਸਬੰਧੀ ਆਈ.ਪੀ.ਸੀ. ਦੀਆਂ ਧਾਰਾਵਾਂ, ਇਥੋਂ ਤਕ ਕਿ ਦਫਾ 144 ਬਾਰੇ ਇਹੀ ਦਲੀਲ ਕਦੇ ਨਹੀਂ ਦਿੰਦੇ ਜਿਨ੍ਹਾਂ ਦਾ ਹਾਕਮ ਜਮਾਤਾਂ ਅਤੇ ਸਰਕਾਰਾਂ ਵਲੋਂ ਹੱਕੀ ਅਵਾਮੀ ਸੰਘਰਸ਼ਾਂ ਖਿਲਾਫ ਥੋਕ ਪੱਧਰ 'ਤੇ ਅਤੇ ਸ਼ਰ੍ਹੇਆਮ ਗ਼ਲਤ ਇਸਤੇਮਾਲ ਹੋ ਰਿਹਾ ਹੈ।

ਹਕੀਕਤ ਇਹ ਹੈ ਕਿ ਐਸ.ਸੀ./ਐਸ.ਟੀ. ਐਕਟ ਵੀ ਦਲਿਤ ਸਮੂਹ ਨੂੰ ਇਨਸਾਫ ਦਿਵਾਉਣ ਵਿਚ ਅਤੇ ਉਨ੍ਹਾਂ ਉਪਰ ਜ਼ੁਲਮ ਕਰਨ ਵਾਲਿਆਂ ਨੂੰ ਰੋਕਣ ਵਿਚ ਅਸਰਦਾਰ ਨਹੀਂ ਹੋ ਰਿਹਾ। ਸਰਕਾਰੀ ਅੰਕੜੇ ਮੂੰਹੋਂ ਬੋਲ ਰਹੇ ਹਨ ਕਿ ਇਸ ਕਾਨੂੰਨ ਦੇ ਬਾਵਜੂਦ ਪਿਛਲੇ ਸਾਲਾਂ ਵਿਚ ਦਲਿਤਾਂ ਉਪਰ ਜ਼ੁਲਮਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜਾਤਪਾਤੀ ਜ਼ੁਲਮ ਕਰਨ ਵਾਲੇ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੀ ਗਿਣਤੀ ਘਟੀ ਹੈ, ਭਾਵ ਉਨ੍ਹਾਂ ਨੂੰ ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਅਦਾਲਤਾਂ ਵਲੋਂ ਬਰੀ ਕੀਤੇ ਜਾਣ ਦੀ ਦਰ ਵਿਚ ਸਪਸ਼ਟ ਤੌਰ 'ਤੇ ਵਾਧਾ ਹੋਇਆ ਹੈ। ਹਰ ਪੰਦਰਾਂ ਮਿੰਟ ਬਾਅਦ ਕਿਸੇ ਨਾ ਕਿਸੇ ਦਲਿਤ ਖ਼ਿਲਾਫ ਜਾਤਪਾਤੀ ਜੁਰਮ ਹੋ ਰਿਹਾ ਹੈ। ਰੋਜ਼ਾਨਾ 6 ਦਲਿਤ ਔਰਤਾਂ ਨਾਲ ਜਬਰ ਜਨਾਹ ਹੁੰਦੇ ਹਨ। ਪਿਛਲੇ ਦਸ ਸਾਲਾਂ (2007-2017) ਵਿਚ ਦਲਿਤਾਂ ਖ਼ਿਲਾਫ ਜੁਰਮਾਂ ਵਿਚ 66 ਫੀਸਦੀ ਵਾਧਾ ਹੋਇਆ ਹੈ। ਕੌਮੀ ਜੁਰਮ ਰਿਕਾਰਡ ਬਿਓਰੋ ਦੇ ਜਿਸ ਅੰਕੜੇ ਨੂੰ ਆਧਾਰ ਬਣਾ ਕੇ ਸੁਪਰੀਮ ਕੋਰਟ ਦੇ ਬੈਂਚ ਨੇ ਫੈਸਲਾ ਕੀਤਾ ਹੈ, ਉਸ ਮੁਤਾਬਿਕ ਬੀਤੇ ਦਸ ਸਾਲਾਂ ਵਿਚ ਦਲਿਤ ਔਰਤਾਂ ਨਾਲ ਜਬਰ ਜਨਾਹਾਂ ਦੀ ਤਾਦਾਦ ਦੁੱਗਣੀ ਹੋਈ ਹੈ। ਇਹ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਇਹ ਸਰਕਾਰੀ ਅੰਕੜੇ ਦਲਿਤਾਂ ਦੇ ਖ਼ਿਲਾਫ ਜੁਰਮਾਂ ਦੀ ਸਹੀ ਅਤੇ ਪੂਰੀ ਤਸਵੀਰ ਪੇਸ਼ ਨਹੀਂ ਕਰਦੇ, ਇਹ ਤਾਂ ਅਸਲੀ ਹਾਲਾਤ ਦਾ ਬਹੁਤ ਨਿੱਕਾ ਜਿਹਾ ਹਿੱਸਾ ਹੈ। ਇਹ ਮਹਿਜ਼ ਉਨ੍ਹਾਂ ਮਾਮਲਿਆਂ ਦੇ ਅੰਕੜੇ ਹਨ ਜੋ ਕਿਸੇ ਕਾਰਨ ਪੁਲਿਸ ਨੂੰ ਦਰਜ ਕਰਨੇ ਪਏ। ਜ਼ਿਆਦਾਤਰ ਮਾਮਲੇ ਤਾਂ ਰਿਪੋਰਟ ਹੀ ਨਹੀਂ ਹੁੰਦੇ ਬਲਕਿ ਸਮਾਜੀ ਧੌਂਸ ਦੇ ਜ਼ੋਰ ਉਂਜ ਹੀ ਦਬਾ ਦਿੱਤੇ ਜਾਂਦੇ ਹਨ।



ਇਸ ਦੇ ਬਾਵਜੂਦ ਦਲਿਤਾਂ ਉਪਰ ਜ਼ੁਲਮ ਸਰਕਾਰੀ ਰਿਪੋਰਟਾਂ ਅਤੇ ਅੰਕੜਿਆਂ ਵਿਚ ਮੂੰਹੋਂ ਬੋਲਦੇ ਹਨ। ਸੂਚੀਦਰਜ ਜਾਤਾਂ ਲਈ ਕੌਮੀ ਕਮਿਸ਼ਨ ਵਲੋਂ 16 ਅਗਸਤ 2016 ਨੂੰ ਨੌਵੀਂ ਸਾਲਾਨਾ ਰਿਪੋਰਟ (2015-16) ਰਾਸ਼ਟਰਪਤੀ ਨੂੰ ਸੌਂਪੀ ਗਈ ਸੀ ਜੋ 9 ਮਾਰਚ 2017 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਰਿਪੋਰਟ ਕਹਿੰਦੀ ਹੈ ਕਿ ਸੂਚੀ ਦਰਜ ਜਾਤਾਂ ਉਪਰ ਜ਼ੁਲਮਾਂ ਦੀਆਂ ਘਟਨਾਵਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। 16 ਸੂਬਿਆਂ ਦੇ ਅੰਕੜਿਆਂ ਅਨੁਸਾਰ ਇਹ ਗਿਣਤੀ 2012 ਵਿਚ 33655 ਸੀ ਜੋ 2013 ਵਿਚ 39408 ਹੋ ਗਈ। 2014 ਦਾ ਆਰਜ਼ੀ ਅੰਕੜਾ 51672 ਦਿੱਤਾ ਗਿਆ ਹੈ। ਰਿਪੋਰਟ ਅਨੁਸਾਰ ਜੁਰਮ ਦੀ ਦਰ 16.7 ਫੀਸਦ ਤੋਂ ਵਧ ਕੇ 2013 ਵਿਚ 19.6 ਹੋ ਗਈ। ਦੂਜੇ ਪਾਸੇ ਇਸੇ ਅਰਸੇ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੀ ਦਰ ਤੇਜ਼ੀ ਨਾਲ ਘਟੀ ਹੈ ਜੋ 29.6 ਫੀਸਦ ਤੋਂ ਘਟ ਕੇ 23.8 ਫੀਸਦੀ ਰਹਿ ਗਈ।

ਦੂਜੇ ਲਫਜ਼ਾਂ ਵਿਚ 75 ਫੀਸਦ ਤੋਂ ਵੱਧ ਮੁਜਰਿਮ ਇਨ੍ਹਾਂ ਮਾਮਲਿਆਂ ਵਿਚ ਬਰੀ ਹੋ ਗਏ। ਕੌਮੀ ਜੁਰਮ ਰਿਕਾਰਡ ਬਿਓਰੋ ਦੇ ਅੰਕੜਿਆਂ ਅਨੁਸਾਰ ਸੂਚੀ ਦਰਜ ਜਾਤਾਂ ਵਿਰੁਧ ਜੁਰਮਾਂ ਦੀ ਤਾਦਾਦ ਜੋ 2015 ਵਿਚ 38670 ਸੀ ਉਹ 2016 ਵਿਚ ਵਧ ਕੇ 40801 ਅਤੇ ਇਸੇ ਤਰ੍ਹਾਂ ਸੂਚੀਦਰਜ ਕਬੀਲਿਆਂ ਵਿਰੁਧ ਜੁਰਮਾਂ ਦੀ ਤਾਦਾਦ 6276 ਤੋਂ ਵਧ ਕੇ 6568 ਹੋ ਗਈ ਹੈ। 2016 ਵਿਚ ਸੂਚੀ ਦਰਜ ਜਾਤਾਂ ਵਿਰੁਧ ਜੁਰਮਾਂ ਦੇ 56299 ਮਾਮਲਿਆਂ ਵਿਚੋਂ ਕੇਵਲ 31042 ਮਾਮਲਿਆਂ ਵਿਚ ਚਾਰਜਸ਼ੀਟ ਤਿਆਰ ਕੀਤੀ ਗਈ। ਇਸੇ ਤਰ੍ਹਾਂ ਸੂਚੀ ਦਰਜ ਕਬੀਲਿਆਂ ਵਿਰੁਧ ਜੁਰਮਾਂ ਦੇ 9096 ਮਾਮਲਿਆਂ ਵਿੱਚੋਂ ਕੇਵਲ 5277 ਮਾਮਲਿਆਂ ਵਿਚ ਚਾਰਜਸ਼ੀਟ ਤਿਆਰ ਕੀਤੀ ਗਈ।

ਜਿਨ੍ਹਾਂ ਤਾਕਤਾਂ ਦੀ ਮਨਸ਼ਾ ਇਸ ਕਾਨੂੰਨ ਦਾ ਖ਼ਾਤਮਾ ਕਰ ਕੇ ਉਚਜਾਤੀ ਧੌਂਸਬਾਜ਼ਾਂ ਨੂੰ ਜਾਤਪਾਤੀ ਜ਼ੁਲਮਾਂ ਦੀ ਪੂਰੀ ਤਰ੍ਹਾਂ ਖੁੱਲ੍ਹੀ ਛੁੱਟੀ ਦੇਣ ਦੀ ਹੈ, ਉਹ ਇਸ ਤੱਥ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਇਲਜ਼ਾਮ ਬੇਬੁਨਿਆਦ ਸਨ, ਇਸ ਕਰ ਕੇ ਕਾਨੂੰਨ ਵਲੋਂ 'ਬੇਕਸੂਰਾਂ' ਨੂੰ ਬਰੀ ਕਰ ਦਿੱਤਾ ਗਿਆ; ਲੇਕਿਨ ਜੋ ਜਾਗਰੂਕ ਅਤੇ ਨਿਆਂਪਸੰਦ ਹਿੱਸੇ ਬੇਰਹਿਮ ਜਾਤਪਾਤੀ ਦਾਬੇ ਤੇ ਅਖੌਤੀ ਉਚ ਜਾਤਾਂ ਦੇ ਗ਼ਲਬੇ ਦੀ ਜ਼ਮੀਨੀ ਹਕੀਕਤ ਨੂੰ ਨੇੜਿਓਂ ਜਾਣਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਇਹ ਯਕੀਨੀ ਬਣਾਉਣ ਲਈ ਜਾਬਰ ਤਾਕਤਾਂ ਕਿਸ ਹੱਦ ਤਕ ਜਾਂਦੀਆਂ ਹਨ ਕਿ ਮਜ਼ਲੂਮਾਂ ਉਪਰ ਦਾਬਾ ਬਰਕਰਾਰ ਰਹੇ ਅਤੇ ਥਾਣਿਆਂ, ਅਦਾਲਤਾਂ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਾ ਹੋਵੇ। ਬਿਹਾਰ ਦੇ ਬਾਰਾ, ਲਕਸ਼ਮਣਪੁਰ ਬਾਥੇ ਕਾਂਡ ਅੰਜਾਮ ਦੇਣ ਵਾਲੇ ਜਗੀਰੂ ਸੈਨਾਵਾਂ ਦੇ ਉਚ ਜਾਤੀ ਦਹਿਸ਼ਤਗਰਦ ਗਰੋਹ ਅਦਾਲਤਾਂ ਵਿਚ ਬਰੀ ਹੋ ਗਏ। ਹਜ਼ਾਰਾਂ ਮਾਮਲੇ ਨਿਆਂ ਦੀ ਇੰਤਜ਼ਾਰ ਵਿਚ ਦਹਾਕਿਆਂ ਤੋਂ ਅਦਾਲਤਾਂ ਵਿਚ ਲਟਕ ਰਹੇ ਹਨ।

ਸੀਨੀਅਰ ਜੱਜ ਇਸ ਹਕੀਕਤ ਨੂੰ ਭਲੀਭਾਂਤ ਜਾਣਦੇ ਹੋਏ ਵੀ ਜੇ ਇਸ ਕਾਨੂੰਨ ਦੇ ਗ਼ਲਤ ਇਸਤੇਮਾਲ ਦੀ ਦਲੀਲ ਦੇ ਰਹੇ ਹਨ ਤਾਂ ਇਸ ਪਿੱਛੇ ਉਨ੍ਹਾਂ ਦਾ ਉਚ ਜਾਤਾਂ ਪੱਖੀ ਏਜੰਡਾ ਹੈ ਜਿਸ ਦਾ ਮਨੋਰਥ ਇਹ ਯਕੀਨੀ ਬਣਾਉਣਾ ਹੈ ਕਿ ਦਲਿਤਾਂ ਖ਼ਿਲਾਫ ਜੁਰਮਾਂ ਵਿਰੁਧ ਰਸਮੀ ਕਾਨੂੰਨੀ ਕਾਰਵਾਈ ਦੀ ਜੋ ਮਾਮੂਲੀ ਵਿਵਸਥਾ ਹੈ, ਉਸ ਨੂੰ ਵੀ ਇਸ ਕਦਰ ਨਕਾਰਾ ਬਣਾ ਜਾਵੇ ਕਿ ਦਲਿਤਾਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਉਪਰ ਫਾਸ਼ੀਵਾਦ ਹਮਲੇ ਕਰਨ ਵਾਲੇ ਸੰਘ ਬ੍ਰਿਗੇਡ ਅਤੇ ਹੋਰ ਉਚ ਜਾਤੀ ਪਿਛਾਖੜੀਆਂ ਵਿਰੁਧ ਕਾਨੂੰਨੀ ਕਾਰਵਾਈ ਦੀ ਕੋਈ ਗੁੰਜਾਇਸ਼ ਹੀ ਨਾ ਰਹੇ।

ਜੱਜਾਂ ਨੂੰ ਇਹ ਵੀ ਪਤਾ ਹੈ ਕਿ ਆਰ.ਐਸ.ਐਸ. ਦੇ ਕੇਂਦਰੀ ਸੱਤਾ ਉਪਰ ਕਾਬਜ਼ ਹੋ ਜਾਣ ਅਤੇ 20 ਤੋਂ ਉਪਰ ਸੂਬਿਆਂ ਵਿਚ ਸਰਕਾਰਾਂ ਬਣਾ ਲੈਣ ਨਾਲ ਉਚ ਜਾਤੀ ਧੌਂਸਬਾਜ਼ ਤਾਕਤਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਹੋਰ ਵੀ ਵਧੇਰੇ ਖੁੱਲ੍ਹ ਦਿੱਤੀ ਗਈ ਹੈ। ਸਟੇਟ ਮਸ਼ੀਨਰੀ ਵਿਚ ਹਿੰਦੂਤਵ ਦੀ ਡੂੰਘੀ ਘੁਸਪੈਠ ਹੈ। ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਸੰਘ ਬ੍ਰਿਗੇਡ ਦੇ ਬੁਰਛਾਗਰਦ, ਬੇਖ਼ੌਫ ਹੋ ਕੇ ਦਲਿਤਾਂ ਅਤੇ ਘੱਟਗਿਣਤੀਆਂ ਉਪਰ ਜ਼ੁਲਮ ਕਰ ਰਹੇ ਹਨ। ਸੰਘ ਪਰਿਵਾਰ ਧਰਮ ਅਤੇ ਜਾਤ ਦੇ ਨਾਂ 'ਤੇ ਵਿਉਂਤਬਧ ਸਮਾਜੀ ਪਾਲਾਬੰਦੀ ਕਰ ਕੇ ਉਚ ਜਾਤੀ ਹੰਕਾਰ ਵਧਾ ਰਿਹਾ ਹੈ।

ਇਨ੍ਹਾਂ ਹਾਲਾਤ ਵਿਚ ਸੁਪਰੀਮ ਕੋਰਟ ਦੇ ਬੈਂਚ ਵਲੋਂ ਇਸ ਕਾਨੂੰਨ ਨੂੰ ਨਾਕਾਰਾ ਬਣਾ ਦੇਣ ਦਾ ਫੈਸਲਾ ਮਨੂ ਸਮਰਿਤੀ ਨੂੰ ਪੂਜਣ ਵਾਲੀਆਂ ਤਾਕਤਾਂ ਦੇ ਹੌਸਲੇ ਹੋਰ ਬੁਲੰਦ ਕਰਨ ਵਾਲਾ ਹੈ। ਇਹ ਫੈਸਲਾ ਮਜ਼ਲੂਮ ਤੇ ਨਿਤਾਣੇ ਦਲਿਤਾਂ ਨੂੰ ਇਨ੍ਹਾਂ ਘੋਰ ਪਿਛਾਖੜੀ ਤਾਕਤਾਂ ਦੇ ਖ਼ੂਨੀ ਜਬਾੜਿਆਂ ਅੱਗੇ ਹੋਰ ਵੀ ਬੇਵਸ ਬਣਾਉਣ ਵਾਲਾ ਹੈ। ਸੀਨੀਅਰ ਵਕੀਲ ਇੰਦਰਾ ਜੈਸਿੰਘ ਨੇ ਟਿੱਪਣੀ ਕੀਤੀ ਹੈ ਕਿ "ਭਾਰਤ ਦੀ ਸੁਪਰੀਮ ਕੋਰਟ ਦੇ ਦੋ ਉਚ ਜਾਤੀ ਜੱਜਾਂ ਨੇ ਐਸ.ਸੀ./ਐਸ.ਟੀ. ਐਕਟ ਨੂੰ ਐਸ.ਸੀ./ਐਸ.ਟੀ. ਨੂੰ ਸੁਰੱਖਿਆ ਦੇਣ ਵਾਲੇ ਤੋਂ ਬ੍ਰਾਹਮਣਾਂ ਦੀ ਸੁਰੱਖਿਆ ਕਰਨ ਵਾਲਾ ਬਣਾ ਦਿੱਤਾ ਹੈ। ਇਹ ਹੈਰਤਅੰਗੇਜ਼ ਨਹੀਂ, ਸੁਪਰੀਮ ਕੋਰਟ ਵਿਚ ਕੋਈ ਐਸ.ਸੀ./ਐਸ.ਟੀ. ਜੱਜ ਹੀ ਨਹੀਂ।"

ਲਿਹਾਜ਼ਾ ਵਿਰੋਧ ਦਾ ਜੋ ਤੂਫਾਨ ਉਠਿਆ ਹੈ, ਇਹ ਮਹਿਜ਼ ਜਾਤ ਹੰਕਾਰੀ ਨਿਰਦੇਸ਼ ਦੇ ਖ਼ਿਲਾਫ ਨਹੀਂ ਸਗੋਂ ਆਰ.ਐਸ.ਐਸ. ਦੀ ਘਿਨਾਉਣੀ ਵਿਚਾਰਧਾਰਾ ਦੇ ਖ਼ਿਲਾਫ ਹੈ।

> ***ਹਕੀਕਤ ਇਹ ਹੈ ਕਿ ਐਸ.ਸੀ./ਐਸ.ਟੀ. ਐਕਟ ਵੀ ਦਲਿਤ ਸਮੂਹ ਨੂੰ ਇਨਸਾਫ ਦਿਵਾਉਣ ਵਿਚ ਅਤੇ ਉਨ੍ਹਾਂ ਉਪਰ ਜ਼ੁਲਮ ਕਰਨ ਵਾਲਿਆਂ ਨੂੰ ਰੋਕਣ ਵਿਚ ਅਸਰਦਾਰ ਨਹੀਂ ਹੋ ਰਿਹਾ। ਸਰਕਾਰੀ ਅੰਕੜੇ ਮੂੰਹੋਂ ਬੋਲ ਰਹੇ ਹਨ ਕਿ ਇਸ ਕਾਨੂੰਨ ਦੇ ਬਾਵਜੂਦ ਪਿਛਲੇ ਸਾਲਾਂ ਵਿਚ ਦਲਿਤਾਂ ਉਪਰ ਜ਼ੁਲਮਾਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਜਾਤਪਾਤੀ ਜ਼ੁਲਮ ਕਰਨ ਵਾਲੇ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੀ ਗਿਣਤੀ ਘਟੀ ਹੈ, ਭਾਵ ਉਨ੍ਹਾਂ ਨੂੰ ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਅਦਾਲਤਾਂ ਵਲੋਂ ਬਰੀ ਕੀਤੇ ਜਾਣ ਦੀ ਦਰ ਵਿਚ ਸਪਸ਼ਟ ਤੌਰ 'ਤੇ ਵਾਧਾ ਹੋਇਆ ਹੈ।***

## ਦਰਸਗਾਹੇਂ - ਯੂਨੀਵਰਸਿਟੀਆਂ

***(ਪੁਲਿਸ ਜਬਰ ਨਾਲ ਟੱਕਰ ਲੈ ਰਹੇ ਜੇ.ਐਨ.ਯੂ, ਨਵੀਂ ਦਿੱਲੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਜੁਝਾਰੂ ਟਾਕਰੇ ਤੋਂ ਉਤਸ਼ਾਹਤ ਹੋ ਕੇ ਲਿਖੀ ਨਜ਼ਮ)***

ਦਰਸਗਾਹੋਂ ਪਰ ਹਮਲੇ ਨਏ ਤੋ ਨਹੀਂ
ਇਨ ਕਿਤਾਬੋਂ ਪੇ ਹਮਲੇ ਨਏ ਤੋਂ ਨਹੀਂ
ਇਨ ਸਵਾਲੋਂ ਪੇ ਹਮਲੇ ਨਏ ਤੋ ਨਹੀਂ
ਇਨ ਖ਼ਿਆਲੋਂ ਪੇ ਹਮਲੇ ਨਏ ਤੋਂ ਨਹੀਂ
'ਗਰ, ਨਯਾ ਹੈ ਕਹੀਂ ਕੁਛ ਤੋ ਇਤਨਾ ਹੀ ਹੈ
ਤੁਮ ਨਏ ਭੇਸ ਮੇਂ ਲੌਟ ਕਰ ਆਏ ਹੋ
ਤੁਮ ਮੇਰੇ ਦੇਸ ਮੇਂ ਲੌਟ ਕਰ ਆਏ ਹੋ
ਪਰ ਹੈ ਸੂਰਤ ਵੋਹੀ, ਔਰ ਸੀਰਤ ਵੋਹੀ

ਸਾਰੀ ਵਹਿਸ਼ਤ ਵੋਹੀ, ਸਾਰੀ ਨਫਰਤ ਵੋਹੀ
ਕਿਸ ਤਰਹ ਸੇ ਛੁਪਾਓਗੇ ਪਹਿਚਾਨ ਕੋ
ਗੇਰੂਏ ਰੰਗ ਵਿਚ ਛੁਪਾ ਨਹੀਂ ਪਾਓਗੇ।

ਦਰਸਗਾਹੋਂ ਪਰ ਹਮਲੇ ਨਏ ਤੋ ਨਹੀਂ
ਹਮ ਕੋ ਤਾਰੀਖ਼ ਦਾ ਹਰ ਸਫਾ ਯਾਦ ਹੈ
ਤਕਸ਼ਿਲਾ ਹੋ ਕਿ ਨਾਲੰਦਾ ਤੁਮ ਹੀ ਤੋ ਥੇ
ਮਿਸਰ ਮੇਂ ਤੁਮ ਹੀ ਤੋ ਥੇ, ਤੁਮ ਹੀ ਯੂਨਾਨ ਮੇਂ
ਰੋਮ ਮੇਂ ਚੀਨ ਮੇਂ, ਤੁਮ ਹੀ ਗ਼ਜ਼ਨਾ ਮੇਂ ਥੇ
ਅਲਬਾਮਾ ਪੇ ਹਮਲਾ ਹਮੇਂ ਯਾਦ ਹੈ
ਬੈਲਜੀਅਮ ਮੇਂ ਤੁਮ ਹੀ, ਤੁਮ ਹੀ ਪੋਲੈਂਡ ਮੇਂ
ਦਰਸਗਾਹੋਂ ਕੋ ਮਿਸਮਾਰ ਕਰਤੇ ਰਹੇ

ਜਰਮਨੀ ਮੇਂ ਤੁਮਹਾਰੇ ਕਦਮ ਜਬ ਪੜੇ
ਤਬ ਕਿਤਾਬੋਂ ਕੀ ਹੋਲੀ ਜਲਾਈ ਗਈ
ਵੋਹ ਚਿੱਲੀ ਮੇਂ ਕਿਆਮਤ ਕੇ ਦਿਨ ਯਾਦ ਹੈਂ

ਦਰਸਗਾਹੋਂ ਪੇ ਤੀਰੋਂ ਕੀ ਬੌਛਾਰ ਥੀ
ਤੁਮ ਹੀ ਹੋ ਤਾਲਿਬਾਨ, ਤੁਮ ਹੋ ਬੋਕੋਹਰਾਮ
ਤੁਮ ਨੇ ਰੌਂਦਾ ਹੈ ਸਦੀਓਂ ਸੇ ਇਲਮ-ਓ-ਹੁਨਰ
ਹਮ ਕੋ ਤਾਰੀਖ਼ ਦਾ ਹਰ ਸਫਾ ਯਾਦ ਹੈ

ਤੁਮ ਤੋ ਅਕਸਰ ਹੀ ਮਜ਼ਹਬ ਕੇ ਜਾਮੇ ਮੇਂ ਥੇ
ਫਿਰ ਯੇ ਕਿਉਂ ਹੈ ਗੁਮਾਂ, ਆਜ ਕੇ ਦਿਨ ਤੁਮਹੇਂ
ਧਰਮ ਕੀ ਆੜ ਮੇਂ, ਛੁਪ ਕੇ ਰਹ ਪਾਓਗੇ
ਰੌਂਦ ਪਾਓਗੇ ਸਦੀਓਂ ਕੀ ਤਹਜ਼ੀਬ ਕੋ
ਹਮ ਕੋ ਤਾਰੀਖ਼ ਦਾ ਹਰ ਸਫਾ ਯਾਦ ਹੈ

ਦਰਸਗਾਹੋਂ ਪੇ ਹਮਲੇ ਹੈਂ ਜਬ ਜਬ ਹੂਏ
ਫਿਰ ਸੇ ਉੱਠੀ ਹੈ ਯੇ ਰਾਖ ਕੇ ਢੇਰ ਸੇ
ਜਬ ਜਲਾਈ ਹੈ ਤੁਮ ਨੇ ਕਿਤਾਬੇਂ ਕਹੀਂ
ਹਰ ਕਲਾਮ ਬਨ ਗਯਾ, ਪਰਚਮ-ਏ-ਇਨਕਲਾਬ

ਆਜ ਕੀ ਨਸਲ ਉੱਠੀ ਹੈ ਪਰਚਮ ਲੀਏ
ਹੈ ਯੇ ਵਾਕਿਫ ਤੁਮਹਾਰੇ ਹਰ ਇਕ ਰੂਪ ਸੇ
ਤੁਮ ਕੋ ਪਹਿਚਾਨਤੀ ਹੈ ਹਰ ਇਕ ਰੰਗ ਮੇਂ
ਇਸ ਨਈ ਨਸਲ ਕੋ
ਸਾਰੇ ਖ਼ੰਜਰ ਪਰਖਨੇ ਕੀ ਤੌਫੀਕ ਹੈ
ਇਸ ਨਈ ਨਸਲ ਕੋ
ਦਸਤ-ਏ-ਕਾਤਿਲ ਝਟਕਨੇ ਕੀ ਤੌਫੀਕ ਹੈ।

***-ਗੌਹਰ ਰਜ਼ਾ***
***(ਲਿਪੀਅੰਤਰ ਬੂਟਾ ਸਿੰਘ)***

# ਬਜਟ ਇਜਲਾਸ ਵਿਚ ਦਲੀਲਾਂ ਅਤੇ ਜਵਾਬੀ ਦਲੀਲਾਂ ਦਾ ਪੱਧਰ

***ਪੰਜਾਬ ਵਿਧਾਨ ਸਭਾ ਦਾ ਇਸ ਵਾਰ ਦਾ ਬਜਟ ਸੈਸ਼ਨ ਬਹੁਤ ਦਿਲਚਸਪ ਰਿਹਾ। ਇਹ ਵੱਖਰੀ ਗੱਲ ਹੈ ਕਿ ਇਸ ਸੈਸ਼ਨ ਦੌਰਾਨ ਬਜਟ ਬਾਰੇ ਜਾਂ ਪੰਜਾਬ ਦੇ ਹੋਰ ਮਸਲਿਆਂ ਬਾਰੇ ਕੋਈ ਗੰਭੀਰ ਬਹਿਸ ਨਾ ਹੋ ਸਕੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਅਕਾਲੀ ਵਿਧਾਇਕਾਂ ਖਾਸ ਕਰ ਬਿਕਰਮਜੀਤ ਸਿੰਘ ਮਜੀਠੀਏ ਵਿਚਾਲੇ ਬਹਿਸ ਸ਼ਾਇਸਤਗੀ ਦੀਆਂ ਹੱਦਾਂ ਟੱਪ ਜਾਂਦੀ ਰਹੀ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਚੁੱਪ ਵੀ ਰੜਕਦੀ ਰਹੀ। ਫਿਰ ਵੀ ਕਈ ਮਾਮਲਿਆਂ ਉਤੇ ਵਿਚਾਰ ਗੰਭੀਰਤਾ ਦੇ ਘੇਰੇ ਵਿਚ ਰਹੀ। ਇਸ ਸਾਰੇ ਵਰਤਾਰੇ ਦਾ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਸਾਰਥਕ ਵਿਸ਼ਲੇਸ਼ਣ ਕੀਤਾ ਹੈ। -ਸੰਪਾਦਕ***

ਪੰਜਾਬ ਵਿਧਾਨ ਸਭਾ ਵਿਚ 7 ਦਿਨ ਚੱਲੇ ਬਜਟ ਇਜਲਾਸ ਵਿਚ ਤਾਅਨੇ-ਮਿਹਣੇ ਵੀ ਸਨ, ਦਿਲਾਂ ਨੂੰ ਦੁਖਾਉਣ ਵਾਲੀਆਂ, ਦਿਲਾਂ ਨੂੰ ਸਾੜਨ ਵਾਲੀਆਂ ਚੋਭਾਂ ਵੀ ਸੁਣਨ ਨੂੰ ਮਿਲੀਆਂ ਅਤੇ ਹਾਕਮ ਧਿਰ ਦੀ ਭਾਰੀ ਬਹੁਗਿਣਤੀ ਦੇ ਮਾਣ ਅਤੇ ਹੰਕਾਰ ਨੇ ਵੀ ਆਪਣੇ ਸਿਆਸੀ ਸ਼ਰੀਕਾਂ ਨੂੰ ਸਿਰ ਚੁੱਕਣ ਦਾ ਮੌਕਾ ਨਾ ਦਿੱਤਾ, ਸਗੋਂ ਕਈ ਵਾਰ ਮਿੱਧ ਕੇ ਵੀ ਰੱਖਿਆ। ਬਹੁਤੀ ਵਾਰ ਉਹ ਆਪਣੀਆਂ ਸੁਣਾਉਂਦੇ ਵੀ ਸਨ ਅਤੇ ਮਨਵਾਉਂਦੇ ਵੀ ਸਨ। ਇਹੋ ਜਿਹੀ ਖੁਲ੍ਹਦਿਲੀ ਹਾਕਮ ਧਿਰ ਵਿਚ ਵੇਖਣ ਨੂੰ ਨਹੀਂ ਮਿਲੀ, ਜੋ ਇੱਕ ਵਾਰ

**ਕਰਮਜੀਤ ਸਿੰਘ ਚੰਡੀਗੜ੍ਹ**
ਫੋਨ: 91-99150-91063

ਸਾਬਕਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਹਾਊਸ ਆਫ ਕਾਮਨਜ਼ ਵਿਚ ਇਹ ਐਲਾਨ ਕਰ ਕੇ ਸਾਰਿਆਂ ਦੇ ਦਿਲਾਂ ਨੂੰ ਜਿੱਤ ਲਿਆ ਸੀ ਕਿ, 'ਉਲਟ ਦਲੀਲਾਂ ਨੂੰ ਆਉਣ ਦਿਓ...ਮੈਨੂੰ ਬਹਿਸ ਨਾਲ ਇਸ਼ਕ ਹੈ...ਮੈਂ ਨਹੀਂ ਚਾਹੁੰਦੀ ਪਈ ਮੇਰੇ ਸਾਥੀ ਇਥੇ ਬੈਠੇ-ਬੈਠੇ ਮੇਰੇ ਨਾਲ ਹੀ ਸਹਿਮਤ ਹੁੰਦੇ ਰਹਿਣ...ਮੈਨੂੰ ਇਹੋ ਜਿਹੀ ਗੱਲ ਚੰਗੀ ਨਹੀਂ ਲੱਗਦੀ।'

ਸਾਡੇ ਵਿਧਾਇਕਾਂ ਅਤੇ ਵਜ਼ੀਰਾਂ ਨੇ ਬਹਿਸ ਦਾ ਇਹੋ ਜਿਹਾ ਪੱਧਰ ਅਜੇ ਸਾਹਮਣੇ ਨਹੀਂ ਲਿਆਂਦਾ, ਜੋ ਪੱਛਮੀ ਮੁਲਕਾਂ ਨੇ ਢੇਰ ਚਿਰ ਪਹਿਲਾਂ ਦਾ ਕਾਇਮ ਕਰ ਰੱਖਿਆ ਹੈ। ਵੈਸੇ ਉਥੇ ਵੀ ਕਈ ਵਾਰ ਵਿਰੋਧੀਆਂ ਉਤੇ ਤੇਜ਼ ਤਰਾਰ ਹਮਲੇ ਹੁੰਦੇ ਹਨ, ਕੌੜੀਆਂ ਅਤੇ ਤਲਖ ਗੱਲਾਂ ਦਾ ਆਦਾਨ ਪ੍ਰਦਾਨ ਹੁੰਦਾ ਹੈ ਪਰ ਨਾਲ ਹੀ ਇੱਕ ਵੱਡਾ ਜ਼ਾਬਤਾ ਵੀ ਬਣਿਆ ਰਹਿੰਦਾ ਹੈ।

ਪੰਜਾਬ ਦੇ ਬਜਟ ਇਜਲਾਸ ਦਾ ਦੂਜਾ ਦਿਨ ਸ਼ਾਇਦ ਸਭ ਤੋਂ ਵਧੀਆ ਅਤੇ ਵੇਖਣ ਵਾਲਾ ਸੀ, ਜਿਸ ਵਿਚ ਬਹਿਸ ਦਾ ਇੱਕ ਪੱਧਰ ਵੀ ਸੀ ਤੇ ਲਬਾਲਬ ਦਲੀਲਾਂ ਨਾਲ ਭਰੇ ਹਮਲੇ ਵੀ, ਜਿਨ੍ਹਾਂ ਦਾ ਅਸਲ ਨਿਸ਼ਾਨਾ ਅਕਾਲੀ ਬੈਂਚਾਂ ਵੱਲ ਸੀ। ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਇਸ ਬਹਿਸ ਦੇ ਜਰਨੈਲ ਬਣੇ ਹੋਏ ਸਨ। ਭਾਵੇਂ ਬਿਨਾਂ ਸ਼ੱਕ ਇਸ ਬਹਿਸ ਦਾ ਪੱਧਰ ਹੇਠਾਂ ਵੀ ਡਿੱਗਦਾ ਰਿਹਾ ਪਰ ਵਿਰੋਧੀਆਂ ਉਪਰ ਦਾਨੇ-ਬੀਨੇ ਹਮਲੇ ਵੀ ਹੁੰਦੇ ਰਹੇ। ਇਸ ਦ੍ਰਿਸ਼ ਵਿਚ ਵੇਖਣ ਵਾਲੀ ਗੱਲ ਇਹ ਸੀ ਕਿ ਇਨ੍ਹਾਂ ਦੋਵਾਂ ਵਿਧਾਇਕਾਂ ਦੀ ਪੰਥਕ ਸਿਆਸਤ ਉਤੇ ਪਕੜ, ਜਾਣਕਾਰੀ ਅਤੇ ਤੱਥ ਇੰਨੇ ਮਜ਼ਬੂਤ ਸਨ ਕਿ ਇੱਕ ਵਾਰ ਤਾਂ ਇਉਂ ਵੀ ਲੱਗਦਾ ਸੀ ਕਿ ਪੰਥਕ ਜਜ਼ਬਿਆਂ ਦੀ ਅਜਾਰੇਦਾਰੀ ਦਾ ਗੁਰਜ ਉਨ੍ਹਾਂ ਨੇ ਅਕਾਲੀ ਦਲ ਤੋਂ ਖੋਹ ਲਿਆ ਹੋਵੇ। ਰਾਜਾ ਵੜਿੰਗ ਦੇ ਹਮਲੇ ਸ਼ਾਇਰਾਨਾ ਵੀ ਸਨ ਅਤੇ ਵਿਚ ਵਿਚ ਉਹ ਹਵਾਲੇ ਵਜੋਂ ਗੁਰਬਾਣੀ ਦੀਆਂ ਟੂਕਾਂ ਵੀ ਦਿੰਦੇ, ਜੋ ਅਕਾਲੀ ਬੈਂਚਾਂ ਨੂੰ ਚੁੱਪ ਕਰਾਉਣ ਲਈ ਕਾਫੀ ਵਜ਼ਨਦਾਰ ਸਨ। ਇਸੇ ਤਰ੍ਹਾਂ ਸੁਖਜਿੰਦਰ ਰੰਧਾਵਾ ਨੇ ਵੀ ਅਕਾਲੀ ਦਲ ਦੇ ਰਾਜ ਦੀਆਂ ਗਲਤੀਆਂ, ਕਮਜ਼ੋਰੀਆਂ, ਉਨ੍ਹਾਂ ਦੇ ਹੰਕਾਰ ਅਤੇ ਸਕੈਂਡਲਾਂ ਨੂੰ ਕੁਝ ਇਸ ਅੰਦਾਜ਼ ਵਿਚ ਪੇਸ਼ ਕੀਤਾ ਕਿ ਭਾਵੇਂ ਕਈ ਵਾਰ ਅਕਾਲੀ ਬੈਂਚਾਂ ਵੱਲੋਂ ਰੋਕਾਂ-ਟੋਕਾਂ ਅਤੇ ਦਲੀਲਾਂ ਵੀ ਪੇਸ਼ ਕੀਤੀਆਂ ਗਈਆਂ, ਪਰ ਸ਼ਬਦਾਂ ਦੇ ਸਾਰੇ ਤੀਰ ਇੰਨੇ ਤਿੱਖੇ, ਜ਼ਬਰਦਸਤ ਅਤੇ ਤੇਜ਼ ਰਫਤਾਰ ਵਾਲੇ ਸਨ ਕਿ ਜ਼ਖਮੀ ਹੋਏ ਅਕਾਲੀ ਵਿਧਾਇਕਾਂ ਕੋਲ ਠੋਕਵੇਂ, ਢੁੱਕਵੇਂ, ਬੱਝਵੇਂ ਅਤੇ ਪ੍ਰਭਾਵਸ਼ਾਲੀ ਸ਼ਬਦ ਹੀ ਨਹੀਂ ਸਨ ਜਾਂ ਇੰਜ ਕਹਿ ਲਓ ਕਿ ਉਨ੍ਹਾਂ ਦੇ ਬੋਲਾਂ ਵਿਚ ਧੜਕਦੀ ਜ਼ਿੰਦਗੀ ਦਾ ਹੁਨਰ ਹੁਣ ਨਹੀਂ ਸੀ, ਜਿਸ ਦੇ ਉਹ ਕਦੇ ਮਾਹਰ ਹੁੰਦੇ ਸਨ।

ਰਾਜਨੀਤਕ ਤੌਰ 'ਤੇ ਸਾਊ ਅਤੇ ਬੀਬੇ ਰਾਣੇ ਸਮਝੇ ਜਾਂਦੇ ਪਰਮਿੰਦਰ ਸਿੰਘ ਢੀਂਡਸਾ ਜਵਾਬ ਦੇਣ ਦੀ ਕੋਸ਼ਿਸ਼ ਤਾਂ ਜ਼ਰੂਰ ਕਰਦੇ ਰਹੇ, ਉਨ੍ਹਾਂ ਕੋਲ ਠੋਸ ਤੱਥ ਵੀ ਮੌਜੂਦ ਸਨ, ਪਰ ਉਹ ਇਨ੍ਹਾਂ ਤੱਥਾਂ ਨੂੰ ਜਜ਼ਬਿਆਂ 'ਚ ਢਾਲਣ 'ਚ ਅਸਮਰਥ ਰਹੇ। ਉਨ੍ਹਾਂ ਦੇ ਸਾਰੇ ਜਵਾਬ ਵਿਰੋਧੀਆਂ ਦੇ ਦਿਲਾਂ ਉਤੇ ਵਾਰ ਨਹੀਂ ਸੀ ਕਰਦੇ ਜਦਕਿ ਦੂਜੇ ਪਾਸੇ ਜਜ਼ਬਿਆਂ ਦੇ ਸਾਰੇ ਖਜ਼ਾਨੇ ਉਤੇ ਰਾਜਾ ਵੜਿੰਗ ਅਤੇ ਰੰਧਾਵਾ ਦਾ ਕਬਜ਼ਾ ਸੀ। ਇਸ ਦ੍ਰਿਸ਼ ਵਿਚ ਜਿੰਨੇ ਬੇਬਸ, ਕਮਜ਼ੋਰ, ਨਿਤਾਣੇ ਅਤੇ ਮਜਬੂਰ ਅਕਾਲੀ ਵਿਧਾਇਕ ਲੱਗਦੇ ਸਨ, ਉਹ ਪਹਿਲਾਂ ਕਦੇ ਨਹੀਂ ਸਨ ਵੇਖੇ ਗਏ। ਇਸੇ ਹੀ ਬਹਿਸ ਦੌਰਾਨ ਜਦੋਂ ਦਰਬਾਰ ਸਾਹਿਬ ਵਿਚ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਜਾਣ ਵਾਲੀ ਰਸਦ ਤੋਂ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਆਉਂਦੀ ਜੀ. ਐਸ. ਟੀ. ਹਟਾ ਦੇਣ ਦਾ ਐਲਾਨ ਕੀਤਾ ਤਾਂ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਸਾਰੀ ਵਿਧਾਨ ਸਭਾ ਗੂੰਜ ਉਠੀ ਪਰ ਅਕਾਲੀ ਦਲ ਦੇ ਬੈਂਚਾਂ ਤੋਂ ਜਵਾਬ ਵਿਚ 'ਸਤਿ ਸ੍ਰੀ ਅਕਾਲ' ਵੀ ਨਹੀਂ ਕਹਿ ਹੋਇਆ। ਇੱਕ ਸੀਨੀਅਰ ਸਾਥੀ ਪੱਤਰਕਾਰ ਦੀ ਇਹ ਟਿੱਪਣੀ ਦਿਲਚਸਪ ਲੱਗੀ ਕਿ 'ਜੋ ਕਭੀ ਗੁੰਚੋਂ ਕੀ ਤਰਹ ਖਿੜੇ ਥੇ, ਵੋ ਆਜ ਕਿਰਨੋਂ ਕੀ ਤਰਹ ਬਿਖਰ ਰਹੇ ਹੈਂ।'

ਬਿਨਾਂ ਸ਼ੱਕ ਮਨਪ੍ਰੀਤ ਸਿੰਘ ਬਾਦਲ ਦਾ ਸ਼ਾਇਰੀ ਨਾਲ ਇੱਕ ਵੱਖਰੀ ਕਿਸਮ ਦਾ ਮੋਹ ਹੈ ਅਤੇ ਖਾਸ ਕਰਕੇ ਉਰਦੂ ਸ਼ਾਇਰੀ ਉਨ੍ਹਾਂ ਨੂੰ ਵਧੇਰੇ ਪਸੰਦ ਹੈ। ਬਜਟ ਭਾਸ਼ਨ ਵਿਚ ਵੀ ਉਰਦੂ ਦੀ ਸ਼ਬਦਾਵਲੀ ਦੀ ਭਰਮਾਰ ਸੀ। ਅਜਿਹਾ ਕਰਕੇ ਉਹ ਮਾਹੌਲ ਵਿਚ ਤਾਜ਼ਗੀ ਤਾਂ ਲੈ ਆਉਂਦੇ ਹਨ, ਪਰ ਸ਼ਾਇਰੀ ਪਿੱਛੇ ਤੱਥ ਏਨੇ ਜ਼ੋਰਦਾਰ ਨਹੀਂ ਹੁੰਦੇ। ਇਸ ਲਈ ਕੰਵਰ ਸੰਧੂ ਦੀ ਇਹ ਟਿੱਪਣੀ ਮੁਨਾਸਿਬ ਸੀ ਕਿ ਸ਼ਾਇਰੀ ਨਾਲ ਢਿੱਡ ਨਹੀਂ ਭਰਦਾ।

ਜੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਬਜਟ ਇਜਲਾਸ ਦੌਰਾਨ ਸਮੇਂ ਸਮੇਂ ਉਠਾਏ ਸਵਾਲਾਂ ਅਤੇ ਮੁੱਦਿਆਂ ਵਿਚਲੀ ਗੰਭੀਰਤਾ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਇਸ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਹਾਕਮ ਧਿਰ ਦੀ ਪ੍ਰਚੰਡ ਬਹੁ-ਗਿਣਤੀ ਦੀ ਤਾਕਤ ਨੂੰ ਆਪਣੀ ਨੀਤੀ ਨਾਲ ਹਰਾਉਣ ਵਿਚ ਸਫਲ ਹੁੰਦੇ ਰਹੇ। ਉਨ੍ਹਾਂ ਕੋਲ ਤੱਥਾਂ ਦੀ ਭਰਮਾਰ ਵੀ ਸੀ, ਤਜਰਬਾ ਅਤੇ ਅਨੁਭਵ ਵੀ ਸੀ, ਜਾਣਕਾਰੀ ਦਾ ਘੇਰਾ ਵੀ ਵਿਸ਼ਾਲ ਸੀ, ਦਲੀਲਾਂ ਵਿਚ ਵੀ ਜ਼ੋਰਦਾਰ ਵਜ਼ਨ ਸੀ ਅਤੇ ਆਵਾਜ਼ ਵਿਚ ਵੀ ਦਮਖਮ ਸੀ। ਪਰ ਕਈ ਵਾਰ ਉਨ੍ਹਾਂ ਨੂੰ ਸਾਰੇ ਪਾਸਿਆਂ ਤੋਂ ਘੇਰਾ ਪੈ ਜਾਂਦਾ ਅਤੇ ਇਸ ਘੇਰੇ ਵਿਚ ਉਨ੍ਹਾਂ ਦੇ ਆਪਣੇ ਵੀ ਘੇਰਨ ਵਾਲਿਆਂ ਦੀ ਖਾਮੋਸ਼ ਹਮਾਇਤ ਕਰ ਰਹੇ ਹਨ। ਬਿਨਾਂ ਸ਼ੱਕ ਇਹ ਇੱਕ ਸੁਖਪਾਲ ਖਹਿਰਾ ਹੀ ਹੈ, ਜਿਸ ਦੀ ਲਗਾਤਾਰ ਮੌਜੂਦਗੀ ਨੇ ਸੱਤੇ ਦਿਨ ਮਾਹੌਲ ਵਿਚ ਤਾਜ਼ਗੀ ਬਣਾਈ ਰੱਖੀ। ਉਹ ਹਾਰ ਕੇ ਵੀ ਇਖਲਾਕੀ ਤੌਰ 'ਤੇ ਜਿੱਤਦੇ ਵਿਖਾਈ ਦਿੰਦੇ ਸਨ ਅਤੇ ਇਉਂ ਵੀ ਲੱਗਦਾ ਸੀ ਕਿ ਉਹ ਇਕੱਲਾ ਵੀ ਬਹੁਗਿਣਤੀ ਵਿਚ ਹੈ ਕਿਉਂਕਿ ਉਹ ਪੂਰੀ ਤਿਆਰੀ ਕਰਕੇ ਸਦਨ ਵਿਚ ਆਉਂਦੇ ਸਨ। ਇਸੇ ਪਾਰਟੀ ਦਾ ਦੂਜਾ ਵਿਧਾਇਕ ਕੰਵਰ ਸੰਧੂ ਵੀ ਪੂਰੀ ਤਰ੍ਹਾਂ ਤਿਆਰ ਹੋ ਕੇ ਆਉਂਦਾ ਸੀ। ਬਜਟ ਉਤੇ ਹੋਈ ਬਹਿਸ ਵਿਚ ਉਹ ਪਿਛਲੇ ਬਜਟ ਭਾਸ਼ਣ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਆਇਆ ਨਜ਼ਰ ਆਉਂਦਾ ਸੀ। ਭਾਵੇਂ ਉਸ ਦੀ ਆਵਾਜ਼ ਅਤੇ ਅੰਦਾਜ਼ੇ ਬਿਆਨ ਇੰਨਾ ਜ਼ੋਰਾਵਰ ਨਹੀਂ ਸੀ ਪਰ ਉਸ ਵੱਲੋਂ ਪੇਸ਼ ਕੀਤੇ ਗਏ ਠੋਸ ਤੱਥ, ਮੁੱਦਿਆਂ ਉਤੇ ਡੂੰਘੀ ਪਕੜ ਤੇ ਸਰਬਪੱਖੀ ਜਾਣਕਾਰੀ ਅਤੇ ਪੁੱਛੇ ਜਾਣੇ ਵਾਲੇ ਸਵਾਲ ਹਾਕਮ ਧਿਰ ਨੂੰ ਚੁੱਪ ਕਰ ਕੇ ਸੁਣਨ ਲਈ ਮਜਬੂਰ ਕਰ ਦਿੰਦੇ ਸਨ। ਉਸ ਨੂੰ ਸਿਆਣਿਆਂ ਦੀ ਇਹ ਗੱਲ ਕਾਇਲ ਕਰਦੀ ਹੈ, 'ਆਵਾਜ਼ ਨੂੰ ਹੌਲੀ ਕਰੋ ਅਤੇ ਦਲੀਲ ਨੂੰ ਤਕੜਾ ਕਰੋ।'



*ਮਨਪ੍ਰੀਤ ਸਿੰਘ ਬਾਦਲ*

ਹਾਕਮ ਧਿਰ ਵਿਚ ਦੋ ਵਜ਼ੀਰ ਨਾ ਕੇਵਲ ਪੂਰੀ ਤਿਆਰੀ ਕਰਕੇ ਆਉਂਦੇ ਸਨ, ਸਗੋਂ ਉਨ੍ਹਾਂ ਨੂੰ ਸਵਾਲਾਂ ਦੇ ਜਵਾਬ ਦੇਣ ਦੀ ਜਾਚ ਵੀ ਸੀ। ਸਿਹਤ ਮੰਤਰੀ ਦੀ ਆਪਣੇ ਮਹਿਕਮੇ ਬਾਰੇ ਵਿਸ਼ਾਲ, ਗੰਭੀਰ ਅਤੇ ਡੂੰਘੀ ਜਾਣਕਾਰੀ ਤੋਂ ਸੱਚਮੁੱਚ ਹੀ ਵਿਧਾਇਕ ਪ੍ਰਭਾਵਿਤ ਅਤੇ ਹੈਰਾਨ ਹੁੰਦੇ ਸਨ। ਇਸੇ ਤਰ੍ਹਾਂ ਤ੍ਰਿਪਤ ਇੰਦਰ ਸਿੰਘ ਬਾਜਵਾ ਦੇ ਜਵਾਬ ਵੀ ਸੰਤੁਸ਼ਟੀ ਦਾ ਪ੍ਰਭਾਵ ਛੱਡਦੇ ਸਨ। ਉਨ੍ਹਾਂ ਦੋਵਾਂ ਵੱਲੋਂ ਦਿੱਤੇ ਗਏ ਭਰੋਸਿਆਂ ਵਿਚ ਵੀ ਟਾਲ-ਮਟੋਲ ਦੀ ਥਾਂ ਸੰਜੀਦਗੀ ਤੇ ਇਮਾਨਦਾਰੀ ਦੀ ਝਲਕ ਸੀ। ਜੇ ਰਾਜਨੀਤਕ ਬਹਿਸ ਵਿਚ ਉਭਰ ਰਹੇ ਵਿਧਾਇਕਾਂ ਦੀ ਗੱਲ ਕਰਨੀ ਹੋਵੇ ਤਾਂ ਹਾਕੀ ਦੇ ਉਘੇ ਖਿਡਾਰੀ ਪ੍ਰਗਟ ਸਿੰਘ ਅਤੇ ਪ੍ਰੋ. ਬਲਜਿੰਦਰ ਕੌਰ ਦਾ ਨਾਂ ਲਿਆ ਜਾ ਸਕਦਾ ਹੈ। ਇਹ ਦੋਵੇਂ ਨਾ ਕੇਵਲ ਧੜਿਆਂ ਤੋਂ ਉਪਰ ਉਠ ਕੇ ਆਪਣੀ ਗੱਲ ਸੁਣਾਉਣ ਅਤੇ ਪੇਸ਼ ਕਰਨ ਵਿਚ ਕਾਮਯਾਬ ਰਹਿੰਦੇ ਸਨ ਸਗੋਂ ਮੁੱਦਿਆਂ ਅਤੇ ਮਸਲਿਆਂ ਨੂੰ ਜਾਗਦੇ ਅਤੇ ਸੁਚੇਤ ਜਜ਼ਬਿਆਂ ਨਾਲ ਜੋੜ ਕੇ ਆਪਣਾ ਵੱਖਰਾ ਪ੍ਰਭਾਵ ਵੀ ਕਾਇਮ ਕਰਦੇ ਹਨ। ਜਿਥੋਂ ਤੱਕ ਰਾਣਾ ਗੁਰਜੀਤ ਸਿੰਘ ਦੇ ਭਾਸ਼ਣਾਂ ਦਾ ਸਬੰਧ ਹੈ, ਕਈ ਵਾਰ ਇੰਜ ਲੱਗਦਾ ਜਿਵੇਂ ਉਹ ਡਾਂਗ ਦੀ ਦਲੀਲ ਨਾਲ ਮੈਦਾਨ ਵਿਚ ਉਤਰਦਾ ਹੈ।

ਜੇ ਬਹਿਸ ਵਿਚ ਸ਼ਾਮਿਲ ਨਵਜੋਤ ਸਿੰਘ ਸਿੱਧੂ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਭਾਵੇਂ ਇਹ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਗੱਲਾਂ ਬਣਾਉਣ ਦੀ ਜਾਚ ਹੈ। ਹਾਜ਼ਰ-ਜਵਾਬੀ ਵੀ ਕਮਾਲ ਦੀ ਹੈ ਪਰ ਕੁੱਲ ਮਿਲਾ ਕੇ ਉਸ ਨੇ ਬਜਟ ਇਜਲਾਸ ਦੌਰਾਨ ਗੰਭੀਰਤਾ ਦਾ ਪ੍ਰਭਾਵ ਨਹੀਂ ਛੱਡਿਆ। ਉਹ ਖੜਾਕ ਕਰਦਾ ਹੈ, ਉਸ ਕੋਲ ਮੁਹਾਵਰੇ, ਟੋਟਕਿਆਂ ਅਤੇ ਸ਼ੇਅਰਾਂ ਦਾ ਖਜ਼ਾਨਾ ਹੈ, ਜਿਸ ਨਾਲ ਉਹ ਕਈ ਵਾਰ ਗੰਭੀਰ ਲੋਕਾਂ ਵਿਚ ਵੀ ਆਪਣਾ ਪ੍ਰਭਾਵ ਛੱਡਦਾ ਹੈ ਪਰ ਇਹ ਆਰਜ਼ੀ ਵਰਤਾਰਾ ਹੀ ਹੁੰਦਾ ਹੈ। ਜਿਸ ਤਰ੍ਹਾਂ ਉਹ ਬਹਿਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੂੰ ਟੁੱਟ-ਟੁੱਟ ਕੇ ਪੈਂਦਾ ਸੀ ਅਤੇ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਾ ਸੀ, ਉਸ ਤੋਂ ਇਹ ਲੱਗਦਾ ਸੀ ਕਿ ਉਸ ਨੂੰ ਕਈ ਵਾਰ ਇਹ ਭਰਮ ਪੈਦਾ ਹੋ ਜਾਂਦਾ ਹੈ ਕਿ ਇਹ ਵੀ ਉਸ ਦੀ ਲਿਸ਼ਕਦੀ ਪ੍ਰਾਪਤੀ ਹੈ, ਜੋ ਉਸ ਦੀ ਸ਼ਖਸੀਅਤ ਨੂੰ ਰੋਸ਼ਨ ਕਰਦੀ ਹੈ।

ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਬਜਟ ਇਜਲਾਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖਾਮੋਸ਼ੀ ਸੁਨਹਿਰੀ ਚੁੱਪ ਦੀ ਹੀ ਝਲਕ ਦਿੰਦੀ ਸੀ। ਰਾਜਪਾਲ ਦੇ ਭਾਸ਼ਣ 'ਤੇ ਭਾਵੇਂ ਉਨ੍ਹਾਂ ਨੇ ਕੁਝ ਮਹੱਤਵਪੂਰਨ ਐਲਾਨ ਕੀਤੇ ਪਰ ਇਨ੍ਹਾਂ ਐਲਾਨਾਂ ਨੂੰ ਉਹ ਜਜ਼ਬਿਆਂ ਦੀ ਪੁੱਠ ਨਹੀਂ ਚਾੜ੍ਹ ਸਕੇ। ਬਜਟ ਇਜਲਾਸ ਦੇ ਆਖਰੀ ਦਿਨ ਉਨ੍ਹਾਂ ਵੱਲੋਂ ਮੀਡੀਆ ਗੈਲਰੀ ਵਿਚ ਕੀਤੀ ਗਈ ਪ੍ਰੈਸ ਕਾਨਫਰੰਸ ਵੀ ਇੰਨੀ ਜਾਨਦਾਰ, ਜ਼ੋਰਾਵਰ ਅਤੇ ਬੇਬਾਕ ਨਹੀਂ ਸੀ, ਜਿਵੇਂ ਅਕਸਰ ਹੋਇਆ ਕਰਦੀ ਸੀ। ਮਿਸਾਲ ਦੇ ਤੌਰ 'ਤੇ ਰਾਜਪਾਲ ਦੇ ਭਾਸ਼ਣ ਦੌਰਾਨ ਕਾਲਜਾਂ ਵਿਚ ਵਿਦਿਆਰਥੀ ਚੋਣਾਂ ਦਾ ਐਲਾਨ ਉਨ੍ਹਾਂ ਦੀ ਇਤਿਹਾਸਕ ਪ੍ਰਾਪਤੀ ਸੀ। ਪਰ ਇਤਿਹਾਸ ਦੇ ਸੰਕਲਪ ਅਤੇ ਇਸ ਦੀ ਮਹੱਤਤਾ ਬਾਰੇ ਡੂੰਘੀ ਸਮਝ ਰੱਖਣ ਵਾਲਾ ਇਹ ਵਿਦਵਾਨ-ਸਿਆਸਤਦਾਨ ਇਸ ਪ੍ਰਾਪਤੀ ਨੂੰ ਵੀ ਵੱਡੀ ਸ਼ਬਦਾਵਲੀ ਨਾਲ ਪੇਸ਼ ਨਹੀਂ ਕਰ ਸਕਿਆ।

ਇਹ ਗੱਲ ਵੀ ਬੜੀ ਦਿਲਚਸਪ ਰਹੀ ਕਿ ਬਜਟ ਇਜਲਾਸ ਦੌਰਾਨ ਪਵਨ ਟੀਨੂੰ ਨੂੰ ਛੱਡ ਕੇ ਕੋਈ ਵੀ ਵਿਧਾਇਕ ਅਕਾਲੀ ਦਲ ਦਾ ਅਸਰਦਾਇਕ ਬੁਲਾਰਾ ਸਿੱਧ ਨਹੀਂ ਹੋ ਸਕਿਆ। ਇਥੋਂ ਤੱਕ ਕਿ ਬਿਕਰਮ ਸਿੰਘ ਮਜੀਠੀਆ ਨੇ ਵੀ ਸੁਖਪਾਲ ਖਹਿਰਾ ਅਤੇ ਨਵਜੋਤ ਸਿੱਧੂ ਨਾਲ ਜ਼ਬਰਦਸਤ ਤੂੰ-ਤੂੰ ਮੈਂ-ਮੈਂ ਵਿਚ ਹੀ ਆਪਣੀ ਸਾਰੀ ਤਾਕਤ ਅਤੇ ਊਰਜਾ ਖਰਚ ਕਰ ਦਿੱਤੀ। ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਬੈਂਸ ਕੋਲ ਸ਼ਾਇਦ ਐਸ. ਵਾਈ. ਐਲ. ਮੁੱਦੇ 'ਤੇ ਸਭ ਤੋਂ ਵੱਧ ਅਤੇ ਠੋਸ ਜਾਣਕਾਰੀ ਹੈ ਪਰ ਉਸ ਦਾ ਇਹ ਗਿਆਨ ਵੀ ਕਾਂਗਰਸੀ ਵਿਧਾਇਕਾਂ ਦੇ ਰੌਲੇ ਵਿਚ ਗੁੰਮ ਹੋ ਕੇ ਰਹਿ ਗਿਆ।

# ...ਹੁਣ ਕਹਿੰਦੇ ਮਨਪ੍ਰੀਤ ਨੂੰ ਖਜਾਨਾ ਨਹੀਂ ਚਲਾਉਣਾ ਆਉਂਦਾ

ਬ੍ਰਾਜ਼ੀਲ ਦੇ ਲੋਕਾਂ ਦੀ ਚਰਚਿਤ ਕਹਾਵਤ ਕਿ ਕਈ ਵਾਰ ਕਿਲ੍ਹੇ ਨੂੰ ਘੇਰਾ ਅੰਦਰੋਂ ਵੀ ਪੈਂਦਾ ਹੈ, ਪੰਜਾਬ ਵਿਧਾਨ ਸਭਾ ਵਿਚ ਸੱਚ ਸਾਬਤ ਹੋ ਗਈ। ਸੋ, ਬਾਦਲ ਕਬੀਲੇ ਵਿਚੋਂ ਕਈ ਸਾਲ ਪਹਿਲਾਂ ਬਾਹਰ ਕੱਢੇ ਗਏ ਮਨਪ੍ਰੀਤ ਸਿੰਘ ਬਾਦਲ ਨੇ ਬਾਦਲ (ਪ੍ਰਕਾਸ਼ ਸਿੰਘ ਤੇ ਸੁਖਬੀਰ ਸਿੰਘ) ਪਰਿਵਾਰ ਤੋਂ ਗਿਣ-ਗਿਣ ਕੇ ਬਦਲੇ ਲਏ। ਅਗਲੀਆਂ-ਪਿਛਲੀਆਂ ਸਾਰੀਆਂ ਕਸਰਾਂ ਕੱਢ ਦਿੱਤੀਆਂ। ਉਸ ਦੇ ਤਰਕਸ਼ ਵਿਚ ਜਿੰਨੇ ਵੀ ਤੀਰ ਸਨ, ਉਨ੍ਹਾਂ ਦਾ ਨਿਸ਼ਾਨਾ ਬਾਦਲ ਪਰਿਵਾਰ ਹੀ ਸੀ।

ਸਿਆਸਤ ਵਿਚ ਸਾਊ, ਨਿਮਰ, ਸ਼ਰੀਫ, ਭਲੇ ਮਾਣਸ ਅਤੇ ਬੀਬੇ ਰਾਣੇ ਸਮਝੇ ਜਾਂਦੇ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਚਿਰਾਂ ਤੋਂ ਸਾਂਭੇ ਸੰਜਮ ਨੂੰ ਅਲਵਿਦਾ ਕਹਿ ਦਿੱਤੀ। ਜਦੋਂ ਉਹ ਬੋਲ ਰਹੇ ਸਨ ਤਾਂ ਕੁਝ ਪਲਾਂ ਲਈ ਇਹੋ ਲੱਗਾ ਜਿਵੇਂ ਇਸ ਨਿਮਰ ਬੰਦੇ ਦੇ ਸਾਰੇ ਬੰਨ੍ਹ ਟੁੱਟ ਗਏ ਹੋਣ ਅਤੇ ਇਸ ਦੇ ਹੜ੍ਹ ਅੱਗੇ ਬਾਦਲ ਪਰਿਵਾਰ ਰੁੜ੍ਹਦਾ ਹੋਇਆ ਨਜ਼ਰ ਆ ਰਿਹਾ ਸੀ।

ਖਜਾਨਾ ਮੰਤਰੀ ਦੇ ਗੁੱਸੇ, ਰੋਸ ਅਤੇ ਕ੍ਰੋਧ ਦਾ ਇਜ਼ਹਾਰ ਉਦੋਂ ਸ਼ੁਰੂ ਹੋਇਆ ਜਦੋਂ ਬਜਟ ਇਜਲਾਸ ਦੇ ਆਖਰੀ ਦਿਨ ਬਜਟ 'ਤੇ ਹੋਈ ਬਹਿਸ ਦਾ ਉਹ ਜਵਾਬ ਦੇ ਰਹੇ ਸਨ। ਜਦੋਂ ਉਹ ਬੋਲ ਰਹੇ ਸਨ ਤਾਂ ਵਿਚੋਂ ਹੀ ਬਿਕਰਮ ਸਿੰਘ ਮਜੀਠੀਆ ਅਤੇ ਅਕਾਲੀ ਵਿਧਾਇਕ ਖੜ੍ਹੇ ਹੋ ਕੇ ਜੋ-ਜੋ ਟੈਕਸ ਬਾਰੇ ਜਾਣਕਾਰੀ ਮੰਗਣ ਲੱਗੇ, ਜਿਸ ਨੂੰ ਉਹ ਗੁੰਡਾ ਟੈਕਸ ਵੀ ਕਹਿੰਦੇ ਹਨ। ਜ਼ਿਕਰਯੋਗ ਹੈ ਕਿ ਬਠਿੰਡਾ ਰਿਫਾਇਨਰੀ ਵਿਚ ਜੋ ਗੁੰਡਾ ਟੈਕਸ ਵਸੂਲ ਕਰਦੇ ਸਨ, ਉਨ੍ਹਾਂ ਵਿਚ ਜੋ-ਜੋ ਦਾ ਨਾਂ ਵੀ ਕਥਿਤ ਤੌਰ 'ਤੇ ਬੋਲਦਾ ਹੈ, ਜੋ ਮਨਪ੍ਰੀਤ ਬਾਦਲ ਦਾ ਸਾਲਾ ਹੈ। ਮਜੀਠੀਆ ਦੀ ਅਗਵਾਈ ਵਿਚ ਅਕਾਲੀ ਵਿਧਾਇਕ ਵੈਲ ਅੱਗੇ ਇਕੱਠੇ ਹੋ ਗਏ ਅਤੇ ਉਸ ਰੌਲੇ ਵਿਚ ਕੁਝ ਵੀ ਨਹੀਂ ਸੀ ਸਮਝ ਆ ਰਿਹਾ ਕਿ ਉਹ ਮਨਪ੍ਰੀਤ ਬਾਦਲ ਦੇ ਸਾਹਮਣੇ ਖੜ੍ਹੇ ਹੋ ਕੇ ਕਿਹੜੇ ਮਿਹਣੇ ਅਤੇ ਤਾਅਨੇ ਮਾਰ ਰਹੇ ਸਨ। ਹੁਣ ਉਹ ਵਕਤ ਆ ਗਿਆ, ਜਦੋਂ ਮਨਪ੍ਰੀਤ ਅਤੇ ਉਸ ਦਾ ਗੁੱਸਾ ਇੱਕ ਥਾਂ 'ਤੇ ਇਕੱਠੇ ਹੋ ਗਏ ਅਤੇ ਜੋ ਕੁਝ ਉਸ ਨੇ ਬੋਲਿਆ ਤੇ ਜਿਸ ਅੰਦਾਜ਼ ਵਿਚ ਬੋਲਿਆ, ਉਸ ਨੇ ਖਚਾਖਚ ਭਰੀਆਂ ਮੀਡੀਆ ਗੈਲਰੀਆਂ ਵਿਚ ਪੱਤਰਕਾਰਾਂ ਨੂੰ ਹੈਰਾਨ ਕਰ ਕੇ ਰੱਖ ਦਿੱਤਾ। ਵਿਧਾਨ ਸਭਾ ਵਿਚ ਸੁੰਨਮਸਾਨ ਛਾ ਗਈ ਕਿ ਕੀ ਇਹ ਉਹੀ ਮਨਪ੍ਰੀਤ ਹੈ ਜੋ ਹਰ ਲਫਜ਼ ਤੋਲ ਕੇ ਬੋਲਦਾ ਸੀ?

ਮਨਪ੍ਰੀਤ ਸਿੰਘ ਬਾਦਲ ਦਾ ਅੰਦਾਜ਼-ਏ-ਬਿਆਨ ਦਾ ਉਦਘਾਟਨ ਕੁਝ ਇਨ੍ਹਾਂ ਸ਼ਬਦਾਂ ਨਾਲ ਹੋਇਆ: 'ਜੇ ਮਰਦ ਦਾ ਬੱਚਾ ਹੈਂ ਤਾਂ ਅੱਜ ਸੁਣ ਕੇ ਜਾਈਂ।' ਇਹ ਇਸ਼ਾਰਾ ਸਪੱਸ਼ਟ ਤੌਰ 'ਤੇ ਮਜੀਠੀਏ ਵੱਲ ਸੀ। ਮਨਪ੍ਰੀਤ ਬਾਦਲ ਨੇ ਆਪਣਾ ਗੁੱਸਾ ਜਾਰੀ ਰੱਖਿਆ, 'ਅੱਜ ਇਨ੍ਹਾਂ ਨੂੰ ਗੱਲਾਂ ਸੁਣਾ ਹੀ ਦੇਣੀਆਂ ਨੇ...ਇਹ ਬਹਾਨੇ ਲੱਭ ਰਹੇ ਨੇ...ਇਹ ਭੱਜ ਰਹੇ ਨੇ...।' ਉਸ ਪਹਿਲਾ ਵਾਰ ਸਿੱਧਾ ਮਜੀਠੀਏ 'ਤੇ ਕੀਤਾ, ਜਦੋਂ ਇਨ੍ਹਾਂ ਆਪਣੀ ਭੈਣ ਦਾ ਰਿਸ਼ਤਾ ਕੀਤਾ ਸੀ ਤਾਂ ਦਾਜ 'ਚ ਜੋ ਕਾਰ ਦਿੱਤੀ, ਉਹ ਕਿਸ਼ਤਾਂ ਵਿਚ ਸੀ...ਪਰ ਅੱਜ ਇਹ ਪੰਜਾਬ ਦਾ ਸਭ ਤੋਂ ਅਮੀਰ ਬੰਦਾ ਹੈ...ਕਰੋੜ-ਕਰੋੜ ਦੀਆਂ ਗੱਡੀਆਂ ਉਤੇ ਚੜ੍ਹਦਾ ਹੈ...।

ਮਨਪ੍ਰੀਤ ਬਾਦਲ ਨੇ ਮਜੀਠੀਏ ਵੱਲੋਂ ਲਾਂਭੇ ਹੋ ਕੇ ਹੁਣ ਆਪਣੀ ਤਾਈ ਜੀ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ: "ਮੇਰੇ ਤਾਈ ਜੀ (ਪ੍ਰਕਾਸ਼ ਸਿੰਘ ਬਾਦਲ ਦੀ ਪਤਨੀ ਮਰਹੂਮ ਸੁਰਿੰਦਰ ਕੌਰ) ਨੂੰ ਕੈਂਸਰ ਹੋ ਗਿਆ ਅਤੇ ਉਸ ਦੇ ਇਲਾਜ ਦਾ ਸਾਰਾ ਖਰਚਾ ਪੰਜਾਬ ਸਰਕਾਰ ਨੇ ਦਿੱਤਾ...ਮੇਰੇ ਤਾਈ ਜੀ ਦਾ ਜਦੋਂ ਭੋਗ ਪਿਆ ਤਾਂ ਪਤੈ ਲੰਗਰ ਕਿੱਥੋਂ ਆਇਆ? ਲੰਗਰ ਵਰਤਾਇਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ...।"

ਹੁਣ ਇਹ ਕਹਿੰਦੇ ਨੇ ਮੈਨੂੰ ਖਜਾਨਾ ਨਹੀਂ ਚਲਾਉਣਾ ਆਉਂਦਾ। ਹਾਂ, ਮੈਨੂੰ ਨਹੀਂ ਚਲਾਉਣਾ ਆਉਂਦਾ ਕਿਉਂਕਿ ਮੇਰੇ ਪੰਜ ਸਿਤਾਰੇ ਹੋਟਲ ਨਹੀਂ। ਹਾਂ, ਮੈਨੂੰ ਖਜਾਨਾ ਨਹੀਂ ਚਲਾਉਣਾ ਆਉਂਦਾ, ਕਿਉਂਕਿ ਮੈਨੂੰ ਚਿੱਟਾ ਵੇਚਣਾ ਨਹੀਂ ਆਉਂਦਾ (ਇਥੇ ਇਸ਼ਾਰਾ ਮਜੀਠੀਏ ਵੱਲ)...ਹਾਂ, ਮੈਨੂੰ ਖਜਾਨਾ ਲੁੱਟਣਾ ਨਹੀਂ ਆਉਂਦਾ ਕਿਉਂਕਿ ਮੇਰੀਆਂ ਸੈਂਕੜੇ ਬੱਸਾਂ ਨਹੀਂ ਹਨ...।

ਉਹ ਇਥੇ ਵੀ ਨਹੀਂ ਰੁਕੇ ਅਤੇ ਇਤਿਹਾਸ ਦਾ ਹਵਾਲਾ ਦੇਣ ਲੱਗੇ। ਮੈਂ ਇਤਿਹਾਸ ਦੀਆਂ ਕਿਤਾਬਾਂ ਵਿਚ ਰਾਜ ਕਰਨ ਵਾਲੇ ਜੋ ਘਟੀਆ ਬੰਦੇ ਪੜ੍ਹੇ ਹਨ, ਇਹ (ਟੱਬਰ) ਉਨ੍ਹਾਂ ਵਿਚੋਂ ਇੱਕ ਹਨ। ਹੁਣ ਕਹਿੰਦੇ ਮੈਨੂੰ ਖਜਾਨਾ ਨਹੀਂ ਚਲਾਉਣਾ ਆਉਂਦਾ।

ਮਨਪ੍ਰੀਤ ਬਾਦਲ 'ਹੁਣ ਮੈਨੂੰ ਕਹਿੰਦੇ ਖਜਾਨਾ ਨਹੀਂ ਚਲਾਉਣਾ ਆਉਂਦਾ' ਸ਼ਬਦਾਂ ਦੀ ਵਾਰ-ਵਾਰ ਜਦੋਂ ਵਰਤੋਂ ਕਰ ਰਹੇ ਸਨ ਤਾਂ ਸ਼ੇਕਸਪੀਅਰ ਦੇ ਸੰਸਾਰ ਪ੍ਰਸਿੱਧ ਨਾਟਕ 'ਜੂਲੀਅਸ ਸੀਜ਼ਰ' ਦੀ ਯਾਦ ਆ ਗਈ ਜਿਸ ਦੇ ਕਤਲ 'ਤੇ ਉਸ ਦੇ ਜਰਨੈਲ ਐਂਟਨੀ ਨੇ ਭਾਸ਼ਣ ਦੇ ਕੇ ਫੌਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਅਤੇ ਜੰਗ ਦਾ ਸਾਰਾ ਪਾਸਾ ਹੀ ਆਪਣੇ ਹੱਕ ਵਿਚ ਕਰ ਲਿਆ ਸੀ। ਪੰਜਾਬ ਵਿਧਾਨ ਸਭਾ ਵਿਚ ਜਦੋਂ ਮਨਪ੍ਰੀਤ ਬਾਦਲ ਬੋਲ ਰਹੇ ਸਨ ਤਾਂ ਇਉਂ ਹੀ ਲੱਗਦਾ ਸੀ ਕਿ 'ਘਰ ਦੇ ਭੇਤੀ ਨੇ' ਬਾਦਲ ਪਰਿਵਾਰ ਦੇ 'ਸੋਨੇ ਦੀ ਲੰਕਾ' ਨੂੰ ਪਲਾਂ ਵਿਚ ਢਹਿ-ਢੇਰੀ ਕਰ ਦਿੱਤਾ ਹੈ।

ਮਨਪ੍ਰੀਤ ਬਾਦਲ ਹੁਣ ਸਹਿਜੇ-ਸਹਿਜੇ ਵੱਡੇ ਬਾਦਲ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਆਖਿਆ ਜਾਂਦਾ ਹੈ ਕਿ ਬਾਦਲ ਸਾਹਬ ਜਿਸ ਨੂੰ ਪਾਰਟੀ 'ਚੋਂ ਬਾਹਰ ਕੱਢ ਦਿੰਦੇ ਹਨ, ਉਹ ਬੰਦਾ ਮੁੜ ਆਪਣੇ ਪੈਰਾਂ 'ਤੇ ਨਹੀਂ ਖਲੋ ਸਕਦਾ, ਉਹ ਦਰੱਖਤ ਮੁੜ ਹਰਾ ਨਹੀਂ ਹੋ ਸਕਦਾ...ਜੇ ਮੇਰੇ ਵਿਚ ਕੋਈ ਖੋਟ ਹੁੰਦਾ ਤਾਂ ਜਦੋਂ ਮੈਂ ਇਨ੍ਹਾਂ ਨੂੰ ਛੱਡ ਕੇ ਬਾਹਰ ਆਇਆ ਸੀ, ਤਾਂ ਇਨ੍ਹਾਂ ਨੇ ਮੈਨੂੰ ਟੁੰਗ ਦੇਣਾ ਸੀ, ਇਹ ਹੁਣ ਵਾਕ ਆਊਟ ਕਰ ਕੇ ਚਲੇ ਗਏ ਨੇ...ਮੈਂ ਉਸ ਨੂੰ ਕਿਹਾ ਕਿ ਜੇ ਮਰਦ ਦਾ ਬੱਚਾ ਹੈ ਤਾਂ ਸੁਣਦਾ ਜਾਈਂ...ਮੈਂ ਇਨ੍ਹਾਂ ਦਾ ਸਿਆਸੀ ਸ਼ਰੀਕ ਹਾਂ...ਇਹ ਗੱਲ ਇਨ੍ਹਾਂ ਨੂੰ ਹਜ਼ਮ ਹੀ ਨਹੀਂ ਹੁੰਦੀ ਕਿ ਮੈਂ ਖਜਾਨੇ ਦਾ ਮੰਤਰੀ ਕਿਵੇਂ ਬਣ ਗਿਆ! ਕੱਲ੍ਹ ਇਨ੍ਹਾਂ ਨੇ ਮੇਰੀ ਕਿਰਦਾਰਕੁਸ਼ੀ ਕੀਤੀ ਸੀ। ਮੈਂ ਚੁੱਪ ਰਿਹਾ, ਚਲੋ ਗੱਲ ਟਲ ਜਾਵੇ ਤਾਂ ਬਿਹਤਰ ਹੈ...। ਇਹ ਜਿਹੜੇ ਆਪਣੇ ਆਪ ਨੂੰ ਵੱਡੇ ਵੱਡੇ ਲੀਡਰ ਅਖਵਾਉਂਦੇ ਨੇ, ਮੇਰੀ ਗੱਲ ਤਾਂ ਸੁਣ ਕੇ ਜਾਂਦੇ...ਮੈਂ ਤਰੀਕੇ ਤੇ ਸਲੀਕੇ ਨਾਲ ਹੀ ਜਵਾਬ ਦੇਣਾ ਸੀ...ਮੈਂ ਇੱਕ ਹੱਦ ਤੱਕ ਹੀ ਰਹਿਣਾ ਚਾਹੁੰਦਾ ਹਾਂ, ਮੈਂ ਉਸ ਹੱਦ ਤੋਂ ਅੱਗੇ ਨਹੀਂ ਵਧਣਾ ਚਾਹੁੰਦਾ ਪਰ ਜੇ ਇਨ੍ਹਾਂ ਨੇ ਹੱਦ ਤੋੜਨ ਦੀ ਕੋਸ਼ਿਸ਼ ਕੀਤੀ, ਜ਼ਰੂਰਤ ਪਈ ਤਾਂ ਮੇਰੇ ਕੋਲ ਵੱਡੇ-ਵੱਡੇ ਇੰਕਸਾਫ ਨੇ, ਉਹ ਮੈਂ ਅਗਲੇ ਦਿਨਾਂ ਵਿਚ ਦੱਸਾਂਗਾ...।

# ਨੋਬਲ ਇਨਾਮ ਜੇਤੂ ਮਲਾਲਾ ਯੂਸਫਜ਼ਈ ਵਤਨ ਪਰਤੀ

**ਇਸਲਾਮਾਬਾਦ:** ਸਭ ਤੋਂ ਛੋਟੀ ਉਮਰ ਦੀ ਨੋਬਲ ਇਨਾਮ ਜੇਤੂ ਮਲਾਲਾ ਯੂਸਫਜ਼ਈ ਪੰਜ ਸਾਲ ਤੋਂ ਵੱਧ ਸਮੇਂ ਪਿੱਛੋਂ ਆਪਣੇ ਵਤਨ ਪਾਕਿਸਤਾਨ ਪਰਤੀ। ਪਾਕਿਸਤਾਨੀ ਪਹਿਰਾਵਾ ਸਲਵਾਰ, ਕਮੀਜ਼ ਅਤੇ ਦੁਪੱਟਾ ਪਹਿਨੀ ਮਲਾਲਾ



ਜਿਉਂ ਹੀ ਹਵਾਈ ਅੱਡੇ ਉਤੇ ਪਹੁੰਚੀ ਤਾਂ ਉਹ ਮੁਸਕਰਾ ਰਹੀ ਸੀ ਅਤੇ ਖੁਸ਼ ਲੱਗਦੀ ਸੀ।

ਦੱਸ ਦਈਏ ਕਿ ਪੰਜ ਸਾਲ ਪਹਿਲਾਂ ਲੜਕੀਆਂ ਲਈ ਸਿੱਖਿਆ ਦੀ ਵਕਾਲਤ ਕਰਨ ਬਦਲੇ ਤਾਲਿਬਾਨ ਅਤਿਵਾਦੀਆਂ ਨੇ ਉਸ ਦੇ ਸਿਰ ਵਿਚ ਗੋਲੀ ਮਾਰ ਦਿੱਤੀ ਸੀ, ਪਰ ਚੰਗੀ ਕਿਸਮਤ ਨੂੰ ਉਹ ਬਚ ਗਈ। ਉਸ ਉਤੇ ਹਮਲਾ ਕਰਨ ਪਿੱਛੋਂ ਤਾਲਿਬਾਨ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਜੇਕਰ ਉਹ ਬਚ ਗਈ ਤਾਂ ਉਹ ਉਸ ਉਤੇ ਫੇਰ ਹਮਲਾ ਕਰਨਗੇ। ਸਿੱਖਿਆ ਦੀ ਵਕਾਲਤ ਕਰਨ ਬਦਲੇ 2014 ਵਿਚ 17 ਸਾਲ ਦੀ ਉਮਰ ਵਿਚ ਨੋਬਲ ਸ਼ਾਂਤੀ ਪੁਰਸਕਾਰ ਜਿੱਤਣ ਵਾਲੀ ਸਭ ਤੋਂ ਛੋਟੀ ਉਮਰ ਦੀ ਨੋਬਲ ਇਨਾਮ ਜੇਤੂ ਬਣ ਗਈ ਸੀ। ਭਾਰਤ ਦੇ ਸਮਾਜ ਸੇਵੀ ਕੈਲਾਸ਼ ਸਤਿਆਰਥੀ ਨਾਲ ਉਨ੍ਹਾਂ ਨੂੰ ਸਾਂਝਾ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ। ਮੌਜੂਦਾ ਸਮੇਂ ਉਹ ਆਕਸਫੋਰਡ ਯੂਨੀਵਰਸਿਟੀ ਵਿਚ ਪੜ੍ਹਾਈ ਕਰ ਰਹੀ ਹੈ।

ਪਿਛਲੇ ਸਾਲ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟਰੇਜ਼ ਨੇ ਉਸ ਨੂੰ ਲੜਕੀਆਂ ਦੀਆਂ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਾਸਤੇ ਸੰਯੁਕਤ ਰਾਸ਼ਟਰ ਦਾ ਮੈਸੰਜਰ ਆਫ ਪੀਸ ਨਿਯੁਕਤ ਕੀਤਾ ਸੀ। ਮਲਾਲਾ ਨੇ ਕਿਹਾ ਕਿ ਉਹ ਪਿਛਲੇ ਪੰਜ ਸਾਲ ਤੋਂ ਪਾਕਿਸਤਾਨ ਵਾਪਸ ਆਉਣ ਦਾ ਸੁਪਨਾ ਦੇਖ ਰਹੀ ਸੀ। ਅੱਜ ਸਾਢੇ ਪੰਜ ਸਾਲ ਪਿੱਛੋਂ ਆਪਣੇ ਦੇਸ਼ ਦੀ ਧਰਤੀ ਉਤੇ ਪੈਰ ਧਰਨ ਪਿੱਛੋਂ ਉਹ ਬਹੁਤ ਖੁਸ਼ ਹੈ। ਪਹਿਲਾਂ ਉਸ ਨੇ ਉਰਦੂ ਤੇ ਫਿਰ ਪਸ਼ਤੋ ਬੋਲਦਿਆਂ ਕਿਹਾ ਕਿ ਅੱਜ ਉਸ ਦੀ ਜ਼ਿੰਦਗੀ ਦਾ ਸਭ ਤੋਂ ਖੁਸ਼ੀ ਵਾਲਾ ਦਿਨ ਹੈ ਕਿਉਂਕਿ ਉਹ ਆਪਣੇ ਦੇਸ਼ ਪਰਤ ਆਈ ਹੈ। ਉਸ ਨੇ ਆਪਣੇ ਦੇਸ਼ ਦੀ ਜ਼ਮੀਨ ਉਤੇ ਮੁੜ ਪੈਰ ਪਾਇਆ ਹੈ ਅਤੇ ਅੱਜ ਉਹ ਮੇਰੇ ਆਪਣੇ ਲੋਕਾਂ ਵਿਚ ਮੌਜੂਦ ਹੈ।

ਉਸ ਨੂੰ ਅਜੇ ਵਿਸ਼ਵਾਸ ਨਹੀਂ ਹੋ ਰਿਹਾ ਕਿ ਉਹ ਸੱਚਮੁੱਚ ਇਥੇ ਹੈ। ਉਸ ਨੇ ਆਪਣੀਆਂ ਅੱਖਾਂ ਤੋਂ ਹੰਝੂ ਪੂੰਝਦੇ ਹੋਏ ਕਿਹਾ ਕਿ ਉਹ 1999 ਵਿਚ ਪੈਦਾ ਹੋਈ ਸੀ, ਪਰ ਉਸ ਨੇ ਹੱਸਦਿਆਂ ਕਿਹਾ ਕਿ ਉਹ ਜ਼ਿਆਦਾ ਰੋਈ ਨਹੀਂ ਸੀ। ਹੁਣ ਉਹ 20 ਸਾਲ ਦੀ ਹੈ ਅਤੇ ਉਸ ਨੇ ਆਪਣੀ ਜ਼ਿੰਦਗੀ ਵਿਚ ਹੁਣ ਤੱਕ ਬਹੁਤ ਕੁਝ ਦੇਖਿਆ ਹੈ।

### ਬਚਪਨ ਦੇ ਸਾਥੀਆਂ ਨੂੰ ਮਿਲ ਕੇ ਹੋਈ ਭਾਵੁਕ

**ਪਿਸ਼ਾਵਰ:** ਮਲਾਲਾ ਯੂਸਫਜ਼ਈ ਸਵਾਤ ਵਾਦੀ ਵਿਚ ਪੁੱਜੀ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਸਖਤ ਸੁਰੱਖਿਆ ਪ੍ਰਬੰਧਾਂ ਤਹਿਤ ਵੀਹ ਸਾਲਾ ਮਲਾਲਾ ਆਪਣੇ ਮਾਪਿਆਂ ਤੇ ਪਰਿਵਾਰ ਦੇ ਦੋ ਹੋਰ ਜੀਆਂ ਸਹਿਤ ਮਿੰਗੋਰਾ ਦੇ ਮਕਨ ਬਾਗ ਵਿਚਲੇ ਆਪਣੇ ਪੁਸ਼ਤੈਨੀ ਘਰ ਗਈ। ਆਪਣਾ ਘਰ ਦੇਖ ਕੇ ਤੇ ਬਚਪਨ ਦੇ ਸਾਥੀਆਂ ਨੂੰ ਮਿਲ ਕੇ ਉਹ ਭਾਵੁਕ ਹੋ ਗਈ। ਆਪਣੇ ਘਰ ਵਿਚ ਕੁਝ ਦੇਰ ਰਹਿਣ ਮਗਰੋਂ ਮਲਾਲਾ ਸਵਾਤ ਦੇ ਕੈਡੇਟ ਕਾਲਜ ਪੁੱਜੀ ਜਿਥੇ ਉਸ ਨੇ ਇਕ ਸਮਾਗਮ ਵਿਚ ਸ਼ਿਰਕਤ ਕੀਤੀ। ਮਲਾਲਾ ਦਾ ਕਹਿਣਾ ਹੈ ਕਿ ਉਹ ਪੜ੍ਹਾਈ ਪੂਰੀ ਕਰ ਕੇ ਪੱਕੇ ਤੌਰ 'ਤੇ ਪਾਕਿਸਤਾਨ ਪਰਤਣਾ ਚਾਹੁੰਦੀ ਹੈ।

## ਚੰਦੂਮਾਜਰਾ ਨੂੰ ਸਰਵੋਤਮ ਸੰਸਦ ਮੈਂਬਰ ਪੁਰਸਕਾਰ

**ਨਵੀਂ ਦਿੱਲੀ:** ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਵਿਗਿਆਨ ਭਵਨ ਦਿੱਲੀ ਵਿਚ ਸਰਵੋਤਮ ਸੰਸਦ ਮੈਂਬਰ ਦੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਐਵਾਰਡ ਫੇਮ ਇੰਡੀਆ ਵੱਲੋਂ ਏਸ਼ੀਅਨ



ਪੋਸਟ ਨਾਲ ਮਿਲ ਕੇ ਕਰਵਾਏ ਸਰਵੇਖਣ ਤੋਂ ਬਾਅਦ ਦਿੱਤਾ ਗਿਆ ਹੈ। ਵਿਗਿਆਨ ਭਵਨ ਵਿਚ ਕੇਂਦਰੀ ਮੰਤਰੀ ਹਰਸ਼ਵਰਧਨ ਅਤੇ ਹੋਰਾਂ ਨੇ ਸ੍ਰੀ ਚੰਦੂਮਾਜਰਾ ਦਾ ਸਨਮਾਨ ਕੀਤਾ। ਇਹ ਪੁਰਸਕਾਰ ਹਾਸਲ ਕਰਨ ਵਾਲੇ ਉਹ ਪੰਜਾਬ ਦੇ ਇਕੋ-ਇਕ ਸੰਸਦ ਮੈਂਬਰ ਹਨ।

ਫੇਮ ਇੰਡੀਆ ਵੱਲੋਂ ਲੋਕ ਮਸਲਿਆਂ ਨੂੰ ਸੰਸਦ ਵਿਚ ਉਠਾਉਣ, ਸੰਸਦ ਵਿਚ ਲੋਕਾਂ ਨਾਲ ਸਬੰਧਤ ਸਵਾਲ ਪੁੱਛਣ ਸਣੇ ਹੋਰ ਮਾਮਲਿਆਂ ਉਤੇ ਖਰਾ ਉਤਰਨ ਵਾਲਿਆਂ ਸੰਸਦ ਮੈਂਬਰਾਂ ਨੂੰ ਚੁਣਿਆ ਜਾਂਦਾ ਹੈ। ਪ੍ਰੋ. ਚੰਦੂਮਾਜਰਾ ਨੇ ਸੰਸਦ ਵਿਚ ਕਿਸਾਨਾਂ ਦੀ ਆਵਾਜ਼ ਬੁਲੰਦ ਕਰ ਕੇ ਯੂਰੀਆ ਦੇ ਭਾਅ ਘਟਾਉਣ ਅਤੇ ਡੀਜ਼ਲ ਦੀਆਂ ਕੀਮਤਾਂ ਘਟਾਉਣ ਲਈ ਯਤਨ ਕੀਤੇ ਸਨ ਤੇ ਉਨ੍ਹਾਂ ਨੇ ਲੋਕ ਮਸਲਿਆਂ ਉਤੇ ਲਗਾਤਾਰ ਆਵਾਜ਼ ਬੁਲੰਦ ਕੀਤੀ ਹੈ, ਜਿਸ ਬਦੌਲਤ ਉਨ੍ਹਾਂ ਨੂੰ ਇਹ ਪੁਰਸਕਾਰ ਮਿਲਿਆ ਹੈ।

## ਮੋਦੀ, ਪੂਤਿਨ ਤੇ ਟਰੰਪ 'ਟਾਈਮਜ਼' ਦੀ ਸੂਚੀ ਵਿਚ ਸ਼ੁਮਾਰ

**ਨਿਊ ਯਾਰਕ:** ਟਾਈਮਜ਼ ਮੈਗਜ਼ੀਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਮਾਈਕਰੋਸਾਫਟ ਦੇ ਭਾਰਤੀ ਮੂਲ ਦੇ ਸੀ.ਈ.ਓ. ਸਤਿਆ ਨਾਡੇਲਾ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਤੇ ਮੁੜ ਰੂਸ ਦੇ ਸਦਰ ਬਣੇ ਵਲਾਦੀਮੀਰ ਪੂਤਿਨ ਨੂੰ ਉਨ੍ਹਾਂ ਸੌ



ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ ਵਿਚ ਸ਼ੁਮਾਰ ਕੀਤਾ ਹੈ, ਜਿਨ੍ਹਾਂ ਅਜੋਕੇ ਸੰਸਾਰ ਨੂੰ ਆਪਣੇ ਕੰਮਕਾਜ ਨਾਲ ਅਸਰਅੰਦਾਜ਼ ਕੀਤਾ ਹੈ। ਪਿਛਲੇ ਇਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਟਾਈਮ 100 ਦੀ ਸਾਲਾਨਾ ਸੂਚੀ ਵਿਚ ਵਿਸ਼ਵ ਦੇ ਸਭ ਤੋਂ ਅਹਿਮ ਕਲਾਕਾਰਾਂ, ਆਗੂਆਂ, ਵਿਗਿਆਨੀਆਂ, ਕਾਰਕੁਨਾਂ ਤੇ ਉਦਮੀਆਂ ਨੂੰ ਥਾਂ ਮਿਲਦੀ ਰਹੀ ਹੈ।

ਮੈਗਜ਼ੀਨ ਦੀ ਸੱਜਰੀ ਸੂਚੀ ਦਾ ਐਲਾਨ ਅਗਲੇ ਮਹੀਨੇ ਕੀਤਾ ਜਾਵੇਗਾ। ਸੂਚੀ ਵਿਚ ਸ਼ਾਮਲ ਸ਼ਖਸੀਅਤਾਂ ਬਾਰੇ ਅੰਤਿਮ ਫੈਸਲਾ ਆਨ ਲਾਈਨ ਵੋਟਿੰਗ ਰਾਹੀਂ ਕੀਤਾ ਜਾਵੇਗਾ। ਇਸ ਸੂਚੀ ਦੇ ਦਾਅਵੇਦਾਰਾਂ 'ਚ ਮੋਦੀ ਦਾ ਨਾਂ ਪਿਛਲੇ ਦੋ ਸਾਲਾਂ ਤੋਂ ਬੋਲਦਾ ਹੈ। ਸੂਚੀ ਵਿਚ ਸ਼ਾਮਲ ਹੋਰਨਾਂ ਸ਼ਖਸੀਅਤਾਂ ਵਿਚ ਉਤਰ ਕੋਰੀਆ ਦਾ ਆਗੂ ਕਿਮ ਜੌਂਗ ਉਨ, ਪਾਕਿਸਤਾਨੀ ਅਮਰੀਕੀ ਅਦਾਕਾਰ ਕੁਮੇਲ ਨਾਂਜਿਆਨੀ, ਅਮਰੀਕੀ ਰਾਸ਼ਟਰਪਤੀ ਦੀ ਧੀ ਇਵਾਂਕਾ ਟਰੰਪ, ਦਾਮਾਦ ਤੇ ਸੀਨੀਅਰ ਸਲਾਹਕਾਰ ਜੇਅਰਡ ਕੁਸ਼ਨਰ, ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਰਬਰਗ, ਐਮਜ਼ੋਨ ਮੁਖੀ ਜੈੱਫ ਬੈਜ਼ੋਸ ਹਨ।

# 'ਚੀਨੀ' ਭਾਸ਼ਾ ਨੇ ਅੰਗਰੇਜ਼ੀ ਨੂੰ ਪਿੱਛੇ ਛੱਡਿਆ

**ਵਾਸ਼ਿੰਗਟਨ:** ਹਾਲ ਹੀ ਵਿਚ ਵਰਲਡ ਇਕਨੌਮਿਕ ਫੋਰਮ ਰਿਪੋਰਟ ਪੇਸ਼ ਕੀਤੀ ਗਈ ਹੈ, ਜਿਸ ਵਿਚ ਇਹ ਦੱਸਿਆ ਗਿਆ ਹੈ ਕਿ ਸਾਲ 2017 ਵਿਚ ਦੁਨੀਆਂ ਭਰ ਵਿਚ ਕੋਈ ਭਾਸ਼ਾ ਕਿੰਨੀ ਵਾਰ ਬੋਲੀ ਗਈ। ਇਹ ਸਿਰਫ ਆਪਣੇ ਦੇਸ਼ ਤੱਕ ਸੀਮਤ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਸਭ ਤੋਂ ਵੱਧ ਵਰਤੀ ਗਈ ਹੈ। ਇਸ ਲੜੀ ਵਿਚ ਪਹਿਲਾ ਸਥਾਨ ਚੀਨ ਦੀ ਅਧਿਕਾਰਤ ਭਾਸ਼ਾ 'ਚਾਈਨੀਜ਼' ਦਾ ਹੈ। ਇਸ ਨੂੰ ਪੂਰੀ ਦੁਨੀਆਂ ਵਿਚ 1,284 ਮਿਲੀਅਨ ਲੋਕਾਂ ਨੇ ਬੋਲਿਆ ਹੈ। ਉਥੇ ਦੂਜੇ ਨੰਬਰ ਉਤੇ 'ਸਪੈਨਿਸ਼' ਹੈ, ਜਿਸ ਨੂੰ ਤਕਰੀਬਨ 437 ਮਿਲੀਅਨ ਲੋਕਾਂ ਨੇ ਭਾਸ਼ਾ ਦੇ ਰੂਪ ਵਿਚ ਇਸਤੇਮਾਲ ਕੀਤਾ। ਸਪੇਨ ਦੀ ਅਧਿਕਾਰਤ ਭਾਸ਼ਾ ਸਪੈਨਿਸ਼ ਹੈ। ਜੇਕਰ ਵੇਖਿਆ ਜਾਵੇ ਤਾਂ ਅੰਗਰੇਜ਼ੀ ਭਾਸ਼ਾ ਇਕ-ਦੂਜੇ ਤੇ ਕੌਮਾਂਤਰੀ ਪੱਧਰ ਉਤੇ ਬੋਲੀ ਜਾਂਦੀ ਹੈ, ਪਰ ਇਹ 372 ਮਿਲੀਅਨ ਲੋਕਾਂ ਨੇ ਵਰਤੀ ਹੈ। ਇਸ ਲਈ ਇਹ ਤੀਜੇ ਨੰਬਰ ਉਤੇ ਹੈ।

ਅੰਗਰੇਜ਼ੀ ਨੂੰ ਬ੍ਰਿਟੇਨ ਨੇ ਆਪਣੀ ਅਧਿਕਾਰਤ ਭਾਸ਼ਾ ਬਣਾਇਆ ਹੋਇਆ ਹੈ। ਇਸ ਤੋਂ ਬਾਅਦ ਨੰਬਰ ਆਉਂਦਾ ਹੈ 'ਅਰਬੀ' ਭਾਸ਼ਾ ਦਾ, ਜਿਸ ਨੂੰ 295 ਲੋਕਾਂ ਨੇ ਵਰਤਿਆ ਹੈ। ਇਸ ਲਈ ਇਹ ਚੌਥੇ ਸਥਾਨ ਉਤੇ ਹੈ। ਇਸ ਤੋਂ ਬਾਅਦ



ਨੰਬਰ ਆਉਂਦਾ ਹੈ ਭਾਰਤੀ ਭਾਸ਼ਾ ਦਾ। ਭਾਰਤ ਦੀ ਅਧਿਕਾਰਤ ਭਾਸ਼ਾ ਹਿੰਦੀ ਨੂੰ 260 ਮਿਲੀਅਨ ਲੋਕ ਬੋਲਦੇ ਹਨ। ਏਸ਼ੀਆ ਵਿਚੋਂ ਇਹ ਦੂਜੇ ਨੰਬਰ ਜਦਕਿ ਵਿਸ਼ਵ ਵਿਚੋਂ ਪੰਜਵੇਂ ਸਥਾਨ ਉਤੇ ਆਈ ਹੈ। ਛੇਵੇਂ ਨੰਬਰ ਉਤੇ ਵੀ ਭਾਰਤ ਦੀ ਭਾਸ਼ਾ ਹੀ ਹੈ। ਬੰਗਾਲੀ ਨੂੰ 242 ਮਿਲੀਅਨ ਲੋਕ ਪਹਿਲੀ ਭਾਸ਼ਾ ਦੇ ਰੂਪ ਵਿਚ ਬੋਲਦੇ ਹਨ। 'ਪਾਰਚੁਗਲ' ਭਾਸ਼ਾ ਨੂੰ ਸੱਤਵਾਂ ਸਥਾਨ ਮਿਲਿਆ ਹੈ।

ਇਸ ਭਾਸ਼ਾ ਨੂੰ 219 ਮਿਲੀਅਨ ਲੋਕਾਂ ਨੇ ਬੋਲਣ ਵਿਚ ਤਰਜੀਹ ਦਿੱਤੀ ਹੈ। ਤੀਜਾ ਨੰਬਰ ਮਹਾਸ਼ਕਤੀਸ਼ਾਲੀ ਦੇਸ਼ ਰੂਸ ਦੀ ਭਾਸ਼ਾ 'ਰਸ਼ੀਅਨ' ਨੂੰ ਤਕਰੀਬਨ 154 ਮਿਲੀਅਨ ਲੋਕ ਬੋਲਦੇ ਹਨ। ਇਸ ਦਾ ਕੌਮਾਂਤਰੀ ਪੱਧਰ ਉਤੇ ਅੱਠਵਾਂ ਸਥਾਨ ਹੈ। ਨੌਵੇਂ ਸਥਾਨ ਜਾਪਾਨ ਦੀ ਅਧਿਕਾਰਤ ਭਾਸ਼ਾ 'ਜੈਪਨੀਜ਼' ਨੂੰ ਮਿਲਿਆ ਹੈ। ਇਸ ਭਾਸ਼ਾ ਨੂੰ 128 ਮਿਲੀਅਨ ਲੋਕ ਆਪਣੀ ਗੱਲਬਾਤ ਦੌਰਾਨ ਵਰਤਦੇ ਹਨ।

# ਅਲਬਰਟਾ ਸੂਬੇ ਵਿਚ ਸਿੱਖਾਂ ਨੂੰ ਹੈਲਮਟ ਤੋਂ ਮਿਲੀ ਛੋਟ

ਕੈਲਗਰੀ: ਅਲਬਰਟਾ ਸਰਕਾਰ ਨੇ ਸਿੱਖ ਭਾਵਨਾਵਾਂ ਦੀ ਕਦਰ ਕਰਦੀਆਂ ਮੋਟਰਸਾਈਕਲ ਚਲਾਉਣ ਸਮੇਂ 18 ਸਾਲ ਤੋਂ ਵੱਧ ਉਮਰ ਵਾਲੇ ਦਸਤਾਰਧਾਰੀ ਸਿੱਖਾਂ ਨੂੰ ਹੈਲਮਟ ਪਹਿਨਣ ਤੋਂ



ਛੋਟ ਦੇ ਦਿੱਤੀ ਹੈ। ਇਹ ਛੋਟ 12 ਅਪਰੈਲ 2018 ਤੋਂ ਲਾਗੂ ਹੋਵੇਗੀ। ਸਰਕਾਰ ਵੱਲੋਂ 'ਟਰੈਫਿਕ ਸੇਫਟੀ ਐਕਟ' ਤਹਿਤ ਆਉਂਦੇ ਵਾਹਨ ਨਿਯਮਾਂ ਨੂੰ ਮੰਤਰਾਲੇ ਦੇ ਇਕ ਹੁਕਮ ਰਾਹੀਂ ਬਦਲਿਆ ਜਾ ਰਿਹਾ ਹੈ। ਇਸ ਤਰ੍ਹਾਂ ਅਲਬਰਟਾ, ਸਿੱਖਾਂ ਨੂੰ ਹੈਲਮਟ ਪਹਿਨਣ ਤੋਂ ਛੋਟ ਦੇਣ ਵਾਲਾ ਤੀਜਾ ਸੂਬਾ ਬਣ ਗਿਆ ਹੈ।

ਇਸ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਤੇ ਮਾਨੀਟੋਬਾ ਇਹ ਛੋਟ ਦੇ ਚੁੱਕੇ ਹਨ। ਟਰਾਂਸਪੋਰਟੇਸ਼ਨ ਮੰਤਰੀ ਬਰੀਅਨ ਮੈਸਨ ਨੇ ਦੱਸਿਆ ਕਿ ਸਿੱਖ ਭਾਈਚਾਰੇ ਨੇ ਬੇਨਤੀ ਕੀਤੀ ਸੀ ਕਿ ਉਨ੍ਹਾਂ ਦੇ ਨਾਗਰਿਕ ਅਧਿਕਾਰਾਂ ਤੇ ਧਰਮ ਦੀਆਂ ਮਾਨਤਾਵਾਂ ਦੀ ਕਦਰ ਕਰਦਿਆਂ ਹੈਲਮਟ ਪਹਿਨਣ ਤੋਂ ਛੋਟ ਦਿੱਤੀ ਜਾਵੇ। ਸਰਕਾਰ ਸਿੱਖ ਧਰਮ ਦੇ ਇਨ੍ਹਾਂ ਅਸੂਲਾਂ ਨੂੰ ਮਾਨਤਾ ਦਿੰਦੀ ਹੈ। ਸਮੁੱਚੇ ਸਿੱਖ ਭਾਈਚਾਰੇ ਨੇ ਅਲਬਰਟਾ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਸਿੱਖ ਆਗੂ ਗੁਰਪ੍ਰੀਤ ਪੰਧੇਰ ਨੇ ਕਿਹਾ ਹੈ ਕਿ ਇਹ ਇਕ ਮੀਲ ਪੱਥਰ ਤੇ ਇਤਿਹਾਸਕ ਦਿਨ ਹੈ। ਪਰਮੀਤ ਸਿੰਘ ਬੋਪਾਰਾਏ ਸਾਬਕਾ ਪ੍ਰਧਾਨ ਦਸਮੇਸ਼ ਕਲਚਰ ਸੈਂਟਰ ਕੈਲਗਰੀ ਨੇ ਕਿਹਾ ਹੈ ਕਿ ਸਿੱਖ ਭਾਈਚਾਰੇ ਲਈ ਇਹ ਬਹੁਤ ਵੱਡੀ ਪ੍ਰਾਪਤੀ ਹੈ।

ਦੱਸਣਯੋਗ ਹੈ ਕਿ 2011 ਦੀ ਮਰਦਮਸ਼ੁਮਾਰੀ ਅਨੁਸਾਰ ਅਲਬਰਟਾ ਕੈਨੇਡਾ ਵਿਚ ਤੀਜੀ ਸਭ ਤੋਂ ਵੱਧ ਸਿੱਖ ਆਬਾਦੀ ਹੈ। ਸੋਹਣ ਸਿੰਘ ਭੁੱਲਰ 1907 'ਚ ਅਲਬਰਟਾ ਵਿਚ ਰਹਿਣ ਵਾਲੇ ਪਹਿਲੇ ਸਿੱਖ ਵਸਨੀਕਾਂ ਵਿਚੋਂ ਇਕ ਸਨ। ਸੰਨ 2013 ਵਿਚ ਐਡਮਿੰਟਨ ਦੇ ਸ਼ਹਿਰ ਨੇ ਮਿਲਵੁਲਸ ਇਲਾਕੇ 'ਚ ਇਕ ਪਾਰਕ ਦਾ ਨਾਂ ਸੋਹਣ ਸਿੰਘ ਭੁੱਲਰ ਪਾਰਕ ਰੱਖਿਆ। ਇਸੇ ਤਰ੍ਹਾਂ ਹਰਨਾਮ ਸਿੰਘ ਹਰੀ 1909 ਵਿਚ ਕੈਲਗਰੀ ਵਿਚ ਅਲਬਰਟਾ ਦੇ ਪਹਿਲੇ ਸਿੱਖ ਨਾਗਰਿਕ ਸਨ। ਸਾਲ 2013 ਵਿਚ ਕੈਲਗਰੀ ਸ਼ਹਿਰ ਵਿਚ ਉਨ੍ਹਾਂ ਦੇ ਸਨਮਾਨ 'ਚ ਇਕ ਪਾਰਕ ਦਾ ਨਾਂ ਸਿੰਘ ਹਰੀ ਪਾਰਕ ਵਜੋਂ ਰੱਖਿਆ ਗਿਆ।

# ਦੋ ਪੰਜਾਬੀਆਂ ਸਣੇ ਪੰਜ ਭਾਰਤੀ ਯੂਨਾਨ ਦੀਆਂ ਜੇਲ੍ਹਾਂ 'ਚ ਬੰਦ

ਕਾਹਨੂੰਵਾਨ: ਕਸਬੇ ਦੇ ਦੋ ਪੜ੍ਹੇ-ਲਿਖੇ ਨੌਜਵਾਨਾਂ ਦੇ ਯੂਰਪੀ ਮੁਲਕ ਗਰੀਸ (ਯੂਨਾਨ) ਦੀਆਂ ਵੱਖ-ਵੱਖ ਜੇਲ੍ਹ ਵਿਚ ਬੰਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਗਰੀਸ ਦੀ ਸਮੁੰਦਰੀ ਜਹਾਜ਼ ਚਲਾਉਣ ਵਾਲੀ ਕੰਪਨੀ ਓਮੇਗਾ ਵਿਚ ਨੌਕਰੀ ਕਰਦੇ ਇਨ੍ਹਾਂ ਨੌਜਵਾਨਾਂ ਨੂੰ ਗਰੀਸ ਫੌਜ ਨੇ ਉਦੋਂ ਹਿਰਾਸਤ ਵਿਚ ਲਿਆ ਜਦੋਂ ਉਹ ਗੈਰਕਾਨੂੰਨੀ ਐਲਾਨੇ ਗਏ ਇਕ ਜਹਾਜ਼ 'ਚ ਅਮਲੇ ਵਜੋਂ ਸਵਾਰ ਸਨ। ਜਾਣਕਾਰੀ ਮੁਤਾਬਕ ਜਹਾਜ਼ 'ਚ ਗੋਲਾ-ਬਾਰੂਦ ਲਿਜਾਇਆ ਜਾ ਰਿਹਾ ਸੀ।

ਅਮਲੇ ਦੇ ਕੁੱਲ ਨੌਂ ਮੈਂਬਰਾਂ ਨੂੰ ਯੂਨਾਨ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਡੱਕਿਆ ਗਿਆ ਹੈ। ਇਨ੍ਹਾਂ ਵਿਚੋਂ ਪੰਜ ਭਾਰਤੀ ਹਨ, ਜਿਨ੍ਹਾਂ ਵਿਚੋਂ ਬਾਕੀ ਤਿੰਨ ਦੱਖਣੀ ਭਾਰਤ ਦੇ ਹਨ। ਕਾਹਨੂੰਵਾਨ ਨਾਲ ਸਬੰਧਤ ਨੌਜਵਾਨਾਂ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਜੈਦੀਪ ਠਾਕੁਰ (35) ਪੁੱਤਰ ਬਲਵਾਨ ਸਿੰਘ ਅਤੇ ਭੁਪਿੰਦਰ ਸਿੰਘ (20) ਪੁੱਤਰ ਬਲਕਾਰ ਚੰਦ ਦਸੰਬਰ 2017 ਤੋਂ ਜੇਲ੍ਹ ਵਿਚ ਬੰਦ ਹਨ। ਅਪਰੈਲ 2017 ਵਿਚ ਗੋਆ ਦੇ ਇਕ ਏਜੰਟ ਸੰਦੀਪ ਪਾਟਿਲ ਨੇ ਉਨ੍ਹਾਂ ਨੂੰ ਸਮੁੰਦਰੀ ਜਹਾਜ਼ ਵਿਚ ਨੌਕਰੀ ਦਿਵਾਈ ਸੀ। ਜੈਦੀਪ ਦੀ ਨੌਕਰੀ ਲਈ 1 ਲੱਖ ਅਤੇ ਭੁਪਿੰਦਰ ਲਈ 6 ਲੱਖ ਰੁਪਏ ਦਿੱਤੇ ਗਏ ਸਨ। ਓਮੇਗਾ ਕੰਪਨੀ ਦੇ ਸਮੁੰਦਰੀ ਜਹਾਜ਼ ਵਿਚ ਜੈਦੀਪ ਨੂੰ ਬਤੌਰ ਮੁੱਖ ਇੰਜੀਨੀਅਰ ਅਤੇ ਭੁਪਿੰਦਰ ਨੂੰ ਡੈੱਕ ਕੈਡਿਟ ਵਜੋਂ ਭਰਤੀ ਕੀਤਾ ਗਿਆ।

ਦਸੰਬਰ 2017 ਵਿਚ ਜਦੋਂ ਇਨ੍ਹਾਂ ਦਾ ਜਹਾਜ਼ ਤੁਰਕੀ ਤੋਂ ਲੋਡ ਹੋ ਕੇ ਗਰੀਸ ਨੇੜੇ ਪੁੱਜਾ ਤਾਂ ਇਸ ਵਿਚੋਂ ਵਿਸਫੋਟਕ ਸਮੱਗਰੀ ਦੇ 29 ਕੰਟੇਨਰ ਮਿਲਣ ਕਾਰਨ ਉਥੋਂ ਦੀ ਸਮੁੰਦਰੀ ਫੌਜ ਨੇ ਜਹਾਜ਼ ਨੂੰ ਅਮਲੇ ਸਮੇਤ ਗ੍ਰਿਫਤਾਰ ਕਰ ਲਿਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਦੀ ਸੁਰੱਖਿਆ ਅਤੇ ਰਿਹਾਈ ਲਈ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਅਤੇ ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਤੱਕ ਪਹੁੰਚ ਕੀਤੀ ਪਰ ਹਾਲੇ ਤੱਕ ਕੇਂਦਰ ਸਰਕਾਰ ਜਾਂ ਗਰੀਸ ਵਿਚਲੇ ਭਾਰਤੀ ਸਫਾਰਤਖਾਨੇ ਨੇ ਨੌਜਵਾਨਾਂ ਦੀ ਰਹਾਈ ਲਈ ਕੋਈ ਕਾਰਵਾਈ ਨਹੀਂ ਕੀਤੀ ਹੈ।

## ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਵਾਪਸ ਲਿਆਉਣ ਲਈ ਮੋਦੀ ਤੋਂ ਦਖਲ ਮੰਗਿਆ

**ਨਵੀਂ ਦਿੱਲੀ:** ਕਾਂਗਰਸ ਆਗੂ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਮਹਾਰਾਜਾ ਦਲੀਪ ਸਿੰਘ ਦੀਆਂ ਇੰਗਲੈਂਡ ਪਈਆਂ ਅਸਥੀਆਂ ਨੂੰ ਵਾਪਸ ਭਾਰਤ ਲਿਆਉਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦਖਲ ਦੀ ਮੰਗ ਕੀਤੀ ਹੈ। ਪੰਜਾਬ ਨਾਲ ਸਬੰਧਤ ਸ੍ਰੀ ਬਾਜਵਾ ਨੇ ਪ੍ਰਧਾਨ ਮੰਤਰੀ ਨਾਲ ਇਸ ਸਬੰਧੀ ਮੁਲਾਕਾਤ ਕੀਤੀ। ਉਨ੍ਹਾਂ ਸ੍ਰੀ ਮੋਦੀ ਨੂੰ ਕਿਹਾ ਕਿ ਮਹਾਰਾਜੇ ਦੀਆਂ ਅਸਥੀਆਂ ਨੂੰ ਵਾਪਸ ਲਿਆਂਦਾ ਜਾਵੇ ਤਾਂ ਕਿ ਸਿੱਖ ਰਵਾਇਤਾਂ ਮੁਤਾਬਕ ਅੰਮ੍ਰਿਤਸਰ ਵਿਚ ਅੰਤਿਮ ਰਸਮਾਂ ਨੂੰ ਪੂਰਾ ਕੀਤਾ ਜਾ ਸਕੇ।



ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਪੱਤਰ ਵਿਚ ਦੱਸਿਆ ਕਿ 22 ਅਕਤੂਬਰ 1893 ਨੂੰ 55 ਸਾਲ ਦੀ ਉਮਰ ਵਿਚ ਮਹਾਰਾਜਾ ਦੀ ਪੈਰਿਸ ਵਿਚ ਮੌਤ ਹੋ ਗਈ ਤੇ ਈਸਾਈ ਰਵਾਇਤਾਂ ਮੁਤਾਬਕ ਇੰਗਲੈਂਡ ਦੇ ਐਲਵੇਡੈਨ ਐਸਟੇਟ ਸਪੁਰਦੇ ਖਾਕ ਕਰ ਦਿੱਤਾ ਗਿਆ। ਸ੍ਰੀ ਬਾਜਵਾ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਇਹ ਮੁੱਦਾ ਭਾਵੁਕ ਤੇ ਸੰਵੇਦਨਸ਼ੀਲ ਹੋਣ ਕਰ ਕੇ ਉਹ ਖੁਦ ਇਸ ਮਾਮਲੇ ਵਿਚ ਪੇਸ਼ਕਦਮੀ ਕਰਨ।

# Sher-E-Punjab Sports & Cultural Society

# Mela Vaisakhi Da VII

## April 21, 2018

*Saturday (4PM to 10PM)*

**Monroe High School**

220 Yankee Rd., Monroe OH 45050

**Items by Children, Dance, Bhangra-Gidha, Comedy, Choreography and Much More...**

Chief Guest



Jaspreet Singh
Attorney At Law

Special Guest



Baldev Singh
Salhan






**An Evening full of fun Entertainment, cultural & family activities.**

Event Sponsored by

HACKNEY
Since 1891

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

Satya Wholesale
(C-Store needs)
W (937) 344-6953

Khan
SIGNS & AWNINGS

**No alcohol allowed at School Premises.**

**Free Food (4PM to 5PM)**
**Free Entry, Free Parking**

## Open Invitation To All

Media Sponsor ਪੰਜਾਬ ਟਾਈਮਜ਼ Chann Pardesi

**Advisory Committee:**
Harinder S. Kang, Gurpreet S. Gill, Vineet Gupta, Mani Ram, Parmjit S. Garcha, Bahadur S. Mundi, Narinderpal Tatla.

SHER-E-PUNJAB SPORTS & CULTURAL SOCIETY INC

**Society Members:**
Charanjit S. Brar 317-903-7400
Surjeet S. Mavi 513-616-4530
Kumar Pawandeep 937-838-3767
Amarjit Takhar 937-604-0012
Amarik S. Tiwana 513-410-4101
Amarjit Aggarwal 937-672-1201
Parminder S. Takhar 937-469-0202
Bobby S. Sidhu (937) 919-4799
Gurminder S. Sandhu 513-550-6134
Bahadur S. Kaler 513-446-9687
Jagtar S. Fantu 513-328-7500
Pritampaul Singh 518-469-7864

www.sherepunjabcincy.com Email :sherepunjabsociety@gmail.com

# Cincinnati, Dayton, Lima, Columbus (OH)

## Platinum Sponsors



Charanjit Singh Brar · Amrik Singh Tiwana · Amarjit Singh Takhar · Jaswant S Jassi · Harinder Singh Kang · Bobby Sidhu

## Diamond Sponsors



*Surjeet Mavi* · *Parminder Takhar* · *Gurminder Sandhu* · *Amarjit Aggarwal* · *Bahadur Kaler* · *Jagtar Fantu* · *Gurpreet Gill* · *Mani Ram*



*Palwinder Dhillon* · *Baljit Singh (Maharaja)* · *Sukhdev S. Garcha* · *Vineet Gupta* · *Jas (Amber India)* · *Pushpinder Bhatti* · *Harry Nijjar* · *Pappal Ghotra* · *Gurmail S. Fagura*

## Gold Sponsors



*Kumar Pawandeep* · *Agyapal S. Batth* · *Narinder Pal Tatla* · *Happy Matot* · *Davinder Mundi* · *Harjit Bhullar* · *Lakhvir Bassi* · *Nippy Tiwana* · *Bobby New Krishna* · *Harpal S. Sangha* · *Inderjit Begowal* · *Rajesh Rawal* · *Nishan Singh* · *Sukhwinder Singh* · *Palwinder Gill* · *Baljinder S. Sandhu* · *Bittu Brar*



*Gurjeet S. Hans* · *Balvir S. Dhaliwal* · *Sonu Sirhind* · *Davinder Kahlon* · *J S Chema* · *Jimmy Brar* · *Sukhminder Pandher* · *Makhan Badesha* · *Gurcharan S. Kang* · *Balbir Batth* · *Toni Multani* · *Prithpal Ghotra* · *Jasbir S. Dipty* · *Malkit S. Uppal* · *Sam Moreb* · *Parminder Randhawa* · *Pal Khalil*

## Silver Sponsors



*Bahadur S. Mundi* · *Lakhvir Singh* · *Balbir S. Gill* · *Gurpreet Batth* · *Sohan Lal Gaba* · *Avtar S. Springfield* · *Satwant Deol* · *Mandeep Badesha* · *Avtar S. Sohal* · *Sukhjinder S.Sandhu* · *Kamaljit Singh* · *Sukhdev Samra* · *Baljinder Cheema* · *Kulvir Cheema* · *Jatinder Bhatti* · *Gurinder Maneli*

## Guests of Honor



*Sarwan Tiwana* · *Amarjit Dhindsa* · *Didar Dhanoa* · *Lakha Dhindsa* · *Gurwinder Babbu* · *Balbir Dran* · *Rimpy Khatra* · *Dharminder Khatra* · *Kuldip Lang* · *Pyara S. Bhatti* · *Gurmit Batth* · *Mandip Bhura* · *Nidhan Singh* · *Darshan Darar* · *Varinder Sahi* · *Happy Heer*

**Sponsors:** Pritampaul Singh, Rupinder Batth, Sonu Cheema, Harvinder Kang (Binda), Inderjit Singh (KY), Dr. Baljinder Singh, Dalbir Gill, Dr. Ravinder Mann, Gurmeet Bhatti, Amarjit Singh, Gurpreet Cheema, Sat Parkash Chahal, Ravi Singh, Buta Singh, Dr. Ashwani Kapoor, Nardeep Mavi, Jagtar Singh Xenia, Vicky Singh, Gemini Jewelers, Moreb Wholesales, Janta Transportation, Sunshine Transportation, RA Trucking, Speed 1 Transport, DJ Soni, Dashmesh Trucking, Clarion Hotel, Tigar Style Corp., A&R Freight Line, MBS Gas Inc., Paul Takhar, Randy Takhar, Makhan Gill, Kirpal Gill, Harpal Gill, Happy & Rubby Dayton. **Restaurants:** Amber India, Baba India, Guru India, Kanak India, Swad India, Raja India, New Krishna, Brij Mohan, Krishna Carry Out, Royal Taj, Tandoor India, Indian Bistro, Bombay Star, Curries, Deep India, Bombay Blazer, Taj Mahal, Aangan Sweets, Indian Spice, Shaan India, Grill of India, Taste of India. Grocers: Bombay Grocers, Patel Brothers, Niva Grocers, Indian Bazar.

**Supporting Organizations:** (Chicago) Shere Punjab Sports & Cultural Club, Punjab Sports Club Midwest, Punjab Sports & Cultural Club, Punjabi Heritage Organization (PHO), Punjabi American Organization, Punjabi Cultural Society (PCS). (Indiana) Punjabi American Youth Club, Five River Entertainment, Meeri-Peeri Sports Club Greenwood. (Michigan) Punjab Sports & Cultural Organization, PCS Kalamazoo and Punjab Sports Club Cleveland (Ohio), Punjabi Heritage Society Kalamazoo.

# ਲੇਖਕ ਹੋਣ ਦੀ ਸਜ਼ਾ

*ਨਿੱਕੇ ਜਿਹੇ ਪਿੰਡ ਮਾਧੋਪੁਰ 'ਚੋਂ ਉਠੇ ਲੇਖਕ ਬਲਬੀਰ ਮਾਧੋਪੁਰੀ ਦੀ ਸਾਹਿਤ ਜਗਤ ਵਿਚ ਪਛਾਣ ਕਰਮਯੋਗੀ ਵਾਲੀ ਹੈ। ਉਹਨੇ ਲਗਾਤਾਰ ਲਿਖਿਆ ਪਰ ਸਵੈ-ਜੀਵਨੀ 'ਛਾਂਗਿਆ ਰੁੱਖ' ਨੇ ਉਸ ਨੂੰ ਜੋ ਮਾਣ-ਤਾਣ ਦਿਵਾਇਆ, ਉਸ ਦੀ ਕੋਈ ਰੀਸ ਨਹੀਂ। ਇਸ ਲੇਖ ਵਿਚ ਉਨ੍ਹਾਂ ਆਪਣੇ ਮੁਢਲੇ ਦੌਰ ਨਾਲ ਜੁੜੇ ਕੁਝ ਕਿੱਸੇ ਪਾਠਕਾਂ ਨਾਲ ਸਾਂਝੇ ਕੀਤੇ ਹਨ ਜਿਨ੍ਹਾਂ ਵਿਚ ਦਲਿਤ ਹੋਣ ਦਾ ਦਰਦ ਪਰੋਇਆ ਹੀ ਹੋਇਆ ਹੈ, ਇਨ੍ਹਾਂ ਵਿਚ ਉਸ ਦੇ ਸਾਹਿਤਕ ਸਫਰ ਦੀ ਕਨਸੋਅ ਵੀ ਮਿਲਦੀ ਹੈ। ਸਭ ਤੋਂ ਵੱਡੀ ਗੱਲ, ਉਹਨੇ ਆਪਣੀ ਥਾਂ ਆਪ ਬਣਾਈ। -ਸੰਪਾਦਕ*

ਕਲਾ ਪਰਿਕਰਮਾ

**ਬਲਬੀਰ ਮਾਧੋਪੁਰੀ**
ਫੋਨ: +91-93505-48100

"ਕੁੱਤੇ ਦੀ ਪੂਛ ਨੇ ਸਿੱਧੀ ਨਈਂ ਹੋਣਾ, ਭਾਮੇਂ ਬਾਰਾਂ ਸਾਲ ਨੌਲਕੇ 'ਚ ਪਾ ਕੇ ਰੱਖ ਲਾ।" ਭਾਈਆ ਮੇਰਾ ਅੱਗਾ-ਪਿੱਛਾ ਨੌਲ਼ਦਾ ਤੇ ਕਚੀਚੀਆਂ ਵੱਟ ਵੱਟ ਮੇਰੇ ਵੱਲ ਦੇਖ ਕੇ ਮੇਰੀ ਮਾਂ ਨੂੰ ਤਲਖ਼ੀ 'ਚ ਆਖਦਾ। ਕਦੀ ਗੁੱਸੇ 'ਚ ਉਖੜੀ ਕੁਹਾੜੀ ਵਾਂਗ ਉਲਰ ਉਲਰ ਪੈਂਦਾ ਤੇ ਕਹਿੰਦਾ, "ਜਿਹਦੀ ਪਛਾੜੀ ਨੂੰ ਸੁਆਹ ਲੱਗੀ ਦੇਖੀ, ਉਹਦੇ ਮਗਰ ਸਾਧ ਦੀ ਕੁੱਤੀ ਆਂਙੂ ਤੁਰ ਪਿਆ, ਬੜਾ ਚੱਕਿਆ ਕਾਮਰੇਟੀ ਦਾ।" ਭਾਈਆ ਮੇਰੀ ਸੋਵੀਅਤ ਸਾਹਿਤ ਪੜ੍ਹਨ ਦੀ ਬਿਰਤੀ-ਪ੍ਰਵਿਰਤੀ ਤੇ ਅਗਾਂਹਵਧੂ ਖ਼ਿਆਲਾਂ ਵਾਲੇ ਪਿੰਡ ਦੇ ਕਾਮਰੇਡਾਂ ਬਾਰੇ ਨਿੱਤ ਚਿੰਜੜੀ ਛੇੜੀ ਰੱਖਦਾ। ਉਹ ਚਾਹੁੰਦਾ ਸੀ ਕਿ ਮੈਂ ਆਪਣੇ ਸਿਲੇਬਸ ਦੀਆਂ ਕਿਤਾਬਾਂ ਹੀ ਪੜ੍ਹਾਂ, ਵੱਡੇ ਭਰਾ ਵਾਂਗ ਘਰ ਦੇ ਕੰਮਾਂ ਨੂੰ ਜ਼ਿੰਮੇਵਾਰੀ ਨਾਲ ਕਰਾਂ ਅਤੇ ਕਾਮਰੇਡਾਂ ਦਾ ਖਹਿੜਾ ਛੱਡ ਦਿਆਂ। ਉਹ ਵਾਰ ਵਾਰ ਮੈਨੂੰ ਇਨ੍ਹਾਂ ਕਾਮਰੇਡ ਜ਼ਿਮੀਂਦਾਰਾਂ ਬਾਰੇ ਖ਼ਬਰਦਾਰ ਕਰਦਾ ਤੇ ਚਿਤਾਰਦਾ ਕਿ ਇਕ ਰੁਪਿਆ ਦਿਹਾੜੀ ਵਧਾਉਣ ਵੇਲੇ ਸਾਡਾ ਹੁੱਕਾ-ਪਾਣੀ ਜਦੋਂ ਬੰਦ ਹੋਇਆ ਤਾਂ ਕਿਵੇਂ ਉਨ੍ਹਾਂ ਨੇ ਆਪਣੇ ਭਾਈਚਾਰੇ ਦਾ ਸਾਥ ਦਿੱਤਾ ਸੀ ਪਰ ਮੈਂ ਇਹ ਸਭ ਸੁਣਨ-ਸਹਿਣ ਦੇ ਬਾਵਜੂਦ, ਗੱਲਾਂ ਕੰਨਾਂ ਪਿੱਛੇ ਸੁੱਟ ਕੇ ਆਪਣੇ ਸਾਥੀਆਂ ਨਾਲ ਤੁਰਦਾ ਗਿਆ।

ਇਕ ਹੋਰ ਘਟਨਾ ਚੇਤੇ ਆਈ ਹੈ। ਦਿੱਲੀ ਤੋਂ ਮਾਧੋਪੁਰ ਗਿਆ ਹੋਇਆ ਸੀ। ਇਕ ਦਿਨ ਖਾਓ-ਪੀਓ ਵੇਲੇ ਵੱਡਾ ਭਰਾ ਅਤੇ ਤਾਏ ਦੇ ਪੁੱਤ ਵਿਹੜੇ 'ਚ ਮੰਜਿਆਂ 'ਤੇ ਬੈਠੇ ਹੋਏ ਸੀ, ਗਲਾਸੀਆਂ ਖੜਕ ਚੁੱਕੀਆਂ ਸਨ। ਭਾਈਏ ਨੂੰ ਪਤਾ ਨਹੀਂ ਕੀ ਸੁੱਝਿਆ, ਉਹਨੇ ਹੁੱਕੇ ਦੀ ਨੜੀ ਇਕ ਪਾਸੇ ਮੋੜੀ, ਤੇ ਕਾਹਲੀ ਨਾਲ ਆ ਕੇ ਸੱਜੇ ਹੱਥ ਦਾ ਹੂਰਾ ਮੇਰੇ ਮੌਰਾਂ ਉਤੇ ਮਾਰਨ ਮਗਰੋਂ ਇਕੋ ਸਾਹੇ ਬੋਲਿਆ, "ਨਿਰਮੋਹਾ ਹੋ ਗਿਆ ਇਹ। ਕਿਤਾਬਾਂ ਪੜ੍ਹ ਪੜ੍ਹ ਹਰ ਬੇਲੇ ਸਾਡੇ ਨਾਲ ਝੱਖ ਮਾਰਦਾ। ਹਰ ਬੇਲੇ ਕਾਮਰੇਟਾਂ ਆਲੀ ਓਹੀ ਤੋਤਾ ਰਟ, ਅਖੇ ਇਨਕਲਾਬ ਆਉਣ ਆਲਾ, ਮਜਦੂਰਾਂ ਦਾ ਰਾਜ ਆ ਜਾਣਾ, ਲਹਿਰਾਂ-ਬਹਿਰਾਂ ਹੋ ਜਾਣੀਆਂ। ਏਹੋ ਕਾਮਰੇਟ ਆ ਜਿਹੜੇ ਗੁਰਦੁਆਰੇ ਢੋਲਕੀ ਕੁੱਟਦੇ ਰਹਿੰਦੇ ਆ, ਜਿਹੜੇ ਜਿਮੀਂਦਾਰ ਸਾਨੂੰ ਗੁਰਦੁਆਰੇ ਨਈਂ ਢੁੱਕਣ ਦਿੰਦੇ, ਉਨ੍ਹਾਂ ਨੂੰ ਕਿਉਂ ਨਈਂ ਕਹਿੰਦੇ, ਪਈ ਇਹ ਬੀ ਕੁਦਰਤ ਦੇ ਬਣਾਏ ਬੰਦੇ ਆ।" ਪਲ ਕੁ ਪਿਛੋਂ ਭਾਈਆ ਫਿਰ ਕਹਿੰਦਾ, "ਤੇਰੇ ਨਾਲ ਏਨੀ ਕੁੱਤੇ-ਖਾਣੀ ਕਰਦਾਂ, ਤੂੰ ਫਿਰ ਇਨ੍ਹਾਂ ਨਾਲ ਟਰੱਕ-ਟਰਾਲੀਆਂ ਭਰ ਭਰ ਜਲੰਧਰ, ਲੁਧਿਆਣੇ, ਬਠਿੰਡੇ ਤੇ ਚੰਡੀਗੜ੍ਹ ਨੂੰ ਜਿਣਸਾਂ ਦੇ ਭਾਅ ਵਧਾਉਣ, ਡੀਜਲ ਸਸਤਾ ਕਰਾਉਣ ਤੇ ਬਿਜਲੀ ਚੌਵੀ ਘੰਟੀਂਏ ਕਰਾਉਣ ਜਾਂਦਾਂ... ਫੇ ਲੈ ਆਈਂ ਲੈਨਿਨ ਦੀ ਸ਼ੀਸ਼ੇ 'ਚ ਮੜ੍ਹੀ ਫੋਟੋ, ਪਈ ਬੜਾ ਕੰਮ ਕੀਤਾ ਪਾਰਟੀ ਲਈ...। ਕਮੂਤ ਦੀਏ ਮਾਰੇ, ਕਦੀ ਇਨ੍ਹਾਂ ਨੂੰ ਪੁੱਛਿਆ ਕਿ ਜਾਤ-ਪਾਤ, ਊਚ-ਨੀਚ, ਭਿੱਟ ਨੂੰ ਹਟਾਓ।"

ਮੈਂ 1992 ਤਕ ਦੋ ਨਿਆਣਿਆਂ ਦਾ ਬਾਪ ਬਣ ਚੁੱਕਾ ਸੀ, ਪਰ ਮੇਰਾ ਬਾਪ ਮੇਰਾ ਨਾਲ ਇੱਦਾਂ ਹੀ ਨਜਿੱਠਦਾ। ਉਹ ਫਿਰ ਝਈਆਂ ਲੈ ਲੈ ਪਵੇ, "ਮਾਮਾ, ਤੂੰ ਆਪਣੇ ਘਰ 'ਚ ਤਾਂ ਪਣ੍ਹੀਲਾਂ ਇਨਕਲਾਬ ਲੈ ਆ, ਫੇ ਜੋ ਮਰਜੀ ਕਰੀਂ, ਜਦੋਂ ਦੇਖੋ ਰੂਸ-ਮਰੀਕਾ ਦੀਆਂ ਗੱਲਾਂ ਕਰਨ ਡਹਿ ਪੈਂਦਾ। ਆਪ ਸਬਿਆਰ ਨੂੰ ਅਜੇ ਦਿੱਲੀ ਨਈਂ ਟੱਪਿਆ, ਫੜੀ ਫਿਰਦਾ ਹਰ ਬੇਲੇ ਇਨਕਲਾਬ ਦਾ ਛੁਣਛਣਾ...।"

... ਖ਼ੈਰ, ਵਕਤ ਪਾ ਕੇ ਮੇਰੀਆਂ ਕੁਝ ਮੌਲਿਕ ਤੇ ਅਨੁਵਾਦ ਵਾਲੀਆਂ ਕਿਤਾਬਾਂ ਛਪੀਆਂ। ਮੈਂ ਆਲੋਚਕਾਂ ਦੀ ਨਜ਼ਰ ਵਿਚ 'ਪ੍ਰਗਤੀਵਾਦੀ ਲੇਖਕ' ਬਣ ਗਿਆ; ਤੇ ਜਦੋਂ ਦਲਿਤ ਦ੍ਰਿਸ਼ਟੀ ਅਤੇ ਨਾਬਰੀ ਵਾਲੀਆਂ ਕਵਿਤਾਵਾਂ, ਲੇਖ ਤੇ ਸਵੈਜੀਵਨੀ 'ਛਾਂਗਿਆ ਰੁੱਖ' ਛਪੇ ਤਾਂ ਖੱਬੇ ਪੱਖੀ ਆਲੋਚਕਾਂ ਨੇ ਮੇਰੇ ਨਾਂ ਨਾਲ 'ਪ੍ਰਗਤੀਵਾਦੀ ਦਲਿਤ ਲੇਖਕ' ਸ਼ਬਦ ਪੱਕੇ ਕਰ ਦਿੱਤੇ। ... ਤੇ ਹੁਣ ਦੋ ਕੁ ਟਿੱਪਣੀਆਂ ਹੋਰ ਦੇਖੋ। ਇਕ ਦਿਨ ਮੇਰੇ ਕੋਲ ਆਏ ਇਕ ਸਾਹਿਤਕਾਰ ਮਿੱਤਰ ਨੂੰ ਉਹਦੀ ਪਤਨੀ ਦਾ ਫ਼ੋਨ ਆਇਆ:

"ਕਿਥੇ ਹੋ?"

"ਦਲਿਤ ਪ੍ਰਵਚਨ ਸੁਣ ਰਿਹਾਂ!" ਮਿੱਤਰ ਨੇ ਹੱਸ ਕੇ ਆਖਿਆ।

"ਅੱਛਾ! ਬਲਬੀਰ ਮਾਧੋਪੁਰੀ ਕੋਲ ਬੈਠੇ ਹੋ?" ਅੱਗਿਓਂ ਵੀ ਅਜਿਹਾ ਹੀ ਅੰਦਾਜ਼ ਸੀ।



*ਬਲਬੀਰ ਮਾਧੋਪੁਰੀ (ਐਨ ਸੱਜੇ) ਸ਼ਾਇਰਾ ਵਨੀਤਾ, ਨਾਵਲਕਾਰ ਨਛੱਤਰ ਅਤੇ ਅਨੁਵਾਦਕ ਸੁਭਾਸ਼ ਨੀਰਵ ਨਾਲ।*

ਮੇਰੀਆਂ ਲਿਖਤਾਂ ਦਾ ਮਜ਼ਾਕ ਉਡਾਉਂਦਾ ਵਿਅੰਗ ਦੇਖੋ ਜੋ ਇਕ ਕਿਤਾਬ ਵਿਚ ਦਰਜ ਹੈ:

"ਇਕ ਦਿਨ ਦੋ ਲੇਖਕ ਗੱਲਾਂ ਕਰ ਰਹੇ ਸਨ- 'ਮਾਧੋਪੁਰੀ ਦਲਿਤ ਹੋ ਗਿਆ।'

'ਉਹ ਤਾਂ ਪਹਿਲਾਂ ਹੀ ਦਲਿਤ ਸੀ।'

'ਨਈਂ, ਪਹਿਲਾਂ ਉਹ ਮਾਰਕਸਵਾਦੀ ਸੀ।'

'ਇਕ ਗੱਲ ਡਰ ਵਾਲੀ ਆ।'

'ਕਿਹੜੀ?'

'ਜਿੱਦਾਂ ਮਾਰਕਸਵਾਦੀ ਸਾਹਿਤ ਗੋਹਲੇ ਬਣਾਉਣ ਦੇ ਕੰਮ ਆਇਆ ਸੀ, ਉਦਾਂ ਹੀ ਦਲਿਤ ਸਾਹਿਤ ਦਾ ਹਸ਼ਰ ਨਾ ਹੋ ਜਾਵੇ।'

'ਯਾਰ ਇਕ ਗੱਲ ਆ, ਉਦੋਂ ਤਾਂ ਕਾਗਜ਼ ਗੋਹਲੇ ਬਣਾਉਣ ਦੇ ਕੰਮ ਆ ਜਾਂਦਾ ਸੀ, ਹੁਣ ਤਾਂ... ਬਲਬੀਰ ਦਾ ਸਾਹਿਤ ਤਾਂ ਸਾਰਾ ਹੈ ਹੀ ਦਲਿਤਵਾਦੀ'।"

ਦਲਿਤ ਚਿੰਤਕ ਆਪਣੇ ਥਾਂ ਮੇਰੇ ਨਾਲ ਨਾਰਾਜ਼ ਹੁੰਦੇ ਹੋਏ ਸਿਖਰਾਂ ਦੀ ਬਿਆਨਬਾਜ਼ੀ ਨਾਲ ਲਾਹ-ਪਾਹ ਕਰ ਦਿੰਦੇ। ਮੂੰਹ ਕਾਲਾ ਕਰਨ, ਕੇਸ ਦਰਜ ਕਰਾਉਣ ਦੀਆਂ ਧਮਕੀਆਂ ਤੇ ਮੇਰੀਆਂ ਲਿਖਤਾਂ ਖਿਲਾਫ ਦਲਿਤ ਲੇਖਕਾਂ ਦੇ 'ਰੈਡੀਕਲ ਵਿਚਾਰਾਂ' ਨਾਲ ਰਾਏ ਬਣਾਉਂਦੇ ਰਹਿੰਦੇ। ਮੇਰਾ ਕਸੂਰ ਇਹ ਹੈ ਕਿ ਮੈਂ ਮੱਧ ਕਾਲ ਦੇ ਸੰਤ ਸਾਹਿਤ ਅਤੇ 1920ਵਿਆਂ ਦੀ ਆਦਿ ਧਰਮ ਲਹਿਰ ਨੂੰ ਆਪਣੇ ਮੂਲ ਨਿਵਾਸੀ ਬਹੁਜਨਾਂ ਦਾ ਵਿਰਸਾ ਤੇ ਵਿਰਾਸਤ ਸਮਝਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਆਪਣਿਆਂ ਨਾਲੋਂ ਅਲੱਗ ਹੋ ਕੇ ਸਭਿਆਚਾਰਕ ਕ੍ਰਾਂਤੀ ਸੰਭਵ ਨਹੀਂ।

ਸੋਚਾਂ ਦੇ ਕਾਫ਼ਲੇ ਆਉਂਦੇ ਨੇ- ਕੀ ਸਮਾਜਿਕ ਸਰੋਕਾਰਾਂ ਬਾਰੇ ਸੋਚਣਾ, ਸਮਝਣਾ, ਸੰਵਾਦ ਰਚਾਉਣਾ ਅਤੇ ਧਰਤੀ, ਧਨ ਤੇ ਧਰਮ ਗੁਆ ਚੁੱਕੇ ਲੋਕਾਂ ਦੀ ਪਛਾਣ ਲਈ ਚੇਤਨਾ ਦਾ ਪਸਾਰਾ ਕਰਨਾ ਲੇਖਕ ਵਜੋਂ ਮੈਂ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ? ਜੇ ਅਤਿਆਚਾਰਾਂ, ਬੇਇਨਸਾਫ਼ੀਆਂ ਤੇ ਸਮਾਜਿਕ ਵਰਤਾਰੇ ਦੇ ਯਥਾਰਥ ਨੂੰ ਅੱਖੋਂ ਓਹਲੇ ਕਰਦਾ ਹਾਂ ਤਾਂ ਕੀ ਇਹ ਹੱਕ ਵਿਹੂਣੇ ਧਰਤੀ-ਪੁੱਤਰਾਂ ਨਾਲ ਅਨਿਆਂ ਨਹੀਂ? ਸੋਚ ਆਉਂਦੀ ਹੈ- ਕੀ ਮੈਂ ਹੀ ਸਹੀ ਹਾਂ? ਜਾਂ ਮੈਂ ਸਚਮੁਚ 'ਤਿੰਨਾਂ 'ਚ, ਨਾ ਤੇਰ੍ਹਾਂ 'ਚ ਹਾਂ', ਜਿਵੇਂ ਅਕਸਰ ਮੈਨੂੰ ਸੁਣਨਾ ਪੈਂਦਾ ਹੈ... ਹੱਡੀਂ ਹੰਢਾਏ ਅਨੁਭਵ ਦੀ ਆਪਣੀ ਮਹੱਤਤਾ ਹੈ, ਜਿਵੇਂ ਮੇਰੇ ਭਾਈਏ ਦਾ, ਜੋ ਗਰੀਬੀ ਤੇ ਜਾਤ-ਪਾਤ ਦਾ ਝੰਬਿਆ ਸ਼ਾਹੀ ਅਨਪੜ੍ਹ ਸੀ ਪਰ ਉਹਦੀ ਸਮਾਜਿਕ ਬਣਤਰ ਬਾਰੇ ਪੁਣ-ਛਾਣ ਪੜ੍ਹਿਆਂ-ਲਿਖਿਆਂ ਨਾਲੋਂ ਘੱਟ ਪੁਖ਼ਤਾ ਨਹੀਂ ਸੀ। ਉਹ ਮੈਨੂੰ ਸੁਝਾਉਂਦਾ-ਸਮਝਾਉਂਦਾ ਰਿਹਾ ਕਿ ਮੈਂ ਉਹ ਪੜ੍ਹਾਈ ਕਰਾਂ ਜਿਹਦੇ ਨਾਲ ਸਾਰੇ ਟੱਬਰ ਦੀ ਤਰੱਕੀ ਹੋਵੇ ਜਦ ਕਿ ਮੇਰੀ ਮਾਨਸਿਕ ਬਣਤਰ ਵਿਚ ਜਾਤੀ ਵਿਵਸਥਾ ਤੇ ਗਰੀਬੀ ਦੇ ਖਾਤਮੇ ਅਤੇ ਅਧਿਕਾਰ ਚੇਤਨਾ ਨੇ ਭਰਵੀਂ ਥਾਂ ਮੱਲੀ ਹੋਈ ਹੈ। ਮੇਰੀ ਪਤਨੀ ਅਜਿਹੀ ਗੱਲਬਾਤ, ਲਿਖਤ, ਵੀਡੀਓ ਜਾਂ ਫੋਨ 'ਤੇ ਹੁੰਦੀ ਸੁਣੇ ਤਾਂ ਕਹਿੰਦੀ ਹੈ, ਤੁਸੀਂ ਆਪ ਪਰੇਸ਼ਾਨ ਰਹਿੰਦੇ ਹੋ, ਨਾਲ ਸਾਨੂੰ ਵੀ ਕਰਦੇ ਰਹਿੰਦੇ ਹੋ। ਮਸ਼ਕੂਲੇ ਨਾਲ ਇਹ ਕਹਿ ਚੁੱਕੀ ਹੈ, ਜੇ ਮੈਨੂੰ ਪਤਾ ਹੁੰਦਾ ਕਿ ਤੁਸੀਂ ਲੇਖਕ ਹੋ ਤਾਂ ਮੈਂ ਤੁਹਾਡੇ ਨਾਲ ਵਿਆਹ ਨਾ ਕਰਦੀ। ਜਦੋਂ ਇਨ੍ਹਾਂ ਸਾਰੀਆਂ ਧਿਰਾਂ ਦਾ ਆਖਿਆ ਸੋਚਦਾ-ਵਿਚਾਰਦਾ ਹਾਂ ਤਾਂ ਮੈਨੂੰ ਅਹਿਸਾਸ ਹੁੰਦਾ ਹੈ ਕਿ ਮੈਂ ਜ਼ਿੰਮੇਵਾਰ ਪੁੱਤ, ਪਤੀ ਤੇ ਪਿਤਾ ਨਹੀਂ ਬਣ ਸਕਿਆ। ਨਾਲ ਹੀ ਖਿਆਲ ਆਉਂਦਾ ਹੈ ਕਿ ਪਰੰਪਰਿਕ ਸਾਹਿਤਕ-ਸਮਾਜਿਕ ਲੀਹਾਂ 'ਤੇ ਤੁਰਨ ਤੇ ਲੇਖਣ ਕਾਰਜ ਮੇਰੇ ਲਈ ਝੱਸ ਪੂਰਾ ਕਰਨਾ ਨਹੀਂ। ਕੀ ਲੇਖਕ ਵਜੋਂ ਸਮਾਜਿਕ ਯਥਾਰਥ ਦੇ ਵਰਤਾਰੇ ਤੋਂ ਮੂੰਹ ਫੇਰ ਲੈਣਾ ਬੇਜ਼ੁਬਾਨੇ ਲੋਕਾਂ ਨਾਲ ਧ੍ਰੋਹ ਨਹੀਂ? ... ਏਸੇ ਨਜ਼ਰੀਏ ਤੋਂ ਮੈਂ ਆਪਣੀ ਮਨੁੱਖਵਾਦੀ ਸੋਚ ਤੇ ਸਮਾਜਿਕ-ਆਰਥਿਕ ਬਰਾਬਰੀ ਨੂੰ ਧਿਆਨ ਵਿਚ ਰੱਖ ਕੇ ਤਰਕਵਾਦੀ ਵਿਚਾਰਧਾਰਾ ਵਾਲੀਆਂ ਕੁਝ ਮੌਲਿਕ ਪੁਸਤਕਾਂ, ਤੀਹ ਕਿਤਾਬਾਂ ਦਾ ਅਨੁਵਾਦ ਤੇ ਚਾਲ੍ਹੀਆਂ ਦਾ ਸੰਪਾਦਨ ਕੀਤਾ ਹੈ।

ਸੋਚਦਾ ਹਾਂ, ਲੇਖਕ ਦੇ ਤੌਰ 'ਤੇ ਭਾਵੇਂ ਮੈਂ ਹੋਵਾਂ ਜਾਂ ਕੋਈ ਹੋਰ, ਉਹ ਇਕੱਲਾ ਪ੍ਰਕਿਰਤੀ ਵਾਂਗ ਕਿਰਤੀ ਵਜੋਂ ਦਿਨ-ਰਾਤ ਕੰਮ ਕਰਦਾ ਰਹਿੰਦਾ ਹੈ ਤੇ ਕਈ ਮੋਰਚਿਆਂ ਉਤੇ ਲੜਨਾ ਆਪਣੇ ਤਨ-ਮਨ ਉਤੇ ਘਰ ਤੋਂ ਲੈ ਕੇ ਬਾਹਰਲਿਆਂ ਦੀਆਂ ਅਸੁਖਾਵੀਆਂ ਟਿੱਪਣੀਆਂ, ਤਾਅਨੇ-ਮਿਹਣੇ ਤੇ ਦੁੱਖਾਂ-ਕਸ਼ਟਾਂ ਨੂੰ ਹੱਦ ਦਰਜੇ ਤਕ ਬਰਦਾਸ਼ਤ ਕਰਦਾ ਆਪਣੇ ਸਜੱਗ ਹੋਣ ਦੀ ਸਜ਼ਾ ਭੁਗਤਦਾ ਰਹਿੰਦਾ ਹੈ ਜਿਸ ਦਾ ਦੂਜੇ ਨੂੰ ਅਹਿਸਾਸ ਹੀ ਨਹੀਂ ਪਰ ਉਹਨੂੰ ਬਹੁ-ਗਿਣਤੀ ਪ੍ਰਸ਼ੰਸਕਾਂ ਤੋਂ ਮਿਲਦੀ ਹੱਲਾਸ਼ੇਰੀ ਇਸ ਸਭ ਕਾਸੇ ਨੂੰ ਝੱਲਣ ਦੀ ਸਮਰਥਾ ਦਿੰਦੀ ਰਹਿੰਦੀ ਹੈ। ਮੈਂ ਵੀ ਅਜਿਹੀ ਵੰਨਗੀ ਦੇ ਲੇਖਕਾਂ (ਭਾਵੇਂ ਉਨ੍ਹਾਂ ਜਿੰਨਾ ਸਾਹਿਤਕ ਯੋਗਦਾਨ ਨਹੀਂ) ਵਿਚ ਆਪਣਾ ਸ਼ੁਮਾਰ ਕਰ ਕੇ ਸਕੂਨ ਮਹਿਸੂਸ ਕਰਦਾ ਹਾਂ।

###

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਪਰੈਲ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-320



*ਆਪਣੀ ਮਾੜੀ ਕਿਸਮਤ ਉਤੇ ਝੋਰਾ ਨਾ ਕਰ ਭਾਈ।*
*ਤੇਰੇ ਘਰ ਇਹ ਬੇਟੀ ਵੀਰੇ ਬਣ ਕੇ ਫਰਿਸ਼ਤਾ ਆਈ।*

## ਕੈਪਸ਼ਨ ਮੁਕਾਬਲਾ-318



ਸਾਝਰੇ ਉਠ ਕਰ ਚੌਂਕਾ-ਚੁੱਲ੍ਹਾ
ਪੁੱਤ-ਨੂੰਹਾਂ ਕੰਮੀਂ ਤੁਰ ਜਾਣਾ।
'ਲੈ ਬੀਬੀ ਹੁਣ ਘਰ ਸੰਭਾਲੀਂ
ਨਾਲੇ ਦੇਖੀਂ ਤੂੰ ਨਿੱਕਾ-ਨਿਆਣਾ।'
ਬੱਚਿਆਂ ਨੂੰ ਕਰਾ ਕੇ ਛਾਹ ਵੇਲਾ
ਵਿਹਲੀ ਨੂੰ ਨਾ ਕੰਮ 'ਥਿਆਵੇ।
ਡਾਹ ਕੇ ਧਰ ਲਈ ਨੁਆਰ ਦੀ ਮੰਜੀ
ਗੁਆਂਢਣ ਵੀ ਆ ਹੱਥ ਵਟਾਵੇ।
***-ਸੇਵਾ ਸਿੰਘ ਨੂਰਪੁਰੀ, ਬੰਗਾ***

---

ਉਧੇੜ-ਬੁਣ ਵਿਚ ਲੰਘੀਆਂ ਉਮਰਾਂ
ਹੋ ਗਏ ਕਾਲਿਓਂ ਬੱਗੇ।
ਠੰਡ ਚਿੱਤ ਵਿਚ ਪੈ ਜਾਂਦੀ ਹੈ
ਜਦ ਪੋਤਾ ਗਲ ਆ ਲੱਗੇ।
***-ਜਗਮੀਤ ਸਿੰਘ ਪੰਧੇਰ***

---

ਦਰਾਣੀ-ਜਠਾਣੀ ਨੇ ਸਮਾਂ ਕੱਢ ਕੇ
ਰਲ ਬੈਠ ਕੀਤੀ ਸੋਚ ਵਿਚਾਰ।
ਬੈਡਾਂ 'ਤੇ ਭੈਣੇ ਨੀਂਦ ਨਾ ਆਉਂਦੀ
ਰਾਤ ਲੰਘਾਈਏ ਪਾਸੇ ਮਾਰ।
ਤੂੜੀ ਵਾਲੇ ਕੋਠੇ 'ਚ ਸੁੱਟੇ ਪਏ ਜੋ
ਮੰਜੇ ਕੱਢ ਕੇ ਕਰੀਏ ਤਿਆਰ।
ਆਪਾਂ ਆਪਣੀ ਨੀਂਦ ਸੌਂ ਲਈਏ
ਨਵਿਆਂ ਨੂੰ ਮੁਬਾਰਕ ਨਵਾਂ ਸਭਿਆਚਾਰ।
***-ਗੁਰਦੇਵ ਸਿੰਘ ਢਿਪਾਲੀ, ਬਠਿੰਡਾ***

---

ਪੁੱਤ, ਧੀਆਂ ਪਾਲ ਨਾ ਰੱਜੀਆਂ
ਪੋਤੇ, ਪੋਤੀਆਂ ਦੀ ਆ ਗਈ ਵਾਰੀ।
ਉਧੇੜ-ਬੁਣ, ਗੰਢ-ਤੁੱਪ ਵਿਚ
ਸੁਚੱਜੀਆਂ, ਸੁਆਣੀਆਂ, ਉਮਰ ਗੁਜ਼ਾਰੀ।
ਵਾਰਸ, ਵਿਰਸਾ, ਸਭ ਕੁਝ ਸੰਭਾਲਣ
ਤੋੜ ਨਿਭਾਉਣ ਇਹ ਜ਼ਿੰਮੇਵਾਰੀ।
***-ਦਵਿੰਦਰ ਕੌਰ***

---

ਸਾਂਝੇ ਪਰਿਵਾਰਾਂ ਦੇ ਰੁਝੇਵੇਂ ਨ੍ਹੀਂ ਸੀ ਮੁਕਦੇ
ਰਲ ਮਿਲ ਦਸਤਕਾਰੀ ਕੰਮ ਸੀ ਚਲਦੇ।
ਮਾਂ-ਪਿਓ ਬਾਹਰਲੇ ਕੰਮਾਂ ਲਈ ਸੀ ਜਾਂਦੇ
ਬੱਚੇ ਦਾਦੀਆਂ ਦੇ ਲਾਡਾਂ ਨਾਲ ਸੀ ਪਲਦੇ।
ਸਮੇਂ ਨਾਲ ਸਮੇਂ ਦੇ ਰੰਗ ਬਦਲ ਗਏ
ਬੱਚੇ ਕਰੈਚਾਂ, ਨਰਸਰੀਆਂ 'ਚ ਰੁਲਦੇ।
ਦਾਦੀਆਂ-ਮਾਂਵਾਂ ਨਾਲ ਸਾਂਝਾਂ ਘਟਗੀਆਂ
ਬੱਚੇ ਮਾਂ ਬੋਲੀ ਵੀ ਜਾਂਦੇ ਭੁੱਲਦੇ।
***-ਅਮਰਜੀਤ ਸਿੰਘ ਤੂਰ***

---

ਅੰਮਾ ਅੰਮਾ ਕਰਦਾ ਪੋਤਾ ਚੜ੍ਹਿਆ
ਦਾਦੀ ਦੀ ਪਿੱਠ 'ਤੇ ਚੜ੍ਹਿਆ ਛਾਲ ਮਾਰ ਕੇ।
ਸਾਂਝੇ ਪਰਿਵਾਰਾਂ ਦੀਆਂ ਹੁੰਦੀਆਂ ਸਨ ਮੌਜਾਂ
ਬਜ਼ੁਰਗ ਵੀ ਲਾਡ 'ਚ ਆਪਣਾ ਆਪ ਵਾਰਦੇ।
ਘਰ ਘਰ ਦਾਦੀਆਂ ਬੱਚਿਆਂ ਨੂੰ ਖਿਡਾਉਂਦੀਆਂ
ਗੁਆਂਢਣਾਂ ਨਾਲ ਰਲ ਕਰਦੀਆਂ ਕੰਮ ਕਾਰ।
ਅੱਜ ਦੀ ਪੀੜ੍ਹੀ ਕਿਹੋ ਜਿਹੀ ਹੋ ਗਈ ਲੋਕੋ
ਭੁੱਲੀਆਂ ਸਾਂਝਾਂ, ਭੁੱਲ'ਗੇ ਕਰਨਾ ਪਿਆਰ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਨੰਨਾ ਬੱਚਾ ਕੀ ਜਾਣੇ ਘਰ ਦੇ ਆਹਰ
ਲੋਚਦਾ ਲੁੱਡੀਆਂ ਪਾਵੇ
ਕੋਈ ਹੱਥਾਂ 'ਤੇ ਨਚਾਵੇ
ਚੜ੍ਹ ਘਨੇੜੀ ਦਾਦੀ ਨੂੰ ਤਰਲੇ ਪਾਵੇ।
ਸੱਭੇ ਕਰਦੇ ਕਾਰ ਖੇਤਾਂ 'ਚ
ਰਹਿ ਗਈ ਘਰ 'ਚ ਦਾਦੀ ਮਾਂ।
ਉਹ ਵੀ ਮੁਗਧ ਇੰਜ
ਸੌਣ ਦਾ ਵਸੀਲਾ ਕਰਨ ਲਈ
ਸੁਹਾਗਣਾ ਪਾਉਂਦੀ ਪਾਵਿਆਂ 'ਚ ਦੇ ਫਾਲੇ
ਕੱਸ ਕੱਸ ਰੱਸੀਆਂ ਨੂੰ ਮੰਜਾ ਬੁਣਦੀ ਜਾਵੇ।
ਰਹਿ ਨਾ ਜਾਵੇ ਵਾਣ ਕਿਤੇ
ਪੂਰਾ ਧਿਆਨ ਇੱਧਰ ਹੀ ਲਾਵੇ।
***-ਦਰਸ਼ਨਪਾਲ ਦੋਸਾਂਝ***

---

ਸੀ ਪਿਆਰ ਇਹ ਵੀਹ ਸਾਲ ਪਹਿਲਾਂ
ਦਾਦੇ-ਦਾਦੀ ਅਤੇ ਨਾਨੇ-ਨਾਨੀ ਨਾਲ।
ਆ ਗਈਆਂ ਡਿਸ਼ਾਂ ਤੇ ਕੇਬਲਾਂ
ਇਨ੍ਹਾਂ ਨਾਲ ਆਇਆ ਜ਼ਿੰਦਗੀ 'ਚ ਭੁਚਾਲ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਅਮਰੀਕੀ ਹਵਾਈ ਅੱਡੇ ‘ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਕੱਪੜੇ ਲੁਹਾਏ

**ਨਿਊ ਯਾਰਕ:** ਅਮਰੀਕਾ ਦੇ ਦੌਰੇ ਉਤੇ ਗਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖਕਾਨ ਅੱਬਾਸੀ ਦੀ ਨਿਊ ਯਾਰਕ ਦੇ ਜਾਨ ਐਫ ਕੈਨੇਡੀ ਹਵਾਈ ਅੱਡੇ ਉਤੇ ਕੱਪੜੇ ਲੁਹਾ ਕੇ ਤਲਾਸ਼ੀ ਲਈ ਗਈ ਹੈ। ਅਮਰੀਕੀ ਸੁਰੱਖਿਆ ਅਧਿਕਾਰੀਆਂ ਦੀ ਇਸ ਕਾਰਵਾਈ ਦੀ ਪਾਕਿਸਤਾਨ ਵਿਚ ਜੰਮ ਕੇ ਆਲੋਚਨਾ ਹੋ ਰਹੀ ਹੈ। ਹਾਲਾਂਕਿ, ਅਮਰੀਕਾ ਵਿਚ ਰੂਟੀਨ ਸੁਰੱਖਿਆ ਜਾਂਚ ਦੌਰਾਨ ਅਜਿਹੇ ਕਈ ‘ਵੱਡੇ ਬੰਦਿਆਂ’ ਦੀ ਤਲਾਸ਼ੀ ਲਈ ਜਾ ਚੁੱਕੀ ਹੈ, ਪਰ ਅੱਬਾਸੀ ਦਾ ਇਹ ਵੀਡੀਓ ਸੋਸ਼ਲ ਮੀਡੀਆ ਉਤੇ ਕਾਫੀ ਵਾਇਰਲ ਹੋ ਰਿਹਾ ਹੈ। ਵੀਡੀਓ ਵਿਚ ਸਾਫ ਦਿੱਸ ਰਿਹਾ ਹੈ ਕਿ ਏਅਰਪੋਰਟ ਉਤੇ ਅੱਬਾਸੀ ਦੀ ਕੱਪੜੇ ਉਤਰਵਾ ਕੇ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਉਹ ਆਪਣਾ ਸਾਮਾਨ ਲੈ ਕੇ ਜਾ ਰਹੇ ਹਨ। ਪਾਕਿਸਤਾਨੀ ਮੀਡੀਆ ਨੇ ਇਸ ਨੂੰ ਦੇਸ਼ ਦਾ ਅਪਮਾਨ ਦੱਸਿਆ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਅੱਬਾਸੀ ਆਪਣੀ ਬਿਮਾਰ ਭੈਣ ਨਾਲ ਮੁਲਾਕਾਤ ਕਰਨ ਲਈ ਪਿਛਲੇ ਹਫਤੇ ਅਮਰੀਕਾ ਗਏ ਸਨ।

## ਨਿੱਜੀ ਦੌਰੇ ਵਾਲੇ ਰਾਸ਼ਟਰ ਮੁਖੀਆਂ ਦੀ ਜਾਂਚ ਹੋਵੇਗੀ: ਅਮਰੀਕਾ

**ਨਵੀਂ ਦਿੱਲੀ:** ਅਮਰੀਕੀ ਦੂਤਘਰ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਿਦ ਖੱਕਾਨ ਅੱਬਾਸੀ ਦੀ ਹਵਾਈ ਅੱਡੇ ਵਿਚ ਸੁਰੱਖਿਆ ਕਰਮੀਆਂ ਵੱਲੋਂ ਤਲਾਸ਼ੀ ਬਾਰੇ ਕਿਹਾ ਕਿ ਜੇਕਰ ਕੋਈ ਸ਼ਾਸਨ ਅਧਿਕਾਰੀ ਨਿੱਜੀ ਯਾਤਰਾ ਕਰਦਾ ਹੈ ਤਾਂ ਉਸ ਨੂੰ ਆਮ ਨਾਗਰਿਕ ਦੀ ਤਲਾਸ਼ੀ ਪ੍ਰਕਿਰਿਆ ਵਿਚੋਂ ਗੁਜ਼ਰਨਾ ਪੈਂਦਾ ਹੈ।

# ਮ੍ਰਿਤਕ ਔਰਤ ਵੱਲੋਂ ਤਾਬੂਤ ‘ਚ ਬੱਚੇ ਨੂੰ ਜਨਮ ਨੇ ਚੱਕਰਾਂ ‘ਚ ਪਾਏ ਵਿਗਿਆਨੀ

**ਨਵੀਂ ਦਿੱਲੀ:** ਇਕ ਅਨੋਖੇ ਕੇਸ ਵਿਚ ਪੁਰਾਤਤਵ ਵਿਗਿਆਨੀਆਂ ਦੀ ਇਕ ਟੀਮ ਨੇ ਇਕ ਔਰਤ ਦਾ ਪਿੰਜਰ ਬਰਾਮਦ ਕੀਤਾ ਹੈ ਜਿਸ ਦੀ ਖੋਪੜੀ ਵਿਚ ਛੇਕ ਹੈ ਅਤੇ ਉਸ ਦੀਆਂ ਲੱਤਾਂ ਵਿਚ ਭਰੂਣ ਦੀਆਂ ਹੱਡੀਆਂ ਪਈਆਂ ਹਨ। ਇਹ ਪਿੰਜਰ 2010 ਵਿਚ ਇਟਲੀ ਦੇ ਇਮੋਲਾ ਵਿਚੋਂ ਮਿਲੇ। ਡੇਲੀ ਮੇਲ ‘ਚ ਛਪੀ ਰਿਪੋਰਟ ਅਨੁਸਾਰ ਫੇਰਾਰਾ ਅਤੇ ਬਲੋਗਨਾ ਯੂਨੀਵਰਸਿਟੀਆਂ ਦੇ ਮਾਹਿਰਾਂ ਅਨੁਸਾਰ ਇਹ ਦੋਵੇਂ ‘ਕੌਫਿਨ ਜਨਮ‘ ਦਾ ਅਸਾਧਾਰਨ ਕੇਸ ਹੋ ਸਕਦੇ ਹਨ। ਸੰਭਾਵਨਾ ਹੈ ਕਿ ਬੱਚੇ ਦੀਆਂ ਲੱਤਾਂ ਦੀਆਂ ਹੱਡੀਆਂ ਬਾਹਰ ਨਹੀਂ ਆਈਆਂ ਹਾਲਾਂਕਿ ਉਸ ਦਾ ਉਪਰਲਾ ਧੜ ਅਤੇ ਸਿਰ ਬਾਹਰ ਆ ਗਏ ਹੋਣਗੇ।

ਭਰੂਣ ਅੰਸ਼ਿਕ ਤੌਰ ‘ਤੇ ਹੀ ਬਾਹਰ ਆਇਆ ਸੀ। ਮਾਹਿਰਾਂ ਨੇ ਪਾਇਆ ਕਿ ਔਰਤ ਦੀ ਉਮਰ ਦਫਨਾਉਣ ਵੇਲੇ 25 ਤੋਂ 35 ਸਾਲ ਦੇ ਦਰਮਿਆਨ ਰਹੀ ਹੋਵੇਗੀ ਅਤੇ ਉਹ 38 ਹਫਤਿਆਂ ਦੀ ਗਰਭਵਤੀ ਸੀ। ਇਹ 7ਵੀਂ ਜਾਂ 8ਵੀਂ ਸਦੀ ਦੀ ਗੱਲ ਹੋ ਸਕਦੀ ਹੈ। ਰਿਪੋਰਟ ਅਨੁਸਾਰ ਮਾਹਿਰਾਂ ਦਾ ਮੰਨਣਾ ਹੈ ਕਿ ਔਰਤ ਦੀ ਖੋਪੜੀ ਦੇ ਦਰਮਿਆਨ ਮਿਲਿਆ ਛੇਕ ਵਰਮੀ ਨਾਲ ਵਿੰਨ੍ਹਣ ਦੀ ਪ੍ਰਕਿਰਿਆ, ਖੋਪੜੀ ‘ਚ ਛੇਕ ਕਰ ਕੇ ਜਾਂ ਕੱਟ ਮਾਰ ਕੇ ਹਰ ਤਰਾਂ ਦੀ ਬਿਮਾਰੀ ਦਾ ਇਲਾਜ ਕਰਨ ਦਾ ਪੁਰਾਤਨ ਡਾਕਟਰੀ ਤਰੀਕਾ, ਦੌਰਾਨ ਕੀਤਾ ਗਿਆ ਹੋਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਵਰਮੀ ਨਾਲ ਵਿੰਨ੍ਹਣ ਦੀ ਪ੍ਰਕਿਰਿਆ ਅਤੇ ਕੌਫਿਨ ‘ਚ ਜਨਮ ਦੋਵੇਂ ਖਾਸ ਮਾਮਲੇ ਹਨ। ਕੌਫਿਨ ਜਨਮ ਉਸ ਸਮੇਂ ਹੁੰਦਾ ਹੈ ਜਦੋਂ ਇਕ ਮ੍ਰਿਤਕ ਔਰਤ ਦਾ ਭਰੂਣ ਕਬਰ ਦੇ ਅੰਦਰ ਬਾਹਰ ਨਿਕਲਦਾ ਹੈ।

*To Advertise with Punjab Times*
**Call: 847-359-0746**

# ਬਾਦਲਾਂ ਦੀ ਮੁਫਤ ਯਾਤਰਾ ਮੁਹਿੰਮ ਨੂੰ ਅੱਗੇ ਤੋਰੇਗੀ ਸ਼੍ਰੋਮਣੀ ਕਮੇਟੀ

**ਚੰਡੀਗੜ੍ਹ:** ਅਕਾਲੀ ਦਲ ਬਾਦਲ ਨੂੰ ਰਾਜਸੀ ਹੁਲਾਰਾ ਦਿਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਗਲੇ ਦਿਨਾਂ ਵਿਚ ਸਾਰੇ ਵਿਧਾਨ ਸਭਾ ਹਲਕਿਆਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਤੇ ਸੇਵਾ ਲਈ ਸੰਗਤ ਨੂੰ ਲਿਆਉਣ ਲਈ ਮੁਫਤ ਬੱਸ ਸੇਵਾ ਆਰੰਭ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਫੰਡ ਨਵੇਂ ਪਾਸ ਕੀਤੇ ਬਜਟ ਵਿਚ ਰੱਖੇ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਕਮੇਟੀ ਨੇ ਸੰਗਤ ਦੀ ਸਹੂਲਤ ਲਈ ਪੰਜਾਬ ਤੇ ਹਰਿਆਣਾ ਲਈ 15 ਨਵੀਆਂ ਬੱਸਾਂ ਖਰੀਦਣ ਦਾ ਫੈਸਲਾ ਕੀਤਾ ਹੈ। 10 ਬੱਸਾਂ ਪੰਜਾਬ ਤੇ 5 ਬੱਸਾਂ ਹਰਿਆਣਾ ਦੀ ਸੰਗਤ ਨੂੰ ਲੈ ਕੇ ਆਇਆ ਕਰਨਗੀਆਂ। ਹਰ ਰੋਜ਼ ਸੰਗਤ ਇਕ ਹਲਕੇ ਵਿਚੋਂ ਬੱਸਾਂ ‘ਚ ਆਇਆ ਕਰੇਗੀ ਅਤੇ ਇਕ ਦਿਨ ਸ੍ਰੀ ਹਰਿਮੰਦਰ ਸਾਹਿਬ ਰਹਿ ਕੇ ਸੇਵਾ ਸਿਮਰਨ ਕਰੇਗੀ।

ਇਹ ਬੱਸਾਂ ਸਰਕਲ ਬਣਾ ਕੇ ਸੰਗਤ ਨੂੰ ਲਿਆਉਣ ਤੇ ਵਾਪਸ ਛੱਡਿਆ ਕਰਨਗੀਆਂ। ਬੱਸ ਯਾਤਰਾ ਦਾ ਸਾਰਾ ਖਰਚਾ ਸ਼੍ਰੋਮਣੀ ਕਮੇਟੀ ਆਪਣੇ ਵੱਲੋਂ ਕਰੇਗੀ। ਦੱਸਿਆ ਜਾਂਦਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਯਾਤਰਾ ਲਈ ਬੱਸਾਂ ਦਾ ਜਲਦੀ ਪ੍ਰਬੰਧ ਕੀਤਾ ਜਾ ਰਿਹਾ ਹੈ ਤੇ ਪੰਜਾਬ ਵਿਚੋਂ ਇਸ ਯਾਤਰਾ ਦਾ ਆਰੰਭ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਧਰਮ ਪਤਨੀ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਹਲਕਾ ਬਠਿੰਡਾ ਤੋਂ ਸ਼ੁਰੂ ਕੀਤਾ ਜਾਵੇਗਾ।

ਅਕਾਲੀ-ਭਾਜਪਾ ਸਰਕਾਰ ਵੱਲੋਂ ਮੁਫਤ ਰੇਲ ਤੇ ਬੱਸ ਸਰਬ ਧਰਮ ਯਾਤਰਾਵਾਂ ਆਰੰਭ ਕੀਤੀਆਂ ਗਈਆਂ ਸਨ ਤੇ ਇਸ ਧਾਰਮਿਕ ਸਰਗਰਮੀ ਰਾਹੀਂ ਸਰਕਾਰ ਦਾ ਅਕਸ ਸੁਧਾਰਨ ਦਾ ਯਤਨ ਕੀਤਾ ਗਿਆ ਸੀ।

ਪਤਾ ਲੱਗਾ ਹੈ ਕਿ ਅਕਾਲੀ ਦਲ ਦੇ ਸਿਆਸੀ ਨੀਤੀ ਘਾੜਿਆਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੁਫਤ ਬੱਸ ਧਾਰਮਿਕ ਯਾਤਰਾ ਦੀ ਇਹ ਮੁਹਿੰਮ ਪੂਰੇ ਜ਼ੋਰ-ਸ਼ੋਰ ਨਾਲ ਚਲਾਉਣ ਦਾ ਫੈਸਲਾ ਲਿਆ ਹੈ। ਧਾਰਮਿਕ ਯਾਤਰਾ ਭਾਵੇਂ ਸ਼੍ਰੋਮਣੀ ਕਮੇਟੀ ਚਲਾਏਗੀ ਪਰ ਇਸ ਮੁਹਿੰਮ ਦੀ ਲਗਾਮ ਅਕਾਲੀ ਆਗੂਆਂ ਦੇ ਹੀ ਹੱਥ ਹੋਵੇਗੀ।

**Michigan Truck Driving School**
**6405 Middlebelt Road, Romulus, MI 48174**

ਸਭ ਸਹੂਲਤਾਂ ਨਾਲ
ਲੈਸ ਨਵਾਂ ਟਰੱਕ
ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298

**TRUCK STOP 40**
**SAYRE, OK 73662**

ਰੋਟੀ ਬਣਾਉਣ ਵਾਲੇ ਅਤੇ
ਗੈਸ ਸਟੇਸ਼ਨ ਲਈ ਕੈਸ਼ੀਅਰ ਦੀ
ਲੋੜ ਹੈ



ਮਕੈਨਿਕ
ਅਤੇ
ਮਕੈਨਿਕ
ਹੈਲਪਰ ਦੀ
ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

**Friends Of Punjab Foundation**




ਤੁਹਾਡੇ ਬਚਪਨ ਦੀਆਂ
ਯਾਦਾਂ ਸਾਂਭੀ ਬੈਠੇ
ਪਿੰਡ ਦੇ ਗਰੀਬ ਲੋਕ
ਮਦਦ ਲਈ ਤੁਹਾਡੇ
ਵੱਲ ਝਾਕ ਰਹੇ ਹਨ

ਮੇਰਾ ਪਿੰਡ

**ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?**

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ ‘ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ ‘ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ’ ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

**ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179**

www.friendsofpunjabfoundation.org

# ਭਾਜਪਾ ਦੀ ਵੰਡ ਪਾਊ ਸਿਆਸਤ ਅਤੇ ਅੰਨਾ ਦਾ ਅਸਫਲ ਅੰਦੋਲਨ

ਮਾਰਚ ਦੇ ਆਖ਼ਰੀ 10 ਦਿਨ ਭਾਰਤ ਦੀ ਸਿਆਸਤ ਲਈ ਮਹੱਤਵਪੂਰਨ ਮੰਨੇ ਜਾਣਗੇ। ਇਨ੍ਹਾਂ ਦਿਨਾਂ ਦੌਰਾਨ ਹੋਈਆਂ ਘਟਨਾਵਾਂ ਭਾਵੇਂ ਵੱਖ ਵੱਖ ਸੂਬਿਆਂ ਵਿਚ ਵਾਪਰੀਆਂ ਹਨ ਪਰ ਇਨ੍ਹਾਂ ਦਾ ਪ੍ਰਭਾਵ ਮੁਲਕ ਵਿਆਪੀ ਅਤੇ ਦੂਰਗਾਮੀ ਸਾਬਤ ਹੋਵੇਗਾ। ਪਹਿਲੀ ਘਟਨਾ ਦਿੱਲੀ ਤੇ ਦੂਜੀ ਉਤਰ ਪ੍ਰਦੇਸ਼ ਦੀ ਸਿਆਸਤ ਨਾਲ ਸਬੰਧਤ ਹੈ; ਤੀਜੀ ਘਟਨਾ ਤਾਂ ਸਿਰਫ ਇਕ ਮੈਦਾਨ ਤੱਕ

ਅਭੈ ਕੁਮਾਰ ਦੂਬੇ

ਸੀਮਤ ਹੈ, ਜਿਸ ਨੂੰ ਰਾਮ ਲੀਲ੍ਹਾ ਮੈਦਾਨ ਕਿਹਾ ਜਾਂਦਾ ਹੈ। ਇਹ ਮੈਦਾਨ ਭੂਗੋਲਿਕ ਤੌਰ 'ਤੇ ਦਿੱਲੀ ਵਿਚ ਹੈ ਪਰ ਇਸ ਦੀ ਛਾਪ ਸਾਰੇ ਮੁਲਕ 'ਤੇ ਦੇਖੀ ਜਾ ਸਕਦੀ ਹੈ। ਇਕ ਹੋਰ ਘਟਨਾ ਇਕੋ ਸਮੇਂ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਵਾਪਰ ਰਹੀ ਹੈ। ਇਨ੍ਹਾਂ ਵਿਚ ਸਾਡੀਆਂ ਮੌਜੂਦਾ ਪ੍ਰੇਸ਼ਾਨੀਆਂ ਪੇਸ਼ ਹੋ ਰਹੀਆਂ ਹਨ। ਨਾਲ ਹੀ ਇਨ੍ਹਾਂ ਵਿਚ ਭਵਿਖ ਦੀਆਂ ਸੰਕੇਤ ਵੀ ਦਿਸਦੇ ਹਨ। ਲਗਦਾ ਹੈ ਕਿ ਜੋ ਮਾਰਚ ਵਿਚ ਹੋਇਆ, ਉਹ ਅੱਗੇ ਵੀ ਸਾਰਾ ਸਾਲ ਹੁੰਦਾ ਰਹੇਗਾ।

ਪੱਛਮੀ ਬੰਗਾਲ ਵਿਚ ਭਾਜਪਾ ਵਿਰੋਧੀ ਸਰਕਾਰ ਹੈ ਅਤੇ ਬਿਹਾਰ ਵਿਚ ਭਾਜਪਾ ਸਮਰਥਕ; ਪਰ ਦੋਵੇਂ ਥਾਵਾਂ 'ਤੇ ਫ਼ਿਰਕੂ ਸਿਆਸਤ ਦੀ ਅੱਗ, ਹਾਹਾਕਾਰ ਮਚਾ ਰਹੀ ਹੈ ਅਤੇ ਦੋਵਾਂ ਵਿਚ ਹੀ ਬਿਨਾਂ ਸ਼ੱਕ ਭਾਜਪਾ ਦੀਆਂ ਸ਼ਕਤੀਆਂ ਸਰਗਰਮ ਹਨ। ਦੋਵੇਂ ਥਾਵਾਂ 'ਤੇ ਕੇਂਦਰ ਵਿਚ ਮੋਦੀ ਮੰਤਰੀ ਮੰਡਲ ਦੇ ਮੈਂਬਰਾਂ ਦਾ ਹੱਥ ਸਾਫ਼ ਦੇਖਿਆ ਜਾ ਸਕਦਾ ਹੈ। ਬਿਹਾਰ ਵਿਚ ਕੇਂਦਰੀ ਰਾਜ ਮੰਤਰੀ ਦਾ ਪੁੱਤਰ ਅਤੇ ਬੰਗਾਲ ਵਿਚ ਖ਼ੁਦ ਕੇਂਦਰੀ ਰਾਜ ਮੰਤਰੀ ਇਸ ਫ਼ਿਰਕੂ ਸਿਆਸਤ ਵਿਚ ਲੱਗੇ ਹੋਏ ਹਨ। ਮਕਸਦ ਇਕ ਹੀ ਹੈ: ਪਾਰਟੀ ਵਜੋਂ ਭਾਜਪਾ ਦਾ ਵਿਸਥਾਰ। ਚਾਹੇ ਕੀਮਤ ਤ੍ਰਿਣਮੂਲ ਕਾਂਗਰਸ ਨੂੰ ਚੁਕਾਉਣੀ ਪਵੇ, ਜੋ ਭਾਜਪਾ ਵਿਰੋਧੀ ਏਕਤਾ ਦੀ ਕੌਮੀ ਪਹਿਲਕਦਮੀ ਕਰਨ ਵਿਚ ਲੱਗੀ ਹੋਈ, ਜਾਂ ਫਿਰ ਕੀਮਤ ਜਨਤਾ ਦਲ (ਸੰਯੁਕਤ) ਨੂੰ ਚੁਕਾਉਣੀ ਪਵੇ, ਜਿਹੜੀ ਵਿਰੋਧੀ ਧਿਰ ਦਾ ਸਾਥ ਛੱਡ ਕੇ ਭਾਜਪਾ ਨਾਲ ਆਈ ਹੋਈ ਹੈ। ਜ਼ਾਹਿਰ ਹੈ ਕਿ ਭਾਜਪਾ ਆਪਣੇ ਸਰਬਪੱਖੀ ਵਿਸਥਾਰ ਵਿਚ ਲੱਗੀ ਹੋਈ ਹੈ ਅਤੇ ਉਸ ਦਾ ਇਹੀ ਰਵੱਈਆ ਵਿਰੋਧੀ ਸ਼ਕਤੀਆਂ ਨੂੰ ਮਜਬੂਰ ਕਰ ਰਿਹਾ ਹੈ ਕਿ ਉਹ ਆਪਣੇ ਮਤਭੇਦ ਭੁੱਲ ਕੇ ਇਕਜੁਟ ਹੋ ਜਾਣ; ਨਹੀਂ ਤਾਂ ਕੇਂਦਰ ਵਿਚ ਸੱਤਾਧਾਰੀ ਪਾਰਟੀ ਕਿਸੇ ਲਈ ਕੋਈ ਸਿਆਸੀ ਥਾਂ ਨਹੀਂ ਛੱਡੇਗੀ।

ਦਿੱਲੀ ਦੀ ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿਚ ਚੋਣ ਕਮਿਸ਼ਨ ਵਲੋਂ ਅਯੋਗ ਐਲਾਨੇ ਗਏ 20 'ਆਪ' ਵਿਧਾਇਕਾਂ ਨੂੰ ਉਸ ਸਮੇਂ ਤੱਕ ਦੁਬਾਰਾ ਵਿਧਾਇਕ ਬਣਾ ਦਿੱਤਾ ਹੈ, ਜਦੋਂ ਤੱਕ ਕਮਿਸ਼ਨ ਉਨ੍ਹਾਂ ਦਾ ਪੱਖ ਦੁਬਾਰਾ ਠੀਕ ਢੰਗ ਨਾਲ ਸੁਣ ਕੇ ਲਾਭ ਦੇ ਅਹੁਦੇ ਨਾਲ ਜੁੜੇ ਵਿਵਾਦ ਦਾ ਸੰਤੁਸ਼ਟੀਜਨਕ ਫ਼ੈਸਲਾ ਨਹੀਂ ਕਰ ਦਿੰਦਾ। ਜ਼ਾਹਿਰ ਹੈ ਕਿ ਇਸ ਵਿਚ ਜਿੱਤ 'ਆਪ' ਦੀ ਹੋਈ ਹੈ ਪਰ ਸਵਾਲ ਇਹ ਹੈ ਕਿ ਇਸ ਵਿਚ ਹਾਰ ਕਿਸ ਦੀ ਮੰਨੀ ਜਾਏਗੀ? ਕੀ ਇਸ ਫ਼ੈਸਲੇ ਨੇ ਮੁਲਕ ਦੀਆਂ ਸਰਬਉਚ ਸੰਵਿਧਾਨਕ ਸੰਸਥਾਵਾਂ 'ਤੇ ਪ੍ਰਸ਼ਨ ਚਿੰਨ੍ਹ ਨਹੀਂ ਲਗਾ ਦਿੱਤਾ? ਕੀ ਇਸ ਨੇ ਚੋਣ ਕਮਿਸ਼ਨ (ਜਿਸ ਨੂੰ ਤਕਨੀਕੀ ਤੌਰ 'ਤੇ ਸਰਕਾਰ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ) ਅਤੇ ਰਾਸ਼ਟਰਪਤੀ ਅਹੁਦੇ ਦੀ ਮੌਜੂਦਾ ਭੂਮਿਕਾ ਬਾਰੇ ਬਹਿਸ ਨਹੀਂ ਛਿੜੇਗੀ? ਚੋਣ ਕਮਿਸ਼ਨ ਦਾ ਮੌਜੂਦਾ ਮਾਣ-ਸਨਮਾਨ ਮੁੱਖ ਤੌਰ 'ਤੇ ਉਸ ਜ਼ਮਾਨੇ ਵਿਚ ਹਾਸਲ ਕੀਤਾ ਗਿਆ ਸੀ, ਜਦੋਂ ਟੀ.ਐਨ. ਸੇਸ਼ਨ ਮੁੱਖ ਚੋਣ ਕਮਿਸ਼ਨਰ ਸਨ। ਪਿਛਲੇ 20 ਸਾਲ ਤੋਂ ਜ਼ਿਆਦਾ ਸਮੇਂ ਤੋਂ ਚੋਣ ਕਮਿਸ਼ਨ ਆਪਣੇ ਇਸੇ ਮਾਣ-ਸਨਮਾਨ ਦੇ ਦਮ 'ਤੇ ਜਨਤਕ ਜੀਵਨ ਵਿਚ ਭਾਰਤੀ ਲੋਕਤੰਤਰ ਦੀ ਸ਼ਾਨ ਦਾ ਪ੍ਰਤੀਕ ਬਣਿਆ ਹੋਇਆ ਹੈ ਪਰ ਦਿੱਲੀ ਹਾਈ ਕੋਰਟ ਦੀਆਂ ਆਲੋਚਨਾਤਮਕ



*ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ ਹੱਥੋਂ ਜੂਸ ਪੀ ਕੇ ਭੁੱਖ ਹੜਤਾਲ ਖਤਮ ਕਰ ਰਿਹਾ ਅੰਨਾ ਹਜ਼ਾਰੇ।*

ਟਿੱਪਣੀਆਂ ਨੇ ਇਸ ਸ਼ਾਨ ਨੂੰ ਵੱਟਾ ਲਾ ਦਿੱਤਾ ਹੈ। ਹਰ ਮੁਕਾਮ 'ਤੇ ਪੁੱਛਿਆ ਜਾ ਰਿਹਾ ਹੈ ਕਿ ਤਤਕਾਲੀ ਮੁੱਖ ਚੋਣ ਕਮਿਸ਼ਨਰ ਨੂੰ ਇੰਨੀ ਜਲਦੀ ਕੀ ਸੀ ਕਿ ਸੇਵਾ-ਮੁਕਤ ਹੋਣ ਤੋਂ ਦੋ ਦਿਨ ਪਹਿਲਾਂ ਉਸ ਨੇ ਇਨ੍ਹਾਂ ਵਿਧਾਇਕਾਂ ਦੀ ਮੈਂਬਰਸ਼ਿਪ ਨੂੰ ਖ਼ਤਮ ਕਰਨ ਦੀ ਸਿਫ਼ਾਰਸ਼ ਰਾਸ਼ਟਰਪਤੀ ਨੂੰ ਭੇਜ ਦਿੱਤੀ? ਨਾਲ ਹੀ ਇਹ ਵੀ ਪੁੱਛਿਆ ਜਾ ਰਿਹਾ ਹੈ ਕਿ ਰਾਸ਼ਟਰਪਤੀ ਨੇ ਆਪਣੇ ਨਿਆਇਕ ਵਿਵੇਕ ਦਾ ਪਰਿਚੈ ਦਿੰਦਿਆਂ ਪਹਿਲੀ ਨਜ਼ਰ ਵਿਚ ਹੀ ਜਲਦਬਾਜ਼ੀ ਵਿਚ ਕੀਤੀ ਇਸ ਕਾਰਵਾਈ ਨੂੰ ਇਕ ਵਾਰ ਹੋਰ ਵਿਚਾਰਨ ਲਈ ਵਾਪਸ ਕਿਉਂ ਨਹੀਂ ਭੇਜਿਆ? ਇਨ੍ਹਾਂ ਸਵਾਲਾਂ ਦੇ ਤਕਨੀਕੀ ਜਵਾਬ ਦਿੱਤੇ ਜਾ ਸਕਦੇ ਹਨ ਪਰ ਸਿਆਸੀ ਨੈਤਿਕਤਾ ਦੀ ਅਦਾਲਤ ਵਿਚ ਅਜਿਹੇ ਜਵਾਬ ਕਿਸੇ ਨੂੰ ਸੰਤੁਸ਼ਟ ਨਹੀਂ ਕਰ ਸਕਦੇ।

ਸਵਾਲ ਇਹ ਨਹੀਂ ਹੈ ਕਿ 'ਆਪ' ਵਿਧਾਇਕਾਂ ਦਾ ਭਵਿਖ ਕੀ ਹੋਵੇਗਾ? ਮੈਂ ਤਾਂ ਇਹ ਮੰਨਦਾ ਹਾਂ ਕਿ ਦਿੱਲੀ ਵਿਚ ਵੱਡੀ ਜਿੱਤ ਹਾਸਲ ਕਰਨ ਵਾਲੀ ਇਸ ਪਾਰਟੀ ਨੂੰ ਆਪਣੇ ਵਿਧਾਇਕਾਂ ਨੂੰ ਕੰਮ ਦੇਣ ਲਈ ਸੰਸਦੀ ਸਕੱਤਰ ਬਣਾਉਣ ਦੇ ਵਿਵਾਦਪੂਰਨ ਰਸਤਾ ਨਹੀਂ ਸੀ ਅਪਨਾਉਣਾ ਚਾਹੀਦਾ। ਜੋ ਵੀ ਹੋਵੇ, ਅਰਵਿੰਦ ਕੇਜਰੀਵਾਲ ਦਾ ਇਹ ਕਦਮ ਸਹੀ ਸੀ ਜਾਂ ਨਹੀਂ, ਉਨ੍ਹਾਂ ਦੀ ਵਿਧਾਇਕੀ ਰਹੇਗੀ ਜਾਂ ਨਹੀਂ, ਇਹ ਵੱਖਰਾ ਮੁੱਦਾ ਹੈ ਪਰ ਚੋਣ ਕਮਿਸ਼ਨ ਦਾ ਮਾਣ-ਸਨਮਾਨ ਖੁਸਣਾ ਨਹੀਂ ਸੀ ਚਾਹੀਦਾ। ਇਕ ਸਾਲ 'ਤੋਂ ਮੀਡੀਆ ਦੇ ਹਲਕਿਆਂ ਵਿਚ ਦੱਬੀ ਜ਼ਬਾਨ ਨਾਲ ਕਿਹਾ ਜਾ ਰਿਹਾ ਸੀ ਕਿ ਜਦੋਂ ਤੱਕ ਸੱਤਾਧਾਰੀਆਂ ਵਲੋਂ ਖਾਮੋਸ਼ ਇਸ਼ਾਰਾ ਨਹੀਂ ਮਿਲੇਗਾ, ਉਦੋਂ ਤੱਕ ਚੋਣ ਕਮਿਸ਼ਨ ਦਿੱਲੀ ਦੇ ਵਿਧਾਇਕਾਂ ਦਾ ਮਸਲਾ ਲਟਕਾਈ ਰੱਖੇਗਾ। ਜ਼ਾਹਿਰ ਹੈ ਕਿ ਇਹ ਗੱਲਾਂ ਸਿੱਧੇ ਤੌਰ 'ਤੇ ਰਿਕਾਰਡ ਉਤੇ ਨਹੀਂ ਕਹੀਆਂ ਜਾਂਦੀਆਂ ਪਰ ਅਜਿਹੀਆਂ ਗੱਲਾਂ ਕਰਦਿਆਂ ਮਨ ਵਿਚ ਉਮੀਦ ਇਹ ਵੀ ਹੁੰਦੀ ਹੈ ਕਿ ਸੰਵਿਧਾਨਕ ਸੰਸਥਾਵਾਂ ਇਸ ਤਰ੍ਹਾਂ ਦੀਆਂ ਕਿਆਸਅਰਾਈਆਂ ਨੂੰ ਆਪਣੇ ਪਾਰਦਰਸ਼ੀ ਆਚਰਨ ਨਾਲ ਗਲਤ ਠਹਿਰਾ ਦੇਣ। ਜਦੋਂ ਅਜਿਹਾ ਨਹੀਂ ਹੁੰਦਾ ਤਾਂ ਵੱਡੀ ਨਿਰਾਸ਼ਾ ਹੁੰਦੀ ਹੈ। ਅਜਿਹਾ ਲੱਗਣ ਲੱਗਦਾ ਹੈ ਕਿ ਸ਼ਾਇਦ ਲੋਕਤੰਤਰ ਦੇ ਬੁਰੇ ਦਿਨ ਚੱਲ ਰਹੇ ਹਨ।

ਅਜਿਹਾ ਹੀ ਅਹਿਸਾਸ ਉਤਰ ਪ੍ਰਦੇਸ਼ ਵਿਚ ਹੋਈਆਂ ਰਾਜ ਸਭਾ ਚੋਣਾਂ ਬਾਰੇ ਹੈ। ਜਿਸ ਨਿਸ਼ਾਦ ਪਾਰਟੀ ਨੇ ਅਜੇ ਕੁਝ ਦਿਨ ਪਹਿਲਾਂ ਹੀ ਗੋਰਖਪੁਰ ਵਿਚ ਭਾਜਪਾ ਨੂੰ ਹਰਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ, ਉਸ ਦੇ ਹੀ ਉਚੀ ਜਾਤੀ ਦੇ ਵਿਧਾਇਕ ਅਤੇ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਦੇ ਹੋਰ ਉਚੀ ਜਾਤੀ ਦੇ ਵਿਧਾਇਕਾਂ ਦੀ ਸਹਾਇਤਾ ਨਾਲ ਭਾਜਪਾ, ਰਾਜ ਸਭਾ ਦੀ ਇਕ ਹੋਰ ਸੀਟ ਜਿੱਤਣ ਵਿਚ ਸਫ਼ਲ ਹੋ ਗਈ। ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਘਟਨਾ ਵਿਚ ਵੀ ਹਾਰ ਕਿਸ ਦੀ ਹੋਈ? ਜਵਾਬ ਵਿਚ ਭੀਮ ਰਾਓ ਅੰਬੇਡਕਰ ਦਾ ਨਾਂ ਉਭਰ ਕੇ ਸਾਹਮਣੇ ਆਉਂਦਾ ਹੈ। ਬਹੁਜਨ ਸਮਾਜ ਪਾਰਟੀ ਦਾ ਜਿਹੜਾ ਉਮੀਦਵਾਰ ਭਾਜਪਾ ਵਲੋਂ ਲੜਾਏ ਗਏ ਅਮੀਰ ਉਮੀਦਵਾਰ ਹੱਥੋਂ ਹਾਰਿਆ ਹੈ, ਉਸ ਦਾ ਨਾਂ ਬਾਬਾ ਸਾਹਿਬ ਦੇ ਨਾਂ 'ਤੇ ਹੀ ਹੈ। ਕਿੰਨੀ ਅਜੀਬ ਗੱਲ ਹੈ ਕਿ ਮੀਡੀਆ ਦੇ ਕੁਝ ਵਿਸ਼ਲੇਸ਼ਕ ਦਾਅਵਾ ਕਰ ਰਹੇ ਹਨ ਕਿ ਰਾਜ ਸਭਾ ਦੀ ਇਹ ਸੀਟ ਜਿੱਤ ਕੇ ਭਾਜਪਾ ਨੇ ਗੋਰਖਪੁਰ ਅਤੇ ਫੂਲਪੁਰ ਦੀ ਹਾਰ ਦਾ ਬਦਲਾ ਲੈ ਲਿਆ ਹੈ। ਕੀ ਇਹ ਵਿਸ਼ਲੇਸ਼ਕ ਇਹ ਨਹੀਂ ਦੇਖ ਰਹੇ ਕਿ ਰਾਜ ਸਭਾ ਦੀ ਇਸ ਸਿਆਸਤ ਦਾ ਸਿੱਟਾ ਉਤਰ ਪ੍ਰਦੇਸ਼ ਦੀ ਸਿਆਸਤ ਵਿਚ ਉਚੀਆਂ ਅਤੇ ਕਮਜ਼ੋਰ ਜਾਤੀਆਂ ਵਿਚਕਾਰ ਧਰੁਵੀਕਰਨ ਵਿਚ ਵੀ ਨਿਕਲ ਸਕਦਾ ਹੈ? ਅਜਿਹਾ ਲਗਦਾ ਹੈ ਕਿ 2019 ਦੀ ਚੋਣ ਵਿਚ ਸਿੱਧਾ ਸਿੱਧਾ ਜਾਤੀ ਯੁੱਧ ਜਿਹਾ ਹੋਵੇਗਾ। ਬਹੁਜਨ ਸਮਾਜ ਪਾਰਟੀ ਦੇ ਜਿਸ ਰਾਜਪੂਤ ਵਿਧਾਇਕ ਨੇ 'ਮਹਾਰਾਜ' (ਯੋਗੀ ਅਦਿਤਿਆਨਾਥ) ਪ੍ਰਤੀ ਨਿਸ਼ਠਾ ਜਤਾਈ ਹੈ, ਉਹ ਦਲਿਤ ਵੋਟਰਾਂ ਦੇ ਸਮਰਥਨ ਨਾਲ ਜਿੱਤਿਆ ਸੀ। ਇਸੇ ਤਰ੍ਹਾਂ ਨਿਸ਼ਾਦ ਪਾਰਟੀ ਦੇ ਜਿਸ ਬ੍ਰਾਹਮਣ ਵਿਧਾਇਕ ਨੇ ਭਾਜਪਾ ਨੂੰ ਵੋਟ ਦਿੱਤਾ ਹੈ, ਉਹ ਪੱਛੜੀ ਪਾਰਟੀ ਦੇ ਵੋਟਰਾਂ ਦੀ ਸਹਾਇਤਾ ਨਾਲ ਜਿੱਤਿਆ ਸੀ। ਹੁਣ ਹੋਵੇਗਾ ਇਹ ਕਿ ਉਚੀਆਂ ਜਾਤੀਆਂ ਹਿੰਦੂਤਵਵਾਦੀ ਰਾਸ਼ਟਰਵਾਦ ਦੇ ਨਾਂ 'ਤੇ ਇਕਜੁਟ ਹੋਣਗੀਆਂ ਅਤੇ ਕਮਜ਼ੋਰ ਸਮਝੀਆਂ ਜਾਣ ਵਾਲੀਆਂ ਜਾਤੀਆਂ ਹੌਲੀ ਹੌਲੀ ਸਮਾਜਿਕ ਨਿਆਂ ਦੇ ਨਾਂ 'ਤੇ ਆਪਣੇ ਵੋਟਾਂ ਦੀ ਗੋਲਬੰਦੀ ਕਰਦੀਆਂ ਨਜ਼ਰ ਆਉਣਗੀਆਂ। ਕੀ ਇਹ ਸਥਿਤੀ ਇਕ ਵਾਰ ਫਿਰ ਇਸ ਸ਼ੱਕ ਵਿਚ ਨਹੀਂ ਪਾ ਦਿੰਦੀ ਕਿ ਲੋਕਤੰਤਰ ਦੇ ਚੰਗੇ ਦਿਨ ਆਉਣੇ ਅਜੇ ਬਹੁਤ ਦੂਰ ਦੀ ਗੱਲ ਹੈ।

ਹੁਣ ਆਓ ਰਾਮ ਲੀਲ੍ਹਾ ਮੈਦਾਨ ਵਿਚ ਵਾਪਰੇ ਘਟਨਾਕ੍ਰਮ ਦੀ ਗੱਲ ਕਰੀਏ। ਸੱਤ ਸਾਲ ਪਹਿਲਾਂ 2011 ਵਿਚ ਇਸੇ ਮੈਦਾਨ 'ਤੇ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਕੌਮੀ ਪੱਧਰ 'ਤੇ ਸ਼ੁਰੂ ਹੋਇਆ ਸੀ। ਮਾਰਚ ਦੇ ਆਖ਼ਰੀ ਦਿਨਾਂ ਵਿਚ ਅੰਨਾ ਹਜ਼ਾਰੇ ਨੇ ਉਸੇ ਮੈਦਾਨ 'ਤੇ ਚੋਣ ਸੁਧਾਰ, ਲੋਕਪਾਲ ਅਤੇ ਕਿਸਾਨਾਂ ਦੀ ਬਦਹਾਲੀ ਦੇ ਸਵਾਲ 'ਤੇ ਮੁੜ ਮੁੱਖ ਹੜਤਾਲ ਕੀਤੀ ਪਰ ਇਸ ਸਮੇਂ ਪਹਿਲਾਂ ਵਾਲੀ ਗੱਲ ਦਿਖਾਈ ਨਹੀਂ ਦਿੱਤੀ। ਹਰ ਰੋਜ਼ ਉਨ੍ਹਾਂ ਦੇ ਸਮਰਥਨ ਵਿਚ ਆਉਣ ਵਾਲੇ ਲੋਕਾਂ ਦੀ ਗਿਣਤੀ ਘਟਦੀ ਗਈ। 2011 ਵਿਚ ਅੰਨਾ ਦੀ ਹਰਮਨ-ਪਿਆਰਤਾ ਅਚਾਨਕ ਦੋ ਕਾਰਨਾਂ ਕਰ ਕੇ ਆਕਾਸ਼ ਛੂਹਣ ਲੱਗੀ ਸੀ। ਇਨ੍ਹਾਂ ਵਿਚੋਂ ਪਹਿਲਾ ਸੀ ਕਾਂਗਰਸ ਸਰਕਾਰ ਵਲੋਂ ਚਲਾਇਆ ਦਮਨ ਚੱਕਰ। ਅੰਨਾ ਦੀ ਗ੍ਰਿਫ਼ਤਾਰੀ ਉਸ ਸਮੇਂ 'ਗੇਮ ਚੇਂਜਰ' ਸਾਬਤ ਹੋਈ ਸੀ। ਦੂਜਾ ਕਾਰਨ ਸੀ ਉਸ ਅੰਦੋਲਨ ਦਾ ਪ੍ਰਬੰਧ ਕਰਨ ਵਾਲੀਆਂ ਤਾਕਤਾਂ ਦੀ ਚਤੁਰਾਈ। ਉਸ ਸਮੇਂ ਅੰਨਾ ਦੇ ਸੀ.ਈ.ਓ. ਅਰਵਿੰਦ ਕੇਜਰੀਵਾਲ ਸਨ। ਉਨ੍ਹਾਂ ਨੂੰ ਪਤਾ ਹੋਵੇ ਜਾਂ ਨਾ, ਵਿਵੇਕਾਨੰਦ ਫਾਊਂਡੇਸ਼ਨ (ਸੰਘ ਪਰਿਵਾਰ ਨਾਲ ਜੁੜੀ ਸੰਸਥਾ) ਦੀਆਂ ਸ਼ਕਤੀਆਂ ਕਿਤੇ ਨਾ ਕਿਤੇ ਉਸ ਦੇ ਪਿੱਛੇ ਸਨ। ਮੈਂ ਤਾਂ ਮੰਨਦਾ ਹਾਂ ਕਿ ਉਸ ਅੰਦੋਲਨ ਦੇ ਗਰਭ ਤੋਂ ਦੋ ਸਰਕਾਰਾਂ ਨਿਕਲੀਆਂ: ਇਕ ਨਰਿੰਦਰ ਮੋਦੀ ਦੀ, ਜਿਹੜੀ ਇਸ ਸਮੇਂ ਮੁਲਕ 'ਤੇ ਸ਼ਾਸਨ ਕਰ ਰਹੀ ਹੈ ਅਤੇ ਦੂਜੀ ਕੇਜਰੀਵਾਲ ਦੀ, ਜਿਹੜੀ ਇਸ ਸਮੇਂ ਦਿੱਲੀ ਦੀ ਹੁਕਮਰਾਨ ਹੈ। ਅੱਜ ਦੇ ਅੰਨਾ ਦੇ ਪਿੱਛੇ ਕੌਣ ਹੈ? ਅਸੀਂ ਜਾਣਦੇ ਹਾਂ ਕਿ ਖ਼ੁਦ ਉਨ੍ਹਾਂ ਦੀ ਨਿੱਜੀ ਹੈਸੀਅਤ ਅਜਿਹੀ ਨਹੀਂ ਹੈ ਕਿ ਰਾਮ ਲੀਲ੍ਹਾ ਮੈਦਾਨ ਦੇ ਪੂਰੇ ਬੰਦੋਬਸਤ ਦਾ ਉਹ ਖਰਚਾ ਉਠਾ ਸਕਣ ਅਤੇ ਉਨ੍ਹਾਂ ਦੇ ਨਾਂ 'ਤੇ ਗੋਲਬੰਦੀ ਕੀਤੀ ਜਾ ਸਕੇ। ਆਮ ਲੋਕ ਵੀ ਇਸ ਸਮੇਂ ਸੱਤ ਸਾਲ

> **ਪਿਛਲੇ 20 ਸਾਲ ਤੋਂ ਜ਼ਿਆਦਾ ਸਮੇਂ ਤੋਂ ਚੋਣ ਕਮਿਸ਼ਨ ਆਪਣੇ ਇਸੇ ਮਾਣ-ਸਨਮਾਨ ਦੇ ਦਮ 'ਤੇ ਜਨਤਕ ਜੀਵਨ ਵਿਚ ਭਾਰਤੀ ਲੋਕਤੰਤਰ ਦੀ ਸ਼ਾਨ ਦਾ ਪ੍ਰਤੀਕ ਬਣਿਆ ਹੋਇਆ ਹੈ ਪਰ ਦਿੱਲੀ ਹਾਈ ਕੋਰਟ ਦੀਆਂ ਆਲੋਚਨਾਤਮਕ ਟਿੱਪਣੀਆਂ ਨੇ ਇਸ ਸ਼ਾਨ ਨੂੰ ਵੱਟਾ ਲਾ ਦਿੱਤਾ ਹੈ। ਹਰ ਮੁਕਾਮ 'ਤੇ ਪੁੱਛਿਆ ਜਾ ਰਿਹਾ ਹੈ ਕਿ ਤਤਕਾਲੀ ਮੁੱਖ ਚੋਣ ਕਮਿਸ਼ਨਰ ਨੂੰ ਇੰਨੀ ਜਲਦੀ ਕੀ ਸੀ ਕਿ ਸੇਵਾ-ਮੁਕਤ ਹੋਣ ਤੋਂ ਦੋ ਦਿਨ ਪਹਿਲਾਂ ਉਸ ਨੇ ਇਨ੍ਹਾਂ ਵਿਧਾਇਕਾਂ ਦੀ ਮੈਂਬਰਸ਼ਿਪ ਨੂੰ ਖ਼ਤਮ ਕਰਨ ਦੀ ਸਿਫ਼ਾਰਸ਼ ਰਾਸ਼ਟਰਪਤੀ ਨੂੰ ਭੇਜ ਦਿੱਤੀ?**

ਪਹਿਲਾਂ ਵਾਲੇ ਰੌਅ ਵਿਚ ਨਹੀਂ ਲੱਗ ਰਹੇ ਸਨ। ਇਸ ਲਈ ਅੰਨਾ ਹਜ਼ਾਰੇ ਨੂੰ ਅਖ਼ੀਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਹੱਥੋਂ ਫਲਾਂ ਦਾ ਰਸ ਪੀ ਕੇ ਆਪਣੀ ਭੁੱਖ ਹੜਤਾਲ ਖ਼ਤਮ ਕਰਨੀ ਪਈ।

ਗੱਲ ਇਹ ਨਹੀਂ ਕਿ ਮੁਲਕ ਵਿਚ ਭ੍ਰਿਸ਼ਟਾਚਾਰ ਨਹੀਂ ਹੈ ਜਾਂ ਲੋਕ ਬਹੁਤ ਖੁਸ਼ ਹਨ ਪਰ ਲੋਕਾਂ ਦੀ ਨਾਰਾਜ਼ਗੀ ਨੂੰ ਭੜਕਾਉਣ ਲਈ ਚੰਗਿਆੜੀ ਦੀ ਜ਼ਰੂਰਤ ਹੁੰਦੀ ਹੈ। ਇਹ ਚੰਗਿਆੜੀ ਉਸ ਸਮੇਂ ਕਾਂਗਰਸ ਸਰਕਾਰ ਨੇ ਆਪਣੀਆਂ ਗਲਤੀਆਂ ਨਾਲ ਪੈਦਾ ਕੀਤੀ ਸੀ। ਭਾਜਪਾ ਸਰਕਾਰ ਅਜਿਹੀ ਕੋਈ ਗ਼ਲਤੀ ਕਰਨ ਦੇ ਮੂਡ ਵਿਚ ਨਹੀਂ ਹੈ। ਅੰਨਾ ਹਜ਼ਾਰੇ ਰਾਮ ਲੀਲ੍ਹਾ ਮੈਦਾਨ ਵਿਚ ਭੁੱਖ ਹੜਤਾਲ ਕਰਦੇ ਹੋਏ ਅਜਿਹੇ ਅੰਦੋਲਨ ਦੀ ਉਡੀਕ ਕਰ ਰਹੇ ਸਨ, ਜਿਹੜਾ ਫਿਲਹਾਲ ਖ਼ਤਮ ਹੋ ਗਿਆ ਹੈ।

# ਸਭਿਆਚਾਰਕ ਕਮਿਸ਼ਨ ਦਾ ਗਲਤ ਨਿਸ਼ਾਨਾ

ਸਭਿਆਚਾਰਕ ਕਮਿਸ਼ਨ ਬਣਾਉਣ ਦਾ ਐਲਾਨ ਕਰ ਕੇ ਪੰਜਾਬ ਸਰਕਾਰ ਨੇ ਆਪਣੀਆਂ ਭਾਵਨਾਵਾਂ ਜੱਗ-ਜ਼ਾਹਿਰ ਕਰ ਦਿੱਤੀਆਂ ਹਨ ਕਿ ਇਹ "ਪੰਜਾਬੀ ਗੀਤਾਂ ਵਿਚੋਂ ਅਸ਼ਲੀਲਤਾ ਮੁੱਢੋਂ-ਸੁੱਢੋਂ ਖ਼ਤਮ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ।" ਫ਼ਿਲਹਾਲ ਇਹ ਕਹਿਣਾ ਬਣਦਾ ਹੈ ਕਿ ਇਹ ਸੱਤਾ ਦੇ ਭਰਮ ਤੋਂ ਉਪਜੀ ਗਲਤ ਪਿਰਤ ਹੈ ਅਤੇ ਇਸ ਦਾ ਮਕਸਦ ਸਭਿਆਚਾਰ ਦੀ ਰਾਖੀ ਦੇ ਬਹਾਨੇ ਡੰਡਾ ਵਾਹੁਣ ਤੋਂ ਵਧ ਕੁਝ ਵੀ ਨਹੀਂ।

ਕੁਲਜੀਤ ਬੈਂਸ

ਇਸ ਤੱਥ ਤੋਂ ਕੋਈ ਇਨਕਾਰ ਨਹੀਂ ਕਿ ਪੰਜਾਬੀ ਗੀਤਾਂ, ਵੀਡੀਓਜ਼ ਅਤੇ ਸਰੀਰਿਕ ਇਸ਼ਾਰੇ ਸਾਡੇ ਸਮਾਜ ਵਿਚ ਕਈਆਂ ਨੂੰ ਪ੍ਰੇਸ਼ਾਨ ਕਰਦੇ ਆਏ ਹਨ। ਉਂਜ, ਸਭਿਆਚਾਰ ਦੀ ਰਾਖੀ ਲਈ ਸਭਿਆਚਾਰਕ ਮਾਮਲਿਆਂ ਤੇ ਸੈਰ-ਸਪਾਟੇ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਭਾਰਤੀ ਦੰਡਾਵਲੀ ਅਤੇ ਕੇਸ ਦਰਜ ਕਰਨ ਦੀ ਧਮਕੀ ਵਾਲੀ ਤਜਵੀਜ਼, ਮਾੜੇ ਤੇ ਗੈਰ-ਮਿਆਰੀ ਗੀਤਾਂ ਵੱਲੋਂ ਸਭਿਆਚਾਰ ਨੂੰ ਪਾਈ ਜਾ ਰਹੀ ਵੰਗਾਰ ਤੋਂ ਕਿਤੇ ਵੱਡੀ ਹੈ। ਇਸ ਲਈ ਪਹਿਲਾਂ ਮੰਤਰੀ ਵੱਲੋਂ ਪਾਈ ਇਸ ਵੰਗਾਰ ਨਾਲ ਨਜਿਠਣ ਦੀ ਲੋੜ ਵਧੇਰੇ ਜਾਪਦੀ ਹੈ।

ਕੁਝ ਨੌਜਵਾਨ ਗਾਇਕਾਂ ਵੱਲੋਂ ਗਾਏ ਜਾ ਰਹੇ ਗੀਤਾਂ ਦੀ ਬੜੀ ਤਿੱਖੀ ਨੁਕਤਾਚੀਨੀ ਵੀ ਸਾਹਮਣੇ ਆ ਰਹੀ ਹੈ, ਭਾਵੇਂ ਇਹ ਗੀਤ ਮਸ਼ਹੂਰ ਵੀ ਬਥੇਰੇ ਹੁੰਦੇ ਹਨ। ਇਸੇ ਲਈ ਸਰਕਾਰ ਉਤੇ 'ਕੁਝ ਕਰਨ' ਦਾ ਦਬਾਅ ਹੈ। ਇਸੇ ਕਰ ਕੇ ਹੀ ਕਮਿਸ਼ਨ ਦੀ ਕਾਇਮੀ ਦਾ ਐਲਾਨ ਲੋਕਾਂ ਨੂੰ ਫ਼ੌਰੀ ਤੌਰ 'ਤੇ ਜਚਣਾ ਸੁਭਾਵਿਕ ਹੈ ਪਰ ਇਹ ਬਹੁਤ ਖ਼ਤਰਨਾਕ ਖੇਡ ਹੈ ਜੋ ਜਲਦੀ ਹੀ ਕੋਝਾ ਮਜ਼ਾਕ ਬਣ ਸਕਦੀ ਹੈ। ਸਿਰਜਣਾ ਦੀ ਪਹਿਲੀ ਸ਼ਰਤ ਵਿਚਾਰਾਂ ਦੀ ਆਜ਼ਾਦੀ ਹੈ ਅਤੇ ਆਜ਼ਾਦੀ ਹਰ ਤਰ੍ਹਾਂ ਦੇ ਵਿਚਾਰ ਪੈਦਾ ਕਰੇਗੀ, ਇਨ੍ਹਾਂ ਵਿਚੋਂ ਕੁਝ ਅਗਾਂਹ ਵਾਲੇ ਪੜਾਅ 'ਤੇ ਅੱਪੜ ਜਾਣਗੇ ਅਤੇ ਕੁਝ ਆਪਣੀ ਕੁਦਰਤੀ ਮੌਤ ਮਰ ਜਾਣਗੇ। ਲੋਕਾਂ ਨੂੰ "ਸਹੀ ਸਭਿਆਚਾਰ" ਦੇਣ ਲਈ ਸਰਕਾਰਾਂ ਤਾਂ ਓੜਕ ਨੂੰ, ਆਖ਼ਰੀ ਹੀਲਾ ਹੋਣੀਆਂ ਚਾਹੀਦੀਆਂ ਹਨ।

ਕੌਮੀ ਪੱਧਰ ਉਤੇ ਇਕ ਖ਼ਾਸ ਰੰਗ ਵਿਚ ਰੰਗੀ ਲਹਿਰ ਜਿਹੜੀ ਸਭ ਨੂੰ 'ਇਕਸਾਰ ਭਾਰਤੀ ਪਛਾਣ' ਦੇਣ ਵਿਚ ਜ਼ੋਰ-ਸ਼ੋਰ ਨਾਲ ਲੱਗੀ ਹੋਈ ਹੈ, ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਤੋਂ ਕਿਸੇ ਵੀ ਲਿਹਾਜ਼ ਵੱਖਰੀ ਨਹੀਂ ਹੈ। ਕੁਝ ਕੁ ਸਨਕੀ ਲੋਕਾਂ ਦੇ ਆਖਣ 'ਤੇ ਫਿਲਮਾਂ ਅਤੇ ਕਿਤਾਬਾਂ ਉਤੇ ਪਾਬੰਦੀ ਨਾਲ ਸਭਿਆਚਾਰ ਨੂੰ ਆਪਣੇ ਹਿਸਾਬ ਨਾਲ ਢਾਲਣ ਦੀ ਕਤਈ ਲੋੜ ਨਹੀਂ ਹੈ। ਤੇ ਇਸ ਬਾਰੇ ਇਲਮ ਸਿੱਧੂ ਅਤੇ ਸੁਰਜੀਤ ਪਾਤਰ ਤੋਂ ਇਲਾਵਾ ਭਲਾ ਹੋਰ ਕਿਸ ਨੂੰ ਹੋਵੇਗਾ, ਕਿਉਂਕਿ ਇਹ ਦੋਵੇਂ ਵਿਚਾਰਾਂ ਦੀ ਆਜ਼ਾਦੀ ਕਰ ਕੇ ਹੀ ਇਸ ਮੁਕਾਮ 'ਤੇ ਪੁੱਜੇ ਹਨ (ਸੁਰਜੀਤ ਪਾਤਰ ਨੂੰ ਕਮਿਸ਼ਨ ਦਾ ਮੁਖੀ ਨਾਮਜ਼ਦ ਕੀਤਾ ਗਿਆ ਹੈ)। ਹੋਰ ਤਾਂ ਹੋਰ, ਸਿੱਧੂ ਦੇ ਕਈ ਲਤੀਫ਼ੇ ਵੀ "ਦੋਹਰੇ ਅਰਥਾਂ" ਵਾਲੇ ਹਨ ਅਤੇ ਕੁਝ ਲੋਕਾਂ ਨੂੰ ਤਾਂ ਉਸ ਦੇ ਹਾਸੇ ਵਿਚੋਂ ਵੀ ਅਸ਼ਲੀਲਤਾ ਝਲਕਦੀ ਦਿਸਦੀ ਹੈ। ਐਨ ਵੱਖਰੇ ਪ੍ਰਸੰਗ ਤੋਂ ਦੇਖਿਆਂ ਅਜਿਹੇ ਲੋਕ ਵੀ ਬਥੇਰੇ ਹੋਣਗੇ ਜਿਨ੍ਹਾਂ ਨੂੰ ਪਾਤਰ ਦੀ ਸ਼ਾਇਰੀ ਵੀ ਇਤਰਾਜ਼ਯੋਗ ਲੱਗ ਸਕਦੀ ਹੈ। ਕਿਸੇ ਸਰਕਾਰ ਨੂੰ ਉਸ ਦੀਆਂ ਰਚਨਾਵਾਂ ਬਗਾਵਤ ਭੜਕਾਉਣ ਵਾਲੀਆਂ ਲੱਗ ਸਕਦੀਆਂ ਹਨ। ਆਪਣੇ ਵਿਚਾਰਾਂ ਦੀ ਆਜ਼ਾਦੀ ਉਤੇ ਪਹਿਰਾ ਦਿੰਦਿਆਂ ਇਨਕਲਾਬੀ ਸ਼ਾਇਰ ਪਾਸ਼ ਨੇ ਆਪਣੀ ਜਾਨ ਲੇਖੇ ਲਾ ਦਿੱਤੀ। ਜਿਹੜੇ ਉਸ ਦੇ ਵਿਚਾਰਾਂ ਨਾਲ ਮੁਤਫ਼ਿਕ ਨਹੀਂ, ਉਹ ਕਿਸੇ ਦਿਨ ਸਰਕਾਰ ਵਿਚ ਆ ਸਕਦੇ ਹਨ।

ਇਥੇ ਬਹਿਸ ਗੋਚਰਾ ਸਵਾਲ ਕਿਸੇ ਰਚਨਾ ਦਾ ਵਿਸ਼ਾ-ਵਸਤੂ ਨਹੀਂ ਸਗੋਂ ਇਸ ਰਚਨਾ ਲਈ ਆਜ਼ਾਦੀ ਹੈ।

ਫਿਰ ਵੀ, ਸਮਕਾਲੀ ਸੰਗੀਤ ਦੇ ਵਿਸ਼ਾ-ਵਸਤੂ ਦੀ ਪੁਣ-ਛਾਣ ਕਰਨਾ ਇਸ ਮੌਕੇ ਚੰਗੇਰਾ ਹੋ ਸਕਦਾ ਹੈ ਕਿਉਂਕਿ ਇਸ ਸੰਗੀਤ ਉਤੇ ਹੀ "ਪੰਜਾਬੀ ਸਭਿਆਚਾਰ" ਨੂੰ ਤਬਾਹ ਕਰਨ ਦੇ ਦੋਸ਼ ਲਾਏ ਜਾ ਰਹੇ ਹਨ। ਜੇ ਕੋਈ ਇਹ ਦਾਅਵਾ ਕਰਦਾ ਹੈ ਕਿ ਸਿਰਫ਼ ਸੰਵੇਦਨਸ਼ੀਲ, ਮਾਸੂਮੀਅਤ-ਪ੍ਰਧਾਨ ਅਤੇ ਸੂਫ਼ੀ ਗੀਤ-ਸੰਗੀਤ ਹੀ ਪੰਜਾਬੀ ਸਭਿਆਚਾਰ ਹੈ, ਤਾਂ ਉਹ ਪੰਜਾਬ ਅਤੇ ਇਸ ਦੇ ਇਤਿਹਾਸ ਤੋਂ ਇਨਕਾਰੀ ਹੋ ਰਿਹਾ ਹੋਵੇਗਾ। ਪੀਲੂ ਦੇ ਕਿੱਸੇ 'ਮਿਰਜ਼ਾ-ਸਾਹਿਬਾਂ' ਤੇ ਜੱਗੇ 'ਡਾਕੂ' ਦੇ ਲੋਕ ਗੀਤਾਂ ਤੋਂ ਲੈ ਕੇ ਚਮਕੀਲੇ ਦੇ ਗੀਤਾਂ ਤੱਕ, ਜਾਤੀ ਹੈਂਕੜ, ਹਿੰਸਾ ਨੂੰ ਹੱਲਾਸ਼ੇਰੀ ਦੇਣ ਅਤੇ ਅਸ਼ਲੀਲਤਾ ਵਾਲੇ ਤੱਥ ਸੌਖਿਆਂ ਹੀ ਲੱਭੇ ਜਾ ਸਕਦੇ ਹਨ।

ਹਾਂ, ਅੱਜ ਕੱਲ੍ਹ ਵਾਲੇ ਕੁਝ ਗੀਤਾਂ ਨੇ ਬਿਨਾਂ ਸ਼ੱਕ ਗਲਾਜ਼ਤ ਅਤੇ ਅਸ਼ਲੀਲਤਾ ਦੀਆਂ ਸਭ ਹੱਦਾਂ ਹੱਦ ਪਾਰ ਕਰ ਲਈਆਂ ਹਨ ਪਰ ਇਸ ਸਭ ਕਾਸੇ ਲਈ ਗਾਇਕਾਂ ਅਤੇ ਗੀਤਕਾਰਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਹ ਤਾਂ ਪਹਿਲਾਂ ਹੀ ਤਿਆਰ ਬੈਠੇ ਸਰੋਤਿਆਂ ਨੂੰ ਆਪਣਾ ਮਾਲ ਵੇਚ ਰਹੇ ਹਨ; ਇਹ ਉਨ੍ਹਾਂ ਦਾ ਕਾਰੋਬਾਰ ਹੈ। ਜੇ ਸਰਕਾਰ ਸੱਚਮੁੱਚ ਇਸ ਸਮੱਸਿਆ ਨਾਲ ਨਜਿੱਠਣਾ ਚਾਹੁੰਦੀ ਹੈ ਤਾਂ ਇਸ (ਸਰਕਾਰ) ਨੂੰ ਇਸ ਨਵੇਂ 'ਅਤਿ' ਵਰਤਾਰੇ ਦੇ ਕਾਰਨ ਲੱਭਣੇ ਪੈਣਗੇ। ਤੇ ਇਸ ਦੀ ਪੈੜ ਨੱਪਣੀ ਕੋਈ ਵੱਡੀ ਗੱਲ ਵੀ ਨਹੀਂ ਹੈ। ਸੂਬੇ ਦੇ ਨਿੱਘਰ ਰਹੇ ਅਰਥਚਾਰੇ ਨੇ ਨੌਜਵਾਨਾਂ ਨੂੰ ਨੈਤਿਕ ਪੱਖੋਂ ਹੀਣੇ ਕਰ ਛੱਡਿਆ ਹੈ। ਇਨ੍ਹਾਂ ਦੇ ਚਾਰ-ਚੁਫ਼ੇਰੇ ਭ੍ਰਿਸ਼ਟ ਤਰੀਕਿਆਂ ਨਾਲ ਕਮਾਏ ਪੈਸੇ ਦੀ ਅਸ਼ਲੀਲ ਨੁਮਾਇਸ਼ ਲੱਗੀ ਹੋਈ ਹੈ। ਇਸ ਮਾਹੌਲ ਅੰਦਰ ਨੌਜਵਾਨਾਂ ਕੋਲ ਕਿਸੇ ਬਦਲ ਜਾਂ ਚੋਣ ਦੀ ਘਾਟ ਹੈ। ਇਸ ਦਾ ਨਤੀਜਾ ਤਾਂ ਸਿਰਫ਼ ਗੁੱਸੇ, ਨਸ਼ਿਆਂ, ਵਿਦਰੋਹ ਦੇ ਰੂਪ ਵਿਚ ਹੀ ਨਿਕਲੇਗਾ। ਜਿਥੋਂ ਤੱਕ ਲਿੰਗ ਵਿਤਕਰੇ ਦੀ ਗੱਲ ਹੈ, ਇਸ ਬਾਰੇ ਇਤਰਾਜ਼ ਕਰ ਰਹੇ ਕਿਸੇ ਵੀ ਪੰਜਾਬੀ ਨੂੰ ਪਹਿਲਾਂ ਆਪਣੇ ਘਰ ਅੰਦਰ ਝਾਤੀ ਮਾਰਨ ਦੀ ਲੋੜ ਹੈ।

ਪੰਜਾਬ ਵਿਚ 'ਇਤਰਾਜ਼ ਵਾਲੇ ਇਨ੍ਹਾਂ ਗਾਇਕਾਂ', ਗੈਂਗਸਟਰ ਹਿੰਸਾ, ਖ਼ੁਦਕੁਸ਼ੀਆਂ ਅਤੇ ਬੇਰੁਜ਼ਗਾਰੀ ਵਿਚਕਾਰ ਇਕ ਚੀਜ਼ ਜਿਹੜੀ ਸਾਂਝੀ ਹੈ, ਉਹ ਹੈ ਜੱਟ ਜਾਤ। ਉਂਜ, ਇਹ ਤੱਥ ਵੀ ਮੁੱਖ ਤੌਰ 'ਤੇ ਖੇਤੀ ਨਾਲ ਜੁੜੇ ਇਸ ਭਾਈਚਾਰੇ ਨੂੰ ਟੰਗਣ ਦਾ ਬਹਾਨਾ ਨਹੀਂ ਬਣਨਾ ਚਾਹੀਦਾ। ਇਹ ਤਾਂ ਸਗੋਂ ਸੂਬੇ ਨੂੰ ਦਰਪੇਸ਼ ਆਰਥਿਕ ਅਤੇ ਸਮਾਜਿਕ ਵੰਗਾਰ ਦਾ ਹੀ ਸੰਕੇਤ ਹੈ। ਇਸ ਤੋਂ ਖੇਤੀ ਅਰਥਚਾਰੇ ਦੇ ਹਸ਼ਰ ਦੀ ਸੂਹ ਮਿਲਦੀ ਹੈ ਜੋ ਸੂਬੇ ਦਾ ਧੁਰਾ ਹੈ।

ਸਰਕਾਰ ਨੂੰ ਇਸ ਦਲਦਲ ਵੱਲ ਧਿਆਨ ਦੇਣਾ ਪਵੇਗਾ, ਗਾਇਕਾਂ ਵੱਲ ਨਹੀਂ। ਗਾਇਕ ਤਾਂ ਇਸ ਗਲੇ-ਸੜੇ ਨਿਜ਼ਾਮ ਦੇ ਦੂਤ ਹਨ, ਖ਼ੁਦ ਗਲੇ-ਸੜੇ ਹੋਏ ਨਹੀਂ ਹਨ।

# ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ

**ਬਰਸੀ 'ਤੇ ਵਿਸ਼ੇਸ਼**

*ਅਕਾਲੀ ਆਗੂ ਗੁਰਚਰਨ ਸਿੰਘ ਟੌਹੜਾ ਨੂੰ ਇਸ ਫਾਨੀ ਸੰਸਾਰ ਤੋਂ ਰੁਖਸਤ ਹੋਇਆਂ 14 ਸਾਲ ਬੀਤ ਗਏ ਹਨ। ਇਸ ਡੇਢ ਦਹਾਕੇ ਦੌਰਾਨ ਸਿੱਖ ਸਿਆਸਤ ਅੰਦਰ ਵੀ ਕਈ ਅਹਿਮ ਮੋੜ ਆਏ ਹਨ ਅਤੇ ਹਰ ਮੋੜ ਉਤੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਰਿਹਾ ਹੈ। ਅਸਲ ਵਿਚ ਅਕਾਲੀ ਦਲ ਦੀ ਭਾਰੂ ਧਿਰ, ਸਿੱਖ ਸਿਆਸਤ ਨੂੰ ਜਿਸ ਪਾਸੇ ਲੈ ਗਈ ਹੈ, ਉਸ ਤੋਂ ਹਰ ਸੰਜੀਦਾ ਸ਼ਖਸ ਫਿਕਰਾਂ ਵਿਚ ਹੈ। ਅਜੋਕੀ ਸਿੱਖ ਸਿਆਸਤ ਵਿਚ ਹਮੇਸ਼ਾਂ ਕਈ ਧੜੇ ਰਹੇ ਹਨ, ਪਰ ਮਾਸਟਰ ਤਾਰਾ ਸਿੰਘ ਤੋਂ ਬਾਅਦ ਧੜੇ ਭਾਵੇਂ ਜਿੰਨੇ ਮਰਜੀ ਰਹੇ ਹੋਣ, ਜਥੇਦਾਰ ਟੌਹੜਾ ਹਮੇਸ਼ਾਂ ਇਸ ਦਾ ਕੇਂਦਰ ਬਣੇ ਰਹੇ। ਪ੍ਰੋ. ਬਲਕਾਰ ਸਿੰਘ ਨੇ ਆਪਣੇ ਇਸ ਲੇਖ ਵਿਚ ਜਥੇਦਾਰ ਟੌਹੜਾ ਦੇ ਜੀਵਨ ਅਤੇ ਸਿਆਸਤ ਨਾਲ ਜੁੜੇ ਕੁਝ ਖਾਸ ਨੁਕਤੇ ਸਾਂਝੇ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ*

ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ (24 ਸਤੰਬਰ 1924-ਪਹਿਲੀ ਅਪਰੈਲ 2004) ਦਾ ਜਨਮ ਪਿੰਡ ਟੌਹੜਾ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ 24 ਸਤੰਬਰ 1924 ਨੂੰ ਸਰਦਾਰਨੀ ਬਸੰਤ ਕੌਰ ਦੀ ਕੁਖੋਂ ਹੋਇਆ। ਜਥੇਦਾਰ ਟੌਹੜਾ ਦੇ ਪਿਤਾ ਸ. ਦਲੀਪ ਸਿੰਘ ਜਿਸ ਵੇਲੇ ਸਵਰਗਵਾਸ ਹੋਏ, ਉਸ ਵੇਲੇ ਜਥੇਦਾਰ ਟੌਹੜਾ ਕੇਵਲ ਦੋ ਵਰ੍ਹਿਆਂ ਦੇ ਸਨ। ਜਥੇਦਾਰ ਟੌਹੜਾ ਨੇ ਆਪਣਾ ਜੀਵਨ ਪਿਤਾ ਪੁਰਖੀ ਕਿੱਤੇ ਖੇਤੀਬਾੜੀ ਤੋਂ ਅਰੰਭ ਕੀਤਾ। ਉਹ ਲੰਮਾ ਸਮਾਂ ਪਿੰਡ ਵਿਚ ਆਪਣੀ ਜੱਦੀ ਜਾਇਦਾਦ 'ਤੇ ਖੇਤੀ ਕਰਦੇ ਰਹੇ। ਉਨ੍ਹਾਂ ਨੇ 13 ਵਰ੍ਹਿਆਂ ਦੀ ਉਮਰੇ (1937) ਉਸ ਵੇਲੇ ਅੰਮ੍ਰਿਤ ਛਕਿਆ, ਜਦੋਂ ਉਨ੍ਹਾਂ ਦੇ ਪਿੰਡ ਵਿਚ ਅੰਮ੍ਰਿਤ ਸੰਚਾਰ ਸਮਾਗਮ ਹੋ ਰਿਹਾ ਸੀ। ਅੰਮ੍ਰਿਤ ਦੀ ਲਾਜ ਉਨ੍ਹਾਂ ਕੇਸਾਂ ਸੁਆਸਾਂ ਨਾਲ ਪਾਲੀ। ਉਨ੍ਹਾਂ ਦੇ ਅੰਮ੍ਰਿਤਧਾਰੀ ਜੀਵਨ ਦਾ ਹੀ ਸਿੱਟਾ ਸੀ ਕਿ ਉਨ੍ਹਾਂ ਨੂੰ ਨਿਤ ਨੇਮ



**ਬਲਕਾਰ ਸਿੰਘ, ਪਟਿਆਲਾ**
**ਪ੍ਰੋਫੈਸਰ ਆਫ ਐਮੀਨੈਂਸ**
**ਫੋਨ: 91-93163-01328**

ਦੀਆਂ ਬਾਣੀਆਂ ਜ਼ਬਾਨੀ ਕੰਠ ਸਨ ਅਤੇ ਉਹ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਵੀ ਲਗਾਤਾਰ ਹਿੱਸਾ ਲੈਂਦੇ ਰਹੇ। ਇਸ ਪੱਖੋਂ ਉਹ ਗੁਰਮਤਿ ਸੁਰ ਵਿਚ ਕਿਰਪਾ ਦੇ ਪਾਤਰ ਸਨ ਕਿਉਂਕਿ ਬਿਨਾ ਕਿਸੇ ਵਿਧੀਵਤ ਟਰੇਨਿੰਗ ਦੇ ਉਹ ਲਗਾਤਾਰ ਗੁਰਮਤਿ ਸਮਾਗਮਾਂ ਵਿਚ ਗੁਰਮਤਿ ਵਿਖਿਆਨ ਦੇਣ ਦੀ ਜਿੰਮੇਵਾਰੀ ਸਿੱਖੇ ਹੋਏ ਮਿਸ਼ਨਰੀਆਂ ਨਾਲੋਂ ਵੀ ਵੱਧ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਂਦੇ ਸਨ। ਉਨ੍ਹਾਂ ਨੇ ਇਸ ਤਰ੍ਹਾਂ ਗੁਰਮਤਿ ਵਿਚਾਰਧਾਰਾ ਨੂੰ ਸਮਰਪਿਤ ਜੀਵਨ ਜਿਉਣ ਦੀ ਸਫਲ ਕੋਸ਼ਿਸ਼ ਕੀਤੀ। ਉਹ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਪਾਸ ਸਨ ਅਤੇ ਸੰਸਕ੍ਰਿਤ ਵਿਦਿਆਲਾ ਪਟਿਆਲਾ ਦੇ ਵਿਦਿਆਰਥੀ ਰਹੇ ਸਨ।

ਜਥੇਦਾਰ ਟੌਹੜਾ ਨੇ 14 ਸਾਲ ਦੀ ਉਮਰ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਖਰੀ ਦਮ ਤੱਕ ਕਰਦੇ ਰਹੇ। ਅਕਾਲੀ ਸਿਆਸਤ ਵਿਚ ਬਹੁਤ ਵਾਰੀ ਅਜਿਹੇ ਮੌਕੇ ਆਏ ਜਦੋਂ ਅਕਾਲੀ ਪਾਰਟੀ ਨੇ ਕਾਂਗਰਸ ਵਿਚ ਸ਼ਮੂਲੀਅਤ ਕਰ ਲਈ, ਪਰ ਜਥੇਦਾਰ ਟੌਹੜਾ ਅਤੇ ਮਾਸਟਰ ਤਾਰਾ ਸਿੰਘ-ਦੋ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਉਨ੍ਹਾਂ ਹਾਲਾਤ ਵਿਚ ਵੀ ਅਕਾਲੀ ਰਹਿਣ ਨੂੰ ਹੀ ਤਰਜੀਹ ਦਿਤੀ।

ਜਥੇਦਾਰ ਟੌਹੜਾ ਦਾ ਸਰਗਰਮ ਰਾਜਸੀ ਜੀਵਨ 1944 ਤੋਂ ਅਰੰਭ ਹੋਇਆ ਅਤੇ 1944 ਵਿਚ ਹੀ ਉਨ੍ਹਾਂ ਨੇ ਪਹਿਲੀ ਜੇਲ੍ਹ ਯਾਤਰਾ ਕੀਤੀ। ਉਸ ਪਿਛੋਂ ਉਹ ਲਗਾਤਾਰ ਹਰ ਮੋਰਚੇ ਵਿਚ ਸ਼ਾਮਲ ਹੁੰਦੇ ਰਹੇ। ਉਨ੍ਹਾਂ ਦਾ ਜੇਲ੍ਹ ਜੀਵਨ ਵੀ ਕਾਫੀ ਲੰਮਾ ਬਣ ਜਾਂਦਾ ਹੈ। ਅਕਾਲੀ ਸੁਭਾ ਨੂੰ ਧਿਆਨ ਵਿਚ ਰੱਖ ਕੇ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਨੂੰ ਸਰਗਰਮ ਰਾਜਨੀਤੀ ਵਿਚ ਲੈ ਆਂਦਾ। 1948 ਵਿਚ ਉਹ ਪਹਿਲੀ ਵਾਰ ਰਿਆਸਤੀ ਅਕਾਲੀ ਦਲ ਦੇ ਸਕੱਤਰ ਬਣੇ। 1957 ਵਿਚ ਜ਼ਿਲਾ ਅਕਾਲੀ ਦਲ, ਪਟਿਆਲਾ ਦੇ ਪ੍ਰਧਾਨ ਬਣੇ। ਇਸ ਤੋਂ ਪਹਿਲਾਂ ਉਹ ਫਤਿਹਗੜ੍ਹ ਸਾਹਿਬ ਸਰਕਲ ਦੇ ਪ੍ਰਧਾਨ 1952 ਵਿਚ ਹੀ ਬਣ ਗਏ ਸਨ। 1959 ਵਿਚ ਉਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦੇ ਮੀਤ ਪ੍ਰਧਾਨ ਦੀ ਪਦਵੀ ਦੇ ਦਿੱਤੀ। 1960 ਵਿਚ ਉਹ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣੇ ਅਤੇ ਉਸ ਪਿਛੋਂ ਆਖਰੀ ਦਮ ਤੱਕ ਲਗਾਤਾਰ ਸ਼੍ਰੋਮਣੀ ਕਮੇਟੀ ਦੇ ਚੁਣੇ ਹੋਏ ਮੈਂਬਰ ਰਹੇ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਉਨ੍ਹਾਂ ਨੇ 6 ਜਨਵਰੀ, 1973 ਨੂੰ ਸੰਭਾਲੀ ਅਤੇ ਉਸ ਪਿਛੋਂ ਨਿਰੰਤਰ 25 ਸਾਲ ਪ੍ਰਧਾਨ ਬਣਦੇ ਰਹੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਤਿਹਾਸ ਵਿਚ ਜਥੇਦਾਰ ਟੌਹੜਾ ਦੀਆਂ ਪ੍ਰਾਪਤੀਆਂ ਨੂੰ ਆਪਣੇ ਆਪ ਵਿਚ ਵੱਖ ਵੱਖ ਪੱਖਾਂ ਤੋਂ ਇਕ ਰਿਕਾਰਡ ਹੀ ਕਹਿਣਾ ਚਾਹੀਦਾ ਹੈ। ਕੌਮੀ ਰਾਜਨੀਤੀ ਵਿਚ ਸਰਗਰਮ ਹਿੱਸਾ ਉਹ ਰਾਜ ਸਭਾ ਅਤੇ ਲੋਕ ਸਭਾ ਦੇ ਮੈਂਬਰ ਵਜੋਂ ਨਿਭਾਉਂਦੇ ਰਹੇ। ਉਹ ਕਈ ਵਿਦਿਅਕ ਅਤੇ ਸਮਾਜਿਕ ਸੰਸਥਾਵਾਂ ਦੇ ਵੀ ਪ੍ਰਧਾਨ ਸਨ। ਜਿਹੜੀਆਂ ਸੰਸਥਾਵਾਂ ਉਨ੍ਹਾਂ ਨੇ ਜੀਅ ਜਾਨ ਨਾਲ ਸਥਾਪਤ ਕੀਤੀਆਂ, ਉਨ੍ਹਾਂ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਇਕ ਹੈ। ਪੰਜਾਬੋਂ ਬਾਹਰ ਤਖਤ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਬੋਰਡ, ਨਾਂਦੇੜ ਨਾਲ ਵੀ ਉਹ ਕਿਸੇ ਨਾ ਕਿਸੇ ਰੂਪ ਵਿਚ ਸਬੰਧਤ ਰਹੇ। ਉਨ੍ਹਾਂ ਇਹ ਸਭ ਜਿੰਮੇਵਾਰੀਆਂ ਇਹ ਸਮਝ ਕੇ ਨਿਭਾਈਆਂ ਕਿ ਪੰਥਕ ਸੁਰ ਵਿਚ ਮਿਲੀਆਂ ਜਿੰਮੇਵਾਰੀਆਂ ਗੁਰੂ ਪਾਤਸ਼ਾਹ ਦੀ ਬਖਸ਼ਿਸ਼ ਹਨ ਅਤੇ ਇਨ੍ਹਾਂ ਨੂੰ ਸੰਗਤ ਦੀਆਂ ਅਸੀਸਾਂ ਨਾਲ ਹੀ ਨਿਭਾਇਆ ਜਾ ਸਕਦਾ ਹੈ।

ਇਹ ਸਥਾਪਤ ਸੱਚ ਹੈ ਅਤੇ ਸਿੱਖਾਂ ਦੇ ਚੇਤਿਆਂ ਵਿਚ ਬਿਲਕੁਲ ਤਾਜ਼ਾ ਵੀ ਹੈ ਕਿ ਸਿੱਖ-ਸੰਤ ਤੇ ਖਾਲਸਾ-ਪੰਥ ਦੇ ਬਾਬਾ ਬੋਹੜ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸ਼ਖਸੀਅਤ ਵਿਚ ਗੁਰਸਿੱਖੀ ਅਤੇ ਅਕਾਲੀਅਤ ਇਕਸੁਰਤਾ ਵਿਚ ਰਮੀਆਂ ਹੋਈਆਂ ਸਨ। ਅਕਾਲੀਅਤ ਦਾ ਜੋ ਜਜ਼ਬਾ ਜਥੇਦਾਰ ਟੌਹੜਾ ਨੂੰ ਵਿਰਾਸਤ ਵਿਚ ਮਿਲਿਆ ਸੀ, ਉਸ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਉਨ੍ਹਾਂ ਬਹੁਤ ਘਾਲਣਾਵਾਂ ਘਾਲੀਆਂ। ਜਥੇਦਾਰ ਟੌਹੜਾ ਦੀ ਸ਼ਾਨ ਇਸ ਗੱਲ ਵਿਚ ਸੀ ਕਿ ਆਪਣੇ ਵਰਤਮਾਨ ਦੀ ਸਿੱਖ-ਸਿਆਸਤ ਦੀ ਧੁਰੋਹਰ ਹੋਣ ਦੇ ਬਾਵਜੂਦ ਉਨ੍ਹਾਂ ਦਾ ਕੋਈ ਵੀ ਸਮਕਾਲੀ ਇਹ ਨਹੀਂ ਕਹਿ ਸਕਦਾ ਕਿ ਉਨ੍ਹਾਂ ਨੂੰ ਇਥੋਂ ਤੱਕ ਪਹੁੰਚਾਉਣ ਵਿਚ ਕਿਸੇ ਹੋਰ ਦਾ ਹੱਥ ਸੀ। ਉਨ੍ਹਾਂ ਦੀ ਸ਼ਖਸੀਅਤ ਦਾ ਚੜ੍ਹਤ-ਵਿਕਾਸ ਗੁਰੂ ਮਿਹਰ ਨਾਲ ਜੋੜ ਕੇ ਵੇਖੇ ਬਿਨਾ ਸਮਝਿਆ ਹੀ ਨਹੀਂ ਜਾ ਸਕਦਾ।

ਜਥੇਦਾਰ ਟੌਹੜਾ ਜੋ ਨਜ਼ਰ ਆਉਂਦੇ ਸਨ, ਉਸ ਨਾਲੋਂ ਕਿਤੇ ਵੱਧ ਸਮਰਥਾ ਦੇ ਉਹ ਮਾਲਕ ਸਨ। ਉਨ੍ਹਾਂ ਦੀ ਇਸ ਸਮਰਥਾ ਦਾ ਕੌਮ ਨੇ ਉਨਾ ਲਾਭ ਨਹੀਂ ਉਠਾਇਆ, ਜਿੰਨਾ ਉਠਾਇਆ ਜਾ ਸਕਦਾ ਸੀ। ਇਹ ਵੱਖਰਾ ਮਸਲਾ ਹੈ ਕਿ ਉਨ੍ਹਾਂ ਦੀ ਪੰਥਕ-ਸਮਰਥਾ ਅਤੇ ਮਿਲੇ ਹੋਏ ਪੰਥਕ-ਅਵਸਰ ਇਕਸੁਰਤਾ ਵਿਚ ਕਿਉਂ ਨਹੀਂ ਨਿਭ ਸਕੇ? ਪਰ ਇਹ ਸੱਚ ਤਾਂ ਸਭ ਦੇ ਸਾਹਮਣੇ ਹੈ ਕਿ ਉਨ੍ਹਾਂ ਦੀ ਸ਼ਖਸੀਅਤ ਦੇ ਸੇਕ ਨਾਲ ਵਿਰੋਧੀ ਭਾਵਨਾਵਾਂ ਵੀ ਪਿਘਲ ਕੇ ਇਕਸੁਰ ਹੋ ਜਾਂਦੀਆਂ ਰਹੀਆਂ ਹਨ। ਉਨ੍ਹਾਂ ਦੀ ਮਕਬੂਲੀਅਤ ਦਾ ਭੇਦ ਇਸੇ ਸੱਚ ਵਿਚ ਛੁਪਿਆ ਹੋਇਆ ਸੀ।

ਸਾਧਾਰਨ ਪੇਂਡੂ ਮਾਪਿਆਂ ਦੇ ਅਸਾਧਾਰਨ ਪੁੱਤਰ ਜਥੇਦਾਰ ਟੌਹੜਾ ਨੇ ਆਪਣੀ ਸ਼ਖਸੀਅਤ, ਵਿਹਾਰ ਤੇ ਨੈਤਿਕਤਾ ਦਾ ਸਿੱਕਾ ਆਪਣੇ ਜਿਉਂਦੇ ਜੀਅ ਆਪਣਿਆਂ ਅਤੇ ਹਮਾਇਤੀਆਂ ਦੇ ਨਾਲ ਵਿਰੋਧੀਆਂ ਤੋਂ ਵੀ ਮੰਨਵਾਇਆ। ਉਹ ਕਦੇ ਆਪਣੀਆਂ ਜੜ੍ਹਾਂ ਨਾਲੋਂ ਨਾ ਟੁੱਟੇ ਅਤੇ ਇਸੇ ਕਰਕੇ ਉਨ੍ਹਾਂ ਨੂੰ ਸਿੱਖੀ, ਸਿੱਖ-ਸਿਆਸਤ ਅਤੇ ਸਿੱਖ-ਪਛਾਣ ਵਿਚ ਫਰਕ ਕਰਨ ਦੀ ਕਦੇ ਲੋੜ ਹੀ ਮਹਿਸੂਸ ਨਹੀਂ ਸੀ ਹੋਈ।

ਜਥੇਦਾਰ ਟੌਹੜਾ ਦੀ ਬਜ਼ੁਰਗੀ ਨੂੰ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਦੀ ਅਹੁਦੇਦਾਰੀ ਦਾ ਕੋਈ ਬੰਧਨ ਵੀ ਨਹੀਂ ਸੀ। ਇਸੇ ਲਈ ਅਕਾਲੀ ਸਿਆਸੀ ਪ੍ਰਸੰਗ ਵਿਚ ਤਾਕਤ ਵਿਚ ਹੋਣ ਜਾਂ ਨਾ ਹੋਣ, ਜਥੇਦਾਰ ਟੌਹੜਾ ਦੀ ਸਿਰਦਾਰੀ ਹਰ ਤਰ੍ਹਾਂ ਸਥਾਪਤ ਰਹਿੰਦੀ ਸੀ। ਖੇਤਰੀ ਸਿਆਸਤ ਦਾ ਜੇ ਅਕਾਲੀ ਦਲ ਨੂੰ ਮੋਢੀ ਮੰਨਿਆ ਜਾਵੇ ਤਾਂ ਜਥੇਦਾਰ ਟੌਹੜਾ ਨਿਰਸੰਦੇਹ ਇਸ ਦੇ ਘਾੜਿਆਂ ਵਿਚੋਂ ਗਿਣੇ ਜਾ ਸਕਦੇ ਹਨ। ਅਕਾਲੀ ਦਲ ਦਾ ਪ੍ਰਧਾਨ ਭਾਵੇਂ ਕੋਈ ਹੋਵੇ, ਅਕਾਲੀ ਦਲ ਵਲੋਂ ਲੜੀਆਂ ਗਈਆਂ ਸਿਆਸੀ ਜੰਗਾਂ ਵਿਚ ਕੇਂਦਰੀ ਭੂਮਿਕਾ ਜਥੇਦਾਰ ਟੌਹੜਾ ਦੀ ਹੀ ਰਹਿੰਦੀ ਸੀ। ਉਹ ਪਰੰਪਰਕ ਸਿੱਖ-ਸ਼ੈਲੀ ਵਿਚ ਧਰਮ ਅਤੇ ਸਿਆਸਤ ਦੀ ਸੰਤੁਲਿਤ ਵਰਤੋਂ ਕਰਦੇ ਰਹੇ।

ਰਸੀ ਹੋਈ ਸਿਆਸੀ ਚੇਤਨਾ ਦੇ ਮੁਜੱਸਮੇ ਜਥੇਦਾਰ ਟੌਹੜਾ ਪੰਜਾਬ ਅਤੇ ਪੰਜਾਬੀਅਤ ਦੇ ਪੰਥਕ ਰੰਗ ਵਿਚ ਰੰਗੇ ਹੋਏ ਸਿਆਸੀ ਮੁੱਦਿਆਂ ਦਾ ਕੌਮੀ ਪ੍ਰਸੰਗ ਉਭਾਰਦੇ ਰਹੇ। ਉਨ੍ਹਾਂ ਨੇ ਜਿਉਂਦੇ ਜੀਅ ਅਕਾਲੀ ਦਲ ਦੀਆਂ ਵੰਗਾਰਾਂ ਅਤੇ ਦੁਸ਼ਵਾਰੀਆਂ ਨੂੰ ਮੁੱਦਿਆਂ ਦੀ ਸਿਆਸਤ ਵਿਚ ਬਦਲਣ ਦੀ ਭੂਮਿਕਾ ਨਿਭਾਈ। ਅਜਿਹੀ ਸਥਿਤੀ ਵਿਚ ਉਹ ਧਾਰਮਿਕ ਪਰਪੱਕਤਾ ਅਤੇ ਕੌਮੀ ਪ੍ਰਤੀਬੱਧਤਾ ਨਾਲ ਨਿਭਦੇ ਰਹੇ। ਨੰਗੇ ਪਿੰਡੇ ਮੁਹਿੰਮਾਂ ਸਰ ਕਰਨ ਦੀ ਜੋ ਅਕਾਲੀ ਸਾਖ ਜਥੇਦਾਰ ਟੌਹੜਾ ਨੇ ਕਾਇਮ ਕੀਤੀ, ਉਸ ਦੀ ਕਦਰ ਉਸ ਦੇ ਸਾਥੀਆਂ ਨੇ ਕਦੇ ਉਸ ਤਰ੍ਹਾਂ ਨਾ ਪਾਈ, ਜਿਸ ਤਰ੍ਹਾਂ ਪੈਣੀ ਚਾਹੀਦੀ ਸੀ। ਉਹ ਗਲ ਪਈਆਂ ਲੜਾਈਆਂ ਸਦਾ ਹੀ ਗੁਰੂ ਵਲ ਮੂੰਹ ਕਰਕੇ



ਲੜਦੇ ਰਹੇ ਅਤੇ ਸਿਆਸੀ ਸੂਰਮੇ ਵਾਂਗ ਜਿੱਤਾਂ-ਹਾਰਾਂ ਨਾਲ ਜੂਝਦਿਆਂ ਵਿਚਰਦੇ ਰਹੇ।

ਜਥੇਦਾਰ ਟੌਹੜਾ ਨੂੰ ਨੇੜਿਓਂ ਜਾਣਨ ਵਾਲੇ ਜਾਣਦੇ ਹਨ ਕਿ ਉਹ ਕੰਡਿਆਲੇ ਰਾਹਾਂ 'ਤੇ ਨੰਗੇ ਪੈਰੀਂ ਤੁਰਨ ਵਾਲਾ ਪੰਥਕ-ਪਾਂਧੀ ਸੀ। ਇਸ ਕਰਕੇ ਉਨ੍ਹਾਂ ਬਾਰੇ ਜੇ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਸਮਕਾਲੀ ਸਿਆਸੀ ਪਾਰਟੀਆਂ ਦੇ ਪ੍ਰਸੰਗ ਵਿਚ ਇੰਜ ਬਿਆਨ ਕੀਤਾ ਜਾ ਸਕਦਾ ਹੈ ਕਿ ਜਥੇਦਾਰ ਟੌਹੜਾ ਨੂੰ ਇਹ ਤਾਂ ਪਤਾ ਸੀ ਕਿ ਉਨ੍ਹਾਂ ਦਾ ਵਾਹ ਪੁੱਠੀਆਂ ਸਮਝਾਂ ਵਾਲਿਆਂ ਨਾਲ ਪੈ ਗਿਆ ਹੈ ਅਤੇ ਬਿਨਾ ਜੁਰਮ ਤੋਂ ਸਜ਼ਾ ਭੁਗਤਣ ਦੇ ਉਹ ਇਸੇ ਕਰਕੇ ਆਦੀ ਹੋ ਗਏ ਸਨ। ਉਨ੍ਹਾਂ ਦੇ ਹਰ ਨੁਕਸਾਨ ਦਾ ਅਕਾਲੀ ਦਲ ਨੂੰ ਸਦਾ ਹੀ ਫਾਇਦਾ ਹੁੰਦਾ ਰਿਹਾ। ਫੈਸਲਾਕੁਨ ਸਿਆਸੀ ਫੈਸਲਿਆਂ ਵਿਚ ਜਥੇਦਾਰ ਟੌਹੜਾ ਹਮੇਸ਼ਾ ਹਰ ਮੈਦਾਨ ਵਿਚ ਕੇਂਦਰੀ ਭੂਮਿਕਾ ਨਿਭਾਉਂਦੇ ਰਹੇ।

ਭਾਰਤੀ ਸਿਆਸਤ ਵਿਚ ਅਕਾਲੀ ਸਿਆਸਤ ਦੀ ਭੂਮਿਕਾ ਨੂੰ ਖੇਤਰੀ ਹੱਦਾਂ ਤੋਂ ਮੁਕਤ ਕਰਕੇ ਕੌਮੀ ਰੰਗ ਵਿਚ ਰੰਗਣ ਦੇ ਲੇਖੇ ਜੋਖੇ ਵਿਚੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਪਾਸੇ ਨਹੀਂ ਰਖਿਆ ਜਾ ਸਕਦਾ, ਕਿਉਂਕਿ ਸਿੱਖ-ਸਿਆਸਤ ਦੀਆਂ ਵਾਗਾਂ ਮੋੜਨ ਦੀ ਜੋ ਸ਼ਾਹਸਵਾਰੀ ਜਥੇਦਾਰ ਟੌਹੜਾ ਨੇ ਕਰ ਵਿਖਾਈ ਸੀ, ਉਸ ਦਾ ਹੋਰ ਸਿੱਖ ਸਿਆਸਤਦਾਨਾਂ ਵਿਚੋਂ ਕੋਈ ਸਾਨੀ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦੀ ਹਯਾਤੀ ਵਿਚ ਪੰਜਾਬ ਦੀ ਸਿਆਸਤ ਉਨ੍ਹਾਂ ਦੇ ਦੁਆਲੇ ਘੁੰਮਦੀ ਰਹੀ। ਵਿਵਾਦਾਂ ਦੇ ਘੇਰੇ ਵਿਚ ਅਡੋਲ ਵਿਚਰਦੇ ਜਥੇਦਾਰ ਟੌਹੜਾ ਲਗਾਤਾਰ ਨਿਖਰਦੇ ਰਹਿੰਦੇ ਸਨ। ਜਿਵੇਂ ਜਿਵੇਂ ਉਨ੍ਹਾਂ ਨੂੰ ਪੰਜਾਬ ਦੀ ਸਿਆਸਤ ਤੋਂ ਲਾਂਭੇ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ, ਤਿਵੇਂ ਤਿਵੇਂ ਉਹ ਆਪਣਿਆਂ ਅਤੇ ਬੇਗਾਨਿਆਂ ਲਈ ਹੋਰ ਵਧੇਰੇ ਸਿਆਸੀ ਲੋੜ ਜਾਂ ਸਿਆਸੀ ਮਜਬੂਰੀ ਬਣਦੇ ਰਹੇ।

ਸਿੱਖ ਸਿਆਸਤਦਾਨਾਂ ਦੀ ਗੁਆਚੀ ਹੋਈ ਭਰੋਸੇਯੋਗਤਾ ਵਿਚ ਜਥੇਦਾਰ ਟੌਹੜਾ ਬਹੁਤ ਯਾਦ ਆਉਂਦੇ ਰਹਿਣਗੇ। ਸਮਕਾਲੀ ਸਥਿਤੀ ਵਿਚ ਜਥੇਦਾਰ ਟੌਹੜਾ ਨੂੰ ਅਕਾਲੀਆਂ ਦਾ ਮਹਾਤਮਾ ਗਾਂਧੀ ਵੀ ਆਖਿਆ ਜਾ ਸਕਦਾ ਸੀ, ਪਰ ਉਹ ਗਾਂਧੀਅਨ ਸਿਆਸਤ ਦੇ ਪ੍ਰਸ਼ੰਸਕ ਕਦੇ ਵੀ ਨਹੀਂ ਸਨ। ਉਨ੍ਹਾਂ ਦੀ ਬਰਸੀ 'ਤੇ ਵੀ ਇਹੀ ਕਹਿਣ ਨੂੰ ਜੀਅ ਕਰਦਾ ਹੈ ਕਿ ਸਿੱਖ ਕੌਮ ਨੂੰ ਜਿਉਂਦਿਆਂ ਦਾ ਮੁੱਲ ਪਾਉਣ ਵਾਲੇ ਪਾਸੇ ਤੁਰਨਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਮੜ੍ਹੀਆਂ 'ਤੇ ਮੇਲੇ ਲਾਉਣ ਦੀ ਸਿਆਸਤ ਤੋਂ ਗੁਰੇਜ ਕਰਨਾ ਚਾਹੀਦਾ ਹੈ। ਜਥੇਦਾਰ ਟੌਹੜਾ ਦੀ ਸ਼ਖਸੀਅਤ ਦੇ ਕਿਸੇ ਵੀ ਪੱਖ ਨੂੰ ਧਿਆਨ ਵਿਚ ਰੱਖਿਆਂ ਇਹ ਸਮਝ ਆ ਜਾਂਦਾ ਹੈ ਕਿ ਉਸ ਦੀ ਸੰਭਾਲ ਸਿੱਖ ਭਾਈਚਾਰੇ ਲਈ ਖਾਸ ਕਰਕੇ ਅਤੇ ਪੰਜਾਬੀਆਂ ਤੇ ਬਾਕੀਆਂ ਲਈ ਆਮ ਕਰਕੇ ਸਿੱਖਿਆਦਾਇਕ ਹੋ ਸਕਦੀ ਹੈ।

ਜਥੇਦਾਰ ਟੌਹੜਾ ਦੀ ਛਾਂ ਵਿਚ ਬੇਸ਼ਕ ਉਨ੍ਹਾਂ ਦਾ ਬਦਲ ਪੈਦਾ ਨਹੀਂ ਹੋ ਸਕਿਆ ਕਿਉਂਕਿ ਉਨ੍ਹਾਂ ਨੇ ਅੰਮ੍ਰਿਤ-ਵਿਹੂਣੇ ਅਕਾਲੀਆਂ ਦੀ ਕਲਪਨਾ ਕਰਨ ਤੋਂ ਵੀ ਇਨਕਾਰ ਕੀਤਾ ਹੋਇਆ ਸੀ। ਉਹ ਧਰਮ ਅਤੇ ਸਿਆਸਤ ਦੀ ਇਕਸੁਰਤਾ ਦੇ ਮੁੱਦਈ ਸਨ, ਪਰ ਧਰਮ ਨੂੰ ਸਿਆਸਤ ਲਈ ਵਰਤਣ ਨੂੰ ਉਹ ਨਹੀਂ ਰੋਕ ਸਕੇ। ਸਿਆਸਤ ਵਿਚ ਉਹ ਅਭਿਮੰਨਯੂ ਵਾਂਗ ਖਾਲੀ ਹੱਥ ਵਿਰੋਧੀਆਂ ਵਿਚ ਘਿਰੇ ਹੋਏ ਵੀ ਲੱਗਣ ਲੱਗ ਪੈਂਦੇ ਸਨ। ਅਜਿਹੇ ਵੇਲੇ ਉਹ ਚੁੱਪ ਨਾਲ ਪਛਾੜਨ ਦੇ ਸਿਆਸੀ ਹਥਿਆਰ ਦੀ ਵਰਤੋਂ ਬਾਖੂਬੀ ਕਰਦੇ ਰਹੇ। ਅਜਿਹੀਆਂ ਗੱਲਾਂ ਕਰਕੇ ਹੀ ਉਹ ਬਹੁਤ ਯਾਦ ਆਉਂਦੇ ਹਨ ਅਤੇ ਆਉਂਦੇ ਰਹਿਣਗੇ।

ਆਪਣੇ ਸਮਕਾਲੀ ਪੰਥਕ ਲੀਡਰਾਂ ਵਿਚਕਾਰ ਜਥੇਦਾਰ ਟੌਹੜਾ ਸਭ ਤੋਂ ਘੱਟ ਪੜ੍ਹੇ ਲਿਖੇ ਸਨ। ਇਸ ਦੇ ਬਾਵਜੂਦ ਉਹ ਕੌਮੀ ਸਿਆਸਤ ਨਾਲ ਸੰਵਾਦ ਰਚਾਉਣ ਵੇਲੇ ਮੁੱਖ ਭੂਮਿਕਾ ਨਿਭਾਉਂਦੇ ਰਹੇ। ਸਿੱਖਾਂ ਵਾਸਤੇ ਵਿਦਿਅਕ ਪਰਪੱਕਤਾ ਕਿੰਨੀ ਜ਼ਰੂਰੀ ਹੈ, ਇਸ ਬਾਰੇ ਉਹ ਸੁਜੱਗ ਅਤੇ ਵਚਨਬੱਧ ਸਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਦੀਆਂ ਜੜ੍ਹਾਂ ਪੰਜਾਬੀ-ਅਕਾਂਖਿਆਵਾਂ ਨੂੰ ਸਰਚਾਉਣ ਦੀਆਂ ਸਿਆਸੀ ਕੋਸ਼ਿਸ਼ਾਂ ਵਿਚ ਲੱਗੀਆਂ ਹੋਈਆਂ ਹਨ। ਇਸ ਲਈ ਇਸ ਯੂਨੀਵਰਸਿਟੀ ਦੇ ਸੰਕਲਪਨ ਤੋਂ ਪ੍ਰਗਟਾਵੇ ਤਕ, ਸਿੱਖ-ਸਿਆਸਤ ਦੀ ਸਿੱਧੀ ਜਾਂ ਅਸਿੱਧੀ ਅਹਿਮ ਭੂਮਿਕਾ ਰਹੀ ਹੈ। ਇਸ ਨਾਤੇ ਜਥੇਦਾਰ ਟੌਹੜਾ ਦਾ ਇਸ ਅਕਾਦਮਿਕ ਸੰਸਥਾ ਨਾਲ ਅਪਣੱਤ ਵਾਲਾ ਰਿਸ਼ਤਾ, ਇਸ ਸੰਸਥਾ ਦੇ ਸੰਕਲਪਨ ਤੋਂ ਲੈ ਕੇ ਪ੍ਰਕਾਸ਼ਨ ਤੱਕ ਕਾਇਮ ਰਿਹਾ। ਉਨ੍ਹਾਂ ਦੀ ਯਾਦ ਵਿਚ ਯੂਨੀਵਰਸਿਟੀ ਵੱਲੋਂ ਕੀਤਾ ਗਿਆ 'ਗੁਰਮਤਿ ਸੰਗੀਤ ਸੰਮੇਲਨ' ਉਨ੍ਹਾਂ ਨੂੰ ਢੁਕਵੀਂ ਅਤੇ ਸੱਚੀ ਸ਼ਰਧਾਂਜਲੀ ਸਾਬਤ ਹੋਇਆ। ਬੇਸ਼ੱਕ ਇਸ ਯਾਦਗਾਰੀ ਮੌਕੇ ਦੀ ਯੋਜਨਾ ਤਤਕਾਲੀ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਬਣਾਈ ਸੀ, ਪਰ ਇਸ ਵਿਚ ਹਿੱਸਾ ਹਰ ਰੰਗ ਦੇ ਅਕਾਦਮੀਸ਼ਨ ਨੇ ਹੁਮ ਹੁਮਾ ਕੇ ਲਿਆ।

ਮਰਹੂਮ ਜਥੇਦਾਰ ਟੌਹੜਾ ਪੰਜਾਬੀ ਮਾਨਸਿਕਤਾ ਵਿਚ ਆਮ ਕਰਕੇ ਅਤੇ ਸਿੱਖ ਮਾਨਸਿਕਤਾ ਵਿਚ ਖਾਸ ਕਰਕੇ ਏਨੇ ਡੂੰਘੇ ਉਤਰੇ ਹੋਏ ਸਨ ਕਿ ਉਹ ਸਾਡੇ ਵਿਚਕਾਰ ਨਾ ਹੋਣ ਦੇ ਬਾਵਜੂਦ ਬਿਲਕੁਲ ਗੈਰ ਹਾਜ਼ਰ ਨਹੀਂ ਲੱਗਦੇ। ਇਹ ਗੱਲ ਇਸ ਆਧਾਰ 'ਤੇ ਕਹਿ ਰਿਹਾ ਹਾਂ ਕਿ ਸਾਡੇ ਵਿਚੋਂ ਬਹੁਤਿਆਂ ਕੋਲ ਉਨ੍ਹਾਂ ਬਾਰੇ ਆਪੋ ਆਪਣੀਆਂ ਯਾਦਾਂ ਦੇ ਆਧਾਰ 'ਤੇ ਕੁਝ ਨਾ ਕੁਝ ਕਹਿਣ ਵਾਸਤੇ ਹੈ।

ਅਜਿਹੇ ਮੁਹੱਬਤੀ ਅਹਿਸਾਸ ਦਾ ਹੱਕਦਾਰ ਉਨ੍ਹਾਂ ਵਰਗਾ ਉਨ੍ਹਾਂ ਦੇ ਸਮਕਾਲੀਆਂ ਵਿਚ ਹੋਰ ਕੋਈ ਨਹੀਂ ਸੀ। ਇਸ ਮੌਕੇ ਜਦੋਂ ਮੈਨੂੰ ਮਰਹੂਮ ਜਥੇਦਾਰ ਟੌਹੜਾ ਬਾਰੇ ਲਿਖਣ ਲਈ ਕਿਹਾ ਗਿਆ ਤਾਂ ਮੈਂ ਆਪਣੇ ਆਪ ਨੂੰ ਸਵਾਲ ਕੀਤਾ ਕਿ ਜੇ ਕੋਈ ਪੁੱਛੇ ਕਿ ਟੌਹੜਾ ਸਾਹਿਬ ਆਮ ਆਦਮੀ ਲਈ ਕੀ ਸਨ, ਤਾਂ ਮੈਂ ਕੀ ਜਵਾਬ ਦਿਆਂਗਾ? ਮੈਨੂੰ ਇਹੀ ਲਗਿਆ ਕਿ ਉਨ੍ਹਾਂ ਵਰਗੇ ਹਜ਼ਾਰ ਪਹਿਲੂਆਂ ਵਾਲੇ ਇਨਸਾਨ ਬਾਰੇ ਇਕ-ਪਰਤੀ ਰਾਏ ਕਿਵੇਂ ਬਣਾਈ ਜਾ ਸਕਦੀ ਹੈ। ਕੋਸ਼ਿਸ਼ ਇਹੀ ਸੀ ਕਿ ਉਨ੍ਹਾਂ ਦੀ ਵੱਡੀ ਸ਼ਖਸੀਅਤ ਦਾ ਭੇਦ ਸਮਝਣ ਦਾ ਯਤਨ ਤਾਂ ਕੀਤਾ ਹੀ ਜਾ ਸਕਦਾ ਹੈ, ਜੋ ਉਨ੍ਹਾਂ ਦੇ ਮਿਕਨਾਤੀਸੀ-ਸੁਭਾ ਵਿਚ ਸੀ। ਇਸ ਨੂੰ ਪੱਤਰਕਾਰਾਂ ਨੇ ਇਸ ਤਰ੍ਹਾਂ ਫੜ੍ਹਨ ਦੀ ਕੋਸ਼ਿਸ਼ ਕੀਤੀ, "ਉਹ ਬੋਲਦੇ ਹਨ ਤਾਂ ਖਬਰ ਬਣਦੀ ਹੈ। ਜਦੋਂ ਚੁੱਪ ਰਹਿੰਦੇ ਹਨ ਤਾਂ ਖਬਰਾਂ ਬਣਦੀਆਂ ਹਨ।"

ਉਨ੍ਹਾਂ ਨੂੰ ਉਨ੍ਹਾਂ ਬਾਰੇ ਪ੍ਰਾਪਤ ਤੱਥਾਂ ਵਿਚ ਬੰਨ੍ਹਣਾ ਸੌਖਾ ਨਹੀਂ ਹੈ। ਇਸ ਦਾ ਭੇਦ, ਉਨ੍ਹਾਂ ਦੀ ਪੇਂਡੂ ਪੁੱਠ ਵਾਲੀ ਸ਼ਾਇਰਾਨਾਂ-ਤਬੀਅਤ ਵਿਚ ਨਿਹਿਤ ਸੀ। ਇਸੇ ਲਈ ਜਿਸ ਖੇਤਰ ਵਿਚ ਵੀ ਉਨ੍ਹਾਂ ਨੇ ਕੋਈ ਭੂਮਿਕਾ ਨਿਭਾਈ, ਉਸ ਨੂੰ ਉਨ੍ਹਾਂ ਨੇ ਇਸ ਤਰ੍ਹਾਂ ਰੂਹ ਨਾਲ ਨਿਭਾਇਆ ਕਿ ਉਹ ਉਨ੍ਹਾਂ ਦੇ ਕਾਵਿਕ-ਰੰਗ ਵਿਚ ਰੰਗੀਚ ਕੇ ਹੁਸੀਨ ਹੁੰਦੀ ਗਈ। ਉਨ੍ਹਾਂ ਦੀ ਕਾਵਿਕ-ਮਲੰਗੀ ਨੂੰ ਹੰਢਾਇਆ ਤਾਂ ਜਾ ਸਕਦਾ ਸੀ, ਰੋਕਿਆ ਨਹੀਂ ਸੀ ਜਾ ਸਕਦਾ। ਜਿਹੜੇ ਇਸ ਕਾਵਿਕ-ਮਲੰਗੀ ਨੂੰ ਰੋਕਣ ਵਿਚ ਫੇਲ੍ਹ ਹੋ ਜਾਂਦੇ, ਉਹ ਉਨ੍ਹਾਂ ਨੂੰ ਬਰੇਕਾਂ ਲਾਉਣ ਦੀ ਜੋੜ-ਤੋੜ ਦੀ ਸਿਆਸਤ ਵਿਚ ਪਏ ਰਹਿੰਦੇ। ਇਸ ਨਾਤੇ ਉਨ੍ਹਾਂ ਦੀ ਸਪੀਡ ਤਾਂ ਘਟਦੀ ਵਧਦੀ ਰਹਿੰਦੀ, ਪਰ ਉਹ ਲਗਾਤਾਰ ਤੁਰਦੇ ਵੀ ਰਹੇ ਅਤੇ ਪ੍ਰਸਥਿਤੀਆਂ ਨੂੰ ਪ੍ਰਭਾਵਿਤ ਵੀ ਕਰਦੇ ਰਹੇ। ਪੰਥਕ ਹਲਕਿਆਂ ਵਿਚ ਜਦੋਂ ਵੀ ਖਤਰਿਆਂ ਦੀ ਕਿਸੇ ਵੀ ਪਰਤ ਦੀ ਗੱਲ ਚੱਲੇਗੀ ਤਾਂ ਉਹ ਪੰਥਕ ਸੁਰ ਵਿਚ 'ਖਤਰਿਆਂ ਦੇ ਸਫਲ ਖਿਲਾੜੀ' ਵਜੋਂ ਲੰਬਾ ਸਮਾਂ ਚੇਤੇ ਕੀਤੇ ਜਾਂਦੇ ਰਹਿਣਗੇ।

**ਹਲਵਾਈ ਤੇ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

8-

# ਜਪੁਜੀ ਦਾ ਰੱਬ

## ਗੁਰਮਤਿ ਵਿਚਾਰ

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕੀ ਹੈ ਜਪੁਜੀ ਦਾ ਰੱਬ? ਸਾਡੇ ਸਾਹਮਣੇ ਗੁਰੂ ਨਾਨਕ ਦੀ ਜੀਵਨੀ ਹੈ ਅਤੇ ਸਾਡੇ ਕੋਲ ਜਪੁਜੀ ਦਾ ਸਾਰ ਮੂਲ ਮੰਤਰ ਤੇ ਇਸ ਦੀ ਵਿਆਖਿਆ ਹੈ। ਭਾਵੇਂ ਸੰਪੂਰਣ ਜਪੁਜੀ ਦਾ ਵਿਸ਼ਲੇਸ਼ਣ ਹਾਲੇ ਬਾਕੀ ਹੈ, ਫਿਰ ਵੀ ਇਨ੍ਹਾਂ ਦੋਹਾਂ ਸ੍ਰੋਤਾਂ ਦੇ ਮੁਲਾਂਕਣ ਤੋਂ ਕਈ ਸੰਤੋਸ਼ਜਨਕ ਉਤਰ ਮਿਲ ਜਾਂਦੇ ਹਨ।

ਮੂਲ ਮੰਤਰ ਦੇ ਅਧਿਐਨ ਤੋਂ ਇੰਜ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਇਸ ਬ੍ਰਹਿਮੰਡ ਦੇ ਮੂਲ ਸ੍ਰੋਤ ਭਾਵ ਪਰਮ ਸਤਿ ਬਾਰੇ ਸਭ ਨੂੰ, ਖਾਸ ਕਰ ਦੁਨੀਆਂ ਦੇ ਸਭ ਬੁੱਧੀਜੀਵੀਆਂ ਤੇ ਗਿਆਨੀਆਂ ਨੂੰ, ਇਕ ਬੁਝਾਰਤ ਪਾਈ ਹੈ, "ਭਾਈ! ਸ੍ਰਿਸ਼ਟੀ ਦੇ ਪਰਮ-ਸਤਿ ਦਾ ਅਸਲ ਨਾਂ, ਭਾਵ ਇਸ ਦੀ ਅਸਲੀਅਤ ਲੱਭਣੀ ਹੈ। ਇਸ ਕਾਰਜ-ਹਿੱਤ ਉਸ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਦੇ ਗੁਣ ਪਤਾ ਕਰੋ। ਸ਼ਰਤ ਹੈ ਕਿ ਇਨ੍ਹਾਂ ਨੂੰ ਤਾਰਕਿਕ ਤੇ ਗਣਿਤੀ ਢੰਗ ਅਨੁਸਾਰ ਸਹੀ ਸਹੀ ਲੱਭਿਆ ਜਾਵੇ। ਜੋ ਕਹਿਣਾ ਖਰਾ ਕਹਿਣਾ, ਨਿਰਪੱਖ ਤੇ ਬੇਲਿਹਾਜ ਹੋ ਕੇ ਕਹਿਣਾ। ਗੱਲ ਨੂੰ ਪਰਖ ਕੇ ਲੈਣਾ, ਕੋਈ ਕੂੜ ਨਹੀਂ ਮਾਰਨਾ, ਕਿਸੇ ਦੀ ਸੁਣੀ ਸੁਣਾਈ ਗੱਲ ਨਹੀਂ ਕਰਨੀ ਤੇ ਕਿਸੇ ਦੀ ਨਕਲ ਨਹੀਂ ਕਰਨੀ। ਹਾਂ, ਅਤੇ-ਪਤੇ ਦੇ ਤੌਰ 'ਤੇ ਉਸ ਦੇ ਕੁਝ ਗੁਣ, ਜੋ ਇਨ੍ਹਾਂ ਹੀ ਸਿਧਾਂਤਾਂ ਤੇ ਸ਼ਰਤਾਂ ਅਨੁਸਾਰ ਜਾਣੇ ਗਏ ਹਨ, ਦੱਸ ਦਿੰਦਾ ਹਾਂ। ਉਹ ਸ੍ਰਿਸ਼ਟੀ ਦਾ ਰਚੈਤਾ ਹੈ, ਹਰ ਦਬਾਅ-ਪ੍ਰਭਾਵ ਤੋਂ ਮੁਕਤ ਹੈ, ਦਵੈਸ਼-ਭਾਵ ਤੋਂ ਉਪਰ ਹੈ, ਸਮੇਂ-ਕਾਲ ਵਿਚ ਆਉਂਦਾ ਨਹੀਂ, ਜੂਨੀਆਂ ਵਿਚ ਪੈਂਦਾ ਨਹੀਂ, ਇਕ ਸਦਾ-ਸਦੀਵੀ ਝਲਕ ਹੈ ਤੇ ਆਪੇ ਆਪ ਪ੍ਰਕਾਸ਼ਮਾਨ ਹੈ। ਪਰਮ-ਅਗੇਤਾ ਸਮਝ ਕੇ ਇਸ ਖੋਜ ਕਾਰਜ ਵਲ ਉਚੇਚਾ ਧਿਆਨ ਦਿਓ।"

ਇਹ ਇਕ ਸੰਸਾਰ ਪੱਧਰੀ ਮੁਹਿੰਮ ਹੈ, ਜਿਸ ਵਿਚ ਹੱਥ ਵਟਾਉਣ ਲਈ ਗੁਰੂ ਜੀ ਕੇਵਲ ਸਿੱਖਾਂ ਨੂੰ ਹੀ ਨਹੀਂ ਸਗੋਂ ਦੁਨੀਆਂ ਦੇ ਹਰ ਸੋਝੀਦਾਰ ਨੂੰ ਮੁਖਾਤਿਬ ਹੋਏ ਹਨ। ਇਸ ਸਮਝ ਮੁਤਾਬਕ ਸਿੱਖ ਉਹੀ ਨਹੀਂ, ਜੋ ਪੰਜਾਬ ਦੀ ਧਰਤੀ 'ਤੇ ਪੈਦਾ ਹੋ ਕੇ ਬਾਣੀ ਪੜ੍ਹਦੇ ਹਨ ਤੇ ਸਮੂਹ ਕੱਕਾਰ ਧਾਰਨ ਕਰ ਕੇ ਆਪਣੇ ਆਪ ਨੂੰ 'ਸਿੱਖ' ਕਹਾਉਂਦੇ ਹਨ ਸਗੋਂ ਉਹ ਸਭ ਵਿਅਕਤੀ ਵੀ ਸਿੱਖੀ ਵਿਚ ਸ਼ਾਮਲ ਹਨ ਜੋ ਭਾਵੇਂ ਕਿਤੇ ਵੀ ਹੋਣ, ਜਾਣੇ-ਅਨਜਾਣੇ ਆਪਣੇ ਨਿਰੋਲ ਤੇ ਨਿਰਪੱਖ ਕਿਰਦਾਰ ਰਾਹੀਂ ਪਰਮ ਸਤਿ ਦੇ ਸਦੀਵੀ ਗੁਣਾਂ ਦੀ ਭਾਲ ਕਰ ਰਹੇ ਹਨ। ਅਜਿਹੇ ਉਜਲ-ਮੁਖ ਪੁਰਸ਼ ਭਾਵੇਂ ਇਸ 'ਧਰਤ ਮਹਤ' ਦੇ ਕਿਸੇ ਕੋਨੇ ਵਿਚ ਰਹਿੰਦਿਆਂ ਇਹ 'ਮਸਕਤਿ' ਭਰਿਆ ਕਾਰਜ ਕਰਦੇ ਹੋਣ, ਉਹ ਗੁਰੂ ਜੀ ਦੇ ਆਸ਼ੇ ਮੁਤਾਬਕ ਕੰਮ ਕਰ ਰਹੇ ਹਨ ਤੇ ਉਨ੍ਹਾਂ ਦੀ ਪ੍ਰਸ਼ੰਸਾ ਦੇ ਪਾਤਰ ਹਨ। ਜਿਨ੍ਹਾਂ ਨੂੰ ਇਹ ਕਾਰਜ ਦਰਕਾਰ ਹੈ, ਉਨ੍ਹਾਂ ਦੀ ਮੂਲ ਮੰਤਰ ਵਿਚ ਅੰਕਿਤ ਮੁੱਦਿਆਂ ਬਾਰੇ ਸਪਸ਼ਟਤਾ ਤੇ ਪ੍ਰਤਿਬੱਧਤਾ ਪਹਿਲਾਂ ਹੀ ਬਣੀ ਹੁੰਦੀ ਹੈ, ਜੇ ਨਾ ਹੋਵੇ ਤਾਂ ਬਣਾਉਣੀ ਪੈਂਦੀ ਹੈ। ਪਰ ਬਹੁਤੇ ਸਿੱਖ ਚਿੰਤਕਾਂ ਦੀ ਸਪਸ਼ਟਤਾ ਤੇ ਪ੍ਰਤਿਬੱਧਤਾ 'ਰੱਬ' ਦੇ ਮਸਲੇ 'ਤੇ ਆ ਕੇ ਅਟਕ ਜਾਂਦੀ ਹੈ। ਕਾਰਨ, ਉਹ ਆਪਣੇ ਮਨ ਦੀ ਕਰਦੇ ਹਨ, ਗੁਰੂ ਸਾਹਿਬ ਦੀ ਨਹੀਂ ਸੁਣਦੇ ਜੋ ਉਨ੍ਹਾਂ ਨੇ ਜਪੁਜੀ ਦੇ ਅਰੰਭ ਵਿਚ ਹੀ ਬਿਨਾ ਭਰਮ ਭਉ ਸਪਸ਼ਟ ਬਿਆਨ ਕੀਤੀ ਹੋਈ ਹੈ।

ਫਿਰ ਕੀ ਹੈ ਜਪੁਜੀ ਦਾ 'ਰੱਬ' ਭਾਵ ਗੁਰੂ ਨਾਨਕ ਦੇ ਸੰਕਲਪ ਦਾ 'ਰੱਬ', ਜਿੱਥੇ ਆ ਕੇ ਹਰ ਸਿੱਖ ਇੱਧਰ ਉਧਰ ਝੋਕ ਖਾ ਜਾਂਦਾ ਹੈ? ਕੀ ਉਹ ਮਨੁੱਖ ਵਾਂਗ ਕਿਸੇ ਉਚੀ ਲੰਮੀ ਉਦਾਰ ਛਵੀ ਵਾਲਾ ਦੀਦਾਵਰ ਇਨਸਾਨ ਹੈ? ਜੀ ਨਹੀਂ, ਜੋ ਕੁਝ ਗੁਰੂ ਜੀ ਨੇ ਆਪਣੇ ਅਨੁਭਵ ਰਾਹੀਂ ਦੱਸਿਆ ਹੈ, ਉਸ ਮੁਤਾਬਕ ਤਾਂ ਉਹ 'ਅਜੂਨੀ' ਹੈ। ਆਪਣੀ ਇਸ ਵਿਸ਼ੇਸ਼ਤਾਈ ਕਰਕੇ ਉਹ ਜੀਵ-ਦੇਹੀ ਧਾਰਨ ਹੀ ਨਹੀਂ ਕਰਦਾ! ਉਹ ਮਨੁੱਖ-ਜਾਤੀ ਤਾਂ ਕੀ, ਕਿਸੇ ਜੀਵ-ਜਾਤੀ ਵਿਚ ਵੀ ਨਹੀਂ ਆਉਂਦਾ। ਉਹ ਕਿਸੇ ਦੀ ਜਾਣ-ਪਛਾਣ ਵਾਲਾ ਨਹੀਂ ਹੈ ਤੇ ਨਾ ਹੀ ਕਿਸੇ ਦਾ ਹਮ-ਜਿਨਸ। ਨਾ ਉਹ ਚਾਬਕ-ਵਾਹ ਨਿਰਦਈ ਨਿਗਰਾਨ ਹੈ, ਨਾ ਮਿਹਰਬਾਨ। ਨਾ ਉਹ ਡਰਦਾ ਹੈ, ਨਾ ਡਰਾਉਂਦਾ ਹੈ। ਉਸ ਦਾ ਕੋਈ ਦਰਬਾਰ ਨਹੀਂ, ਕੋਈ ਧਰਮਰਾਜ ਨਹੀਂ ਤੇ ਜਮਦੂਤਾਂ ਦੀ ਕੋਈ ਧਾੜ ਨਹੀਂ। ਇਹ ਸਭ ਗੱਲਾਂ ਮਿਥਿਆਚਾਰ ਹਨ ਜੋ ਸਮੇਂ ਦੀ ਰਟਨ-ਰਟਾਣ ਕਾਰਨ ਮਨੁੱਖਾ-ਬੁੱਧੀ 'ਤੇ ਸੱਚ ਵਾਂਗ ਉਕਰ ਗਿਆ ਹੈ। ਇਨ੍ਹਾਂ ਮਿੱਥਾਂ ਤੇ ਮਾਨਤਾਵਾਂ ਦੇ ਸ਼ੁਰੂਆਤੀ ਕਾਰਨ ਕੁਝ ਵੀ ਹੋਣ, ਮਨੁੱਖ ਨੂੰ ਹੁਣ ਇਨ੍ਹਾਂ ਦੇ ਪ੍ਰਭਾਵ ਤੋਂ ਸੁਤੰਤਰ ਹੋਣਾ ਔਖਾ ਲਗਦਾ ਹੈ। ਸਾਧਾਰਨ ਭਾਸ਼ਾ ਵਿਚ ਕਹੀਏ ਤਾਂ ਅਜੋਕਾ ਸਿੱਖ ਹੁਣ ਇਨ੍ਹਾਂ ਗੱਲਾਂ ਨਾਲ ਇੰਨਾ ਗਿੱਝ ਗਿਆ ਹਨ ਕਿ ਗੁਰੂ ਸਾਹਿਬ ਦੀ ਨਸੀਹਤ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੰਦਾ ਹੈ। ਬੁੱਧੀ 'ਤੇ ਜੰਮੀ ਮਿਥਿਹਾਸ ਦੀ ਇਹ ਪਰਤ ਗੁਰੂ ਸਾਹਿਬ ਦੀ ਸਿੱਖਿਆ ਦੇ ਸਹੀ ਗਿਆਨ ਤੋਂ ਬਿਨਾ ਲਹਿ ਨਹੀਂ ਸਕਦੀ ਪਰ ਉਹ ਇਸ ਗਿਆਨ ਤੋਂ ਆਨੇ ਬਹਾਨੇ ਪਾਸਾ ਵੱਟਦਾ ਹੈ।

ਪਰਮ ਸਤਿ, ਜਿਸ ਨੂੰ ਹਾਲੇ ਸਭ ਨੇ ਰਲ ਕੇ ਖੋਜਣਾ ਹੈ, ਵਲੋਂ ਸਭ ਵਿਅਕਤੀ ਸਮਾਨ ਤੇ ਸੁਤੰਤਰ ਬਣੇ ਹਨ। ਸਭ ਕੁਦਰਤ ਦੇ ਇਕੋ ਜਿਹੇ ਨਿਜ਼ਾਮ ਵਿਚ ਰਹਿ ਰਹੇ ਹਨ ਤੇ ਇਕੋ ਜਿਹੇ ਨਿਯਮ ਹੰਢਾ ਰਹੇ ਹਨ। ਜਨਮ ਪੱਖੋਂ ਸਭ ਖੁਦਮੁਖਤਿਆਰ ਹਨ ਅਤੇ ਸਭ ਆਪਣੇ ਕੀਤੇ ਲਈ ਆਪ ਜਿੰਮੇਵਾਰ ਹਨ। ਸਭ ਨੂੰ ਇਕੋ ਜਿਹੇ ਅੰਗਾਂ ਵਾਲੇ ਸ਼ਰੀਰ ਮਿਲੇ ਹਨ ਤੇ ਜਿਉਂਦਾ ਰਹਿਣ ਲਈ ਲੋੜੀਂਦੇ ਹਵਾ, ਪਾਣੀ ਤੇ ਧਰਤ-ਅਕਾਸ਼। ਸਭ ਨੂੰ ਆਪਣੇ ਚੰਗੇ ਮਾੜੇ ਕੰਮ ਦਾ ਫਲ ਨਿਯਮਾਂ ਅਨੁਸਾਰ ਆਪ ਹੀ ਮਿਲਦਾ ਹੈ। ਗੱਲ ਕੇਵਲ ਨਿਯਮਾਂ ਭਾਵ ਹੁਕਮ ਨੂੰ ਜਾਣਨ-ਪਛਾਣਨ ਦੀ ਹੈ ਤੇ ਕੁਦਰਤ ਦੇ ਇਸ 'ਹੁਕਮ ਰਜਾਈ' ਚਲਦੇ ਢਾਂਚੇ ਨੂੰ ਸਮਝਣ ਦੀ ਹੈ। ਇਹ ਗੁਰੂ ਜੀ ਵਲੋਂ ਪਰਖੀ ਤੇ ਅਜ਼ਮਾਈ ਹੋਈ ਅਟੱਲ ਸੱਚਾਈ ਹੈ, ਜਿਸ ਵਿਚ ਕਿਸੇ ਕਿੰਤੂ-ਪ੍ਰੰਤੂ ਦੀ ਕੋਈ ਗੁੰਜਾਇਸ਼ ਨਹੀਂ ਹੈ।

ਅਜਿਹੇ ਕਿੰਤੂ ਪ੍ਰੰਤੂ ਕਰਦੇ ਹਜ਼ਾਰਾਂ ਸਿੱਖ ਸ਼ਰਧਾਲੂ ਗੁਰੂ ਜੀ ਦੀ ਬਾਣੀ ਦੇ ਬਾਵਜੂਦ ਅੱਜ ਅਨੇਕ ਸਵਾਲਾਂ ਵਿਚ ਘਿਰੇ ਫਿਰਦੇ ਹਨ। ਬਹੁਤੇ ਪੁੱਛਦੇ ਹਨ ਕਿ ਹੁਕਮ ਦਾ ਸੰਚਾਲਕ ਉਹ ਪਰਮ ਸਤਿ ਕਿਵੇਂ ਪੈਦਾ ਹੋਇਆ ਜਾਂ ਕਿਵੇਂ ਹੋਂਦ ਵਿਚ ਆਇਆ? ਮੂਲ ਮੰਤਰ ਅਨੁਸਾਰ ਇਹ ਤਾਂ ਪ੍ਰਸ਼ਨ ਹੀ ਨਿਰਮੂਲ ਹੈ। ਉਹ ਤਾਂ ਕਦੇ ਪੈਦਾ ਹੋਇਆ ਜਾਂ ਹੋਂਦ ਵਿਚ ਆਇਆ ਹੀ ਨਹੀਂ, ਸਦਾ ਤੋਂ ਹੀ ਬਣਿਆ ਬਣਾਇਆ ਹੈ। ਇਹ ਸਮਝਣਾ ਬਹੁਤ ਕਠਿਨ ਹੈ, ਤਦੇ ਇਹ ਬਹੁਤਿਆਂ ਦੇ ਗਲੇ ਨਹੀਂ ਉਤਰਦੀ। ਫਿਰ ਵੀ ਇਹ ਗੱਲ, ਹੈ ਇਵੇਂ ਹੀ। ਜ਼ੋਰ ਲਾ ਕੇ ਸਮਝੀ ਨਹੀਂ ਜਾਂਦੀ ਤੇ ਕਿਸੇ ਦੇ ਚਰਨ ਲਗ ਕੇ ਜਾਣੀ ਨਹੀਂ ਜਾਂਦੀ। ਨੱਕ ਰਗੜਨ ਨਾਲ, ਸੰਨਿਆਸ ਲੈਣ ਨਾਲ ਤੇ ਸਮਾਧੀ ਲਾਉਣ ਨਾਲ ਵੀ ਇਸ ਦਾ ਕੋਈ ਸਬੰਧ ਨਹੀਂ। ਬਾਹਰਲੇ ਕਰਮ ਦੇ ਅੰਦਰੂਨੀ ਬੋਧ ਦੀ ਗੱਲ ਹੈ, ਬੁੱਧੀ ਦੇ ਵਿਕਾਸ ਨਾਲ ਹੀ ਆਵੇਗੀ। ਇਸ ਨੂੰ ਸਮਝਣ ਲਈ ਹੀ ਤਾਂ 'ਜਪੁ' ਕਰਨਾ ਹੈ। ਜੋ ਕੁਝ ਪਤਾ ਹੈ, ਉਸ ਨਾਲ ਹੀ ਹੋਰ ਪਰਮਾਣਿਤ ਗੱਲਾਂ ਜੋੜ ਜੋੜ ਕੇ ਬੁੱਧੀ ਦੇ ਵਿਕਾਸ ਦੀ ਮਸ਼ਕ ਜਾਰੀ ਰੱਖਣੀ ਹੈ।

ਕਈ ਸ਼ੰਕੇ ਨਾਲ ਪੁੱਛਦੇ ਹਨ ਕਿ ਕੀ ਉਸ ਦਾ ਕਦੇ ਵੀ ਅੰਤ ਨਹੀਂ ਹੋ ਸਕਦਾ? ਜੀ, ਕਦੇ ਵੀ ਨਹੀਂ। ਉਹ ਤਾਂ ਅਕਾਲ ਹੈ ਭਾਵ ਹਮੇਸ਼ਾ ਤੋਂ ਇਵੇਂ ਹੈ, ਇਵੇਂ ਰਿਹਾ ਹੈ ਤੇ ਇਵੇਂ ਹੀ ਰਹੇਗਾ। ਉਹ ਤਾਂ ਅਜੂਨੀ ਹੈ ਭਾਵ ਜੂਨ-ਮੁਕਤ ਹੈ। ਜੇ ਉਹ ਜੰਮਦਾ ਹੀ ਨਹੀਂ ਤਾਂ ਮਰੇਗਾ ਕਿਥੋਂ! ਪਰ ਜੇ ਜੰਮਦਾ ਨਹੀਂ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਹ ਹੈ ਈ ਨਹੀਂ। ਉਹ ਹੈ, ਪਰ ਉਦਾਂ ਨਹੀਂ ਜਿਵੇਂ ਸਮਝਿਆ ਜਾਂਦਾ ਹੈ ਭਾਵ ਜਿਵੇਂ ਗ੍ਰੰਥੀ, ਗਿਆਨੀ, ਪ੍ਰਚਾਰਕ, ਕਥਾ-ਕੀਰਤਨੀਏ ਤੇ ਸੰਤ-ਮਹੰਤ ਦੱਸਦੇ ਹਨ। ਉਹ ਉਦਾਂ ਹੈ ਜਿਵੇਂ ਗੁਰੂ ਜੀ ਨੇ ਸਮਝਾਇਆ ਹੈ।

ਉਹ ਕਿੱਥੇ ਰਹਿੰਦਾ ਹੈ? ਇਹ ਨਿਰਮੂਲ ਪ੍ਰਸ਼ਨ ਵੀ ਬਹੁਤੇ ਸਿੱਖਾਂ ਦੇ ਮਨਾਂ ਵਿਚ ਵਾਰ ਵਾਰ ਆਉਂਦਾ ਹੈ। ਸਾਰੀ ਕਾਇਨਾਤ ਉਸ ਦਾ ਘਰ ਹੈ ਤੇ ਇਸ ਦੇ ਕਣ ਕਣ ਵਿਚ ਉਸ ਦਾ ਵਾਸ ਹੈ। ਜੋ ਕੁਝ ਦਿਸਦਾ ਹੈ, ਉਹ ਉਹੀ ਤਾਂ ਹੈ ਤੇ ਜੋ ਕੁਝ ਨਹੀਂ ਦਿਸਦਾ ਉਹ ਵੀ ਉਹੀ ਹੈ।

ਉਸ ਨੇ ਸ੍ਰਿਸ਼ਟੀ ਨੂੰ ਕਿਵੇਂ ਸਾਜਿਆ ਹੈ? ਉਸ ਨੇ ਸ੍ਰਿਸ਼ਟੀ ਨੂੰ ਸਾਜਿਆ ਹੀ ਨਹੀਂ ਹੈ ਕਿਉਂਕਿ ਸ੍ਰਿਸ਼ਟੀ ਤਾਂ ਉਹ ਆਪ ਹੈ। ਪਾਣੀ ਨੇ ਸਮੁੰਦਰ ਨੂੰ ਕਦੋਂ ਬਣਾਇਆ, ਸਮੁੰਦਰ ਤਾਂ ਉਹ ਆਪ ਹੈ। ਜਿਵੇਂ ਸਮੁੰਦਰ ਵਿਚ ਲਹਿਰਾਂ ਉਠਦੀਆਂ ਦਬਦੀਆਂ ਰਹਿੰਦੀਆਂ ਹਨ, ਤਿਵੇਂ ਹੀ ਸ੍ਰਿਸ਼ਟੀ ਵਿਚ ਉਥਲ-ਪੁਥਲ ਆਉਂਦੀ ਰਹਿੰਦੀ ਹੈ। ਬਹੁ-ਭਾਂਤੀ ਸ਼ਕਲਾਂ ਬਣਦੀਆਂ-ਮਿਟਦੀਆਂ ਰਹਿੰਦੀਆਂ ਹਨ ਤੇ ਸੰਸਾਰ ਮਿਟ ਮਿਟ ਬਣਦਾ ਰਹਿੰਦਾ ਹੈ। ਇਹ ਸਭ ਕੁਝ ਉਹ ਜਾਣ ਕੇ ਨਹੀਂ ਕਰਦਾ। ਇਹ ਤਾਂ ਉਸ ਦੇ ਹੁਕਮਾਂ/ਨਿਯਮਾਂ ਮੁਤਾਬਕ ਹੁੰਦਾ ਰਹਿੰਦਾ ਹੈ। ਜੇ ਕੋਈ ਹੁਕਮ ਸ਼ਬਦ ਨੂੰ ਨਿਯਮ ਦੀ ਥਾਂ ਕਿਸੇ ਮੱਧ-ਕਾਲੀਨ ਸ਼ਾਸ਼ਕ ਦੇ ਨਿਰਦੇਸ਼ ਵਾਂਗ ਸਮਝੀ ਜਾਵੇ ਤਾਂ ਗਲਤੀ ਉਸ ਦੀ।

ਕੀ ਕੋਈ ਉਸ ਉਤੇ ਨਿਯੰਤਰਣ ਕਰ ਸਕਦਾ ਹੈ ਭਾਵ ਉਸ ਦੀਆਂ ਪ੍ਰਕ੍ਰਿਆਵਾਂ ਨੂੰ ਪ੍ਰਭਾਵਤ ਕਰ ਸਕਦਾ ਹੈ? ਇਹ ਪ੍ਰਸ਼ਨ ਤਾਂ ਕੋਈ ਸਿੱਖ ਪੁੱਛਦਾ ਹੀ ਨਹੀਂ ਕਿਉਂਕਿ ਸਭ ਇਸ ਦਾ ਉਤਰ ਤਾਂ ਉਹ ਬਚਪਨ ਤੋਂ ਹੀ ਹਾਂ-ਵਾਚਕ ਮੰਨਦੇ ਹਨ। ਪਰ ਜੀ ਨਹੀਂ, ਇਹ ਗੁਰੂ ਨਾਨਕ ਦੇ ਮੂਲ ਮੰਤਰ ਦੀ ਧਾਰਨਾ ਦੇ ਅਨੁਕੂਲ ਨਹੀਂ ਹੈ। ਉਹ ਪਰਮ ਸਤਿ ਹੋਣ ਕਰਕੇ ਅੰਤਿਮ ਭਾਵ ਅਖੀਰਲੀ ਸ਼ਕਤੀ ਹੈ। ਹੋਰ ਸਭ ਸ਼ਕਤੀਆਂ ਉਸ ਅੱਗੇ ਹਾਰਦੀਆਂ ਹਨ। ਉਸ ਦਾ ਰਸਤਾ ਕੋਈ ਨਹੀਂ ਰੋਕ ਸਕਦਾ, ਨਾ ਹੀ ਕੋਈ ਉਸ ਦਾ ਰੁੱਖ ਮੋੜ ਸਕਦਾ ਹੈ। ਉਸ ਦਾ ਰਵੱਈਆ ਬੇਪ੍ਰਵਾਹ ਹੈ। ਉਹ ਤਰਸ-ਦਇਆ ਦੀ ਭਾਵਨਾ ਤੋਂ ਉਤੇ ਹੈ। ਨਾ ਉਹ ਗਲਤ ਚਲਦਾ ਹੈ, ਨਾ ਗਲਤੀ ਕਰਦਾ ਹੈ ਤੇ ਨਾ ਆਪਣੇ ਫੈਸਲਿਆਂ 'ਤੇ ਮੁੜ-ਵਿਚਾਰ ਕਰਦਾ ਹੈ। ਜੇ ਕੋਈ ਉਸ ਅੱਗੇ ਨੱਕ ਰਗੜ ਕੇ ਦਯਾ ਦੀ ਭੀਖ ਮੰਗੇ ਜਾਂ ਅਰਦਾਸ ਕਰੇ ਤਾਂ ਵੀ ਉਹ ਪਸੀਜਦਾ ਨਹੀਂ। ਕਿਸੇ ਦੀ ਦੁਆ-ਅਰਦਾਸ ਨਹੀਂ ਸੁਣਦਾ ਤੇ ਕਿਸੇ ਨੂੰ ਲੋੜਵੰਦ ਸਮਝ ਕੇ ਮਦਦ ਨਹੀਂ ਕਰਦਾ। ਜੇ ਕੋਈ ਸਮਝੇ ਕਿ ਪੁਕਾਰ ਸੁਣ ਕੇ ਉਹ ਪਸੀਜ ਜਾਂਦਾ ਹੈ, ਇਹ ਉਸ ਦੇ ਮਨ ਦਾ ਵਿਸ਼ਵਾਸ ਹੈ ਤੇ ਉਸ ਦੀ ਆਸ ਹੈ, ਜਿਸ ਦਾ ਘੇਰਾ ਉਸ ਤੀਕ ਹੀ ਸੀਮਤ ਹੁੰਦਾ ਹੈ, ਵਿਸ਼ਵ-ਵਿਆਪੀ ਨਹੀਂ।

ਮੂਲ-ਮੰਤਰ ਦੇ ਆਸ਼ੇ ਅਨੁਸਾਰ ਉਹ ਮਨੁੱਖ ਵਾਂਗ ਨਹੀਂ ਹੈ, ਕਿਉਂਕਿ ਉਹ ਦੇਹਧਾਰੀ ਜੀਵ ਨਹੀਂ ਹੈ। ਇਸ ਲਈ ਉਸ ਕੋਲ ਅਜਿਹੇ ਕੰਮਾਂ ਦਾ ਭਾਵ ਅਰਦਾਸਾਂ ਸੁਣਨ ਤੇ ਮਿਹਰ-ਤਰਸ ਕਰਨ ਦਾ ਕੋਈ ਜੁਗਾੜ ਨਹੀਂ ਹੈ। ਉਸ ਨੇ ਸਭ ਨੂੰ ਨੱਕ, ਕੰਨ, ਅੱਖਾਂ, ਦਿਮਾਗ ਆਦਿ ਅੰਗ ਦਿੱਤੇ ਹੋਏ ਹਨ ਜਿਨ੍ਹਾਂ ਨਾਲ ਉਹ ਆਪਣੀ ਮਦਦ ਆਪ ਕਰ ਸਕਦੇ ਹਨ ਜਾਂ ਆਪਸ ਵਿਚ ਇਕ ਦੂਜੇ ਦੀ ਮਦਦ ਕਰ ਸਕਦੇ ਹਨ। ਗੁਰੂ ਸਾਹਿਬ ਦੇ ਲਿਖੇ ਅਨੁਸਾਰ ਤਾਂ ਇਹੀ ਸੱਚ ਹੈ, ਉਂਜ ਭਰਮ ਪਾਲਣ 'ਤੇ ਕੋਈ ਜਜ਼ੀਆ ਨਹੀਂ। ਜਿਨ੍ਹਾਂ 'ਸੇਵਕ ਸੁਰਤਿ' ਵਾਲੇ ਲੋਕਾਂ ਦੀ ਫਰਿਆਦ ਕੀਤੇ ਬਿਨਾ ਤਸੱਲੀ ਨਹੀਂ ਹੁੰਦੀ, ਉਹ ਅਜਿਹਾ ਕਰਦੇ ਹੀ ਹਨ ਤੇ ਕਰਦੇ ਰਹਿਣਗੇ। ਜੋ ਲੋਕ ਆਮ ਜਨਤਾ ਨੂੰ ਚਾਰ ਕੇ ਉਸ ਦਾ ਵਿਸਾਹਿਕ ਸ਼ੋਸ਼ਣ ਕਰਨਾ ਚਾਹੁੰਦੇ ਹਨ, ਉਹ ਵੀ ਅਜਿਹਾ ਕਰਦੇ ਹਨ ਤੇ ਕਰਦੇ ਹੀ ਰਹਿਣਗੇ। ਆਪਣੇ ਤੌਰ 'ਤੇ ਕੋਈ ਜੋ ਮਰਜ਼ੀ ਸੋਚੇ ਪਰ ਅਨੁਭਵ ਇਸ ਭਰਮ ਦੀ ਪੁਸ਼ਟੀ ਨਹੀਂ ਕਰਦਾ। ਗੁਰੂ ਨਾਨਕ ਦੀ ਸਿੱਖਿਆ ਦਾ ਆਧਾਰ ਅਨੁਭਵ ਹੈ ਤੇ ਜੋ ਗੱਲ ਅਨੁਭਵ 'ਤੇ ਪੂਰੀ ਨਹੀਂ ਉਤਰਦੀ, ਉਹ ਕੂੜ ਭਾਵ ਮਿੱਥਿਆ ਹੈ। ਪ੍ਰਮਾਣ-ਰਹਿਤ ਗੱਲ ਅੰਧ-ਵਿਸ਼ਵਾਸ ਦੇ ਆਸਰੇ ਹੀ ਅਟਕਦੀ ਹੈ ਪਰ ਸਿੱਖੀ ਦੀ ਵਿਗਿਆਨਕ ਸੋਚ ਦੇ ਤਾਣੇ-ਬਾਣੇ ਵਿਚ ਇਸ ਦੇ ਟਿਕਣ ਦੀ ਕੋਈ ਥਾਂ ਨਹੀਂ ਹੈ। ਜੇ ਕੋਈ ਇਸ ਤੋਂ ਉਲਟ ਸੋਚਦਾ ਹੈ, ਉਹ ਮੂਲ ਮੰਤਰ ਅਨੁਸਾਰ ਨਹੀਂ, ਆਪਣੀ ਹਉਮੈ ਅਨੁਸਾਰ ਵਿਚਰਦਾ ਹੈ।

ਕੀ ਉਸ ਨੂੰ ਵੇਖਿਆ ਜਾਂ ਮਿਲਿਆ ਜਾ ਸਕਦਾ ਹੈ? ਜੀ ਨਹੀਂ, ਜਿੱਦਾਂ ਤੁਸੀਂ ਸਮਝਦੇ ਹੋ, ਉਦਾਂ ਕੁਝ ਨਹੀਂ ਹੁੰਦਾ। ਮੂਲ ਮੰਤਰ ਅਨੁਸਾਰ ਉਹ ਤੁਹਾਡੇ ਤੋਂ ਵਖਰੀ ਸਤਹ 'ਤੇ ਵਿਚਰਦਾ ਹੈ। ਜਿਵੇਂ ਇਕ ਉਡਦਾ ਜਹਾਜ ਸੜਕ 'ਤੇ ਜਾਂਦੇ ਵਾਹਨ ਨਾਲ ਨਹੀਂ ਟਕਰਾਉਂਦਾ, ਉਵੇਂ ਹੀ ਉਹ ਤੁਹਾਨੂੰ ਨਹੀਂ ਟੱਕਰ ਸਕਦਾ ਭਾਵੇਂ ਤੁਸੀਂ ਉਸ ਨੂੰ ਲੱਖ ਭਾਲਦੇ ਫਿਰੋ। ਜੇ ਇੱਦਾਂ ਹੁੰਦਾ ਫਿਰ ੴ ਦੀ ਵਿਧੀ ਤੇ ਖੋਜ ਦੀ ਲੋੜ ਹੀ ਨਹੀਂ ਸੀ। ਉਹ ਕੋਈ ਗੁਫਾ ਵਿਚ ਛੁਪਿਆ ਸਾਧੂ-ਸੰਤ ਨਹੀਂ ਜੋ ਤੁਹਾਨੂੰ ਢੂੰਡਣ 'ਤੇ ਲੱਭ ਪਵੇਗਾ। ਤੁਹਾਡੀਆਂ ਇੰਦਰੀਆਂ ਤੇ ਸੋਚ ਹੀ ਅਜਿਹੀਆਂ ਨਹੀਂ ਕਿ ਉਹ ਤੁਹਾਨੂੰ ਲੱਭੇ। ਸੋਚ ਬਦਲੋ, ਇੰਦਰੀਆਂ ਨੂੰ ਆਸਰਾ ਦਿਓ ਤਾਂ ਹੀ ਉਸ ਨੂੰ ਖੋਜ ਸਕਦੇ ਹੋ।

ਤੁਸੀਂ ਮਾਦੇ ਦਾ ਉਹ ਬੁੱਤ ਹੋ ਜਿਸ ਦੀਆਂ ਗਿਆਨ ਇੰਦਰੀਆਂ ਸੀਮਤ ਹਨ ਤੇ ਸੀਮਤ ਗਿਆਨ ਇੱਕਠਾ ਕਰ ਸਕਦੀਆਂ ਹਨ। ਦੂਜੇ ਪਾਸੇ, ਉਹ ਇਕ ਅਣਦਿਸਦੀ ਮੂਰਤ ਹੈ, ਇਕ ਛਿੰਨ-ਭੰਗਰੀ ਝਲਕ ਦਾ ਅਹਿਸਾਸ ਹੈ ਤੇ ਇਕ ਦੁਰਾਡਾ ਸੰਕਲਪ ਹੈ। ਉਸ ਦੀਆਂ ਸਭ ਵਿਸ਼ੇਸ਼ਤਾਈਆਂ ਦੇ ਪੂਰੇ ਗਿਆਨ ਦੀ ਅਣਹੋਂਦ ਵਿਚ ਮਨੁੱਖ ਲਈ ਇਸ ਝਲਕ ਜਾਂ ਸੰਕਲਪ ਦਾ ਨਿਰਮਾਣ ਕਰਨਾ ਔਖਾ ਹੈ। ਇਸ ਲਈ ਉਸ ਦੇ ਦੀਦਾਰ ਦਾ ਤਾਂ ਹਾਲੇ ਖਿਆਲ ਕਰਨਾ ਵੀ ਸੰਭਵ ਨਹੀਂ। ਉਸ ਦੇ ਚਾਰੇ ਪਾਸੇ ਮਾਯਾ ਦੀ ਧੁੰਦ ਪਸਰੀ ਹੋਈ ਹੈ ਤੇ ਮਨੁੱਖ ਦੀ ਬੁੱਧੀ ਇੰਨੀ ਕਮਜ਼ੋਰ ਹੈ ਕਿ ਇਸ ਚੁਫੇਰੀ ਧੁੰਦ ਨੂੰ ਬੇਧ ਨਹੀਂ ਸਕਦੀ। ਮਾਯਾ ਦੇ ਭੇਤ ਇੰਨੇ ਗੁੰਝਲਦਾਰ ਹਨ ਕਿ ਹਰ ਕਦਮ 'ਤੇ ਗਲਤੀ ਤੇ ਸ਼ੰਕੇ ਦਾ ਮਾਹੌਲ ਬਣਿਆ ਰਹਿੰਦਾ ਹੈ। ਕੇਵਲ ਵਿਗਿਆਨਕ ਵਿਧੀ ਹੀ ਇਸ ਅੰਧ-ਸਾਗਰ ਨੂੰ ਪਾਰ ਕਰਵਾਉਣ ਦੀ ਉਮੀਦ ਬੰਨ੍ਹਾਉਂਦੀ ਹੈ। ਇਸ ਲਈ ਸਮਾਂ ਪੈਣ 'ਤੇ ਹੀ ਇਸ ਦੀ ਅਸਲ ਰੂਪ ਰੇਖਾ ਦਾ ਕੋਈ ਬੋਧ ਹੋ ਸਕਦਾ ਹੈ।

ਪਰ ਸਿੱਧੇ ਰੂਪ ਵਿਚ ਨਾ ਸਹੀ ਉਸ ਦੀ ਕਾਇਨਾਤ ਰਾਹੀਂ ਤਾਂ ਉਸ ਦੇ ਦਰਸ਼ਨ ਹਰ ਵੇਲੇ ਹੁੰਦੇ ਹੀ ਰਹਿੰਦੇ ਹਨ। ਇਹ ਮਿੱਟੀ, ਇਹ ਪਾਣੀ, ਇਹ ਚੁਫੇਰੇ ਫਿਰਦੇ ਲੋਕ, ਇਹ ਜੀਵ-ਜੰਤੂ ਤੇ ਬਨਸਪਤੀ ਸਭ ਪਰਮ ਸਤਿ ਦਾ ਹੀ ਰੂਪ ਹਨ। ਜਿੰਨਾ ਚਿਰ ਅਸਲੀਅਤ ਸਾਹਮਣੇ ਨਹੀਂ ਆ ਜਾਂਦੀ, ਉਨ੍ਹਾਂ ਚਿਰ ਉਸ ਦੀ ਕਾਇਨਾਤ ਨੂੰ ਕੁਰੇਦਣਾ, ਜਾਣਨਾ, ਸਮਝਣਾ, ਸਵੀਕਾਰਨਾ ਤੇ ਪਿਆਰ ਕਰਨਾ ਹੀ ਉਸ ਦੇ ਦਰਸ਼ਨ ਕਰਨ ਸਮਾਨ ਹੈ। ਇਹ ਕੋਈ ਸਰਾਪ ਨਹੀਂ, ਮਨੁੱਖ ਦੀ ਹੋਣੀ ਹੈ। ਗੁਰੂ ਨਾਨਕ ਅਨੁਸਾਰ ਅਗਿਆਨ ਦੀ ਅੰਧੇਰੀ ਰਾਤ ਦਾ 'ਅਮ੍ਰਿਤ ਵੇਲਾ' ਭਾਵ ਪਹੁ-ਫੁੱਟੀ ਵੇਲਾ ਹੋਣ ਵਾਲਾ ਹੈ। ਗਿਆਨ ਦੀ ਸੱਜਰੀ ਸਵੇਰ ਹੋਣ ਤੀਕ ਉਸ ਦੇ ਗੁਣ ਪਛਾਣਨ ਦਾ ਇਹ 'ਮੁਸ਼ਕਤ' ਭਰਿਆ ਸੰਘਰਸ਼ ਹੀ ਮਨੁੱਖਤਾ ਦਾ ਪੰਧ ਹੈ ਤੇ ਇਸੇ ਲੰਮੇ ਪੰਧ 'ਤੇ ਚੱਲੀ ਚੱਲਣਾ ਹੀ ਮਨੁੱਖ ਦਾ ਅਸਲੀ 'ਜਪੁ' ਹੈ।

ਕੀ ਗੁਰੂ ਨਾਨਕ ਸਿੱਖ ਧਰਮ ਦੇ ਮੋਢੀ ਸਨ? ਜੀ ਨਹੀਂ, ਗੁਰੂ ਨਾਨਕ ਸਿੱਖ ਧਰਮ ਦੇ ਨਹੀਂ, ਸਿੱਖ ਵਿਚਾਰਧਾਰਾ ਜਾਂ ਸਿੱਖੀ ਦੇ ਮੋਢੀ ਸਨ। ਇਤਿਹਾਸ ਤੇ ਰਵਾਇਤ-ਦੋਵੇਂ ਗਵਾਹ ਹਨ ਕਿ ਗੁਰੂ ਨਾਨਕ ਬਚਪਨ ਤੋਂ ਹੀ ਕਿਸੇ ਧਰਮ ਵਲ ਨਹੀਂ ਗਏ। ਉਨ੍ਹਾਂ ਨੇ ਹਿੰਦੂ ਤੇ ਇਸਲਾਮ-ਦੋਹਾਂ ਧਰਮਾਂ ਦੀ ਸਿੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਸੀ। ਉਲਟਾ ਉਨ੍ਹਾਂ ਨੇ ਦੋਹਾਂ ਦੇ ਨੁਮਾਇੰਦਿਆਂ ਨੂੰ ਕਠੋਰ ਪ੍ਰਸ਼ਨ ਪੁੱਛ ਕੇ ਵਾਪਸ ਤੋਰ ਦਿੱਤਾ ਸੀ। ਉਨ੍ਹਾਂ ਨੇ ਦੋਹਾਂ ਮੱਤਾਂ ਦੀਆਂ ਕੁਰੀਤੀਆਂ ਤੇ ਝੂਠੀਆਂ ਧਾਰਨਾਵਾਂ ਦਾ ਖੋਖਲਾਪਣ ਨਕਾਰ ਕੇ ਉਨ੍ਹਾਂ ਦੀ ਆਲੋਚਨਾ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਸ਼ੁਭ ਸੋਚ ਤੇ ਅਮਲਾਂ ਬਿਨਾ ਦੋਵੇਂ ਮੱਤ ਖੱਜਲ-ਖਵਾਰੀ ਦਾ ਘਰ ਹਨ। ਇਹ ਹੀ ਨਹੀਂ, ਉਹ ਦੂਜੇ ਹੋਰ ਧਰਮਾਂ ਦੀ ਹਕੀਕਤ ਤੋਂ ਵੀ ਜਾਣੂ ਸਨ। ਉਹ ਸਮਝਦੇ ਸਨ ਕਿ ਸਾਰੇ ਧਰਮ ਯਥਾਰਥ ਤੋਂ ਕਟੇ ਹੋਏ ਸਨ। ਇਸ ਕਰਕੇ ਇਹ ਸਭ ਨਿਰਮੂਲ ਤੇ ਕਠੋਰ ਰਹੁ-ਰੀਤਾਂ ਦਾ ਪੁਲੰਦਾ ਸਨ। ਇਨ੍ਹਾਂ ਸਭਨਾਂ ਦੀਆਂ ਮਾਨਤਾਵਾਂ ਮਿਥਿਹਾਸ ਤੇ ਬੇਬੁਨਿਆਦ ਪਰੰਪਰਾਵਾਂ ਦਾ ਅਡੰਬਰ ਸਨ। ਗਿਆਨ ਧਿਆਨ ਨੂੰ ਤਾਂ ਇਨ੍ਹਾਂ ਨੇ ਨਾਦ ਬਿਨੋਦ ਭਾਵ ਮਨੋਰੰਜਨ ਦਾ ਧੰਦਾ ਬਣਾ ਲਿਆ ਸੀ। ਇਹ ਸੱਚ ਦੀ ਖੋਜ ਦੇ ਅਸਮਰਥ ਸਨ ਅਤੇ ਇਸ ਦੇ ਰਾਹ ਵਿਚ ਰੋੜੇ ਸਨ। ਉਨ੍ਹਾਂ ਦਾ ਉਂਜ ਕਿਸੇ ਧਰਮ ਵਿਸ਼ੇਸ਼ ਨਾਲ ਕੋਈ ਵੈਰ-ਵਿਰੋਧ ਨਹੀਂ ਸੀ। ਉਹ ਤਾਂ ਸਭ ਧਰਮਾਂ ਤੋਂ ਹੀ ਅੱਕੇ ਪਏ ਸਨ। ਕਾਰਨ ਇਹੀ ਕਿ ਉਹ ਸੱਚ ਭਾਲਦੇ ਸਨ ਤੇ ਇਨ੍ਹਾਂ ਵਿਚ ਸੱਚ ਹੈ ਨਹੀਂ ਸੀ। ਇਸ ਲਈ ਉਨ੍ਹਾਂ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਇਨ੍ਹਾਂ ਪਿੱਛੇ ਮੱਤ ਜਾਓ। ਆਪਣੀ ਸਮਝ-ਬੂਝ ਤੇ ਤਰਕ ਨਾਲ ਇਨ੍ਹਾਂ ਦੀ ਇਕ ਇਕ ਕੁਰੀਤੀ ਨੂੰ ਤਿਆਗ ਦਿਓ। ਉਨ੍ਹਾਂ ਨੇ ਆਪਣੀ ਅਦੁੱਤੀ ਸਮਝ ਅਨੁਸਾਰ ਆਪਣੇ ਸਿੱਖਾਂ ਨੂੰ ਅਜਿਹਾ ਗਿਆਨ ਹਾਸਲ ਕਰਨ ਦਾ ਉਪਦੇਸ਼ ਦਿਤਾ ਜੋ ਸਮਾਨ-ਸੋਝੀ, ਪਰਖ-ਪੜਤਾਲ ਅਤੇ ਅਨੁਭਵ ਵਿਚੋਂ ਉਸਰਿਆ ਹੋਵੇ। ਅਜਿਹਾ ਗਿਆਨ ਜਿਸ ਵਿਚ ਗਣਿਤੀ ਵਿਧੀ ਦੀ ਵਰਤੋਂ ਨਾਲ ਸਥਿਰਤਾ ਤੇ ਸ਼ੁਧਤਾ ਆਈ ਹੋਵੇ। ਜੋ ਸੱਚ ਤੋਂ ਉਗਿਆ ਹੋਵੇ ਤੇ ਸੱਚਾਈ ਨਾਲ ਸਤਿ ਭਾਵ ਪਰਮ ਸਤਿ ਤੀਕ ਲੈ ਜਾਣ ਦੀ ਸਮਰਥਾ ਰੱਖਦਾ ਹੋਵੇ।

ਮੂਲ ਮੰਤਰ ਦੇ ਉਪਰੋਕਤ ਅਧਿਐਨ ਤੋਂ ਪੱਕੀ ਤਰ੍ਹਾਂ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਕ ਨਵੇਂ ਧਰਮ ਜਾਂ ਮਜ਼ਬ ਦੀ ਥਾਂ ਇਕ ਨਵੀਂ ਸਿੱਖ, ਇਕ ਨਵੀਂ ਸੋਚ ਤੇ ਇਕ ਨਵਾਂ ਮੱਤ ਦਿੱਤਾ ਜੋ ਤਰਕਸੰਗਤ ਤੇ ਵਿਗਿਆਨਕ ਸੀ। ਸਿੱਖੀ ਦੀ ਇਸ ਵਿਗਿਆਨਕ ਵਿਲੱਖਣਤਾ ਤੋਂ ਅਣਜਾਣ ਬਹੁਤੇ ਅਜੋਕੇ ਸਿੱਖ ਇਸ ਨੂੰ ਨਵਾਂ ਧਰਮ ਹੀ ਕਹੀ ਜਾਂਦੇ ਹਨ। ਉਹ ਨਹੀਂ ਜਾਣਦੇ ਕਿ ਧਰਮ ਤਾਂ ਧਰਮ ਹੀ ਹੁੰਦੇ ਹਨ, ਇਨ੍ਹਾਂ ਵਿਚ ਨਵਾਂ-ਪੁਰਾਣਾ ਕੁਝ ਨਹੀਂ ਹੁੰਦਾ। ਸਾਰੇ ਹੀ ਧਰਮ ਕਲਪਨਾ, ਵਿਸ਼ਵਾਸ, ਧਾਰਮਿਕ ਬਿੰਬਾਂ ਤੇ ਪੂਜਾ-ਪਾਠ 'ਤੇ ਉਸਰੇ ਹੁੰਦੇ ਹਨ ਤੇ ਇਹ ਇਨ੍ਹਾਂ ਗੱਲਾਂ 'ਤੇ ਆ ਕੇ ਹੀ ਸੰਪੰਨ ਹੁੰਦੇ ਹਨ। ਸਾਰਿਆਂ ਵਿਚੋਂ ਯਥਾਰਥ, ਤਰਕ ਤੇ ਸੱਚ ਅਲੋਪ ਹੋਏ ਹੁੰਦੇ ਹਨ। ਗਿਆਨ ਦੀ ਕਸੌਟੀ 'ਤੇ ਕੋਈ ਪੂਰਾ ਨਹੀਂ ਉਤਰਦਾ। ਜੇ ਕੋਈ ਉਤਰੇਗਾ ਤਾਂ ਫਿਰ ਉਹ ਧਰਮ ਨਹੀਂ ਇਕ ਵਿਗਿਆਨਕ ਫਲਸਫਾ ਹੋਵੇਗਾ।

ਇਸੇ ਲਈ ਗੁਰੂ ਸਾਹਿਬ ਨੇ ਸਿੱਖੀ ਨੂੰ ਸਿੱਖ ਧਰਮ ਦੇ ਤੌਰ 'ਤੇ ਨਹੀਂ ਸਗੋਂ ਸਿੱਖ ਮੱਤ ਭਾਵ ਸਿੱਖ ਜਾਚ ਜਾਂ ਸਿੱਖ ਸੋਚ ਦੇ ਤੌਰ 'ਤੇ ਦਿੱਤਾ ਹੈ। ਉਨ੍ਹਾਂ ਨੇ ਇਸ ਵਿਚ ਮੰਨਣ ਤੇ ਵਿਸ਼ਵਾਸ ਦੀ ਥਾਂ ਖੋਜਣ, ਸਿੱਖਣ ਤੇ ਅਨੁਭਵ ਦੀ ਗੱਲ ਮੂਹਰੇ ਰੱਖੀ ਹੈ। ਇੰਨਾ ਕਰ ਕੇ ਉਨ੍ਹਾਂ ਨੇ ਸਿੱਖ ਮੱਤ ਨੂੰ ਹਿੰਦੂ, ਇਸਲਾਮ ਤੇ ਹੋਰ ਧਰਮਾਂ ਤੋਂ ਨਿਵੇਕਲਾ ਕੀਤਾ ਹੈ। ਜੋ ਲੋਕ ਅੱਜ ਸਿੱਖੀ ਨੂੰ ਹਿੰਦੂ ਧਰਮ ਤੋਂ ਵੱਖ ਸਾਬਤ ਕਰਨ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ, ਉਹ ਸਿੱਖੀ ਦੇ ਇਸ ਵਿਗਿਆਨਕ ਨੁਕਤੇ ਤੋਂ ਅਨਜਾਣ ਲਗਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਹਿੰਦੂਤਵ ਦਾ ਭਿਆਨਕ ਅਜ਼ਗਰ ਸਿੱਖੀ ਨੂੰ ਨਿਗਲ ਜਾਵੇਗਾ ਪਰ ਇਹ ਨਹੀਂ ਸੋਚਦੇ ਕਿ ਮਿਥਿਹਾਸ, ਪਖੰਡ ਤੇ ਅੰਧਵਿਸ਼ਵਾਸ ਇਕ ਵਿਗਿਆਨਕ ਵਿਚਾਰਧਾਰਾ 'ਤੇ ਕਿਵੇਂ ਹਾਵੀ ਹੋ ਸਕਦੇ ਹਨ। ਦਰਅਸਲ ਅਜਿਹੇ ਵਿਅਕਤੀਆਂ ਨੇ ਸਿੱਖੀ ਦੇ ਅੰਦਰੂਨੀ ਵਿਗਿਆਨ ਨੂੰ ਖਗੋਲਿਆ ਹੀ ਨਹੀਂ। ਉਨ੍ਹਾਂ ਨੇ ਪਹਿਲਾਂ ਇਸ ਨੂੰ ਅਣਗੌਲਿਆ ਕਰ ਕੇ ਇਸ ਨੂੰ ਦੂਜੇ ਧਰਮਾਂ ਦੇ ਪੱਧਰ 'ਤੇ ਲਿਆਂਦਾ; ਫਿਰ ਦੇਖਾ ਦੇਖੀ ਇਸ ਵਿਚ ਦੂਜੇ ਧਰਮਾਂ ਵਾਂਗ ਨਿਰਮੂਲ ਰਸਮ-ਰਿਵਾਜ਼ ਲਿਆਂਦੇ; ਫਿਰ ਇਸ ਦਾ ਉਨ੍ਹਾਂ ਨਾਲ ਟਾਕਰਾ ਕੀਤਾ ਤੇ ਅਖੀਰ ਵਿਚ ਇਸ ਨੂੰ ਇਕ ਨਿਮਾਣਾ ਅਲਪ-ਸੰਖਿਅਕ 'ਧਰਮ' ਦੱਸ ਕੇ ਰੌਲਾ ਪਾਇਆ ਕਿ ਬਹੁ-ਮਤ ਵਾਲੇ ਧਰਮ ਇਸ ਨੂੰ ਨਿਗਲ ਜਾਣਗੇ। ਜੇ ਉਨ੍ਹਾਂ ਅਨੁਸਾਰ ਇਹ ਧਰਮ ਹੈ, ਫਿਰ ਤਾਂ ਉਹ ਸੱਚ ਮੁੱਚ ਇਸ ਨੂੰ ਨਿਗਲ ਹੀ ਜਾਣਗੇ। ਜੇ ਸਿੱਖੀ ਧਰਮ ਹੈ, ਫਿਰ ਤਾਂ ਵਿਗਿਆਨ ਵੀ ਧਰਮ ਹੈ ਤੇ ਵਿਗਿਆਨ ਨੂੰ ਵੀ ਨਿਗਲ ਜਾਣਗੇ। ਲੋੜ ਹੈ, ਗੁਰੂ ਨਾਨਕ ਦੀ ਸਿੱਖਿਆ ਅਨੁਸਾਰ ਇਸ ਵਿਚ ਛੁਪੇ ਸੱਚ ਨੂੰ ਸਮਝਣ ਦੀ ਤੇ ਕੂੜ ਤੋਂ ਦੂਰ ਰਹਿਣ ਦੀ।

ਮੂਲ ਮੰਤਰ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਨੇ ਇਸ ਦੇ ਅਰੰਭ ਵਿਚ ਹੀ ਸਭ ਧਰਮਾਂ ਨੂੰ ਗੰਢ ਮਾਰ ਕੇ ਇਕ ਪਾਸੇ ਰੱਖ ਦਿੱਤਾ ਹੈ। ਇਸ ਨਾਲ ਉਨ੍ਹਾਂ ਨੇ ਇਹ ਸੰਕੇਤ ਦਿੱਤਾ ਹੈ ਕਿ ਹੁਣ ਵਿਗਿਆਨ ਦਾ ਸਮਾਂ ਆ ਗਿਆ ਹੈ ਤੇ ਅੰਧ-ਵਿਸ਼ਵਾਸ ਦਾ ਯੁਗ ਖਤਮ ਹੋ ਗਿਆ ਹੈ। ਧਰਮ ਦਾ ਸੱਚ ਇਹ ਹੈ ਕਿ ਇਸ ਦੀ ਬੁਨਿਆਦ ਵਿਸ਼ਵਾਸ ਉਤੇ ਟਿਕੀ ਹੁੰਦੀ ਹੈ। ਵਿਸ਼ਵਾਸ ਦਾ ਅਰਥ ਹੈ ਹਨੇਰਾ, ਭਾਵ ਬਿਨਾ ਗਿਆਨ ਤੋਂ ਭਰੋਸਾ। ਹਨੇਰੇ ਤੇ ਵਿਸ਼ਵਾਸ ਦਾ ਦੂਜਾ ਨਾਂ ਅੰਧ-ਵਿਸ਼ਵਾਸ ਹੈ। ਅੰਧ-ਵਿਸ਼ਵਾਸ ਅਗਿਆਨ ਤੇ ਪਰਦੇ ਦਾ ਪ੍ਰਤੀਕ ਹੈ। ਧਰਮ ਦਾ ਤਾਣਾ-ਬਾਣਾ ਇਸ ਹਨੇਰੇ ਦੇ ਪਰਦੇ ਵਿਚ ਕੱਤਿਆ ਬੁਣਿਆ ਜਾਂਦਾ ਹੈ ਤੇ ਇਸ ਵਿਚ ਹੀ ਵਿਛਾਇਆ ਜਾਂਦਾ ਹੈ।

ਸੰਸਾਰ ਦੀ ਅਸਲੀਅਤ ਹੁੰਦੀ ਕੁਝ ਹੋਰ ਹੈ ਤੇ ਇਸ ਵਿਚ ਦਿਖਦੀ ਕੁਝ ਹੋਰ ਜਾਂਦੀ ਹੈ। ਵਿਚਾਰ ਧਰਤ ਵਲੋਂ ਨਹੀਂ ਅਰਸ਼ ਵਲੋਂ ਆਏ ਹੁੰਦੇ ਹਨ।

*(ਬਾਕੀ ਅਗਲੇ ਸਫੇ 'ਤੇ)*

# ਹਾੜ੍ਹ ਮਹੀਨੇ ਅੱਗ ਪਈ ਵਰ੍ਹਦੀ

**ਦੇਸੀ ਸਾਲ ਦੇ ਚੌਥੇ ਮਹੀਨੇ 'ਹਾੜ੍ਹ' ਨਾਲ ਸਮੁੱਚਾ ਆਲਾ-ਦੁਆਲਾ ਤਪਣ ਲੱਗਦਾ ਹੈ। ਉਂਜ ਇਸ ਮਹੀਨੇ ਦਾ ਵੀ ਆਪਣਾ ਰੰਗ ਹੁੰਦਾ ਹੈ। ਇਸ ਮਹੀਨੇ ਦੌਰਾਨ ਜ਼ਿੰਦਗੀ ਦੀ ਵਿਆਕੁਲਤਾ ਬਾਰੇ ਵੱਖ ਵੱਖ ਲਿਖਾਰੀਆਂ, ਖਾਸ ਕਰ ਸ਼ਾਇਰਾਂ ਨੇ ਖੂਬ ਚਰਚਾ ਕੀਤੀ ਹੈ। ਇਸ ਮਹੀਨੇ ਦੀਆਂ ਦੁਸ਼ਵਾਰੀਆਂ ਅਤੇ ਕੁਦਰਤੀ ਨਿਆਮਤਾਂ ਬਾਰੇ ਨਿੱਠ ਕੇ ਚਰਚਾ ਲੇਖਕ ਆਸਾ ਸਿੰਘ ਘੁਮਾਣ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ**

**ਆਸਾ ਸਿੰਘ ਘੁਮਾਣ**
ਫੋਨ: 91-98152-53245

ਪੰਜਾਬ ਵਿਚ ਵਿਸਾਖ ਤੋਂ ਸ਼ੁਰੂ ਹੋਈ ਗਰਮੀ ਜੇਠ ਮਹੀਨੇ ਵਿਚੋਂ ਲੰਘਦੀ ਲੰਘਦੀ ਹਾੜ੍ਹ ਤੱਕ ਪਹੁੰਚਦਿਆਂ 47-48 ਡਿਗਰੀ ਤੱਕ ਜਾ ਪੁੱਜਦੀ ਹੈ। ਗਰਮੀ ਦਾ ਇਹ ਕਹਿਰ ਹੁਣ ਅਸਹਿ ਜਾਪਣ ਲੱਗਦਾ ਹੈ। ਰੁੱਖਾਂ ਥੱਲੇ, ਪੱਖਿਆਂ ਤੇ ਕੂਲਰਾਂ ਅੱਗੇ, ਏ.ਸੀ. ਕਮਰਿਆਂ ਵਿਚ ਵੀ ਚੈਨ ਨਸੀਬ ਨਹੀਂ ਹੁੰਦਾ। ਦੁਪਹਿਰ ਵੇਲੇ ਤਾਂ ਬਾਹਰ ਨਿਕਲਣਾ ਹੋਰ ਵੀ ਔਖਾ ਹੋ ਜਾਂਦਾ ਹੈ। ਸਨ ਸਟਰੋਕ ਅਤੇ ਹੀਟ ਸਟਰੋਕ ਨਾਲ ਆਏ ਦਿਨ ਮੌਤਾਂ ਦੀਆਂ ਖਬਰਾਂ ਆਉਣ ਲੱਗਦੀਆਂ ਹਨ। ਤੱਤੀਆਂ ਲੋਆਂ ਵਗਦੀਆਂ ਹਨ ਅਤੇ ਸਭ ਦੇ ਚਿਹਰੇ ਲਿੱਸੇ ਲਿੱਸੇ ਜਿਹੇ ਨਜ਼ਰ ਆਉਂਦੇ ਹਨ। ਕੰਮ ਕਰਨ ਦੀ ਸਮਰੱਥਾ ਘੱਟ ਜਾਂਦੀ ਹੈ। ਬਾਹਰ ਖੇਤ ਵੀ ਧੁੱਪ ਨਾਲ ਲੂਸਣ ਲੱਗਦੇ ਹਨ। ਜਿਥੇ ਕਿਤੇ ਹਰਿਆਵਲ ਹੁੰਦੀ ਹੈ, ਉਸ ਨੂੰ ਪਾਲਣਾ ਦਿਨੋ-ਦਿਨ ਔਖਾ ਹੋਈ ਜਾਂਦਾ ਹੈ। ਹਰ ਚੀਜ਼ ਸੁੱਕੀ-ਸੜੀ ਨਜ਼ਰ ਆਉਂਦੀ ਹੈ। ਵਾਰ ਵਾਰ ਨਹਾਉਣ ਨੂੰ ਜੀ ਕਰਦਾ ਹੈ। ਝਟ ਪਸੀਨੋ-ਪਸੀਨੀ ਹੋ ਜਾਈਦਾ ਹੈ। ਆਪਣੇ ਆਪ ਨਾਲ ਚਿੜ ਹੋਣ ਲੱਗਦੀ ਹੈ। ਦਿਨ ਲੰਬੇ ਹੋਈ ਜਾਂਦੇ ਹਨ। ਸੰਗਰਾਂਦ ਵਾਲੇ ਦਿਨ ਸੂਰਜ 5:23 'ਤੇ ਨਿਕਲਦਾ ਹੈ ਅਤੇ 7:31 'ਤੇ ਡੁਬਦਾ ਹੈ।

ਹਾੜ੍ਹ ਤੱਕ ਕੋਇਲ ਦੀ ਕੂ ਕੂ ਵਿਆਕੁਲਤਾ ਦੀ ਹੂਕ ਬਣ ਜਾਂਦੀ ਹੈ। ਜਿਵੇਂ ਜਲ ਬਿਨ ਮਛਲੀ ਤੜਫਦੀ ਹੈ, ਉਵੇਂ ਕੋਇਲ ਆਪਣੇ ਪ੍ਰੀਤਮ ਬਿਨ ਮਰ ਮਰ ਜਾਂਦੀ ਹੈ। ਉਧਰੋਂ ਪਪੀਹਾ (ਬੰਬੀਹਾ) ਸਵਾਂਤੀ ਬੂੰਦਾਂ ਨੂੰ ਤਰਸਣ ਲੱਗਦਾ ਹੈ। ਇੰਜ ਲੱਗਦਾ ਹੈ, ਜਿਵੇਂ ਉਹ ਵੀ ਵਰਖਾ ਲਈ ਬੇਨਤੀਆਂ ਕਰ ਰਿਹਾ ਹੋਵੇ! ਕਹਿੰਦੇ ਹਨ ਕਿ ਬੰਬੀਹੇ ਦੀ ਆਮ ਵਰਖਾ ਦੀਆਂ ਬੂੰਦਾਂ ਨਾਲ ਤ੍ਰਿਪਤੀ ਨਹੀਂ ਹੁੰਦੀ। ਉਸ ਦੀ ਤ੍ਰਿਪਤੀ ਉਨ੍ਹਾਂ ਬੂੰਦਾਂ ਨਾਲ ਹੁੰਦੀ ਹੈ ਜੋ ਬੂੰਦਾਂ ਸਵਾਂਤੀ ਯੋਗ ਸਮੇਂ ਡਿੱਗਦੀਆਂ ਹਨ। ਜੋਤਿਸ਼ ਅਨੁਸਾਰ ਹਾੜ੍ਹ ਦੇ ਚਾਨਣ ਪੱਖ ਦੀਆਂ ਸਾਰੀਆਂ ਥਿਤਾਂ ਨੂੰ ਸਵਾਂਤੀ ਯੋਗ ਹੁੰਦਾ ਹੈ। ਇਸ ਯੋਗ ਵੇਲੇ ਜੋ ਵਰਖਾ ਹੁੰਦੀ ਹੈ, ਉਸ ਦੀਆਂ ਬੂੰਦਾਂ ਨੂੰ ਬਹੁਤ ਪਵਿਤਰ ਅਤੇ ਕਲਿਆਣਕਾਰੀ ਸਮਝਿਆ ਜਾਂਦਾ ਹੈ। ਲੋਕ ਮਾਨਤਾ ਇਹ ਵੀ ਹੈ ਕਿ ਜੇ ਇਹ ਬੂੰਦ ਕੇਲੇ ਵਿਚ ਪਵੇ ਤਾਂ ਕਪੂਰ, ਸਿੱਪੀ ਵਿਚ ਪਵੇ ਤਾਂ ਮੋਤੀ ਅਤੇ ਬਾਂਸ ਵਿਚ ਪਵੇ ਤਾਂ ਬਾਂਸ-ਲੋਚਨ ਬਣ ਜਾਂਦੀ ਹੈ। ਭਾਈ ਗੁਰਦਾਸ ਅਨੁਸਾਰ ਜੇ ਇਹ ਬੂੰਦ ਸੱਪ ਦੇ ਮੂੰਹ ਵਿਚ ਪਵੇ ਤਾਂ ਜ਼ਹਿਰ ਬਣ ਜਾਂਦੀ ਹੈ:

ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈਂ।
ਜਿਉਂ ਕੇਲੇ ਵਿਚ ਕਪੂਰ ਹੋਏ ਸੀਤਲ ਸੁਖਦਾਈ।
ਮੋਤੀ ਹੋਵੈ ਸਿਪੁ ਮੁਹਿ ਬਹੁ ਮੋਲ ਮਲਾਈ।
ਬਿਸੀਅਰ ਦੇ ਮੁਹਿ ਕਾਲਕੂਟ ਚਿਤਵੈ ਬੁਰਿਆਈ।

ਇਹ ਤੱਥ ਵਿਗਿਆਨਕ ਤੌਰ 'ਤੇ ਕਿੰਨੇ ਕੁ ਸੱਚੇ ਹਨ, ਵੱਖਰੀ ਗੱਲ ਹੈ, ਪਰ ਪ੍ਰਤੱਖ ਹੈ ਕਿ ਪੁਰਾਣੇ ਵਿਦਵਾਨਾਂ, ਗੁਰੂਆਂ-ਪੀਰਾਂ, ਸ਼ਾਇਰਾਂ, ਸਾਹਿਤਕਾਰਾਂ ਦੀ ਆਪਣੇ ਆਲੇ-ਦੁਆਲੇ ਅਤੇ ਕੁਦਰਤ ਦੇ ਵਰਤਾਰਿਆਂ ਵਿਚ ਬਹੁਤ ਡੂੰਘੀ ਦਿਲਚਸਪੀ ਸੀ ਅਤੇ ਕੁਦਰਤੀ ਜੀਵਾਂ ਦੇ ਸੁਭਾਅ ਨੂੰ ਜਾਨਣ ਦੀ ਬਹੁਤ ਜਗਿਆਸਾ ਸੀ।

ਬੰਬੀਹਾ ਸਵੇਰੇ-ਸ਼ਾਮ ਇੰਨੀ ਸ਼ਿੱਦਤ ਨਾਲ ਪੀਹੂ ਪੀਹੂ ਕਰਦਾ ਹੈ ਕਿ ਸੰਵੇਦਨਸ਼ੀਲ ਇਨਸਾਨ ਉਸ ਦੀ ਪੁਕਾਰ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ। ਗੁਰੂ ਨਾਨਕ ਉਸ ਦੀ ਪੁਕਾਰ ਸੁਣ ਕੇ ਉਸ ਨੂੰ ਮੁਖਾਤਬ ਹੁੰਦੇ ਹਨ:

ਬਬੀਹਾ ਜਿਸਨੋ ਤੂ ਪੁਕਾਰਦਾ
ਤਿਸਨੋ ਲੋਚੈ ਸਭਿ ਕੋਇ॥
ਆਪਣੀ ਕ੍ਰਿਪਾ ਕਰਕੇ ਵਸਸੀ
ਵਣ ਤ੍ਰਿਣ ਹਰਿਆ ਹੋਇ॥

ਜਿਉਂ ਜਿਉਂ ਹਾੜ੍ਹ ਬੀਤਦਾ ਜਾਂਦਾ ਹੈ, ਬੰਬੀਹੇ ਦੀਆਂ ਅਰਦਾਸਾਂ ਵਿਚ ਸਭ ਦੀਆਂ ਅਰਦਾਸਾਂ ਸ਼ਾਮਲ ਹੋ ਜਾਂਦੀਆਂ ਹਨ। ਬੰਬੀਹਾ ਕੋਇਲ ਵਾਂਗ ਅੰਮ੍ਰਿਤ ਵੇਲੇ ਹੀ ਪੁਕਾਰਨ ਲੱਗਦਾ ਹੈ, ਮਾਨੋ ਸਵਾਂਤੀ ਬੂੰਦਾਂ ਦੀ ਅਰਦਾਸ ਕਰ ਰਿਹਾ ਹੋਵੇ:

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ
ਤਾਂ ਦਰ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨ ਹੋਆ
ਵਰਸਹੁ ਕਿਰਪਾ ਧਾਰਿ॥

ਮੀਂਹ ਪੈਣ ਨਾਲ ਤਾਪਮਾਨ ਥੱਲੇ ਆ ਜਾਂਦਾ ਹੈ। ਧਰਤੀ ਕੁਝ ਠੰਢੀ ਹੋ ਜਾਂਦੀ ਹੈ ਅਤੇ ਖੇਤੀ ਦਾ ਆਹਰ ਸ਼ੁਰੂ ਹੋ ਜਾਂਦਾ ਹੈ। ਪੰਜਾਬ ਦੀ ਆਰਥਕਤਾ ਸਹੀ ਸਮੇਂ ਅਤੇ ਸਹੀ ਮਾਤਰਾ ਵਿਚ ਮੀਂਹ ਪੈਣ 'ਤੇ ਬਹੁਤ ਨਿਰਭਰ ਕਰਦੀ ਹੈ। ਇਸ ਲਈ ਹਾੜ੍ਹ ਦੇ ਦਿਨਾਂ ਵਿਚ ਬਰਸਾਤ ਲੇਟ ਹੋ ਜਾਵੇ ਤਾਂ ਇੰਦਰ ਦੇਵਤੇ ਦਾ ਨਾਂ ਬਹੁਤ ਜਪਿਆ ਜਾਂਦਾ ਹੈ। ਭਾਰਤੀ ਪਰੰਪਰਾ ਅਨੁਸਾਰ ਇਹ ਦੇਵਤਾ ਮੇਘ-ਮਾਲਕ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਸਭ ਰੁੱਤਾਂ ਇੰਦਰ ਦੇਵਤਾ ਨੇ ਬਣਾਈਆਂ ਹਨ। ਜਦੋਂ ਉਹ ਰੁੱਤਾਂ ਬਣਾ ਰਿਹਾ ਸੀ, ਉਸ ਸਮੇਂ ਉਹ ਐਂਦਰ ਅਪਸਰਾ ਨੂੰ ਬਹੁਤ ਪਿਆਰ ਕਰਦਾ ਸੀ। ਕਿਹਾ ਜਾਂਦਾ ਹੈ ਕਿ ਰੁੱਤਾਂ ਦਾ ਰੰਗ-ਰੂਪ, ਸੁਭਾਅ ਅਤੇ ਸੀਰਤ ਉਸ ਨੇ ਐਂਦਰ ਦੀਆਂ ਮੁਦਰਾਵਾਂ ਅਤੇ ਉਸ ਦੇ ਚਿਹਰੇ ਦੇ ਹਾਵਾਂ-ਭਾਵਾਂ ਤੋਂ ਲੈ ਕੇ ਸਿਰਜਿਆ:

ਜਦ ਉਹ ਹੱਸੀ, ਰੁੱਤ ਬਹਾਰ ਬਣੀ।
ਕਾਮੀ ਨਜ਼ਰੇ ਤੱਕੀ, ਤਾਂ ਅੰਗਿਆਰ ਬਣੀ।
ਵਿਚ ਉਦਾਸੀ ਮੱਤੀ, ਤਾਂ ਪੱਤ-ਹਾਰ ਬਣੀ।
ਸੇਜਾਂ ਮਾਣ ਕੇ ਥੱਕੀ, ਠੰਢੀ ਠਾਰ ਬਣੀ।
ਝਾਂਜਰ ਪਾ ਕੇ ਨੱਚੀ, ਤਾਂ ਸ਼ਿੰਗਾਰ ਬਣੀ।

ਹਾੜ੍ਹ ਦੀ ਰੁੱਤ ਅੰਗਿਆਰਾਂ ਦੀ ਰੁੱਤ ਹੈ। ਇਸ ਬਲਦੀ ਰੁੱਤੇ ਕੁਦਰਤ ਜਦ ਮੇਘਲਾ ਭੇਜਦੀ ਹੈ ਤਾਂ ਕਾਇਨਾਤ ਦਾ ਕੁੱਲ ਮਾਹੌਲ ਬਦਲ ਜਾਂਦਾ ਹੈ। ਇਨ੍ਹੀਂ ਦਿਨੀਂ ਹਰਿਮੰਦਰ ਸਾਹਿਬ ਅਤੇ ਬਾਕੀ ਮੁੱਖ ਗੁਰਦੁਆਰਿਆਂ ਵਿਚ ਮਲਹਾਰ ਰਾਗ ਵਿਚ ਕੀਰਤਨ ਕੀਤਾ ਜਾਂਦਾ ਹੈ। ਇਹ ਰਾਗ ਹਿੰਦੁਸਤਾਨੀ ਰਵਾਇਤ ਅਨੁਸਾਰ ਦੇਰ ਸ਼ਾਮ ਅਤੇ ਸਵੱਖਤੇ ਗਾਇਆ ਜਾਣ ਵਾਲਾ ਰਾਗ ਹੈ, ਪਰ ਬਰਸਾਤ ਦੇ



ਦਿਨਾਂ ਵਿਚ ਇਹ ਕਿਸੇ ਵੀ ਸਮੇਂ ਗਾਇਆ ਜਾ ਸਕਦਾ ਹੈ। ਇਹ ਰਾਗ ਹੁਲਾਸ ਅਤੇ ਉਤਸ਼ਾਹਤ ਮੂਡ ਵਾਲਾ ਰਾਗ ਹੈ, ਕਿਉਂਕਿ ਬਰਸਾਤ ਨਾਲ ਤਨ, ਮਨ, ਧਨ ਤੇ ਬਨਸਪਤੀ ਮੌਲਦੀ ਹੈ, ਫੁੱਲ ਖਿੜਦੇ ਹਨ, ਧਰਤੀ ਦੀ ਕੁੱਖ ਨੂੰ ਭਾਗ ਲੱਗਦੇ ਹਨ।

ਅੱਜ ਦੇ ਯੁੱਗ ਵਿਚ ਭਾਵੇਂ ਸਿੰਜਾਈ ਦੇ ਅਨੇਕਾਂ ਸਾਧਨ ਉਪਲਬਧ ਹੋ ਗਏ ਹਨ ਅਤੇ ਮਨੁੱਖ ਨੇ ਕਈ ਸੁਖ-ਸਹੂਲਤਾਂ ਦਾ ਵੀ ਪ੍ਰਬੰਧ ਕਰ ਲਿਆ ਹੈ, ਪਰ ਮੀਂਹ ਪੈਣ ਨਾਲ ਕਾਫੀ ਵੱਡੀ ਰਾਹਤ ਮਿਲਦੀ ਹੈ। ਉਂਜ ਕਦੀ ਕਦੀ ਖਿਆਲ ਆਉਂਦਾ ਹੈ ਕਿ ਮਨੁੱਖ ਵਾਕਿਆ ਹੀ ਆਪਣੀ ਸੋਚ ਕਰ ਕੇ ਦੁਖੀ ਰਹਿੰਦਾ ਹੈ। ਪੁਰਾਤਨ ਪੰਜਾਬ ਦਾ ਜੀਵਨ ਅਜੋਕੇ ਜੀਵਨ ਤੋਂ ਕਿਤੇ ਵੱਧ ਕਠਿਨ ਸੀ। ਨਾ ਬਿਜਲੀ ਸੀ, ਨਾ ਪੱਖੇ; ਨਾ ਕੂਲਰ ਤੇ ਨਾ ਏ.ਸੀ. ਸਨ। ਨਾ ਜੈਨਰੇਟਰ, ਨਾ ਇਨਵਰਟਰ। ਖੇਤੀ ਵੀ ਬੇਹੱਦ ਔਖੀ ਸੀ। ਅੱਜ ਦੇ ਮਨੁੱਖ ਕੋਲ ਸੁੱਖ ਸਹੂਲਤਾਂ ਦੇ ਅਨੇਕਾਂ ਸਾਧਨ ਹਨ ਪਰ ਅਫਸੋਸ, ਸਭ ਸਹੂਲਤਾਂ ਦੇ ਬਾਵਜੂਦ ਕਲੇਸ਼ ਉਸੇ ਤਰ੍ਹਾਂ ਹਨ, ਬਰਦਾਸ਼ਤ ਦਾ ਮਾਦਾ ਘਟ ਚੁਕਾ ਹੈ। ਜਦ ਕੋਈ ਉਪਕਰਨ ਰੁਕ ਜਾਂਦਾ ਹੈ ਤਾਂ ਮਨੁੱਖ ਕਿਤੇ ਜ਼ਿਆਦਾ ਖਿਝਦਾ ਹੈ।

ਅੱਜ ਦੇ ਮੁਕਾਬਲੇ ਪੰਦਰਵੀਂ ਸਦੀ ਦਾ ਜੀਵਨ ਤਾਂ ਹੋਰ ਵੀ ਕਠਿਨ ਸੀ, ਪਰ ਜੇ ਕਠਿਨ ਨੂੰ ਕਠਿਨ ਸਮਝਾਂਗੇ ਤਾਂ ਉਹ ਹੋਰ ਬੋਝਲ ਹੋ ਜਾਵੇਗਾ। ਗੁਰੂ ਨਾਨਕ ਇਸ ਮਹੀਨੇ ਦਾ ਉਲੇਖ ਕਰਦਿਆਂ ਇਸ ਨੂੰ ਵੀ ਹੋਰ ਮਹੀਨਿਆਂ ਵਾਂਗ ਭਲਾ ਹੀ ਕਹਿੰਦੇ ਹਨ:

ਅਸਾੜ ਭਲਾ ਸੂਰਜ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸੁ ਸੋਖੈ ਮਰੀਐ ਧੋਖੈ॥
ਭੀ ਸੋ ਕਿਰਤ ਨ ਹਾਰੈ॥
ਰਥ ਫਿਰੈ ਛਾਇਆ ਧਨ ਤਾ ਕੈ
ਟੀਡ ਲਵੈ ਮੰਝਿ ਬਾਰੇ॥
ਅਵਗੁਣ ਬਾਧਿ ਚਲੀ ਦੁਖੁ ਆਗੈ
ਸੁਖ ਤਿਸੁ ਸਾਚੁ ਸਮਾਲੇ॥
ਨਾਨਕ ਤਿਸ ਨੋ ਇਹ ਮਨ ਦੀਆ
ਮਰਣ ਜੀਵਨ ਪ੍ਰਭੂ ਨਾਲੇ॥

ਉਹ ਸੂਰਜ ਜੋ ਸਰਦੀ ਦੇ ਦਿਨਾਂ ਵਿਚ ਸ਼ਕਤੀ-ਸ੍ਰੋਤ ਬਣਦਾ ਹੈ, ਹੁਣ ਕਹਿਰਵਾਨ ਹੈ, ਅੱਗ ਵਰ੍ਹਾਉਂਦਾ ਹੈ। ਹਰ ਜੀਵ, ਹਰ ਪ੍ਰਾਣੀ ਕਲਪ ਗਿਆ ਹੈ। ਹਰ ਵਸਤੂ ਇੰਜ ਹੈ ਜਿਵੇਂ ਅੰਦਰੋਂ ਧੁਖ ਰਹੀ ਹੋਵੇ, ਪਰ ਸੂਰਜ ਹੈ ਕਿ ਰਤਾ ਤਰਸ ਨਹੀਂ ਕਰਦਾ। ਹਰ ਕੋਈ ਅਰਦਾਸ ਕਰਦਾ ਹੈ। ਕੀ ਕੋਇਲ ਤੇ ਕੀ ਬੰਬੀਹਾ; ਨਿੱਕੇ ਤੋਂ ਨਿੱਕਾ ਬੀਂਡਾ ਵੀ ਅਰਦਾਸ ਵਿਚ ਸ਼ਾਮਲ ਹੈ। ਬਾਹਰ ਜੂਹਾਂ ਵੀ ਝੁਲਸ ਰਹੀਆਂ ਹਨ।

ਇਸ ਸ਼ਬਦ ਵਿਚ 'ਰਥ ਫਿਰੈ ਛਾਇਆ ਧਨ ਤਾ ਕੈ' ਨੂੰ ਪਾਲ ਸਿੰਘ ਪੁਰੇਵਾਲ ਨੇ ਆਪਣੇ ਕਲੰਡਰ ਨੂੰ ਨਾਨਕਸ਼ਾਹੀ ਕਲੰਡਰ ਦਾ ਨਾਂ ਦੇਣ ਦੀ ਦਲੀਲ ਵਜੋਂ ਵਰਤਿਆ ਹੈ। 14-15 ਹਾੜ੍ਹ ਦੇ ਕਰੀਬ ਸੂਰਜ ਦਾ ਰਥ ਉਤਰਾਇਣ ਦੇ ਸਿਖਰ ਤੋਂ ਦਖਨਾਇਣ ਨੂੰ ਮੁੜਦਾ ਹੈ ਅਤੇ ਕੁਝ ਦਿਨਾਂ ਬਾਅਦ ਸਾਵਣ ਦੇ ਆਉਣ ਦੀ ਉਡੀਕ ਹੁੰਦੀ ਹੈ, ਤੇ ਇਹ ਉਮੀਦ ਹੁੰਦੀ ਹੈ ਕਿ ਵਰਖਾ ਹੋਵੇਗੀ ਅਤੇ ਛੋਟੇ ਛੋਟੇ ਜੀਵ ਵੀ ਚਹਿਕਣ ਲੱਗਣਗੇ। ਜੀਵ ਇਸਤਰੀ ਰੋਜ਼ ਪਰਛਾਵੇਂ ਤੱਕਦੀ ਹੈ। ਉਸ ਨੂੰ ਪਤਾ ਹੈ ਕਿ ਗਰਮੀ ਦੇ ਸਭ ਤੋਂ ਲੰਬੇ ਦਿਨ ਪਰਛਾਵਾਂ ਸਭ ਤੋਂ ਛੋਟਾ ਹੋਵੇਗਾ ਅਤੇ ਉਸ ਦਿਨ ਤੋਂ ਸੂਰਜ ਰੁਖ ਬਦਲ ਜਾਵੇਗਾ ਅਤੇ ਉਸ ਦਾ ਕਹਿਰ ਘਟਣ ਲੱਗੇਗਾ। ਗੁਰੂ ਜੀ ਦੇ ਵੇਲੇ ਇਹ 'ਰਥ ਫਿਰੇ' 15 ਹਾੜ੍ਹ ਨੂੰ ਹੁੰਦਾ ਸੀ।

ਜੇਠ-ਹਾੜ੍ਹ ਦੀ ਗਰਮੀ ਸਰੀਰਾਂ ਲਈ ਅਤਿ ਜ਼ਰੂਰੀ ਵੀ ਹੁੰਦੀ ਹੈ। ਪਸੀਨਾ ਆਉਣ ਨਾਲ ਸਰੀਰ ਦੇ ਮੁਸਾਮਾਂ ਦੀ ਸਫਾਈ ਹੋ ਜਾਂਦੀ ਹੈ ਅਤੇ ਸਰੀਰ ਅੰਦਰੋਂ-ਬਾਹਰੋਂ ਧੋਤਾ ਜਾਂਦਾ ਹੈ। ਭਾਰੇ ਸਰੀਰ ਵੀ ਕੁਝ ਢਿੱਲ੍ਹੇ ਪੈ ਜਾਂਦੇ ਹਨ। ਭਾਰ ਘਟਾਉਣ ਲਈ ਇਹ ਸਭ ਤੋਂ ਵਧੀਆ ਮਹੀਨਾ ਹੈ, ਬਸ਼ਰਤੇ ਜ਼ਿਆਦਾ ਗਰਮੀ, ਲੂ ਅਤੇ ਧੁੱਪ ਤੋਂ ਬਚਿਆ ਜਾਵੇ। ਪੁਰਾਣੇ ਦਿਨਾਂ ਵਿਚ ਭਲੇ ਲੋਕ ਦੁਪਹਿਰ ਵੇਲੇ ਗੁੱਡੀ-ਗੁੱਡੇ ਦਾ ਵਿਆਹ ਰਚਾਉਂਦੇ ਸਨ। ਫਿਰ ਗੁੱਡੀ-ਗੁੱਡਾ ਸਾੜਿਆ ਜਾਂਦਾ ਅਤੇ ਨਾਲ ਹੀ ਕੁੜੀਆਂ-ਮੁੰਡੇ ਉਚੀ ਉਚੀ ਗਾਉਂਦੇ ਸਨ:

ਗੁੱਡੀ-ਗੁੱਡਾ ਸਾੜਿਆ,
ਵੱਸ ਮੀਂਹਾਂ ਕਾਲਿਆ।
ਗੁੱਡੀ-ਗੁੱਡਾ ਪਿੱਟਿਆ,
ਵੱਸ ਮੀਂਹਾਂ ਚਿੱਟਿਆ।

ਪਿੰਡਾਂ ਵਿਚ ਇਹ ਗੱਲ ਵੀ ਪ੍ਰਚਲਿਤ ਸੀ ਕਿ ਜੇ ਪਿੰਡ ਦੇ ਕਿਸੇ ਕੁਰੱਖਤ ਬੁੱਢੇ ਉਤੇ ਸੁੱਤੇ-ਸਿੱਧ ਪਾਣੀ ਸੁੱਟ ਦੇਈਏ ਅਤੇ ਉਹ ਗੁੱਸੇ ਵਿਚ ਉਠ ਕੇ ਗਾਲ੍ਹਾਂ ਕੱਢੇ ਤਾਂ ਮੀਂਹ ਪੈਂਦਾ ਹੈ। ਪਿੰਡ ਦੀਆਂ ਨੌਜੁਆਨ ਕੁੜੀਆਂ ਸੱਥ ਵਿਚ ਰੁੱਖ ਦੇ ਥੱਲੇ ਬੈਠੇ ਜਾਂ ਸੁੱਤੇ ਬੰਦੇ ਉਤੇ ਪਾਣੀ ਸੁੱਟਦੀਆਂ ਤਾਂ ਉਹ ਅੱਗੋਂ ਅਚਾਨਕ ਘਬਰਾ ਕੇ, ਠੰਢਾ ਹੋਣ ਦੀ ਥਾਂ ਮੱਚ ਉਠਦਾ ਅਤੇ ਗਾਲ੍ਹਾਂ ਕੱਢਦਾ, ਮਾੜਾ ਬੋਲਦਾ। ਚੰਗਾ ਸੋਹਣਾ ਤਮਾਸ਼ਾ ਬੱਝ ਜਾਂਦਾ। ਬੁੱਢਾ ਗਾਲ੍ਹਾਂ ਕੱਢ ਕੇ ਖੁਸ਼ ਅਤੇ ਕੁੜੀਆਂ ਗਾਲ੍ਹਾਂ ਖਾ ਕੇ ਖੁਸ਼। ਮੀਂਹ ਦੀ ਤਾਂ ਆਪਣੀ ਮਰਜ਼ੀ ਹੁੰਦੀ ਸੀ; ਚਾਹੇ ਪਵੇ, ਚਾਹੇ ਨਾ ਪਵੇ; ਪਰ ਕੁਝ ਸਮੇਂ ਲਈ ਗਰਮੀ ਵੱਲੋਂ ਧਿਆਨ ਹਟ ਕੇ ਸ਼ੁਗਲ-ਮੇਲੇ ਵੱਲ ਹੋ ਜਾਂਦਾ ਸੀ।

ਮੀਂਹ ਪੈਣ ਦੀ ਦੇਰ ਹੈ, ਦਾਰਿਆਂ, ਥੜ੍ਹਿਆਂ ਅਤੇ ਬਾਗਾਂ ਦੀਆਂ ਰੌਣਕਾਂ ਘਟ ਜਾਂਦੀਆਂ ਹਨ। ਕੰਮਾਂ ਦੀ ਗਤੀ ਤੇਜ਼ ਹੋ ਜਾਂਦੀ ਹੈ। ਮੱਕੀ, ਚਰੀ, ਜੁਆਰ, ਬਾਜਰੇ ਲਈ ਜ਼ਮੀਨ ਤਿਆਰ ਕਰਨੀ ਹੁੰਦੀ ਹੈ। ਕਮਾਦ ਗੋਡਣ, ਸਬਜ਼ੀਆਂ ਤੋੜਨ ਅਤੇ ਝੋਨੇ ਲਈ ਪਨੀਰੀ ਬੀਜਣ ਦੇ ਕੰਮ, ਕਿੰਨਾ ਕੁਝ ਹੁੰਦਾ ਹੈ ਕਰਨ ਵਾਲਾ। ਸੁਆਣੀਆਂ ਵੀ ਇਨ੍ਹਾਂ ਰੁਝੇਵਿਆਂ ਵਿਚ ਮਦਦਗਾਰ ਸਾਬਤ ਹੁੰਦੀਆਂ ਹਨ। ਜੇ ਖੇਤਾਂ ਵਿਚ ਕਾਮੇ ਲੱਗੇ ਹੋਣ, ਤਾਂ ਉਨ੍ਹਾਂ ਨੂੰ ਰੋਟੀ ਤੇ ਚਾਹ-ਪਾਣੀ ਪਹੁੰਚਾਉਣਾ ਔਰਤਾਂ ਦੇ ਹਿੱਸੇ ਆਉਂਦਾ ਹੈ। ਰਸੋਈ ਦੀ ਡਿਊਟੀ ਘਰ ਦੀਆਂ ਔਰਤਾਂ ਦੀ ਹੀ ਹੁੰਦੀ ਹੈ।

ਹਰ ਸਭਿਆਚਾਰ ਵਿਚ ਰਹੁ-ਰੀਤਾਂ ਅਤੇ

## ਬਾਰਹਮਾਹ

ਕਾਰ-ਵਿਹਾਰ ਦੀਆਂ ਕੁਝ ਗੱਲਾਂ ਬੜੀਆਂ ਗੈਰ-ਪ੍ਰਸੰਗਿਕ ਹੁੰਦੀਆਂ ਹਨ। ਪੰਜਾਬ ਵਿਚ ਗਰਮੀਆਂ ਦੇ ਮੌਸਮ ਵਿਚ ਪਾਇਆ ਜਾਂਦਾ ਪਹਿਰਾਵਾ ਮੌਸਮ ਦੇ ਅਨੁਕੂਲ ਨਹੀਂ ਹੁੰਦਾ। ਲੰਬੇ ਕੁੜਤੇ, ਗਿੱਟਿਆਂ ਤੱਕ ਲੰਬੇ ਪਜਾਮੇ ਅਤੇ ਸਿਰਾਂ 'ਤੇ ਪੱਗਾਂ। ਪਤਾ ਨਹੀਂ ਕਿਉਂ ਸਾਨੂੰ ਨਿੱਕਰਾਂ, ਅੱਧੀ ਬਾਂਹ ਵਾਲੀਆਂ ਬੁਸ਼ਰਟਾਂ ਅਤੇ ਪਟਕੇ (ਕੇਸਕੀਆਂ) ਮਨਜ਼ੂਰ ਨਹੀਂ? ਹੈਰਾਨੀ ਹੁੰਦੀ ਹੈ ਕਿ ਅੰਗਰੇਜ਼ਾਂ ਦੀ ਰੀਸੇ ਪਬਲਿਕ ਸਕੂਲਾਂ ਦੇ ਬੱਚਿਆਂ ਨੂੰ ਭਰਪੂਰ ਗਰਮੀ ਵਿਚ ਵੀ ਟਾਈ ਅਤੇ ਬੂਟ-ਜਰਾਬਾਂ ਪਹਿਨਣੀਆਂ ਪੈਂਦੀਆਂ ਹਨ। ਹਾਂ, ਅੰਗਰੇਜ਼ਾਂ ਦੀ ਰੀਸੇ ਕੁੜੀਆਂ ਨੂੰ ਜ਼ਰੂਰ ਫਾਇਦਾ ਹੋ ਗਿਆ ਹੈ, ਜਿਨ੍ਹਾਂ ਦੀ ਵਰਦੀ ਵਿਚ ਸਲਵਾਰ ਨਾ ਹੋ ਕੇ ਸਕਰਟ ਹੋ ਗਈ ਹੈ।

ਬਹੁਤ ਸਾਰੇ ਦਫਤਰ ਆਮ ਵਾਂਗ ਕੰਮ ਕਰਦੇ ਹਨ, ਪਰ ਸਕੂਲਾਂ-ਕਾਲਜਾਂ ਵਿਚ ਇਨ੍ਹੀਂ ਦਿਨੀਂ ਛੁੱਟੀਆਂ ਹੁੰਦੀਆਂ ਹਨ। ਅਮੀਰ ਲੋਕ ਪਹਾੜਾਂ ਵੱਲ ਤੁਰ ਪੈਂਦੇ ਹਨ, ਭਾਵੇਂ ਏ.ਸੀ. ਦੀ ਸਹੂਲਤ ਨਾਲ ਹੁਣ ਪਹਾੜੀਂ ਜਾਣਾ ਪਿਕਨਿਕ ਤੱਕ ਸੀਮਤ ਹੋ ਗਿਆ ਹੈ। ਅਮੀਰ ਹਰ ਮੌਸਮ ਵਿਚ ਹੀ ਸੁਖ-ਸਾਧਨ ਦੇ ਵਸੀਲੇ ਪੈਦਾ ਕਰ ਲੈਂਦੇ ਰਹੇ ਹਨ।

ਕਾਲੀਦਾਸ ਇਸ ਮੌਸਮ ਬਾਰੇ ਲਿਖਦਾ ਹੈ, "ਲੋਕ ਇਸ ਰੁੱਤੇ ਚਾਨਣੀਆਂ ਰਾਤਾਂ ਵਿਚ ਅਨੋਖੇ ਫੁਹਾਰਿਆਂ, ਵੰਨ-ਸੁਵੰਨੀਆਂ ਮਣੀਆਂ ਤੇ ਸੀਤਲ ਚੰਦਨ ਦੀ ਵਰਤੋਂ ਕਰਦੇ ਹਨ। ਮੁਟਿਆਰਾਂ ਭਾਰੇ ਬਸਤਰ ਲਾਹ ਕੇ ਬਰੀਕ ਕੱਪੜੇ ਪਹਿਨਣ ਲੱਗਦੀਆਂ ਹਨ। ਚੰਦਨ ਤੇ ਪਾਣੀ ਨਾਲ, ਸੀਤਲ ਅਤੇ ਪੱਖਿਆਂ ਦੀ ਪੌਣ ਨਾਲ, ਸੀਨੇ ਤੇ ਸਜੀਆਂ ਹਾਰ ਦੀਆਂ ਲੜੀਆਂ ਨਾਲ ਅਤੇ ਵੀਣਾ ਦੀ ਮਧੁਰ ਧੁਨ ਨਾਲ ਮਾਨੋ ਸੁੱਤੇ ਇਸ਼ਕ ਨੂੰ ਜਗਾਇਆ ਜਾ ਰਿਹਾ ਹੈ।"

ਅਜੋਕੇ ਪੰਜਾਬ ਵਿਚ ਜਿਥੇ ਸਰਦੀਆਂ ਵਿਚ ਮੀਟ-ਸ਼ਰਾਬ ਦਾ ਸੇਵਨ ਬਹੁਤ ਵਧ ਜਾਂਦਾ ਹੈ, ਉਥੇ ਗਰਮੀਆਂ ਵਿਚ ਬੀਅਰ ਬਾਰ ਵਿਚ ਬੈਠਣ ਵਾਲਿਆਂ ਦੀ ਗਿਣਤੀ ਵੀ ਵਧਣ ਲਗਦੀ ਹੈ। ਹਾੜ੍ਹ ਦੀ ਅਤਿ ਦੀ ਗਰਮੀ ਸ਼ਹਿਰੀ ਜੀਵਨ ਤੇ ਆਪਣਾ ਪੂਰਾ ਪ੍ਰਭਾਵ ਛੱਡਦੀ ਹੈ। ਦੁਕਾਨਾਂ ਅਤੇ ਕਾਰੋਬਾਰੀ ਸਥਾਨਾਂ, ਖਾਸ ਤੌਰ 'ਤੇ ਦੁਪਹਿਰ ਵੇਲੇ ਰੌਣਕ ਘਟ ਜਾਂਦੀ ਹੈ। ਜਿਥੇ ਮਿਉਂਸਪਲ ਕਮੇਟੀਆਂ ਚੰਗੀਆਂ ਹਨ, ਉਥੇ ਪਾਰਕਾਂ ਵਿਚ ਸਾਂਝੇ-ਸਵਾਰੇ ਰੁੱਖ-ਬੂਟੇ ਤੇ ਪਾਣੀ ਦੇ ਫੁਹਾਰੇ ਗਰਮੀ ਤੋਂ ਕੁਝ ਰਾਹਤ ਬਖਸ਼ਦੇ ਹਨ। ਇਸ ਲਈ ਸ਼ਾਮ ਨੂੰ ਪਾਰਕਾਂ ਵਿਚ ਅਤੇ ਮਾਲ ਰੋਡਾਂ 'ਤੇ ਸੈਰ ਕਰਨ ਵਾਲਿਆਂ ਦੀ ਗਿਣਤੀ ਵੀ ਵਧ ਜਾਂਦੀ ਹੈ। ਇਨ੍ਹਾਂ ਲੋਕਾਂ ਨੂੰ ਗਰਮੀਆਂ ਦੀਆਂ ਕਈ ਨਿਆਮਤਾਂ ਮੁੱਲ ਮਿਲ ਜਾਂਦੀਆਂ ਹਨ। ਕੈਂਪੇ, ਲਿਮਕੇ, ਕੋਕ ਆਦਿ ਤੋਂ ਬਿਨਾ ਕਈ ਕਿਸਮਾਂ ਦੀਆਂ ਆਈਸ-ਕ੍ਰੀਮਾਂ, ਰਸ-ਮਲਾਈ, ਗੂੰਦ-ਕਤੀਰਾ, ਕੁਲਫੀ, ਫਲੂਦਾ ਆਦਿ ਗਰਮੀ ਦੀਆਂ ਨਿਆਮਤਾਂ ਹਨ। ਲੱਸੀ, ਠੰਢਾ ਦੁੱਧ, ਸ਼ਕੰਜਵੀ ਆਦਿ ਦੀ ਵੀ ਖੂਬ ਵਿਕਰੀ ਹੁੰਦੀ ਹੈ। ਪੰਜਾਬ ਵਿਚ ਜਿਥੇ ਖਾਣ-ਪੀਣ ਵਿਚ ਵਾਹਵਾ ਵੰਨ-ਸੁਵੰਨਤਾ ਵੇਖਣ ਨੂੰ ਮਿਲਦੀ ਹੈ, ਉਥੇ ਪਹਿਰਾਵੇ ਦੀ ਵੰਨਗੀ ਵੀ ਵਧੀ ਹੈ। ਇਨ੍ਹਾਂ ਦਿਨਾਂ ਵਿਚ ਪੱਛਮੀ ਸਭਿਅਤਾ ਦੇ ਉਸਾਰੂ ਪ੍ਰਭਾਵ ਅਧੀਨ ਬਹੁਤ ਸਾਰੇ ਨੌਜੁਆਨ ਬਰਮੂਡੇ ਅਤੇ ਸਲੀਵਲੈਸ ਟੀ-ਸ਼ਰਟਾਂ ਪਾਉਣ ਲੱਗੇ ਹਨ ਪਰ ਔਰਤਾਂ ਅਤੇ ਨੌਜੁਆਨ ਕੁੜੀਆਂ ਨੂੰ ਅਜੇ ਇਹ ਖੁੱਲ੍ਹ ਨਹੀਂ ਮਿਲੀ, ਫਿਰ ਵੀ ਸਲੀਵਲੈਸ ਕਮੀਜ਼ਾਂ ਪਾਈ ਔਰਤਾਂ ਦੀ ਗਿਣਤੀ ਪਹਿਲਾਂ ਤੋਂ ਕਾਫੀ ਵਧੀ ਹੈ। ਉਂਜ ਵੀ ਪਤਲੇ ਸੂਤੀ ਸੂਟਾਂ ਵਿਚ ਸੁਡੌਲ ਸਰੀਰ ਫੱਬ ਫੱਬ ਪੈਂਦੇ ਹਨ।

ਅੱਜ ਕੱਲ੍ਹ ਤਾਂ ਘਰ ਘਰ ਵਿਚ ਪਾਣੀ ਦਾ ਪ੍ਰਬੰਧ ਹੈ, ਪਰ ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਪਿੰਡਾਂ ਵਿਚ ਇਨ੍ਹੀਂ ਦਿਨੀਂ ਖੂਹਾਂ ਅਤੇ ਖੂਹੀਆਂ ਦੇ ਪਾਣੀ ਬਹੁਤ ਥੱਲੇ ਚਲੇ ਜਾਂਦੇ ਸਨ। ਉਧਰੋਂ ਛੱਪੜਾਂ, ਟੋਭਿਆਂ ਅਤੇ ਬਰਸਾਤੀ ਨਾਲਿਆਂ ਵਿਚੋਂ ਪਾਣੀ ਸੁੱਕ ਜਾਂਦੇ ਸਨ। ਪੈਰ ਪੈਰ 'ਤੇ ਮੁਸ਼ਕਿਲਾਂ ਖੜ੍ਹੀਆਂ ਹੋ ਜਾਂਦੀਆਂ ਸਨ। ਫਸਲ ਅਤੇ ਪਸ਼ੂ ਧਨ ਸਾਂਭਣਾ ਮੁਹਾਲ ਹੋ ਜਾਂਦਾ ਸੀ। ਬਰਸਾਤ ਹੋਣ ਨਾਲ ਜਿਥੇ ਫਸਲੀ ਕਾਰੋਬਾਰ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਜਾਂਦੇ ਹਨ, ਉਥੇ ਕੁਦਰਤ ਆਪਣੀ ਜਣਨ-ਪ੍ਰਕ੍ਰਿਆ ਦੀ ਮਸ਼ੀਨਰੀ ਨੂੰ ਖੂਬ ਅੱਗੇ ਤੋਰਦੀ ਹੈ। ਰੁੱਖਾਂ-ਬੂਟਿਆਂ ਵਿਚ ਜ਼ਿੰਦਗੀ ਰਵਾਂ ਹੋਣ ਲਗਦੀ ਹੈ। ਫੁੱਲ ਖਿੜਨ ਲਗਦੇ ਹਨ ਤੇ ਹੌਲੀ ਹੌਲੀ ਫਲਾਂ ਦੀ ਸ਼ਕਲ ਇਖਤਿਆਰ ਕਰਨ ਲੱਗਦੇ ਹਨ। ਖੁਸ਼ਗਵਾਰ ਤੇ ਕਿਣ-ਮਿਣ ਦੇ ਮਾਹੌਲ ਵਿਚ ਫਲ ਰਸੀਲੇ ਤੇ ਭਰਪੂਰ ਹੋਈ ਜਾਂਦੇ ਹਨ ਅਤੇ ਫਿਰ ਪਕਿਆਈ ਵੱਲ ਤੁਰ ਪੈਂਦੇ ਹਨ। ਕਮਾਲ ਦੀ ਵਰਕਸ਼ਾਪ ਹੈ ਕੁਦਰਤ ਦੀ!

# ਜਪੁਜੀ ਦਾ ਰੱਬ

*(ਪਿਛਲੇ ਸਫੇ ਦੀ ਬਾਕੀ)*

ਕਿਸੇ ਸਵਾਲ ਦਾ ਕੋਈ ਉਤਰ ਨਹੀਂ ਹੁੰਦਾ ਕਿਉਂਕਿ ਸਭ ਸਵਾਲਾਂ ਦਾ ਉਤਰ ਇੱਕੋ ਹੁੰਦਾ ਹੈ। ਇਸ ਦੇ ਦਰ ਵਿਵੇਕ ਵਲ ਨਹੀਂ ਖੁਲ੍ਹਦੇ ਤੇ ਨਾ ਹੀ ਵਿਵੇਕ ਦਾ ਪ੍ਰਕਾਸ਼ ਇਸ ਵਿਚ ਪ੍ਰਵੇਸ਼ ਹੁੰਦਾ ਹੈ। ਵਿਗਿਆਨ ਦੇ ਜ਼ਮਾਨੇ ਵਿਚ ਅਜਿਹੇ ਧਰਮਾਂ ਦਾ ਕੋਈ ਭਵਿੱਖ ਨਹੀਂ, ਇਨ੍ਹਾਂ ਨੂੰ ਚਲਾਉਣ ਲਈ ਜਾਂ ਤਾਂ ਕਠੋਰ ਸ਼ਕਤੀ ਵਰਤਣੀ ਪੈਂਦੀ ਹੈ ਤੇ ਜਾਂ ਸਾਇੰਸ ਤੋਂ ਕੁਝ ਤੱਥ ਲੈ ਕੇ ਇਸ ਦੇ ਖਸਤਾ ਹਿੱਸਿਆਂ 'ਤੇ ਟਾਕੀਆਂ ਲਾਉਣੀਆਂ ਪੈਂਦੀਆਂ ਹਨ। ਅਜੋਕੇ ਸਮੇਂ ਵਿਚ ਆਪਣੀ ਹੋਂਦ ਕਾਇਮ ਰੱਖਣ ਲਈ ਸਭ ਪੁਰਾਤਨ ਧਰਮ ਇੰਦਾਂ ਹੀ ਕਰਦੇ ਹਨ। ਜੋ ਨਹੀਂ ਕਰਦੇ, ਉਹ ਬੁਰੀ ਤਰ੍ਹਾਂ ਪਛੜ ਰਹੇ ਹਨ।

ਦੂਜੇ ਪਾਸੇ ਗੁਰੂ ਜੀ ਦਾ ਮੱਤ ਇਕ ਧਰਮ ਨਾ ਹੋ ਕੇ ਅਨੁਭਵ ਤੋਂ ਸਿੱਖਣ ਤੇ ਸਿੱਖਣ ਤੋਂ ਗਿਆਨ ਵਲ ਜਾਣ ਦਾ ਸਿੱਖੀ ਸਿਧਾਂਤ ਹੈ। ਇਸ ਦਾ ਆਧਾਰ ਵਿਗਿਆਨ ਉਤੇ ਟਿਕਿਆ ਹੈ ਜਿਸ ਦਾ ਸੰਕੇਤ ੴ ਦਾ ਸੂਤਰ ਹੈ। ਗੁਰੂ ਜੀ ਨੇ ਮੂਲ ਮੰਤਰ ਨੂੰ 'ਹਰਿ ਨਾਮ ਰਸਾਇਣ' ਕਹਿ ਕੇ ਇਸ ਨੂੰ ਆਪ ਵਿਗਿਆਨ ਦਾ ਦਰਜਾ ਦਿੱਤਾ ਹੈ। ਵਿਗਿਆਨ ਦਾ ਉਦੇਸ਼ ਗਿਆਨ ਹੈ ਤੇ ਗਿਆਨ ਚਾਨਣ ਦਾ ਪ੍ਰਤੀਕ ਹੈ। ਚਾਨਣ ਹਨੇਰੇ ਨੂੰ ਦੂਰ ਕਰਕੇ ਪਾਰਦਰਸ਼ਤਾ ਲਿਆਉਂਦਾ ਹੈ। ਪਾਰਦਰਸ਼ਤਾ ਨਾਲ ਝੂਠ ਦੇ ਪਰਦੇ ਲੱਥਦੇ ਹਨ, ਪਰਦੇ ਉਤਰਨ ਨਾਲ ਪਖੰਡ ਨੰਗੇ ਹੁੰਦੇ ਹਨ ਤੇ ਭਰਮ ਟੁੱਟਦੇ ਹਨ। ਯਥਾਰਥ ਦੇ ਛੁਪੇ ਸਬੰਧਾਂ ਤੇ ਕੜੀਆਂ ਦੀ ਸਮਝ ਪੈਂਦੀ ਹੈ ਅਤੇ ਇਨ੍ਹਾਂ ਵਿਚ ਸਮੋਏ ਤਰਕ ਨੂੰ ਰਿੜਕ ਕੇ ਅਸਲੀਅਤ ਦੀ ਸਹੀ ਤਸਵੀਰ ਉਭਰਦੀ ਹੈ। ਇਸ ਅਸਲੀ ਤਸਵੀਰ ਅਨੁਸਾਰ ਹੀ ਬੁੱਧੀ ਦੀਆਂ ਅੱਖਾਂ ਖੁਲ੍ਹਦੀਆਂ ਹਨ ਤੇ ਯਥਾਰਥਕ ਸੰਕਲਪ ਬਣਦੇ ਹਨ। ਫਿਰ ਸਾਰਥਕ ਜੀਵਨ ਦੀ ਜਾਚ ਆਉਂਦੀ ਹੈ ਤੇ ਪਰਮ ਸਤਿ ਦੀ ਸਹੀ ਸੇਧ ਮਿਲਦੀ ਹੈ। ਬਾਕੀ ਸਭ ਵਿਖਾਵਾ ਹੈ ਤੇ ਕੂੜ ਦਾ ਵਣਜ ਹੈ।

(ਚਲਦਾ)

# ਦਹਿਸ਼ਤ ਨੇ ਖੋਹੀ ਰੋਜ਼ੀ-ਰੋਟੀ

***ਪਾਕਿਸਤਾਨ ਅਤੇ ਅਫਗਾਨ ਸਰਹੱਦ ਦਾ ਹਾਲ ਅਕਸਰ ਵਿਗੜ ਜਾਂਦਾ ਹੈ। ਜਦੋਂ ਵੀ ਕਦੇ ਸਰਹੱਦ ਦੇ ਆਰ-ਪਾਰ ਦਹਿਸ਼ਤਪਸੰਦਾਂ ਦਾ ਹਮਲਾ ਹੋ ਜਾਂਦਾ ਹੈ ਤਾਂ ਸਰਹੱਦ ਉਤੇ ਸਖਤੀ ਵਧ ਜਾਂਦੀ ਹੈ। ਇਸ ਸੂਰਤ ਵਿਚ ਸਰਹੱਦ ਉਤੇ ਆਮ ਲਾਂਘੇ ਦੀ ਥਾਂ ਸੁਰੱਖਿਆ ਮੁਲਾਜ਼ਮਾਂ ਦੀਆਂ ਜ਼ਿਆਦਤੀਆਂ ਲੈ ਲੈਂਦੀਆਂ ਹਨ। ਇਹ ਸਿਲਸਿਲਾ ਦਹਾਕਿਆਂ ਤੋਂ ਚੱਲ ਰਿਹਾ ਹੈ। ਕਈ ਪੀੜ੍ਹੀਆਂ ਲੰਘ ਗਈਆਂ ਹਨ, ਪਰ ਦਹਿਸ਼ਤ ਦੇ ਪ੍ਰਛਾਵੇਂ ਉਡਣ ਦਾ ਨਾਂ ਨਹੀਂ ਲੈ ਰਹੇ। ਇਸ ਲੇਖ ਵਿਚ ਗੁਲਾਮ ਦਸਤਗੀਰ ਨੇ ਦਹਿਸ਼ਤ ਕਾਰਨ ਲੋਕਾਂ ਨੂੰ ਦਰਪੇਸ਼ ਤੰਗੀਆਂ ਦੀ ਬਾਤ ਸੁਣਾਈ ਹੈ। -ਸੰਪਾਦਕ***

**ਗੁਲਾਮ ਦਸਤਗੀਰ**

ਅੱਠ ਮਾਰਚ 2018 ਦਾ ਦਿਨ। ਪਾਕਿਸਤਾਨ-ਅਫਗਾਨ ਸਰਹੱਦ ਦੀ ਤੁਰਖਾਮ ਸਰਹੱਦੀ ਚੌਕੀ। ਇਸ ਦੇ ਦਫਤਰੀ ਅਹਾਤੇ ਅੰਦਰ ਅੱਧੀ ਦਰਜਨ ਔਰਤਾਂ ਤੇ ਕੁਝ ਬੱਚੇ ਖੁੱਲ੍ਹੇ ਆਕਾਸ਼ ਹੇਠ ਬੈਠੇ ਹਨ। ਕੋਈ ਸੁਰੱਖਿਆ ਮੁਲਾਜ਼ਮ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਵਿਹੜਾ ਖਾਲੀ ਕਰ ਦੇਣ ਅਤੇ ਅਫਗਾਨਿਸਤਾਨ ਵਾਲੇ ਪਾਸੇ ਚਲੇ ਜਾਣ; ਅਖੇ, ਚੌਕੀ ਵਿਚ ਫਰੰਟੀਅਰ ਕੋਰ, ਖੈਬਰ ਖਾਸਾਦਾਰ ਫੋਰਸ ਤੇ ਖੈਬਰ ਏਜੰਸੀ ਦੇ ਅਫਸਰਾਂ ਨੇ ਆਉਣਾ ਹੈ। ਉਹ ਇਥੇ ਭੀੜ-ਭੜੱਕਾ ਪਸੰਦ ਨਹੀਂ ਕਰਨਗੇ। ਔਰਤਾਂ ਉਸ ਮੁਲਾਜ਼ਮ ਨੂੰ ਗੁਜ਼ਾਰਿਸ਼ ਕਰਦੀਆਂ ਹਨ ਕਿ ਉਹ ਉਨ੍ਹਾਂ ਨੂੰ ਪਾਕਿਸਤਾਨ ਵਾਲੇ ਪਾਸੇ ਹੀ ਰਹਿਣ ਦੇਵੇ। ਉਹ ਅਫਗਾਨਿਸਤਾਨ ਵਾਲੇ ਪਾਸੇ ਨਹੀਂ ਜਾਣਾ ਚਾਹੁੰਦੀਆਂ। ਇਨ੍ਹਾਂ 'ਚ 29 ਵਰ੍ਹਿਆਂ ਦੀ ਦੀਬਾ ਹੈ। ਪੂਰੀ ਤਰ੍ਹਾਂ ਬੁਰਕੇ ਵਿਚ ਲਿਪਟੀ ਹੋਈ। ਉਹ ਲਗਾਤਾਰ ਰੋ ਰਹੀ ਹੈ। ਨਾਲ ਇਕੋ ਗੱਲ ਕਹਿੰਦੀ ਹੈ, "ਜੋ ਮਰਜ਼ੀ ਹੋ ਜਾਵੇ, ਮੈਂ ਅਫਗਾਨਿਸਤਾਨ ਨਹੀਂ ਜਾਣਾ।" ਉਸ ਕੋਲ ਪਾਕਿਸਤਾਨ ਦਾ ਕੌਮੀ ਸ਼ਨਾਖਤੀ ਕਾਰਡ ਹੈ ਜਿਸ ਮੁਤਾਬਕ ਉਹ ਖੈਬਰ-ਪਖਤੂਨਖਵਾ ਸੂਬੇ ਦੇ ਸਵਾਬੀ ਜ਼ਿਲ੍ਹੇ ਦੇ ਪਿੰਡ ਖਵਾਰ ਨਬੀ ਦੀ ਵਸਨੀਕ ਹੈ।

ਕੁਝ ਹਫਤੇ ਪਹਿਲਾਂ ਉਹ ਅਫਗਾਨ ਨੰਗਰਹਾਰ ਸੂਬੇ ਦੀ ਰਾਜਧਾਨੀ, ਜਲਾਲਾਬਾਦ ਵਿਚ ਆਪਣੀ ਭੈਣ ਦੇ ਘਰ ਇਕ ਸਮਾਗਮ ਵਿਚ ਹਿੱਸਾ ਲੈਣ ਗਈ ਸੀ। ਉਸ ਦੀ ਭੈਣ ਅਫਗਾਨ ਨਾਲ ਵਿਆਹੀ ਹੋਈ ਹੈ। ਜਲਾਲਾਬਾਦ, ਤੁਰਖਾਮ ਤੋਂ 70 ਕਿਲੋਮੀਟਰ ਦੂਰ ਹੈ। ਸਮਾਗਮ ਮਗਰੋਂ ਜਦੋਂ ਵਾਪਸ ਆਉਣਾ ਸੀ ਤਾਂ ਸਹਿਵਾਨ (ਪਾਕਿਸਤਾਨ) ਵਿਚ ਲਾਲ ਸ਼ਾਹਬਾਜ਼ ਕਲੰਦਰ ਦੀ ਮਜ਼ਾਰ ਵਿਖੇ ਧਮਾਕਾ ਹੋ ਗਿਆ ਜਿਸ ਵਿਚ 16 ਬੰਦੇ ਮਾਰੇ ਗਏ ਤੇ 70 ਜ਼ਖਮੀ ਹੋ ਗਏ। ਪਾਕਿਸਤਾਨ ਨੇ ਧਮਾਕੇ ਲਈ ਅਫਗਾਨ ਦਹਿਸ਼ਤੀਆਂ ਨੂੰ ਦੋਸ਼ੀ ਦੱਸਦਿਆਂ ਤੁਰਖਾਮ ਸਰਹੱਦ ਬੰਦ ਕਰ ਦਿੱਤੀ। 7 ਮਾਰਚ ਨੂੰ ਜਦੋਂ ਸਰਹੱਦ ਖੁੱਲ੍ਹੀ ਤਾਂ ਦੀਬਾ ਆਪਣੇ ਤਿੰਨ ਬੱਚਿਆਂ ਨਾਲ ਵਤਨ ਪਰਤਣ ਲਈ ਪਹੁੰਚ ਗਈ, ਪਰ ਉਸ ਨੂੰ ਸਰਹੱਦ ਪਾਰ ਨਹੀਂ ਕਰਨ ਦਿੱਤੀ ਗਈ। ਉਸ ਨੇ ਗਲਤੀ ਕੀਤੀ ਸੀ, ਅਫਗਾਨਿਸਤਾਨ ਵੀਜ਼ਾ ਲੈ ਕੇ ਨਹੀਂ ਸੀ ਗਈ। ਬਹੁਤੇ ਅਫਗਾਨ ਜਾਂ ਪਾਕਿਸਤਾਨੀ ਅਜਿਹਾ ਕਰਦੇ ਵੀ ਨਹੀਂ। ਉਹ ਜਦੋਂ ਗਈ ਸੀ ਤਾਂ ਇਸੇ ਚੌਕੀ 'ਤੇ ਕਿਸੇ ਨੇ ਵੀ ਉਸ ਨੂੰ ਨਹੀਂ ਸੀ ਕਿਹਾ ਕਿ ਵੀਜ਼ਾ ਦਿਖਾ। ਸਰਹੱਦੀ ਰਾਖੇ ਨੇ ਤਾਂ ਉਸ ਦਾ ਸ਼ਨਾਖਤੀ ਕਾਰਡ ਦੇਖਿਆ, ਉਸ ਨਾਲ ਮਸ਼ਕਰੀ ਕੀਤੀ, ਤੇ ਉਸ ਨੂੰ ਬੱਚਿਆਂ ਸਮੇਤ ਜਾਣ ਦਿੱਤਾ ਸੀ। ਹੁਣ ਸਖਤੀ ਹੈ। ਸਰਹੱਦੀ ਰਾਖੇ ਉਸ ਨੂੰ ਪਾਕਿਸਤਾਨ ਵਿਚ ਦਾਖਲ ਨਹੀਂ ਹੋਣ ਦੇ ਰਹੇ। ਉਸ ਕੋਲ ਵੀਜ਼ਾ ਨਹੀਂ ਸੀ। ਉਹ ਅਫਗਾਨਿਸਤਾਨ ਕਿਵੇਂ ਗਈ? ਉਸ ਨੇ ਬੱਚਿਆਂ ਸਣੇ ਪੂਰੀ ਰਾਤ ਖੁੱਲ੍ਹੀ ਆਸਮਾਨ ਹੇਠ ਹੱਡ-ਚੀਰਵੀਂ ਠੰਢ ਵਿਚ ਬਿਤਾਈ ਹੈ। ਹੁਣ ਉਹ ਇਕ ਹੋਰ ਰਾਤ ਇਸੇ ਤਰ੍ਹਾਂ ਬਿਤਾਉਣਾ ਨਹੀਂ ਚਾਹੁੰਦੀ। ਉਹ ਅਚਾਨਕ ਇਕ ਰਾਖੇ ਦੀ ਬੰਦੂਕ ਨੂੰ ਹੱਥ ਪਾ ਕੇ ਕਹਿੰਦੀ ਹੈ, "ਮੈਨੂੰ ਗੋਲੀ ਮਾਰ ਦੇਹ, ਤੈਨੂੰ ਅਜਿਹਾ ਕਰਨ ਦਾ ਅਖਤਿਆਰ ਹੈ, ਪਰ ਮੈਂ ਅਫਗਾਨਿਸਤਾਨ ਨਹੀਂ ਜਾਣਾ!"

---

ਸਰਹੱਦ ਬੰਦ ਕਰਨ ਦੇ ਫੈਸਲੇ ਨੇ ਪਾਕਿਸਤਾਨ ਇਲਾਜ ਕਰਵਾਉਣ ਆਏ ਦਰਜਨਾਂ ਅਫਗਾਨ ਮਰੀਜ਼ਾਂ ਨੂੰ ਵੀ ਕਸੂਤਾ ਫਸਾ ਦਿੱਤਾ। ਬਹੁਤਿਆਂ ਕੋਲ ਯਾਤਰਾ ਸਬੰਧੀ ਦਸਤਾਵੇਜ਼ ਨਹੀਂ। ਜਿਨ੍ਹਾਂ ਕੋਲ ਦਸਤਾਵੇਜ਼ ਹਨ, ਉਨ੍ਹਾਂ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਉਹ ਲੰਡੀ ਕੋਤਲ (ਅਫਗਾਨ-ਪਾਕਿਸਤਾਨ ਸਰਹੱਦ ਦੇ ਆਖਰੀ ਰੇਲਵੇ ਸਟੇਸ਼ਨ) ਕਸਬੇ ਦੀ ਅੱਧ-ਉਸਰੀ ਮਸਜਿਦ ਵਿਚ ਡੇਰੇ ਲਾਈ ਬੈਠੇ ਹਨ। ਉਨ੍ਹਾਂ ਕੋਲ ਨਾ ਖੁਰਾਕ ਲਈ ਪੈਸੇ ਹਨ ਅਤੇ ਨਾ ਹੀ ਕਿਤੇ ਠਹਿਰਨ ਲਈ। ਸਰਦਾਰ ਰਹੀਮ ਉਨ੍ਹਾਂ ਵਿਚੋਂ ਇਕ ਹੈ। ਉਹ ਪੰਜਾਹਾਂ ਦਾ ਨਹੀਂ ਹੋਇਆ, ਪਰ ਸੱਠਾਂ ਦਾ ਜਾਪਦਾ ਹੈ। ਦਾੜ੍ਹੀ ਕਾਲੀ ਹੈ, ਪਰ ਚਿਹਰਾ ਝੁਰੜਿਆ ਹੋਇਆ। ਰਾਤ ਦਾ ਤਾਪਮਾਨ ਸਿਫਰ ਡਿਗਰੀ ਤੋਂ ਵੀ ਹੇਠਾਂ ਚਲਾ ਜਾਂਦਾ ਹੈ, ਪਰ ਉਹਦੇ ਕੋਲ ਠੰਢ ਤੋਂ ਬਚਣ ਲਈ ਸਿਰਫ ਭੂਰਾ ਹੈ। ਸ਼ੱਕਰ ਰੋਗ ਕਾਰਨ 17 ਫਰਵਰੀ ਨੂੰ ਹਯਾਤਾਬਾਦ ਮੈਡੀਕਲ ਕੰਪਲੈਕਸ (ਪਿਸ਼ਾਵਰ) ਦੇ ਡਾਕਟਰਾਂ ਨੇ ਉਹਦੀ ਲੱਤ ਕੱਟ ਦਿੱਤੀ ਸੀ। ਹੁਣ ਉਹ ਫਹੁੜੀਆਂ ਸਹਾਰੇ ਤੁਰਦਾ ਹੈ। ਉਹ ਜਲਾਲਾਬਾਦ ਨੇੜਲੇ ਆਪਣੇ ਪਿੰਡ ਮੁਹੰਮਦ ਦੱਰਾ ਪਰਤਣਾ ਚਾਹੁੰਦਾ ਹੈ, ਪਰ ਸਰਹੱਦ ਬੰਦ ਹੈ ਅਤੇ ਪਾਕਿਸਤਾਨ ਆਉਣ ਲਈ ਵੀਜ਼ਾ ਨਾ ਲੈਣ ਕਾਰਨ ਰਾਖੇ ਉਸ ਨੂੰ ਅਫਗਾਨਿਸਤਾਨ ਨਹੀਂ ਪਰਤਣ ਦੇ ਰਹੇ।

---

ਅਜਿਹੀਆਂ ਦਰਜਨਾਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਹਨ। ਕਦੇ ਸਰਹੱਦ ਖੁੱਲ੍ਹੀ ਹੁੰਦੀ ਸੀ। ਹੁਣ ਉਥੇ ਵੀ ਕੰਡਿਆਲੀ ਵਾੜ ਹੈ। ਕਦੇ ਦਰਿਆ ਉਤੇ ਕੋਈ ਨਹੀਂ ਸੀ ਰੋਕਦਾ। ਹੁਣ ਉਥੇ ਗੇਟ ਲੱਗੇ ਹੋਏ ਹਨ। ਸ਼ੱਕੀ ਬੰਦੇ ਨੂੰ ਗੋਲੀ ਮਾਰਨ ਵਿਚ ਦੇਰ ਨਹੀਂ ਲਾਈ ਜਾਂਦੀ। ਜੇ ਕੋਈ ਰਾਹਤ ਹੈ ਤਾਂ ਉਹ ਇਕੋ ਹੀ ਹੈ: ਲੋਕ ਮਦਦ ਕਰਦੇ ਹਨ। 'ਪਖਤੂਨਵਾਲੀ' (ਪਖਤੂਨ ਮਰਿਆਦਾ) ਪਖਤੂਨ ਨੂੰ ਪਖਤੂਨ ਦੀ ਮਦਦ ਲਈ ਕਹਿੰਦੀ ਹੈ। ਇਸ ਮਰਿਆਦਾ ਦਾ ਪਾਲਣ ਕਰਨ ਪੱਖੋਂ ਕੋਈ ਝਿਜਕ ਨਹੀਂ ਦਿਖਾਈ ਜਾਂਦੀ। ਲੰਡੀ ਕੋਤਲ ਦੇ ਕਈ ਮੁਕਾਮੀ ਪਰਿਵਾਰ ਅਜਿਹੇ ਹਨ ਜੋ ਆਪਣਾ ਪੇਟ ਕੱਟ ਕੇ ਅਫਗਾਨ ਪਖਤੂਨਾਂ ਲਈ ਖੁਰਾਕ ਜੁਟਾਉਂਦੇ ਆਏ ਹਨ। ਅਧਿਕਾਰੀ ਨਹੀਂ ਚਾਹੁੰਦੇ ਕਿ ਅਫਗਾਨ ਲੋਕ ਹੁਣ ਧਾੜਾਂ ਦੇ ਰੂਪ ਵਿਚ ਇਧਰ ਆਉਣ। ਉਹ ਵੀਜ਼ਾ ਪ੍ਰਣਾਲੀ ਸਖਤੀ ਨਾਲ ਲਾਗੂ ਕਰਨਾ ਚਾਹੁੰਦੇ ਹਨ। ਉਹ ਮੁਕਾਮੀ ਪਖਤੂਨਾਂ ਨੂੰ ਧਮਕੀਆਂ ਦਿੰਦੇ ਰਹਿੰਦੇ ਹਨ ਕਿ ਜੇ ਉਨ੍ਹਾਂ ਦੇ ਘਰਾਂ ਵਿਚੋਂ ਅਫਗਾਨ ਪਖਤੂਨ ਫੜ੍ਹੇ ਗਏ ਤਾਂ ਉਨ੍ਹਾਂ (ਮੁਕਾਮੀ ਲੋਕਾਂ) ਨੂੰ ਜੇਲ੍ਹ 'ਚ ਸੁੱਟ ਦਿੱਤਾ ਜਾਵੇਗਾ।

---

ਅਫਗਾਨ-ਪਾਕਿਸਤਨ ਵਪਾਰ ਪਹਿਲਾਂ ਵਾਂਗ ਚੱਲਦਾ ਹੈ, ਪਰ ਸਖਤੀ ਦੇ ਨਾਂ 'ਤੇ ਟਰੱਕਾਂ ਵਾਲਿਆਂ ਤੋਂ ਗੈਰਕਾਨੂੰਨੀ ਵਸੂਲੀ ਵਧ ਗਈ ਹੈ। ਟਰੱਕ ਚਾਲਕ ਮੁਸਲਿਮ ਖਾਨ 33 ਵਰ੍ਹਿਆਂ ਦਾ ਹੈ। ਉਹ ਅਫਗਾਨ ਸ਼ਿਨਵਾੜੀ ਕਬਾਇਲੀ ਹੈ। ਉਹ ਦਸ ਵਰ੍ਹਿਆਂ ਤੋਂ ਜਲਾਲਾਬਾਦ ਤੋਂ ਕਰਾਚੀ ਜਾਂਦਾ ਰਿਹਾ ਹੈ। ਪਿਸ਼ਾਵਰ ਤੋਂ ਕਰਾਚੀ ਪਹੁੰਚਦਿਆਂ ਛੇ ਦਿਨ ਲੱਗਦੇ ਹਨ ਜਦੋਂਕਿ ਜਲਾਲਾਬਾਦ ਤੋਂ ਪਿਸ਼ਾਵਰ ਸਿਰਫ ਛੇ ਘੰਟਿਆਂ ਦੀ ਵਾਟ 'ਤੇ ਹੈ। ਉਸ ਅਨੁਸਾਰ ਪਹਿਲਾਂ ਸਰਹੱਦੀ ਰਾਖੇ ਟਰੱਕ ਪਾਰ ਕਰਵਾਉਣ ਦੇ 5 ਹਜ਼ਾਰ ਰੁਪਏ ਲੈਂਦੇ ਸਨ, ਹੁਣ 7 ਹਜ਼ਾਰ ਤੋਂ ਹੇਠਾਂ ਨਹੀਂ ਆਉਂਦੇ। ਇੰਜ ਹੀ, ਅਫਗਾਨ ਪਾਸੇ ਸੁਰੱਖਿਅਤ ਲਾਂਘਾ ਦੇਣ ਲਈ ਤਾਲਿਬਾਨ 7 ਹਜ਼ਾਰ ਰੁਪਏ ਮੰਗਦੇ ਹਨ।

---

ਤੁਰਖਾਮ ਸਰਹੱਦੀ ਚੌਕੀ ਉਤੇ ਫਰੰਟੀਅਰ ਕੋਰ ਅਧਿਕਾਰੀ ਨੇ ਦੱਸਿਆ ਕਿ ਅਧਿਕਾਰੀਆਂ ਲਈ ਕਿਸੇ ਬਿਮਾਰ ਜਾਂ ਮੁਸੀਬਤਜ਼ਦਾ ਬੰਦਿਆਂ ਦੇ ਇਕੱਲੇ ਇਕੱਲੇ ਮਾਮਲੇ ਨੂੰ ਨਜਿਠਣਾ ਕਿਉਂ ਮੁਸ਼ਕਿਲ ਹੈ। ਦਰਅਸਲ, ਇਸ ਚੌਕੀ ਰਾਹੀਂ 6 ਤੋਂ 7 ਹਜ਼ਾਰ ਅਫਗਾਨ, ਪਾਕਿਸਤਾਨ ਅੰਦਰ ਦਾਖਲ ਹੁੰਦੇ ਹਨ ਅਤੇ ਇੰਨੀ ਗਿਣਤੀ ਪਾਕਿਸਤਾਨੀ ਅਫਗਾਨਿਸਤਾਨ ਜਾਂਦੇ ਹਨ। ਇਨ੍ਹਾਂ ਵਿਚੋਂ ਘੱਟੋ-ਘੱਟ 400 ਬੰਦੇ ਰੋਜ਼ਾਨਾ ਸਰਹੱਦ ਪਾਰ ਜਾਂਦੇ ਹਨ ਅਤੇ ਉਸੇ ਦਿਨ ਸ਼ਾਮ ਵੇਲੇ ਪਰਤ ਆਉਂਦੇ ਹਨ। ਬਹੁਤੇ ਵਪਾਰੀ ਤੇ ਮਜ਼ਦੂਰ ਹੁੰਦੇ ਹਨ। ਕੋਈ 25,000 ਪਾਕਿਸਤਾਨੀ ਨਾਗਰਿਕ ਅਫਗਾਨਿਸਤਾਨ ਵਿਚ ਪਰਵਾਸੀ ਕਾਮਿਆਂ ਵਜੋਂ ਰਹਿੰਦੇ ਹਨ। ਸੰਯੁਕਤ ਰਾਸ਼ਟਰ ਮੁਤਾਬਕ ਕਰੀਬ 13 ਲੱਖ ਅਫਗਾਨ ਲੋਕ ਸ਼ਰਨਾਰਥੀਆਂ ਵਜੋਂ ਪਾਕਿਸਤਾਨ ਰਹਿ ਰਹੇ ਹਨ। ਸੈਂਕੜੇ ਟਰੱਕ ਵੀ ਸਾਮਾਨ ਲੈ ਕੇ ਤੁਰਖਾਮ ਰਸਤੇ ਰੋਜ਼ਾਨਾ ਉਸ ਪਾਰ ਜਾਂਦੇ ਹਨ। ਇੰਨੇ ਵੱਡੇ ਪੱਧਰ ਉਤੇ ਆਵਾਜਾਈ ਕਾਰਨ ਬਿਪਤਾ ਮਾਰੇ ਲੋਕਾਂ ਦੀ ਮਦਦ ਕਰਨਾ ਅਧਿਕਾਰੀਆਂ ਲਈ ਮੁਸ਼ਕਿਲ ਹੈ। ਜਨਵਰੀ 2016 ਤੋਂ ਪਹਿਲਾਂ ਨਿੱਤ 20,000 ਅਫਗਾਨ ਇਧਰ ਆਉਂਦੇ ਹੋਣ ਕਾਰਨ ਕਾਗਜ਼ਾਂ ਦੀ ਜਾਂਚ ਪੜਤਾਲ ਦੇ ਨਾਂ 'ਤੇ ਬੁੱਤਾ ਹੀ ਸਾਰਿਆ ਜਾਂਦਾ ਸੀ। ਇਸ ਚੌਕੀ 'ਤੇ ਆਵਾਜਾਈ ਕਾਬੂ ਹੇਠ ਰੱਖਣ ਲਈ ਪਾਕਿਸਤਾਨ ਤਿੰਨ ਵੱਖ ਵੱਖ ਪ੍ਰਣਾਲੀਆਂ ਵਰਤਦਾ ਹੈ। ਬਾਇਓਮੀਟਰਿਕ ਪ੍ਰਣਾਲੀ ਰਾਹੀਂ ਜਾਂਚ ਕਰ ਕੇ ਪ੍ਰਮਾਣਿਕ ਦਸਤਾਵੇਜ਼ਾਂ ਨਾਲ ਹੀ ਪਾਕਿਸਤਾਨ ਅੰਦਰ ਦਾਖਲ ਹੋਣ ਦਿੱਤਾ ਜਾਂਦਾ ਹੈ।

ਪਾਕਿਸਤਾਨੀ ਸ਼ਿਨਵਾੜੀ ਕਬਾਇਲੀ ਲੋਕਾਂ ਦੀ ਆਵਾਜਾਈ ਨੂੰ ਵਿਸ਼ੇਸ਼ ਪ੍ਰਣਾਲੀ ਰਾਹੀਂ ਕੰਟਰੋਲ ਕੀਤਾ ਜਾਂਦਾ ਹੈ। 23 ਸਤੰਬਰ 2015 ਤੋਂ ਅਫਗਾਨ ਨਾਗਰਿਕਾਂ ਨੂੰ ਰਾਹਦਾਰੀ ਪਾਸ ਜਾਰੀ ਕਰ ਕੇ ਹੀ ਆਉਣ ਦਿੱਤਾ ਜਾਣ ਲੱਗਿਆ। ਰਾਹਦਾਰੀ ਪਾਸ ਨੂੰ ਹਰ ਛੇ ਮਹੀਨਿਆਂ ਮਗਰੋਂ ਨਵਿਆਉਣਾ ਪੈਂਦਾ ਹੈ ਜੋ ਮੂਲ ਰੂਪ ਵਿਚ ਖੈਬਰ ਏਜੰਸੀ ਦੀ ਤਹਿਸੀਲ ਲੰਡੀ ਕੋਤਲ ਵਿਚ ਰਹਿੰਦੇ ਕਿਸੇ ਪਾਕਿਸਤਾਨੀ ਵੱਲੋਂ ਅਫਗਾਨ ਨਾਗਰਿਕ ਨੂੰ ਸਪੌਂਸਰ ਕੀਤੇ ਜਾਣ ਦੀ ਸੂਰਤ ਵਿਚ ਜਾਰੀ ਕੀਤੇ ਗਏ ਸਨ। ਚਾਰ ਮਹੀਨਿਆਂ ਮਗਰੋਂ ਇਹ ਸਹੂਲਤ ਸਿਰਫ ਅਫਗਾਨਿਸਤਾਨ ਦੇ ਹਸਕਾ ਮੈਨਾ, ਸਪੀਨ ਘਰ, ਅਛੀਨ, ਨਾਜ਼ਯਾਨ, ਦੂਰ ਬਾਬਾ ਅਤੇ ਗਨੀ ਖੇਲ ਪਿੰਡਾਂ ਦੇ ਵਾਸੀਆਂ ਤਕ ਮਹਿਦੂਦ ਕਰ ਦਿੱਤੀ ਗਈ। ਰਾਹਦਾਰੀ ਪਾਸ ਉਤੇ ਪਾਕਿਸਤਾਨ ਅੰਦਰ ਦਾਖਲ ਹੋਣ ਵਾਲੇ ਸ਼ਹੀਦ ਮੋੜ ਖੇਤਰ ਤੋਂ ਅੱਗੇ ਨਹੀਂ ਜਾ ਸਕਦੇ ਜੋ ਲਾਂਘਾ ਸਰਹੱਦੀ ਚੌਕੀ ਤੋਂ ਪੂਰਬ ਵਿਚ ਦੋ ਕਿਲੋਮੀਟਰ ਦੀ ਵਿਥ 'ਤੇ ਹੈ। 2016 ਦੇ ਸ਼ੁਰੂ ਵਿਚ ਬੱਚਾ ਖਾਨ ਯੂਨੀਵਰਸਿਟੀ, ਚਾਰਸੱਦਾ ਉਤੇ ਹੋਏ ਦਹਿਸ਼ਤੀ ਹਮਲੇ ਮਗਰੋਂ ਪਾਕਿਸਤਾਨੀ ਅਧਿਕਾਰੀਆਂ ਨੇ ਘੁਸਪੈਠ ਰੋਕਣ ਲਈ ਸੁਰੱਖਿਆ ਪ੍ਰਬੰਧ ਕਾਫੀ ਸਖਤ ਕਰ ਦਿੱਤੇ। ਹੁਣ ਸਰਹੱਦ ਪਾਰ ਕਰਨ ਵਾਲੇ ਹਰ ਬੰਦੇ ਨੂੰ ਦਰੁਸਤ ਪ੍ਰਣਾਲੀ ਵਿਚੋਂ ਲੰਘਣਾ ਪੈਂਦਾ ਹੈ।

ਇਸ ਤੋਂ ਇਲਾਵਾ ਘੁਸਪੈਠ ਰੋਕਣ ਦਾ ਇਕ ਹੋਰ ਤਰੀਕਾ ਬੁਨਿਆਦੀ ਢਾਂਚੇ ਦਾ ਵਿਕਾਸ ਕਰਨਾ ਹੈ। ਇਸ ਤਹਿਤ ਕਈ ਗੇਟਾਂ ਵਾਲੇ ਲਾਂਘੇ ਦੇ ਨਾਲ ਨਾਲ ਸ਼ਹੀਦ ਮੋੜ ਤਕ ਕੰਡਿਆਲੀ ਤਾਰ ਲਾ ਦਿੱਤੀ ਗਈ ਹੈ। ਕੰਡਿਆਲੀ ਤਾਰ ਵਾਲੇ ਖੇਤਰ ਵਿਚ ਅਫਗਾਨਿਸਤਾਨ ਵੱਲ ਜਾਣ ਜਾਂ ਉਧਰੋਂ ਆਉਣ ਵਾਲੇ ਮਨੁੱਖਾਂ ਅਤੇ ਵਾਹਨਾਂ ਲਈ ਵੱਖ ਵੱਖ ਨਿਰਧਾਰਤ ਰਸਤੇ ਹਨ। ਇਸ ਚੌਕੀ ਰਸਤੇ ਬੱਸਾਂ ਅਤੇ ਕਾਰਾਂ ਨੂੰ ਲੰਘਣ ਦੀ ਇਜਾਜ਼ਤ ਨਹੀਂ। ਨੈਸ਼ਨਲ ਲੌਜਿਸਟਿਕਸ ਸੈਲ ਨੂੰ ਸਰਹੱਦ ਦੇ ਆਰ-ਪਾਰ ਹੁੰਦੀਆਂ ਬੇਨੇਮੀਆਂ ਕਾਰਵਾਈਆਂ ਨੂੰ ਨਿਯਮਿਤ ਕਰਨ ਦੀ ਜ਼ਿੰਮੇਵਾਰੀ ਸੌਂਪੇ ਜਾਣ ਮਗਰੋਂ ਇਹ ਸਾਰਾ ਕੁਝ ਕਰੀਬ ਸਾਲ ਪਹਿਲਾਂ ਹੀ ਕੀਤਾ ਗਿਆ ਹੈ। ਪੈਦਲ ਮੁਸਾਫਿਰਾਂ ਅਤੇ ਟਰੱਕਾਂ ਦੇ ਆਉਣ ਜਾਣ ਲਈ ਵੱਖ ਵੱਖ ਟਰਮੀਨਲ ਬਣਾਏ ਗਏ ਹਨ। ਇਸ ਚੌਕੀ 'ਤੇ ਫੈਡਰਲ ਜਾਂਚ ਏਜੰਸੀ ਅਤੇ ਕਸਟਮ ਵਿਭਾਗ ਦੇ ਮੁਲਾਜ਼ਮਾਂ ਦੀ ਗਿਣਤੀ ਵਧਾ ਦਿੱਤੀ ਗਈ ਹੈ।

ਇਸ ਦੇ ਨਾਲ ਹੀ ਤੁਰਖਾਮ ਦੁਆਲੇ ਸੁਰੱਖਿਆ ਅਤੇ ਜਾਂਚ ਏਜੰਸੀਆਂ ਦੀ ਨਫਰੀ ਅਤੇ ਗਸ਼ਤ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ। ਪਾਸਪੋਰਟ ਅਧਿਕਾਰੀ ਦਾ ਮੰਨਣਾ ਹੈ ਕਿ ਲੰਡੀ ਕੋਤਲ ਵਿਚ ਫਸੇ ਅਫਗਾਨਾਂ ਦੇ ਆਵਾਜਾਈ ਅਤੇ ਪਛਾਣ ਸਬੰਧੀ ਦਸਤਾਵੇਜ਼ ਮੁਕੰਮਲ ਨਹੀਂ ਹੋਣਗੇ। ਸੁਰੱਖਿਆ ਏਜੰਸੀਆਂ ਨੇ ਲੋੜੀਂਦੇ ਕਾਨੂੰਨੀ ਦਸਤਾਵੇਜ਼ਾਂ ਤੋਂ ਬਗੈਰ ਪਾਕਿਸਤਾਨ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਕਰੀਬ 400 ਅਫਗਾਨ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਹੈ। ਕਿਸੇ ਵੀ ਦਹਿਸ਼ਤੀ ਸਰਗਰਮੀ ਵਿਚ ਸ਼ਾਮਲ ਨਾ ਹੋਣ ਵਾਲੇ ਬੰਦੇ ਨੂੰ ਪ੍ਰਸ਼ਾਸਨ ਦੇ ਸਪੁਰਦ ਕਰ ਦਿੱਤਾ ਜਾਵੇਗਾ ਜੋ ਪੰਜ ਪੰਜ ਹਜ਼ਾਰ ਰੁਪਏ ਜੁਰਮਾਨੇ ਵਜੋਂ ਵਸੂਲ ਕੇ ਉਨ੍ਹਾਂ ਨੂੰ ਰਿਹਾ ਕਰ ਦੇਵੇਗਾ। ਦਹਿਸ਼ਤੀ ਸਰਗਰਮੀਆਂ ਦੇ ਮਸ਼ਕੂਕ ਤੋਂ ਅਗਲੇਰੀ ਪੁੱਛ-ਪੜਤਾਲ ਕੀਤੀ ਜਾਵੇਗੀ। ਅਜਿਹੀਆਂ ਕਾਰਵਾਈਆਂ ਵਿਚ ਸ਼ਾਮਲ ਬੰਦਿਆਂ ਨੂੰ ਅਦਾਲਤਾਂ ਵਿਚ ਪੇਸ਼ ਕੀਤਾ ਜਾਵੇਗਾ। ਪਾਕਿਸਤਾਨੀ ਸੁਰੱਖਿਆ ਬਲਾਂ ਨੇ ਤੁਰਖਾਮ ਨੇੜਲੇ ਘੱਟ ਆਵਾਜਾਈ ਵਾਲੇ ਤਿੰਨ ਲਾਂਘੇ ਬੰਦ ਕਰ ਦਿੱਤੇ ਹਨ ਜਿਨ੍ਹਾਂ ਰਾਹੀਂ ਦਹਿਸ਼ਤੀ ਘੁਸਪੈਠ ਕਰਦੇ ਸਨ। ਇਨ੍ਹਾਂ ਲਾਂਘਿਆਂ ਰਾਹੀਂ ਪਾਕਿਸਤਾਨ ਵਿਚ ਦਾਖਲ ਹੋਣ ਵਾਲਿਆਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮਾਂ ਮਗਰੋਂ ਹੁਣ ਘੁਸਪੈਠ ਨਹੀਂ ਹੁੰਦੀ।



*ਸਰਹੱਦ ਉਤੇ ਰੇਹੜੇ 'ਤੇ ਲੱਦੀਆਂ ਔਰਤਾਂ ਦੀ ਤਲਾਸ਼ੀ ਲੈ ਰਹੇ ਸੁਰੱਖਿਆ ਮੁਲਾਜ਼ਮ।*

---

ਬ੍ਰਿਟਿਸ਼ ਦੌਰ ਵਿਚ ਦਰਸਾਈ ਗਈ ਸਰਹੱਦ ਡਿਊਰੰਡ ਲਾਈਨ ਨੂੰ ਅਫਗਾਨਿਸਤਾਨ ਨੇ ਪ੍ਰਵਾਨ ਨਹੀਂ ਸੀ ਕੀਤਾ। ਇਸ ਲਈ ਇਸ ਸਰਹੱਦ 'ਤੇ ਪਾਕਿਸਤਾਨ ਵੱਲੋਂ ਸਥਾਈ ਉਸਾਰੀਆਂ ਨੂੰ ਕਾਬੁਲ ਅਪ੍ਰਵਾਨਣਯੋਗ ਕਾਰਵਾਈ ਸਮਝਦਾ ਹੈ। ਅਫਗਾਨਿਸਤਾਨ ਸਰਕਾਰ ਵੱਲੋਂ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੇ ਜਾਣ 'ਤੇ ਦੋਵਾਂ ਮੁਲਕਾਂ ਦਰਮਿਆਨ ਹੋਏ ਟਕਰਾਅ ਦੌਰਾਨ 12 ਜੂਨ 2016 ਨੂੰ ਗੋਲੀਬਾਰੀ ਵਿਚ ਫਰੰਟੀਅਰ ਕੋਰ ਦਾ ਮੇਜਰ ਜਵਾਦ ਚੰਗੇਜ਼ੀ ਮਾਰਿਆ ਗਿਆ। ਇਸ ਕਾਰਨ ਪਾਕਿਸਤਾਨ ਤੋਂ ਅਫਗਾਨਿਸਤਾਨ ਵਿਚ ਖੁਰਾਕੀ ਪਦਾਰਥ ਅਤੇ ਘਰੇਲੂ ਸਾਮਾਨ ਲਿਜਾਣ ਹਿੱਤ ਹੁੰਦੀ ਆਵਾਜਾਈ ਘਟਾ ਦਿੱਤੀ ਗਈ। ਸਰਹੱਦੀ ਗਾਰਦਾਂ ਨੂੰ 2010 ਵਿਚ ਪਾਕਿਸਤਾਨ ਅਤੇ ਅਫਗਾਨਿਸਤਾਨ ਦਰਮਿਆਨ ਵਪਾਰਕ ਸਮਝੌਤਾ ਸਖਤੀ ਨਾਲ ਲਾਗੂ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਜਿਸ ਤਹਿਤ ਅਫਗਾਨਿਸਤਾਨ ਲਈ ਨਿਰਧਾਰਤ ਸਾਮਾਨ ਦਾ ਪਾਕਿਸਤਾਨ ਅੰਦਰ ਮੁੜ-ਦਾਖਲ ਹੋਣ 'ਤੇ ਪਾਬੰਦੀ ਹੈ। ਇਸ ਸਮਝੌਤੇ ਦੀ ਸਭ ਤੋਂ ਅਹਿਮ ਮੱਦ ਮੁਤਾਬਕ ਅਫਗਾਨਿਸਤਾਨ ਵਿਚ ਸਾਮਾਨ ਲਿਜਾ ਰਹੇ ਹਰ ਟਰੱਕ ਨੂੰ ਕਰਾਚੀ ਵਿਖੇ ਛੇ ਲੱਖ ਪਾਕਿਸਤਾਨੀ ਰੁਪਏ ਜਮ੍ਹਾਂ ਕਰਵਾਉਣੇ ਪੈਂਦੇ ਹਨ। ਸਾਰੀਆਂ ਵਸਤਾਂ ਉਥੇ ਲਾਹ ਕੇ ਆਉਣ ਦੀ ਸੂਰਤ 'ਚ ਹੀ ਇਹ ਰਕਮ ਵਾਪਸ ਕੀਤੀ ਜਾਂਦੀ ਹੈ। ਅਜਿਹੀਆਂ ਸਭ ਪੇਸ਼ਬੰਦੀਆਂ ਦੇ ਬਾਵਜੂਦ ਅਫਗਾਨਾਂ ਤੇ ਪਾਕਿਸਤਾਨੀਆਂ ਲਈ ਸਰਹੱਦ ਦੇ ਆਰ-ਪਾਰ ਵਸੇ ਹੋਣਾ ਕਿਸੇ ਦੁਖਾਂਤ ਤੋਂ ਘੱਟ ਨਹੀਂ।

---

ਪਿਸ਼ਾਵਰ ਦੇ ਬਾਹਰਵਾਰ ਉਤਰ-ਪੱਛਮੀ ਇਲਾਕੇ ਵਿਚ ਇਸ ਸ਼ਹਿਰ ਨੂੰ ਜਮਰੌਦ ਤੇ ਅਗਾਂਹ ਤੁਰਖਾਮ ਨਾਲ ਜੋੜਦੀ ਸੜਕ ਦੇ ਇਕ ਪਾਸੇ ਸ਼ਾਪਿੰਗ ਸੈਂਟਰਾਂ ਦੀ ਕਤਾਰ ਹੈ। ਇਥੋਂ ਦੇ ਬਹੁਮੰਜ਼ਿਲੇ ਕੰਪਲੈਕਸ ਅਤੇ ਛੋਟੀਆਂ ਦੁਕਾਨਾਂ ਇਲੈਕਟ੍ਰਾਨਿਕ ਵਸਤਾਂ ਤੋਂ ਲੈ ਕੇ ਘਰੇਲੂ ਵਰਤੋਂ ਦੀਆਂ ਹਰ ਕਿਸਮ ਦੀਆਂ ਸ਼ੈਆਂ ਨਾਲ ਭਰੀਆਂ ਪਈਆਂ ਹਨ। ਕਾਰਖਾਨੋ ਮਾਰਕੀਟ ਦੇ ਨਾਂ ਨਾਲ ਪ੍ਰਸਿਧ ਇਹ ਥਾਂ ਪਾਕਿਸਤਾਨ ਵਿਚ ਤਸਕਰੀ ਰਾਹੀਂ ਲਿਆਂਦੀਆਂ ਗਈਆਂ ਵਸਤਾਂ ਦੀ ਸ਼ਾਇਦ ਸਭ ਤੋਂ ਵੱਡੀ ਅਤੇ ਮਸ਼ਹੂਰ ਮੰਡੀ ਹੈ। ਉਤਰੀ ਅਤੇ ਕੇਂਦਰੀ ਪਾਕਿਸਤਾਨ ਦੇ ਖਰੀਦਦਾਰਾਂ ਨੂੰ ਇਥੋਂ ਉਹ ਵਸਤਾਂ ਖਰੀਦਣਾ ਸੁਖਾਲਾ ਅਤੇ ਸਸਤਾ ਜਾਪਦਾ ਹੈ ਜੋ ਕਾਨੂੰਨੀ ਤਰੀਕੇ ਨਾਲ ਕੰਮ ਕਰਦੀਆਂ ਵੱਡੀਆਂ ਦੁਕਾਨਾਂ ਅਤੇ ਬਾਜ਼ਾਰਾਂ ਵਿਚ ਬਹੁਤ ਮਹਿੰਗੀਆਂ ਮਿਲਦੀਆਂ ਹਨ।

ਲੰਡੀ ਕੋਤਲ ਤੋਂ ਸ਼ਿਨਵਾੜੀ ਕਬੀਲੇ ਦਾ ਗੁਲ ਸ਼ੇਰ (ਫਰਜ਼ੀ ਨਾਂ) ਸਾਲਾਂਬੱਧੀ ਕਾਰਖਾਨੋ ਮਾਰਕੀਟ ਤਕ ਵਸਤਾਂ ਦੀ ਤਸਕਰੀ ਵਿਚ ਸ਼ਾਮਿਲ ਰਿਹਾ ਹੈ। ਉਹ ਦੱਸਦਾ ਹੈ ਕਿ ਇਕ ਵਾਰ ਪਾਕਿਸਤਾਨੀ ਪਾਸੇ ਲਿਆ ਕੇ ਇਹ ਸਾਮਾਨ ਟਰੱਕਾਂ ਵਿਚ ਲੱਦ ਕੇ ਪਿਸ਼ਾਵਰ ਲਿਜਾਇਆ ਜਾਂਦਾ ਸੀ। ਇਕ ਟਰੱਕ ਵਿਚ ਭਰੀਆਂ ਅਜਿਹੀਆਂ ਵਸਤਾਂ ਦੀ ਕੀਮਤ ਸਾਢੇ ਚਾਰ ਲੱਖ ਰੁਪਏ ਹੁੰਦੀ ਸੀ। ਇਸ ਵਿਚ ਨਾਕਿਆਂ ਉਤੇ ਅਧਿਕਾਰੀਆਂ ਨੂੰ ਦਿੱਤੀ ਜਾਣ ਵਾਲੀ ਰਿਸ਼ਵਤ (ਕਰੀਬ 3 ਲੱਖ ਰੁਪਏ) ਅਤੇ ਭਾੜਾ (ਕਰੀਬ 50 ਹਜ਼ਾਰ ਰੁਪਏ) ਸ਼ਾਮਲ ਸੀ। ਗੁਲ ਸ਼ੇਰ ਅਤੇ ਉਸ ਦੇ ਸਾਥੀ ਹਰ ਮਹੀਨੇ ਅਜਿਹੇ ਚਾਰ ਪੰਜ ਟਰੱਕ ਭਰ ਕੇ ਕਾਰਖਾਨੋ ਮਾਰਕੀਟ ਵਿਚ ਲਿਆਉਂਦੇ ਸਨ। ਸ਼ਿਨਵਾੜੀ ਕਬੀਲੇ ਦੇ ਹਜ਼ਾਰਾਂ ਆਦਮੀ ਇਹੀ ਧੰਦਾ ਕਰਦੇ ਸਨ।

ਕਾਰਖਾਨੋ ਮਾਰਕੀਟ ਵਿਚ ਕੁਝ ਸਮੇਂ ਤੋਂ ਮੰਦੀ ਚੱਲ ਰਹੀ ਹੈ, ਕਿਉਂਕਿ ਤਸਕਰੀ ਰਾਹੀਂ ਇਥੇ ਲਿਆਂਦੀਆਂ ਵਸਤਾਂ ਦੀ ਕੀਮਤ ਵੀ ਹੁਣ ਕਾਨੂੰਨੀ ਤਰੀਕੇ ਨਾਲ ਦਰਾਮਦ ਵਸਤਾਂ ਦੇ ਬਰਾਬਰ ਪੈਂਦੀ ਹੈ। ਫਜ਼ਲੇ ਵਾਹਿਦ ਨਾਂ ਦਾ ਅਧਖੜ ਕਾਰੋਬਾਰੀ ਸੋਲ੍ਹਾਂ ਸਾਲਾਂ ਤੋਂ ਇਥੇ ਕੰਬਲ ਵੇਚ ਰਿਹਾ ਹੈ। ਉਹ ਗਿਲਾ ਕਰਦਾ ਹੈ ਕਿ ਸਰਹੱਦ ਉਤੇ ਸਖਤ ਪਾਬੰਦੀਆਂ ਕਾਰਨ ਕਾਰੋਬਾਰ ਵਿਚ ਖੜੋਤ ਆ ਗਈ ਹੈ। ਹੁਣ ਉਸ ਨੂੰ ਹਰ ਮਹੀਨੇ 30-35 ਹਜ਼ਾਰ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਪਹਿਲਾਂ ਕਾਰਖਾਨੋ ਮਾਰਕੀਟ ਤੋਂ ਖਰੀਦੇ ਹਰ ਕੰਬਲ ਪਿੱਛੇ ਗਾਹਕ ਨੂੰ 1500 ਤੋਂ 2000 ਰੁਪਏ ਦੀ ਬੱਚਤ ਹੁੰਦੀ ਸੀ, ਪਰ ਹੁਣ ਇਹ ਫਰਕ ਨਾ ਰਹਿਣ ਕਾਰਨ ਪੰਜਾਬ ਦੇ ਗਾਹਕ ਇਥੋਂ ਖਰੀਦਦਾਰੀ ਕਰਨ ਨੂੰ ਲਾਹੇਵੰਦਾ ਨਹੀਂ ਸਮਝਦੇ।

ਅਫਗਾਨਿਸਤਾਨ ਤੋਂ ਤਸਕਰੀ ਰਾਹੀਂ ਲਿਆਂਦੀਆਂ ਵਸਤਾਂ ਦੀ ਇਕ ਹੋਰ ਵੱਡੀ ਮੰਡੀ ਲੰਡੀ ਕੋਤਲ ਵਿਚ ਵੀ ਇਹੀ ਹਾਲਤ ਹੈ। ਲੰਡੀ ਕੋਤਲ ਵਿਚ ਕਸਟਮ ਏਜੰਟਾਂ ਦੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਵਾਹਿਦ ਖਾਨ ਸ਼ਿਨਵਾੜੀ ਦੀ ਮੰਨੀਏ ਤਾਂ ਇਥੋਂ ਦੀ ਕਰੀਬ 25 ਹਜ਼ਾਰ ਵਸੋਂ ਵਿਚੋਂ ਅੱਧੀ ਆਬਾਦੀ ਸਰਹੱਦ 'ਤੇ ਹੋਈ ਸਖਤੀ ਕਾਰਨ ਪ੍ਰਭਾਵਿਤ ਹੋਈ ਹੈ। ਸਰਹੱਦ ਪਾਰ ਕਰਨ ਵਾਲਿਆਂ ਦੀ ਦਿਨ-ਬ-ਦਿਨ ਘਟ ਰਹੀ ਗਿਣਤੀ ਕਾਰਨ ਤੁਰਖਾਮ ਤੋਂ ਪਿਸ਼ਾਵਰ ਵਿਚਕਾਰ ਚਲਦੀਆਂ 1300 ਟੈਕਸੀਆਂ ਅਤੇ 800 ਬੱਸਾਂ ਹੁਣ ਬੰਦ ਹੋ ਗਈਆਂ ਹਨ। ਤੁਰਖਾਮ ਵਿਚ ਕੰਮ ਕਰਦੇ 700 ਕਸਟਮ ਏਜੰਟਾਂ ਵਿਚੋਂ ਬਹੁਤੇ ਬੇਰੁਜ਼ਗਾਰ ਹੋ ਗਏ ਹਨ। ਰੋਜ਼ਾਨਾ 500 ਤੋਂ 1000 ਰੁਪਏ ਕਮਾਉਣ ਵਾਲੇ ਕੁਲੀ ਵੀ ਬੇਕਾਰ ਹੋ ਗਏ ਹਨ। ਇਥੋਂ ਤਕ ਕਿ ਸਥਾਨਕ ਕਬਾਇਲੀ ਬਜ਼ੁਰਗਾਂ ਅਤੇ ਫਰੰਟੀਅਰ ਕੋਰ ਦੇ ਕਮਾਂਡੈਂਟ ਦਰਮਿਆਨ ਹੋਈ ਮੀਟਿੰਗ ਵਿਚ ਸਰਹੱਦ ਉਤੇ ਹੋਈ ਸਖਤੀ ਦਾ ਮੁੱਦਾ ਵਿਚਾਰਦਿਆਂ ਕਿਹਾ ਕਿ ਬੇਰੁਜ਼ਗਾਰ ਹੋਏ ਨੌਜਵਾਨਾਂ ਦੇ ਅਤਿਵਾਦੀ ਬਣਨ ਦੀ ਸੰਭਾਵਨਾ ਹੈ ਜੋ ਆਪਣੇ ਨਾਲ ਕੰਮ ਕਰਨ ਵਾਲਿਆਂ ਨੂੰ 20-25 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਪੇਸ਼ਕਸ਼ ਕਰਦੇ ਹਨ।

ਤੁਰਖਾਮ ਦੇ ਉਤਰ ਵਿਚ ਪੈਂਦਾ ਸ਼ਾਲਮਨ ਖੇਤਰ ਤਸਕਰੀ ਦਾ ਇਕੋ-ਇਕ ਪੁਰਾਣਾ ਰਸਤਾ ਸੀ ਜਿਥੋਂ ਸਰਹੱਦ ਦੇ ਆਰ-ਪਾਰ ਵਸਤਾਂ ਲਿਆਉਣਾ ਲਿਜਾਣਾ ਪਿਛਲੇ ਦੋ ਸਾਲਾਂ ਤੋਂ ਪੂਰੀ ਤਰ੍ਹਾਂ ਬੰਦ ਹੋ ਗਿਆ ਹੈ। ਅਫਗਾਨਿਸਤਾਨ ਵੱਲੋਂ ਦਾਈਸ਼ ਅਤੇ ਜਮਾਤ-ਉਲ-ਅਹਿਰਾਰ ਦੇ ਅਤਿਵਾਦੀਆਂ ਦੀ ਘੁਸਪੈਠ ਰੋਕਣ ਲਈ ਉਥੇ ਸੁਰੱਖਿਆ ਪ੍ਰਬੰਧ ਇੰਨੇ ਮਜ਼ਬੂਤ ਕਰ ਦਿੱਤੇ ਗਏ ਹਨ ਕਿ ਸਥਾਨਕ ਕਬਾਇਲੀ ਲੋਕਾਂ ਦੇ ਆਉਣ-ਜਾਣ 'ਤੇ ਵੀ ਪਾਬੰਦੀ ਹੈ। ਸ਼ਾਲਮਨ ਵਿਚ ਹਲੀਮਜ਼ਈ ਅਤੇ ਤਰਕਜ਼ਈ ਲੋਕ ਰਹਿੰਦੇ ਹਨ। ਇਨ੍ਹਾਂ ਦੇ ਅਫਗਾਨਿਸਤਾਨ ਵਿਚ ਰਹਿੰਦੇ ਲੋਕਾਂ ਨਾਲ ਖੂਨ ਦੇ ਰਿਸ਼ਤੇ ਹਨ। ਕੁਝ ਸਾਲ ਪਹਿਲਾਂ ਤਕ ਇਹ ਬਿਨਾ ਕਿਸੇ ਰੋਕ-ਟੋਕ ਤੋਂ ਅਫਗਾਨ ਪਿੰਡਾਂ ਵਿਚ ਜਾ ਆਉਂਦੇ ਸਨ। ਅਫਗਾਨ ਸੁਰੱਖਿਆ ਬਲ ਉਨ੍ਹਾਂ ਨੂੰ ਹੁਣ ਵੀ ਸਰਹੱਦ ਪਾਰ ਕਰਨ ਦਿੰਦੇ ਹਨ, ਪਰ ਵਾਪਸੀ 'ਤੇ ਪਾਕਿਸਤਾਨੀ ਸੁਰੱਖਿਆ ਬਲ ਉਨ੍ਹਾਂ ਤੋਂ ਜੇਲ੍ਹ ਵਿਚ ਪੂਰੀ ਪੁੱਛ ਪੜਤਾਲ ਕਰਦੇ ਹਨ।

ਹਰ ਦੋ ਕਿਲੋਮੀਟਰ ਦੇ ਫਾਸਲੇ 'ਤੇ ਮੌਜੂਦ ਪਾਕਿਸਤਾਨੀ ਪਿਕਟਾਂ ਉਤੋਂ ਸਰਹੱਦ ਉਤੇ ਪੂਰੀ ਚੌਕਸੀ ਨਾਲ ਨਜ਼ਰ ਰੱਖੀ ਜਾਂਦੀ ਹੈ।

# ਪੰਜਾਬ ਦੇ ਹੀਰਿਆਂ ਦੀ ਗੱਲ ਕਰਦਿਆਂ

## ਪੁਸਤਕ ਚਰਚਾ

'ਪੰਜਾਬ ਦੇ ਕੋਹੇਨੂਰ' ਪੁਸਤਕ ਦਾ ਦੂਜਾ ਭਾਗ ਛਪਣ ਵੇਲੇ ਮੈਂ ਲਿਖਿਆ ਸੀ, ਕੀ ਪਤਾ ਪਾਠਕ ਮੈਥੋਂ ਤੀਜਾ ਭਾਗ ਵੀ ਲਿਖਵਾ ਲੈਣ। ਉਹੀ ਗੱਲ ਹੋਈ ਤੇ ਉਹ ਲਿਖਵਾ ਹੀ ਲਿਆ। ਪੰਜਾਬ ਹੀਰਿਆਂ ਦੀ ਖਾਣ ਹੈ। ਪਹਿਲੇ ਭਾਗ ਵਿਚ ਨੌਂ ਹੀਰਿਆਂ ਦੇ ਦਰਸ਼ਨ ਕਰਵਾਏ ਸਨ, ਦੂਜੇ 'ਚ ਸੱਤਾਂ ਦੇ ਤੇ ਤੀਜੇ ਭਾਗ ਵਿਚ ਛੇ ਹੀਰਿਆਂ ਦੇ ਸ਼ਬਦ ਚਿੱਤਰ ਉਲੀਕੇ ਹਨ। ਇਨ੍ਹਾਂ ਵਿਚ ਕੋਈ ਨਾਟਕਕਾਰ ਹੈ, ਕੋਈ ਕਹਾਣੀਕਾਰ, ਕੋਈ ਕਵੀਸ਼ਰ, ਕੋਈ ਵਾਰਤਕਕਾਰ, ਕੋਈ ਮੀਡੀਆਕਾਰ ਤੇ ਕੋਈ ਗੀਤਕਾਰ। ਸਾਰੇ ਆਪੋ ਆਪਣੇ ਖੇਤਰਾਂ ਦੇ ਸ਼ਾਹਸਵਾਰ ਹਨ/ਸਨ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਅਜਮੇਰ ਔਲਖ ਕਿਸਾਨਾਂ-ਮਜਦੂਰਾਂ ਦਾ ਨਾਟਕਕਾਰ ਸੀ। ਉਸ ਦੇ ਤਿੰਨ ਦਰਜਨ ਤੋਂ ਵੱਧ ਨਾਟਕਾਂ ਦੀਆਂ ਹਜ਼ਾਰਾਂ ਪੇਸ਼ਕਾਰੀਆਂ ਹੋਈਆਂ ਜਿਨ੍ਹਾਂ ਨੂੰ ਲੱਖਾਂ ਲੋਕਾਂ ਨੇ ਵੇਖਿਆ। ਹਜ਼ਾਰਾਂ ਲੋਕਾਂ ਨੇ ਉਹਦਾ ਲੋਕ ਨਾਟਕਕਾਰ ਵਜੋਂ ਪਿੰਡ ਰੱਲੇ 'ਚ ਲੋਕ ਸਨਮਾਨ ਕੀਤਾ। ਉਸ ਨੂੰ ਭਾਰਤੀ ਸਾਹਿਤ ਅਕੈਡਮੀ ਅਵਾਰਡ, ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਅਵਾਰਡ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਨਾਟਕਕਾਰ ਅਵਾਰਡ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਅਵਾਰਡ ਅਤੇ ਹੋਰ ਅਨੇਕਾਂ ਮਾਣ-ਸਨਮਾਨ ਮਿਲੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਅਸਹਿਣਸ਼ੀਲਤਾ ਦੇ ਮੁੱਦੇ ਉਤੇ ਉਸ ਨੇ ਭਾਰਤੀ ਸਾਹਿਤ ਅਕਾਡਮੀ ਦਾ ਇਨਾਮ ਮੋੜ ਵੀ ਦਿੱਤਾ ਸੀ। ਉਹ ਆਪਣੇ ਆਪ ਨੂੰ ਨਿਮਾਣੇ ਲੋਕਾਂ ਦਾ ਨਿਮਾਣਾ ਜਿਹਾ ਨਾਟਕਕਾਰ ਕਹਿੰਦਾ ਸੀ। ਉਸ ਦੇ ਨਾਟਕ ਪੰਜਾਬ ਤੇ ਹਰਿਆਣਾ ਦੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਤੋਂ ਲੈ ਕੇ, ਚੰਡੀਗੜ੍ਹ, ਦਿੱਲੀ, ਕੋਲਕਾਤਾ, ਮੁੰਬਈ, ਅਮਰੀਕਾ ਤੇ ਕੈਨੇਡਾ ਤਕ ਖੇਡੇ ਗਏ। ਉਹ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਦੇ ਸਿੱਖਿਆ ਬੋਰਡਾਂ ਦੀਆਂ ਪਾਠ ਪੁਸਤਕਾਂ 'ਚ ਪੜ੍ਹਾਏ ਜਾਂਦੇ ਹਨ। ਉਨ੍ਹਾਂ ਬਾਰੇ ਅਨੇਕਾਂ ਖੋਜ ਲੇਖ ਤੇ ਖੋਜ ਪ੍ਰਬੰਧ ਲਿਖੇ ਗਏ। ਉਹ ਨਾਟਕ ਤੇ ਰੰਗਮੰਚ ਦਾ ਤੁਰਦਾ-ਫਿਰਦਾ ਇਨਸਾਈਕਲੋਪੀਡੀਆ ਸੀ।

ਉਹ ਮਾਲਵੇ ਦੀ ਮਿੱਟੀ ਵਿਚ ਭਾਵੇਂ ਭੱਖੜੇ ਵਾਂਗ ਉੱਗਿਆ ਸੀ ਪਰ ਚੰਦਨ ਵਾਂਗ ਮਹਿਕਦਾ ਰਿਹਾ। ਨਿਮਨ ਕਿਸਾਨੀ ਦਾ ਜੰਮਿਆ-ਜਾਇਆ ਸਾਰੀ ਉਮਰ ਨਿਮਨ ਕਿਸਾਨੀ ਲਈ ਜੀਵਿਆ। ਉਹ 'ਨਿੱਕੇ ਸੂਰਜਾਂ ਦੀ ਲੜਾਈ' ਲੜਦਾ ਜਹਾਨ ਤੋਂ ਵਿਦਾ ਹੋਇਆ। ਕਿਰਤੀਆਂ ਕਾਮਿਆਂ ਨੂੰ ਸੇਧ ਦੇ ਗਿਆ ਕਿ ਸੰਘਰਸ਼ ਕਰਦਿਆਂ ਕਦੇ ਹਾਰ ਨਹੀਂ ਮੰਨਣੀ ਅਤੇ ਅੰਤਿਮ ਜਿੱਤ ਤਕ ਜੂਝਦੇ ਰਹਿਣਾ ਹੀ ਜੀਵਨ ਦੀ ਮੰਜ਼ਲ ਹੈ।

ਕਹਾਣੀਆਂ ਦਾ ਕੋਹੇਨੂਰ ਵਰਿਆਮ, ਵਰਿਆਮ ਹੀ ਹੈ। ਕਹਿਣੀ ਤੇ ਕਰਨੀ ਦਾ ਕੱਦਾਵਰ ਲੇਖਕ। ਲੰਮੀਆਂ ਕਹਾਣੀਆਂ ਦਾ ਕੌਮੀ ਚੈਂਪੀਅਨ। ਉਹਦੀ ਕਹਾਣੀ 'ਚੌਥੀ ਕੂਟ' ਭਾਰਤੀ ਭਾਸ਼ਾਵਾਂ 'ਚੋਂ ਚੋਟੀ ਦੀਆਂ ਬਾਰਾਂ ਕਹਾਣੀਆਂ ਦੇ ਅੰਗਰੇਜ਼ੀ ਕਹਾਣੀ ਸੰਗ੍ਰਿਹ 'ਮੈਮੋਰੇਬਲ ਸਟੋਰੀਜ਼ ਆਫ ਇੰਡੀਆ: ਟੈਲ ਮੀ ਏ ਲੌਂਗ ਸਟੋਰੀ' ਵਿਚ ਪ੍ਰਕਾਸ਼ਿਤ ਕੀਤੀ ਗਈ। ਉਹ ਰਣ-ਤੱਤੇ ਵਿਚ ਵੀ ਜੂਝਿਆ ਤੇ ਰਚਨਾਵਾਂ ਵਿਚ ਵੀ ਜੂਝ ਰਿਹੈ। ਮੌਤ ਨੇ ਉਹਦੇ ਨਾਲ ਕਈ ਵਾਰ ਦੋ ਹੱਥ ਕੀਤੇ ਪਰ ਉਹ ਉਹਦੇ ਹੱਥ ਨਹੀਂ ਆਇਆ। ਪੰਜਾਬੀ ਦਾ ਉਹ ਮਾਣਮੱਤਾ ਤੇ ਸ਼ਾਨਾਂਮੱਤਾ ਲੇਖਕ ਹੈ।

ਡਾ. ਅਤਰ ਸਿੰਘ ਨੇ ਲਿਖਿਆ ਸੀ: ਪੰਜਾਬ ਜਿਸ ਘੋਰ ਸੰਕਟ ਵਿਚੋਂ ਲੰਘਿਆ ਹੈ, ਉਸ ਦੀ ਥਾਹ ਅਜੇ ਕਿਸੇ ਨੇ ਨਹੀਂ ਪਾਈ। ਇਸ ਖੇਤਰ ਵਿਚ ਵਰਿਆਮ ਸੰਧੂ ਦੀਆਂ ਦੋ ਕਹਾਣੀਆਂ 'ਭੱਜੀਆਂ ਬਾਹੀਂ' ਅਤੇ 'ਮੈਂ ਹੁਣ ਠੀਕ ਠਾਕ ਹਾਂ' ਪੰਜਾਬੀ ਕਹਾਣੀ ਦੀ ਵਡਮੁੱਲੀ ਪ੍ਰਾਪਤੀ ਹਨ। ਇਨ੍ਹਾਂ ਕਹਾਣੀਆਂ ਵਿਚ ਸੰਕਟ ਦੀ ਵਿਰਾਟਤਾ ਅਤੇ ਇਸ ਤੋਂ ਉਤਪੰਨ ਹੋਈਆਂ ਅਨੇਕ ਪਰਤਾਂ ਨੇ ਮਾਨਵੀ ਪ੍ਰਸਥਿਤੀਆਂ ਤੇ ਪ੍ਰਵਿਰਤੀਆਂ ਨੂੰ ਸਾਕਾਰ ਕਰਨ ਲਈ ਪੰਜਾਬੀ ਲੇਖਕਾਂ ਤੇ ਬੁਧੀਜੀਵੀਆਂ ਲਈ ਬੜੇ ਬਿਖਮ ਚੈਲੰਜ ਪੈਦਾ ਕੀਤੇ ਹਨ। ਇਸ ਸੰਕਟ ਵਿਚ ਬਹੁਤੇ ਲੇਖਕ ਆਪਣੇ ਮਾਨਵੀ ਆਦਰਸ਼ਾਂ ਤੋਂ ਡੋਲ ਗਏ ਸਨ। ਉਨ੍ਹਾਂ ਦਾ ਸੰਬੋਧਨ ਮਾਨਵਤਾ ਦੀ ਥਾਂ ਸਿੱਖੀ ਮਾਨਸਿਕਤਾ ਤਕ ਸੀਮਿਤ ਹੋ ਕੇ ਰਹਿ ਗਿਆ ਸੀ। ਵਰਿਆਮ ਸੰਧੂ ਨੇ ਆਪਣੇ ਮਾਨਵਵਾਦੀ ਪਰਿਪੇਖ ਨੂੰ ਹੋਰ ਵੀ ਨਿਸ਼ਠਾ ਨਾਲ ਕਾਇਮ ਰੱਖਿਆ। ਉਸ ਦਾ ਸੰਬੋਧਨ ਪੰਜਾਬੀ ਜਾਂ ਭਾਰਤੀ ਮਾਨਸਿਕਤਾ ਤਕ ਸੀਮਤ ਨਹੀਂ ਰਿਹਾ ਸਗੋਂ ਸਮੁੱਚੀ ਮਾਨਵਤਾ ਤਕ ਫੈਲ ਗਿਆ। ਮੇਰੀ ਜਾਚੇ ਇਹ ਦੋਵੇਂ ਕਹਾਣੀਆਂ ਮਾਡਰਨ ਵਰਲਡ ਕਲਾਸਿਕਸ ਵਿਚ ਆਪਣਾ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹਨ।

ਰਣਜੀਤ ਸਿੰਘ ਸਿੱਧਵਾਂ ਕਵੀਸ਼ਰੀ ਦੇ ਅੰਬਰ 'ਤੇ ਧਰੂ ਤਾਰੇ ਵਾਂਗ ਲਿਸ਼ਕਿਆ। ਉਹਦੀ ਕੋਇਲ ਵਾਂਗ ਕੂਕਵੀਂ ਆਵਾਜ਼ ਹਜ਼ਾਰਾਂ ਸਰੋਤਿਆਂ ਨੂੰ ਕੀਲ ਲੈਂਦੀ। ਲੰਮੀ ਲਮਕਵੀਂ ਹੇਕ ਦੂਰ-ਦੂਰ ਤਕ ਬੈਠੇ ਸਰੋਤਿਆਂ ਨੂੰ ਵਜਦ ਵਿਚ ਲਿਆ ਦਿੰਦੀ। ਲਾਊਡ ਸਪੀਕਰ ਤੋਂ ਬਿਨਾ ਹੀ ਉਹ ਹਜ਼ਾਰਾਂ ਦੇ 'ਕੱਠਾਂ ਨੂੰ ਬੰਨ੍ਹ-ਬਿਠਾਉਂਦਾ। ਲੋਕ ਗੱਲਾਂ ਕਰਦੇ ਕਿ ਸਿੱਧਵਾਂ ਵਾਲਾ ਰਣਜੀਤ ਜਦੋਂ ਕੰਨ 'ਤੇ ਹੱਥ ਰੱਖ ਕੇ ਉਚੀ ਹੇਕ 'ਚ ਦੋਹਰਾ ਲਾਉਂਦੈ ਤਾਂ ਟਾਹਲੀਆਂ ਦੇ ਪੱਤੇ ਝਾੜ ਦਿੰਦੈ! ਅੱਜ ਵੀ ਬਜ਼ੁਰਗ ਗੱਲਾਂ ਕਰਦੇ ਹਨ ਕਿ ਉਹਦੀ 'ਵਾਜ਼ ਮੀਲਾਂ ਲੰਮੀ ਸੀ! ਬੋਲ 'ਤਾਂਹ ਨੂੰ ਚੜ੍ਹ ਜਾਂਦਾ ਤਾਂ ਕਿੰਨਾ-ਕਿੰਨਾ ਚਿਰ ਹੇਠਾਂ ਨਾ ਮੁੜਦਾ!




ਕਰਨੈਲ ਸਿੰਘ ਪਾਰਸ, ਰਣਜੀਤ ਸਿੰਘ ਸਿੱਧਵਾਂ ਤੇ ਚੰਦ ਸਿੰਘ ਜੰਡੀ ਦੇ ਜਥੇ ਨੇ ਕਵੀਸ਼ਰੀ ਨੂੰ ਏਨੀ ਇਜ਼ਤ ਬਖਸ਼ੀ ਕਿ ਉਨ੍ਹਾਂ ਦੀ ਰੀਸ ਨਾਲ ਜੱਟਾਂ-ਜਿਮੀਦਾਰਾਂ ਦੇ ਮੁੰਡੇ ਵੀ ਸਟੇਜਾਂ 'ਤੇ ਗਾਉਣ ਲੱਗ ਪਏ! ਪਿੰਡਾਂ ਦੇ ਲੋਕ ਸੱਥਾਂ 'ਚ ਗੱਲਾਂ ਕਰਦੇ, "ਬਈ ਕਵੀਸ਼ਰ ਤਾਂ ਰਾਮੂਆਲੇ ਦੇ ਐ। ਜੈਤੋ ਦੀ ਹਰੇਕ ਮੰਡੀ 'ਤੇ ਜਦੋਂ ਆਥਣੇ ਜੇ ਖਾੜਾ ਲਾਉਂਦੇ ਐ ਤਾਂ ਬਾਕੀ ਸਾਰਿਆਂ ਦੇ ਖਾੜੇ ਪੱਟ ਦਿੰਦੇ ਐ। ਰਾਮੂਆਲੇ ਦਾ ਕਰਨੈਲ ਸਿਹੁੰ ਜਦੋਂ ਵਿਖਿਆਨ ਕਰਦੈ ਤਾਂ ਪੂਰਨ ਤੇ ਲੂਣਾ ਅਤੇ ਦਹੂਦ ਬਾਦਸ਼ਾਹ ਤੇ ਬੇਗਮ ਨੂੰ ਸਾਹਮਣੇ ਖਲ੍ਹਾਰ ਦਿੰਦੈ। ਸਾਮਰਤੱਖ। ਜਦੋਂ ਹਸਾਉਂਦੈ ਤਾਂ ਹਸਾ-ਹਸਾ ਕੇ ਵੱਖੀਆਂ ਤੁੜਾ ਦਿੰਦੈ। ਉਹਦੇ ਨਾਲ ਜਿਹੜਾ ਪੱਕੇ ਜੇ ਰੰਗ ਤੇ ਪੋਚਵੀਂ ਜੀ ਪੱਗ ਵਾਲਾ ਰਣਜੀਤ ਸਿਓਂ ਐ ਨਾ, ਉਹ ਜਦੋਂ ਹੇਕ ਲਾਉਂਦੈ, ਨਾਲੇ ਹੱਥ ਉਤਾਂਹ ਨੂੰ ਚੱਕੀ ਜਾਂਦੈ, ਨਾਲੇ 'ਵਾਜ਼ ਹੋਰ ਉਚੀ ਕਰ ਕੇ ਦੋਹਰਾ ਲਾਉਂਦੈ ਤਾਂ 'ਵਾਜ਼ ਨੂੰ ਹੇਠਾਂ ਲਿਆਉਣ ਦਾ ਤਾਂ ਨਾਂ ਈ ਨੀ ਲੈਂਦਾ।"

ਇਕਬਾਲ ਰਾਮੂਵਾਲੀਆ ਹਰਫਨਮੌਲਾ ਕਲਾਕਾਰ ਸੀ। ਕਵੀ, ਕਵੀਸ਼ਰ, ਗਾਇਕ, ਸਾਜ਼ਿੰਦਾ, ਕਹਾਣੀਕਾਰ, ਨਾਵਲਕਾਰ, ਨਿਬੰਧਕਾਰ, ਮੀਡੀਆਕਾਰ, ਭਾਸ਼ਨਕਾਰ, ਅਧਿਆਪਕ ਤੇ ਸਮਾਜ ਸੇਵਕ। ਉਸ ਨੂੰ ਅਨੇਕਾਂ ਨਾਂਵਾਂ ਨਾਲ ਬੁਲਾਇਆ ਜਾਂਦਾ ਸੀ। ਕੋਈ ਉਸ ਨੂੰ ਢੋਲਾ ਕਹਿੰਦਾ, ਕੋਈ ਮੱਲਾ, ਕੋਈ ਕਵੀਸ਼ਰ ਕਾ ਅਕਬਾਲ, ਕੋਈ ਇਕਬਾਲ ਗਿੱਲ, ਕੋਈ ਬਾਲੀ ਗਿੱਲ ਤੇ ਕੋਈ ਇਕਬਾਲ ਰਾਮੂਵਾਲੀਆ। ਗੋਰੇ ਉਹਦਾ ਨਾਂ ਇੱਕਬੈੱਲ ਗਿੱਲ ਲੈਂਦੇ। ਕੁਝ ਕਵਿਤਾਵਾਂ ਉਸ ਨੇ ਐਸ. ਇਕਬਾਲ ਨਾਂ ਹੇਠ ਵੀ ਛਪਵਾਈਆਂ। ਉਸ ਦੇ ਅੱਧੀ ਦਰਜਨ ਤੋਂ ਵੱਧ ਨਾਂਵਾਂ ਵਿਚ ਇਕ ਨਾਂ 'ਗੁਜਰੀ-ਆਲਾ' ਵੀ ਬੋਲਦਾ ਰਿਹਾ।

ਇਕਬਾਲ ਕੀ ਕੀ ਸੀ? ਪਿਆਰਾ ਪਤੀ ਤੇ ਪਿਤਾ। ਭੈਣਾਂ ਦਾ ਛਿੰਦਾ ਵੀਰ। ਯਾਰਾਂ ਦਾ ਯਾਰ। ਸੰਸਾਰ ਪੱਧਰ 'ਤੇ ਵਸਦੇ ਪੰਜਾਬੀਆਂ ਦੇ ਦੁਖ-ਸੁਖ ਨਾਲ ਜੁੜਵੇਂ ਤੇ ਭਖਦੇ ਮੁੱਦਿਆਂ ਬਾਰੇ ਬੇਬਾਕ, ਤਰਕਸੰਗਤ ਤੇ ਸੱਚੀ ਗੱਲ ਕਰਨ ਵਾਲਾ। ਆਪਣੀ ਲੜਾਈ ਲੜ ਕੇ ਸਮਾਜ ਤੇ ਜੀਵਨ ਵਿਚ ਆਪਣਾ ਥਾਂ ਬਣਾਉਣ ਵਿਚ ਲੱਗੇ ਸੰਘਰਸ਼ਸ਼ੀਲ ਲੋਕਾਂ ਦਾ ਪ੍ਰਸ਼ੰਸਕ। ਉਹਨੂੰ ਕਿਸੇ ਦਾ ਅੱਗੇ ਵਧਣ ਲਈ ਕੀਤਾ ਸੰਘਰਸ਼ ਵੇਖ-ਸੁਣ ਕੇ ਚਾਅ ਚੜ੍ਹ ਜਾਂਦਾ ਸੀ। ਜਿਥੇ ਤੇ ਜਦੋਂ ਵੀ ਕਿਸੇ ਮਦਦ ਦੀ ਲੋੜ ਹੁੰਦੀ, ਉਹ ਦਿਲ ਦੇ ਸਾਰੇ ਚਾਅ ਨਾਲ ਉਹਦੇ ਲਈ ਆਪਣਾ ਆਪ ਅਰਪਣ ਕਰ ਦਿੰਦਾ। ਮਹਾਨ ਸ਼ਖਸੀਅਤ, ਨਿੱਘਾ ਤੇ ਮਿਲਣਸਾਰ ਇਨਸਾਨ, ਪੰਜਾਬੀ ਵਾਰਤਕ ਦਾ ਅਨੂਠਾ ਰਚਨਹਾਰਾ, ਸੱਚ ਦਾ ਸੂਰਜ, ਮਿਲਾਪੜਾ ਤੇ ਰੂਹ ਨੂੰ ਟੁੰਬਣ ਵਾਲਾ ਇਨਸਾਨ। ਨਿਮਾਣਿਆਂ ਨਿਤਾਣਿਆਂ ਦਾ ਯਾਰ। ਉਹ ਰੌਣਕੀ ਬੰਦਾ ਸੀ, ਮਖੌਲ ਕਰ ਵੀ ਲੈਂਦਾ ਤੇ ਸਹਿ ਵੀ ਲੈਂਦਾ। ਕਿਆ ਬਾਤਾਂ ਉਹਦੀ ਸ਼ਾਇਰੀ, ਵਾਰਤਕ ਤੇ ਬੇਬਾਕੀ ਦੀਆਂ। ਅਜਮੇਰ ਔਲਖ ਦੇ ਮਗਰੇ ਪੰਜਾਬੀ ਦਾ ਇਕ ਹੋਰ ਹੀਰਾ ਤੁਰ ਗਿਆ। ਬੰਦਾ ਤੁਰ ਜਾਂਦਾ ਹੈ, ਪਿੱਛੇ ਯਾਦਾਂ ਰਹਿ ਜਾਂਦੀਆਂ ਨੇ।

ਇਕਬਾਲ ਮਾਹਲ ਦੀ ਪੁਸਤਕ 'ਸੁਰਾਂ ਦੇ ਸੁਦਾਗਰ' 'ਚੋਂ ਗਾਇਕਾਂ ਦੀਆਂ ਕਈ ਗੁੱਝੀਆਂ ਗੱਲਾਂ ਦਾ ਪਤਾ ਲੱਗਾ। ਵਿਚਲੀ ਗੱਲ ਇਹ ਸਮਝ ਆਈ ਕਿ ਕਿਤਾਬ ਦਾ ਨਾਂ ਬੇਸ਼ਕ ਸੁਰਾਂ ਦੇ ਸੁਦਾਗਰ ਰੱਖਿਆ ਗਿਆ ਪਰ ਮਾਹਲ ਆਪ 'ਸੁਰਾਂ ਦਾ ਸੁਦਾਗਰ' ਨਹੀਂ ਬਣਿਆ। ਆਪ ਤਾਂ ਉਹ 'ਸੁਰਾਂ ਦਾ ਸਰੋਵਰ' ਹੀ ਰਿਹਾ। ਸੁਰਾਂ ਨੂੰ ਆਪਣੇ ਨਿਰਮਲ ਨੀਰ ਨਾਲ ਇਸ਼ਨਾਨ ਕਰਾਉਣ ਵਾਲਾ। ਗਾਇਕ ਆਉਂਦੇ ਰਹੇ, ਸਰੋਵਰ 'ਚ ਇਸ਼ਨਾਨ ਕਰਦੇ ਰਹੇ ਤੇ ਤਰ ਜਾਂਦੇ ਰਹੇ। ਸਰੋਵਰ ਨਿਰਮਲ ਦਾ ਨਿਰਮਲ ਤੇ ਭਰਪੂਰ ਦਾ ਭਰਪੂਰ ਰਿਹਾ।

ਹੁਣ ਕੋਈ ਮਾਹਲ ਨੂੰ ਸੁਰਾਂ ਦਾ ਵਿਚੋਲਾ ਕਹਿੰਦਾ ਹੈ, ਕੋਈ ਸੁਰਾਂ ਦਾ ਪਾਰਸ, ਸੁਰਾਂ ਦਾ ਵਣਜਾਰਾ, ਸੁਰ-ਸ਼ਬਦ ਦੀ ਟਕਸਾਲ, ਸੁਰਾਂ ਦਾ ਵਹਿੰਦਾ ਦਰਿਆ, ਸਟੇਜ ਦਾ ਧਨੀ, ਸ਼ਬਦਾਂ ਦਾ ਜਾਦੂਗਰ, ਪੰਜਾਬੀ ਸਭਿਆਚਾਰ ਦਾ ਮੁਦੱਈ, ਪੰਜਾਬ ਦਾ ਇਕਬਾਲ, ਪੰਜਾਬੀਅਤ ਦਾ ਸ਼ੈਦਾਈ, ਸੌ ਫੀਸਦੀ ਜੱਟ, ਜ਼ਿੰਦਗੀ ਦਾ ਆਸ਼ਕ, ਸੁਹਿਰਦ ਮਿੱਤਰ ਤੇ ਕੋਈ ਪੰਜਾਬੀ ਮਾਂ ਬੋਲੀ ਦਾ ਸਰਵਣ ਪੁੱਤਰ ਆਖਦਾ ਹੈ। ਉਹ ਟੋਰਾਂਟੋ ਵਿਚ ਪੰਜਾਬੀ ਰੇਡੀਓ ਤੇ ਟੀ. ਵੀ. ਬਰਾਡਕਾਸਟਿੰਗ ਦਾ ਮੋਹੜੀਗੱਡ ਹੈ। ਸੰਗੀਤਮਈ ਸ਼ਾਮਾਂ, ਅਦਬੀ ਮਹਿਫਿਲਾਂ ਤੇ ਸਟੇਜੀ ਸ਼ੋਆਂ ਦਾ ਝੰਡਾਬਰਦਾਰ। ਮਿਲਣਸਾਰ, ਸੇਵਾ ਭਾਵੀ, ਪਰਉਪਕਾਰੀ ਤੇ ਮਹਿਮਾਨ ਨਿਵਾਜ਼। ਉਹ ਸੁਹਿਰਦ ਹੈ, ਸ਼ਾਹਖਰਚ ਹੈ ਤੇ ਸੰਵੇਦਨਸ਼ੀਲ ਹੈ। ਘਰ ਫੂਕ ਤਮਾਸ਼ਾ ਵੇਖਣ ਵਾਲਾ ਨਹੀਂ, ਹੋਰਨਾਂ ਨੂੰ ਤਮਾਸ਼ਾ ਵਿਖਾਉਣ ਵਾਲਾ ਹੈ। ਉਸ ਦੀ ਵਿਸ਼ੇਸ਼ ਪਛਾਣ ਰੇਡੀਓ/ਟੀ. ਵੀ. ਹੋਸਟ ਤੇ ਗਾਇਕੀ ਦਾ ਸ਼ੋਅ ਪ੍ਰੋਮੋਟਰ ਹੋਣ ਦੀ ਹੈ। ਪੰਜਾਬੀ ਬ੍ਰਾਡਕਾਸਟਰ ਤੇ ਸੰਗੀਤਕਾਰੀ ਦੇ ਪ੍ਰੋਮੋਟਰ ਵਜੋਂ ਉਸ ਨੇ ਨਾਮਣਾ ਤਾਂ ਬਹੁਤ ਖੱਟਿਆ ਪਰ ਨਾਵੇਂ ਵੱਲੋਂ ਸਾਵਾਂ ਹੀ ਰਿਹਾ। ਇਸ ਗੱਲੋਂ ਧੰਨ ਹੈ ਉਹਦੀ 'ਘਾਲ ਕਮਾਈ'!

ਕੋਈ ਸਮਾਂ ਸੀ ਜਦੋਂ ਕੁਸ਼ਤੀ ਦੇ ਅਖਾੜਿਆਂ 'ਚ ਦਾਰਾ-ਦਾਰਾ ਹੁੰਦੀ ਸੀ, ਟ੍ਰੈਕ 'ਚ ਮਿਲਖਾ-ਮਿਲਖਾ ਤੇ ਹਾਕੀ ਦੇ ਮੈਦਾਨਾਂ ਵਿਚ ਬਲਬੀਰ-ਬਲਬੀਰ। ਫਿਰ ਸਮਾਂ ਆਇਆ ਜਦੋਂ ਗਾਇਕੀ ਦੇ ਅਖਾੜਿਆਂ ਵਿਚ ਸ਼ਮਸ਼ੇਰ-ਸ਼ਮਸ਼ੇਰ ਹੋਣ ਲੱਗੀ। ਜਿਵੇਂ ਦਾਰਾ 'ਭਲਵਾਨਾਂ ਦਾ ਭਲਵਾਨ' ਸੀ, ਉਵੇਂ ਸ਼ਮਸ਼ੇਰ 'ਗੀਤਕਾਰਾਂ ਦਾ ਗੀਤਕਾਰ' ਹੈ। ਤਦੇ ਉਸ ਨੂੰ ਪੰਜਾਬੀ ਗੀਤਕਾਰੀ ਦਾ ਦਾਰਾ ਭਲਵਾਨ ਕਿਹਾ ਜਾਂਦੈ। ਉਹਦੇ ਅਨੇਕਾਂ ਗੀਤਾਂ ਨੇ ਝੰਡੀਆਂ ਕੀਤੀਆਂ ਤੇ ਗੁਰਜਾਂ ਜਿੱਤੀਆਂ। ਕੁਝ ਗੀਤ ਰੁਸਤਮੇ ਪੰਜਾਬ ਬਣੇ, ਕੁਝ ਰੁਸਤਮੇ ਹਿੰਦ ਤੇ ਕੁਝ ਰੁਸਤਮੇ ਜ਼ਮਾਂ ਬਣਨ ਤਕ ਗਏ। ਉਨ੍ਹਾਂ ਦੀ ਮਸ਼ਹੂਰੀ ਬੀ.ਬੀ.ਸੀ. ਤਕ ਹੋਈ। ਉਨ੍ਹਾਂ ਨੇ ਲੁਧਿਆਣੇ, ਲਾਹੌਰ ਤੋਂ ਲੈ ਕੇ ਲਾਸ ਏਂਜਲਸ ਤੇ ਲੰਡਨ ਤਕ ਜਾ ਝੰਡੀਆਂ ਪੁੱਟੀਆਂ।

ਕਦੇ ਦੁਪੱਟਾ ਸੱਤ ਰੰਗ ਦਾ ਲਹਿਰਾਇਆ, ਕਦੇ ਪੇਕੇ ਹੁੰਦੇ ਮਾਂਵਾਂ ਨਾਲ ਨੇ ਰੁਆਇਆ ਤੇ ਕਦੇ ਮੁਖੜਾ ਦੇਖਣ ਨੇ ਭਰਮਾਇਆ। ਉਹਦੇ ਗੀਤਾਂ ਵਿਚ ਲੋਕਾਂ ਦੇ ਦੁੱਧ ਦੀ ਥਾਂ ਜੈਕੁਰ ਦਾ ਪਾਣੀ ਵਿਕਦਾ ਰਿਹਾ, ਕਚਹਿਰੀਆਂ 'ਚ ਮੇਲੇ ਲੱਗਦੇ ਰਹੇ ਤੇ ਰਕਾਨਾਂ 'ਚੋਂ ਯਾਰ ਬੋਲਦੇ ਰਹੇ। ਇਕੋ ਤਾਰ ਸੌ-ਸੌ ਤਾਰਾਂ ਦੀ ਬੱਸ ਕਰਾਉਂਦੀ ਰਹੀ ਤੇ ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਚੜ੍ਹਾਉਂਦੀ ਰਹੀ। ਕਈ ਗੀਤ ਸੱਚੀਆਂ ਸੁਣਾਉਂਦੇ ਰਹੇ: ਨਾ ਧੁੱਪ ਰਹਿਣੀ ਨਾ ਛਾਂ ਬੰਦਿਆ, ਇਕ ਰਹਿਣਾ ਰੱਬ ਦਾ ਨਾਂ ਬੰਦਿਆ। ਕੁਝ ਗੀਤ ਝੂਰਦੇ ਰਹੇ: ਗੁੰਮ ਗਈਆਂ ਕਿਧਰੇ ਦੁਆਨੀਆਂ ਚੁਆਨੀਆਂ, ਏਸੇ ਤਰ੍ਹਾਂ ਗੁੰਮਗੇ ਜੁਆਨ ਤੇ ਜੁਆਨੀਆਂ। ਕੁਝ ਗੀਤ ਨਾਚ ਨੱਚਦੇ ਰਹੇ: ਸੰਮੀ ਮੇਰੀ ਵਾਰ ਮੈਂ ਵਾਰੀ ਮੇਰੀ ਸੰਮੀਏ... ਟਹਿਕਦੇ ਨੇ ਜਿਵੇਂ ਚੰਨ ਤਾਰੇ ਮੇਰੀ ਸੰਮੀਏ, ਏਦਾਂ ਤੇਰੀ ਚੁੰਨੀ ਦੇ ਸਿਤਾਰੇ ਮੇਰੀ ਸੰਮੀਏ, ਸੰਧੂ ਤੇਰੇ ਉਤੋਂ ਬਲਿਹਾਰੇ ਮੇਰੀ ਸੰਮੀਏ, ਸੰਮੀ ਮੇਰੀ ਵਾਰ...।

# ਜਰਨੈਲੀ ਸੜਕ ਦੀ ਸਵਾਰੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਪੇਸ਼ਾਵਰ ਤੋਂ ਕਲਕੱਤਾ ਵਾਲੀ ਜਰਨੈਲੀ ਸੜਕ ਦੇ ਦਿੱਲੀ-ਲੁਧਿਆਣਾ ਭਾਗ ਉਤੇ ਬਹੁਤ ਸਫਰ ਕੀਤਾ ਹੈ। ਉਦੋਂ ਤੋਂ ਜਦੋਂ ਇਹ ਬਿਲਕੁਲ ਇਕਹਿਰੀ ਹੁੰਦੀ ਸੀ। ਨਾ ਸਾਈਨ ਬੋਰਡ, ਨਾ ਬਿਜਲੀ ਦੇ ਖੰਭੇ। ਕਿਧਰੇ ਕਿਧਰੇ ਸ਼ੇਰਸ਼ਾਹ ਸੂਰੀ ਦੇ ਬੁਰਜ ਰੂਪੀ ਮੀਲ ਪੱਥਰ ਹੀ ਵੇਖਣ ਨੂੰ ਮਿਲਦੇ ਸਨ। ਦੋ-ਲੇਨੀ, ਚਾਰ-ਲੇਨੀ ਤੇ ਛੇ-ਲੇਨੀ ਤਾਂ ਬਹੁਤ ਪਿੱਛੋਂ ਹੋਈ। ਖੇਤ, ਖਤਾਨਾਂ ਤੇ ਰੁੱਖ-ਬੂਟੇ ਹੀ ਪਿੱਛੇ ਨਹੀਂ ਧੱਕੇ ਜਾਂਦੇ ਰਹੇ, ਨਵੇਂ ਟੋਲ ਪਲਾਜ਼ੇ ਸਥਾਪਤ ਹੁੰਦੇ ਰਹੇ ਤੇ ਓਵਰ ਬ੍ਰਿਜ ਉਸਰਦੇ ਰਹੇ ਹਨ। ਪਿਛਲੀ ਫੇਰੀ ਸਮੇਂ ਵੇਖਣ ਵਿਚ ਆਇਆ ਕਿ ਮੂਰਥਲ ਤੋਂ ਅੱਗੇ ਵਾਲੇ ਟੋਲ ਪਲਾਜ਼ਾ ਉਤੇ ਢੰਗ ਸਿਰ ਦੇ ਬੂਥ ਬਣਨ ਤੋਂ ਪਹਿਲਾਂ ਹੀ ਉਗਰਾਹੀ ਸ਼ੁਰੂ ਹੋ ਚੁਕੀ ਹੈ। ਟਰੈਫਿਕ ਪੁਲਿਸ ਤੇਜ਼ ਰਫਤਾਰ ਗੱਡੀਆਂ ਦੇ ਚਲਾਨ ਤਾਂ ਕੱਟ ਰਹੀ ਹੈ ਪਰ ਸੱਜੇ ਹੱਥ ਵਾਲੀ ਲੇਨ ਵਿਚ ਜਾ ਰਹੇ ਧੀਮੀ ਗਤੀ ਵਾਲੇ ਵਾਹਨਾਂ ਨੂੰ ਕੁਝ ਨਹੀਂ ਕਹਿੰਦੀ, ਜੋ ਦੂਜੇ ਵਾਹਨਾਂ ਲਈ ਅੱੜਿਕਾ ਬਣਦੇ ਹਨ। ਹਰਿਆਣਾ ਵਿਚੋਂ ਲੰਘਦਿਆਂ ਇਹ ਵੀ ਵੇਖਿਆ ਕਿ ਜਿਨ੍ਹਾਂ ਦੋ-ਪਹੀਆ ਵਾਹਨਾਂ ਨੂੰ ਪਗੜੀ ਵਾਲੇ ਪੇਂਡੂ ਲੋਕ ਚਲਾਉਂਦੇ ਸਨ, ਉਨ੍ਹਾਂ ਨੂੰ ਹੈਲਮਟ ਪਹਿਨੀ ਨੌਜਵਾਨ ਮੁੰਡੇ ਨਹੀਂ ਸਗੋਂ ਕੁੜੀਆਂ ਚਲਾ ਰਹੀਆਂ ਹਨ ਤੇ ਪਗੜੀ ਧਾਰੀ ਬਜ਼ੁਰਗ ਉਨ੍ਹਾਂ ਦੇ ਪਿੱਛੇ ਬੈਠੇ ਹਨ। ਇਹ ਵੀ ਵੇਖਣ ਵਿਚ ਆਇਆ ਕਿ ਨਵੇਂ ਓਵਰ ਬ੍ਰਿਜ ਬਣਾਉਣ ਵਾਲਿਆਂ ਨੇ ਜੋ ਬਦਲਵੇਂ ਮਾਰਗ ਬਣਾਏ ਹਨ, ਉਹ ਪੱਕੀ ਸੜਕ ਵਾਂਗ ਏਨੇ ਸਾਫ ਤੇ ਪੱਧਰੇ ਹਨ ਕਿ ਹੁਝਕੇ ਨਹੀਂ ਲਗਦੇ। ਜਿਸ ਕਿਸੇ ਨੇ ਆਜ਼ਾਦੀ ਪਿਛੋਂ ਦੇ ਬਦਲਾਓ ਦਾ ਜਾਇਜ਼ਾ ਲੈਣਾ ਹੋਵੇ, ਉਸ ਨੂੰ ਜਰਨੈਲੀ ਸੜਕ ਦਾ ਸਫਰ ਕਰਨਾ ਚਾਹੀਦਾ ਹੈ।

**ਖਾਪ ਪੰਚਾਇਤਾਂ ਨੂੰ ਅਦਾਲਤੀ ਫਿਟਕਾਰ:** ਭਾਰਤੀ ਸੁਪਰੀਮ ਕੋਰਟ ਨੇ ਹਰਿਆਣਾ ਦੀਆਂ ਖਾਪ ਪੰਚਾਇਤਾਂ ਨੂੰ ਬਾਲਗ ਮੁੰਡੇ-ਕੁੜੀਆਂ ਦੇ ਪਿਆਰ ਵਿਆਹਾਂ ਵਿਚ ਦਖਲ ਦੇਣ ਤੋਂ ਇੱਕ ਵਾਰੀ ਫੇਰ ਵਰਜਿਆ ਹੈ। ਉਨ੍ਹਾਂ ਉਤੇ ਸੱਤ ਸਾਲ ਪਹਿਲਾਂ ਵਾਲੀ 2011 ਦੀ ਫਿਟਕਾਰ ਦਾ ਕੋਈ ਅਸਰ ਨਹੀਂ ਹੋਇਆ ਅਤੇ ਅਣਖ ਇੱਜਤ ਲਈ ਕੀਤੇ ਜਾਂਦੇ ਕਤਲ ਪਹਿਲਾਂ ਵਾਂਗ ਹੀ ਜਾਰੀ ਹਨ। ਇਹ ਲੋਕ ਨਵੀਆਂ ਕੀਮਤਾਂ ਦਾ ਰਾਹ ਪੱਧਰਾ ਕਰਨ ਦੇ ਉਲਟ ਹਨ। ਇਨ੍ਹਾਂ ਨੂੰ ਤਦ ਹੀ ਸਮਝ ਆਵੇਗੀ, ਜਦੋਂ ਨਵੀਂ ਪੀੜ੍ਹੀ ਆਪਣੀ ਮਰਜ਼ੀ ਕਰਨ ਦੇ ਸਮਰਥ ਹੋ ਜਾਵੇਗੀ। ਇੱਕ ਰਿਪੋਰਟ ਅਨੁਸਾਰ ਬੀਬੀਪੁਰ ਨਾਂ ਦੇ ਹਰਿਆਣਵੀ ਪਿੰਡ ਦੀ ਇੱਕ ਪੰਚਾਇਤ ਨੇ ਸਰਕਾਰ ਵਲੋਂ ਜਾਰੀ ਕੀਤੀ ਭਰੂਣ ਹੱਤਿਆ ਵਿਰੋਧੀ ਮੁਹਿੰਮ ਦਾ ਸਾਥ ਦੇਣ ਲਈ ਗਵਾਂਢੀ ਖਾਪ ਪੰਚਾਇਤਾਂ ਤੱਕ ਪਹੁੰਚ ਕੀਤੀ ਹੈ, ਜਿਸ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਪਿਆਰ ਵਿਆਹਾਂ ਲਈ ਇਸ ਤਰ੍ਹਾਂ ਦੀ ਮੁਹਿੰਮ ਵੀ ਹੋਂਦ ਵਿਚ ਆ ਜਾਵੇਗੀ। ਇਹ ਕੰਮ ਨਵੀਂ ਪਨੀਰੀ ਵਿੱਢ ਸਕਦੀ ਹੈ। ਹਾਲ ਦੀ ਘੜੀ ਸੁਪਰੀਮ ਕੋਰਟ ਦੀ ਫਿਟਕਾਰ ਦਾ ਸਵਾਗਤ ਕਰਨਾ ਬਣਦਾ ਹੈ।

**ਪ੍ਰੈਸ ਕਲੱਬ ਚੋਣਾਂ-ਉਦੋਂ ਤੇ ਹੁਣ:** ਮੈਂ 1984 ਦੇ ਦਸੰਬਰ ਮਹੀਨੇ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਬਣ ਕੇ ਚੰਡੀਗੜ੍ਹ ਆਇਆ ਤਾਂ ਛੇਤੀ ਹੀ ਤਿੰਨ ਉਚ ਕੋਟੀ ਦੇ ਪੱਤਰਕਾਰ ਮੇਰੇ ਦਫਤਰ ਮੈਨੂੰ ਮਿਲਣ ਆਏ। ਉਹ ਮੈਨੂੰ ਚੰਡੀਗੜ੍ਹ ਪ੍ਰੈਸ ਕਲੱਬ ਦਾ ਪ੍ਰਧਾਨ ਬਣਾਉਣ ਦੀ ਪੇਸ਼ਕਸ਼ ਲੈ ਕੇ ਆਏ ਸਨ। ਗੋਬਿੰਦ ਠੁਕਰਾਲ ਤੇ ਰਮੇਸ਼ ਕਪਿਲਾ ਮੈਨੂੰ 1977-78 ਤੋਂ ਜਾਣਦੇ ਸਨ, ਜਦੋਂ ਮੈਂ ਖੇਤੀ ਯੂਨੀਵਰਸਟੀ, ਲੁਧਿਆਣਾ ਦੇ ਸੰਚਾਰ ਕੇਂਦਰ ਦਾ ਮੁਖੀ ਸਾਂ। ਤੀਜੇ ਪੱਤਰਕਾਰ ਨੂੰ ਮੈਂ ਏਨਾ ਨਹੀਂ ਸਾਂ ਜਾਣਦਾ, ਸ਼ਾਇਦ ਕੰਵਰ ਸੰਧੂ ਸੀ। ਮੈਂ ਉਦੋਂ ਤੱਕ ਕਿਸੇ ਰੋਜ਼ਾਨਾ ਅਖਬਾਰ ਦੀ ਸੰਪਾਦਕੀ ਨਹੀਂ ਸੀ ਕੀਤੀ। ਨਵੇਂ ਕੰਮ ਤੋਂ ਵਿਹਲ ਕੱਢਣੀ ਸੰਭਵ ਨਹੀਂ ਸੀ। ਮੈਂ ਰਾਹੁਲ ਸਿੰਘ ਦਾ ਨਾਂ ਤਜਵੀਜ਼ ਕੀਤਾ ਜੋ ਉਨ੍ਹੀਂ ਦਿਨੀਂ ਇੰਡੀਅਨ ਐਕਸਪ੍ਰੈਸ ਦਾ ਰੈਜ਼ੀਡੈਂਟ ਐਡੀਟਰ ਸੀ। ਮੇਰੇ ਮਿੱਤਰਾਂ ਨੇ ਕਿਹਾ ਕਿ ਰਾਹੁਲ ਮੰਨ ਨਹੀਂ ਰਿਹਾ। ਮੈਂ ਟੈਲੀਫੋਨ ਕਰਕੇ ਰਾਹੁਲ ਨੂੰ ਮਨਾ ਲਿਆ ਤੇ ਰਾਹੁਲ ਸਿੰਘ ਚੰਡੀਗੜ੍ਹ ਪ੍ਰੈਸ ਕਲੱਬ ਦਾ ਪ੍ਰਧਾਨ ਥਾਪਿਆ ਗਿਆ। ਕੋਈ ਚੋਣ ਦੰਗਲ ਨਹੀਂ ਹੋਇਆ। ਨਾ ਹੀ ਵੋਟਿੰਗ ਦਾ ਭੀੜ ਭੜੱਕਾ, ਨਾ ਕੋਈ ਪੋਲਿੰਗ ਬੂਥ, ਨਾ ਰਿਟਰਨਿੰਗ ਅਫਸਰ।

ਇਸ ਵਰ੍ਹੇ ਦੀ ਚੋਣ ਸਮੇਂ ਗੇਟ ਲੰਘਦੇ ਸਾਰ ਆਪੋ ਆਪਣੇ ਪੈਨਲ ਦੇ ਉਮੀਦਵਾਰ ਵੋਟਰਾਂ ਦਾ ਸਵਾਗਤ ਕਰ ਰਹੇ ਸਨ। ਉਨ੍ਹਾਂ ਦੀਆਂ ਤਸਵੀਰਾਂ ਵਾਲੀਆਂ ਫਲੈਕਸੀਆਂ ਵੀ ਸਵਾਗਤ ਲਈ ਮੌਜੂਦ ਸਨ। ਵੋਟਾਂ ਪਈਆਂ, ਰਾਵਤ-ਰਾਣਾ ਹਾਂਡਾ ਪੈਨਲ ਦੀ ਹੂੰਝਾ ਫੇਰੂ ਜਿੱਤ ਹੋਈ। ਪੈਨਲ ਦੇ ਕਿਸੇ ਵੀ ਮੈਂਬਰ ਨੂੰ ਹਾਰ ਦਾ ਸਾਹਮਣਾ ਨਹੀਂ ਕਰਨਾ ਪਿਆ।



ਚੰਡੀਗੜ੍ਹ ਪ੍ਰੈਸ ਕਲੱਬ ਦੇ ਨਵੇਂ ਅਹੁਦੇਦਾਰ

ਮੈਂ ਸੋਚਦਾ ਹਾਂ ਕਿ ਸਮੇਂ ਨਾਲ ਕਿੰਨਾ ਬਦਲਾਓ ਆ ਜਾਂਦਾ ਹੈ। ਇਹ ਕਲੱਬ 1980 ਵਿਚ ਸਥਾਪਤ ਹੋਈ ਸੀ। ਹੁਣ ਵਾਲੀਆਂ ਚੋਣਾਂ ਦਾ ਦੌਰ ਮੇਰੇ ਚੰਡੀਗੜ੍ਹ ਆਉਣ ਤੋਂ ਪਿਛੋਂ ਸ਼ੁਰੂ ਹੋਇਆ। ਜਿੱਤਣ ਵਾਲਿਆਂ ਨੂੰ ਕੀ ਲਾਭ ਜਾਂ ਖੁਸ਼ੀ ਹੁੰਦੀ ਹੈ, ਉਹੀਓ ਜਾਣਨ, ਮੇਰੇ ਵਰਗੇ ਸੀਨੀਅਰ ਪੱਤਰਕਾਰਾਂ ਨੂੰ ਜੋ ਘਰੋਂ ਪੱਤਰਕਾਰੀ ਕਰਦੇ ਹਨ, ਪੁਰਾਣੇ ਸੰਗੀ ਸਾਥੀ ਮਿਲ ਜਾਂਦੇ ਹਨ। ਰੌਣਕ ਮੇਲਾ ਤੇ ਖੁਸ਼ੀਆਂ। ਜੇ ਚਾਹੁਣ ਤਾਂ ਖਾਣ ਪੀਣ ਦਾ ਸੌਦਾ ਵੀ ਉਨ੍ਹਾਂ ਦੀ ਜੇਬ ਵਿਚ ਹੁੰਦਾ ਹੈ। ਮੌਜਾ ਹੀ ਮੌਜਾਂ।

ਅੰਤਿਕਾ: (ਸੁਖਵਿੰਦਰ ਅੰਮ੍ਰਿਤ)
ਸੁਪਨੇ ਵਿਚ ਇੱਕ ਰੁੱਖ 'ਤੇ ਲਿਖਿਆ
ਰਾਤੀਂ ਆਪਣਾ ਨਾਮ ਅਸੀਂ।
ਦਿਨ ਚੜ੍ਹਦੇ ਨੂੰ ਹੋ ਗਏ ਸਾਰੇ
ਜੰਗਲ ਵਿਚ ਬਦਨਾਮ ਅਸੀਂ।

# ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਅਤੇ ਐਕਟ

*ਪੰਜਾਬ ਵਿਚ ਰਾਜ ਭਾਸ਼ਾ ਦਾ ਮਸਲਾ ਪਿਛਲੀ ਅੱਧੀ ਸਦੀ ਤੋਂ ਲਟਕਿਆ ਹੋਇਆ ਹੈ। ਇਹ ਸਾਧਾਰਨ ਅਵੇਸਲਾਪਨ ਨਹੀਂ ਸਗੋਂ ਇਸ ਵਿਚ ਸਿਆਸੀ ਬਦਦਿਆਨਤਦਾਰੀ ਵੀ ਸ਼ਾਮਲ ਹੈ। ਸੂਬੇ ਵਿਚ ਪੰਜਾਬੀ ਦਾ ਜਲੌਅ ਕਾਇਮ ਕਰਨਾ ਕਿਸੇ ਵੀ ਸਰਕਾਰ ਦੇ ਏਜੰਡੇ ਉਤੇ ਹੀ ਨਹੀਂ ਰਿਹਾ। ਪਿਛਲੇ ਕੁਝ ਸਮੇਂ ਤੋਂ ਪੰਜਾਬੀ ਪਿਆਰਿਆਂ ਵੱਲੋਂ ਇਸ ਮਸਲੇ 'ਤੇ ਸਰਗਰਮੀ ਸ਼ੁਰੂ ਕੀਤੀ ਗਈ ਹੈ। ਉਘੇ ਲੇਖਕ ਅਤੇ ਸਾਬਕਾ ਜ਼ਿਲ੍ਹਾ ਅਟਾਰਨੀ ਮਿੱਤਰ ਸੇਨ ਮੀਤ ਨੇ ਪੰਜਾਬੀ ਰਾਜ ਭਾਸ਼ਾ ਐਕਟ ਨਾਲ ਜੁੜੇ ਕੁਝ ਅਹਿਮ ਨੁਕਤੇ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ। -ਸੰਪਾਦਕ*

ਪੰਜਾਬੀ ਬੋਲਣ ਵਾਲੇ ਅੱਠ ਤੋਂ ਦਸ ਕਰੋੜ ਪੰਜਾਬੀਆਂ ਨੂੰ ਆਪਣੀ ਮਾਤ ਭਾਸ਼ਾ ਦੇ ਲੋਪ ਹੋਣ ਦੇ ਖਤਰੇ ਨੇ ਫਿਕਰਮੰਦ ਕੀਤਾ ਹੋਇਆ ਹੈ। ਆਪਣੀ ਮਾਤ ਭਾਸ਼ਾ ਦੀ ਹੋਂਦ ਬਚਾਈ ਰੱਖਣ ਲਈ ਦੋਵਾਂ ਪੰਜਾਬਾਂ ਅਤੇ ਕੌਮਾਂਤਰੀ ਪੱਧਰ 'ਤੇ ਸਿਰਤੋੜ ਯਤਨ ਹੋ ਰਹੇ ਹਨ। 'ਪੰਜਾਬੀ' ਸੂਬੇ ਦੇ ਤੌਰ 'ਤੇ ਹੋਂਦ ਵਿਚ ਆਏ ਚੜ੍ਹਦੇ ਪੰਜਾਬ ਦਾ ਦੁਖਾਂਤ ਹੈ ਕਿ ਅੱਧੀ ਸਦੀ ਬੀਤ ਜਾਣ ਬਾਅਦ ਵੀ ਅੱਜ ਤਕ ਕਿਸੇ ਵੀ ਸਰਕਾਰ ਨੇ ਪੰਜਾਬੀ ਨੂੰ ਸਹੀ ਤੌਰ 'ਤੇ ਰਾਜ ਭਾਸ਼ਾ ਦਾ ਦਰਜਾ ਦੇਣ ਦਾ ਯਤਨ ਨਹੀਂ ਕੀਤਾ। ਉਸ ਸਿਆਸੀ ਧਿਰ ਨੇ ਵੀ ਨਹੀਂ ਜਿਸ ਦੇ ਨੇਤਾਵਾਂ ਅਤੇ ਪੈਰੋਕਾਰਾਂ ਨੇ ਪੰਜਾਬੀ ਸੂਬੇ ਦੀ ਸਥਾਪਨਾ ਲਈ ਸੰਘਰਸ਼ ਕੀਤੇ, ਜੇਲ੍ਹਾਂ ਕੱਟੀਆਂ, ਜ਼ਮੀਨ ਜਾਇਦਾਦਾਂ ਕੁਰਕ ਕਰਾਈਆਂ ਅਤੇ ਜਾਨਾਂ ਤਕ ਵਾਰੀਆਂ।



ਪਹਿਲੋਂ ਰਾਜ ਭਾਸ਼ਾ ਐਕਟ 1960, ਦੂਜੇ ਪੰਜਾਬ ਰਾਜ ਭਾਸ਼ਾ ਐਕਟ 1967 ਅਤੇ 1967 ਦੇ ਐਕਟ ਵਿਚ ਪਿਛੋਂ ਹੋਈਆਂ ਸੋਧਾਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਕਿਹੋ ਜਿਹਾ ਰੁਤਬਾ ਦਿੱਤਾ, ਇਹ ਸਮਝਣ ਤੋਂ ਪਹਿਲਾਂ ਕਾਨੂੰਨ ਦੇ ਹੋਂਦ ਵਿਚ ਆਉਣ ਦੀ ਪ੍ਰਕਿਰਿਆ ਅਤੇ ਇਸ ਵਿਸ਼ੇ ਨਾਲ ਸਬੰਧਤ ਕੁਝ ਅਹਿਮ ਪਰਿਭਾਸ਼ਾਵਾਂ (ਮੱਦਾਂ) ਬਾਰੇ ਜਾਣ ਲੈਣਾ ਜ਼ਰੂਰੀ ਹੈ।

ਮਿੱਤਰ ਸੈਨ ਮੀਤ
ਫੋਨ: +91-98556-31777

**ਐਕਟ ਦਾ ਨਾਂ ਰੱਖਣ ਦੀ ਪ੍ਰਕ੍ਰਿਆ:** ਜਦੋਂ ਪਹਿਲੀ ਵਾਰ ਕਿਸੇ ਵਿਸ਼ੇ ਨਾਲ ਸਬੰਧਿਤ ਕੋਈ ਕਾਨੂੰਨ ਬਣਦਾ ਹੈ ਤਾਂ ਉਸ ਕਾਨੂੰਨ ਨੂੰ ਕੋਡ ਜਾਂ ਐਕਟ ਆਖਿਆ ਜਾਂਦਾ ਹੈ। ਐਕਟ ਦੇ ਸ਼ੁਰੂ ਵਿਚ ਵਿਸ਼ਾ ਅਤੇ ਅਖੀਰ ਵਿਚ ਐਕਟ ਪਾਸ ਹੋਣ ਦਾ ਸਾਲ ਲਿਖਿਆ ਜਾਂਦਾ ਹੈ। ਜਿਵੇਂ ਪੰਜਾਬ ਰਾਜ ਭਾਸ਼ਾ (ਵਿਸ਼ਾ) ਐਕਟ 1967 (ਸਾਲ) ਵਿਚ ਹੋਇਆ ਹੈ। ਜਿੰਨਾ ਚਿਰ ਪਹਿਲੇ ਕਾਨੂੰਨ ਨੂੰ ਕਿਸੇ ਨਵੇਂ ਕਾਨੂੰਨ ਰਾਹੀਂ ਰੱਦ ਨਹੀਂ ਕਰ ਦਿੱਤਾ ਜਾਂਦਾ, ਓਨਾ ਚਿਰ ਉਸ ਐਕਟ ਨੂੰ ਕਾਨੂੰਨ ਬਣਨ ਵਾਲੇ ਸਾਲ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਜਿਵੇਂ 1960 ਵਿਚ ਬਣੇ ਪਹਿਲੇ ਰਾਜ ਭਾਸ਼ਾ ਐਕਟ ਨੂੰ 1967 ਵਿਚ ਬਣੇ ਨਵੇਂ ਰਾਜ ਭਾਸ਼ਾ ਐਕਟ ਨੇ ਰੱਦ ਕਰ ਦਿੱਤਾ ਸੀ। ਇਸ ਲਈ 1967 ਦੇ ਨਵੇਂ ਰਾਜ ਭਾਸ਼ਾ ਐਕਟ ਨੂੰ ਹੀ 'ਪੰਜਾਬ ਰਾਜ ਭਾਸ਼ਾ ਐਕਟ 1967' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਮੇਂ ਸਮੇਂ ਮੂਲ ਕਾਨੂੰਨ ਵਿਚ ਸੋਧਾਂ ਹੁੰਦੀਆਂ ਰਹਿੰਦੀਆਂ ਹਨ। ਸੋਧਾਂ ਵੱਖਰੇ ਐਕਟ ਰਾਹੀਂ ਪਾਸ ਕੀਤੀਆਂ ਜਾਂਦੀਆਂ ਹਨ। ਸੋਧ ਵਾਲੇ ਐਕਟ ਦੇ ਪਿੱਛੇ ਵੀ ਸੋਧ ਵਾਲਾ ਸਾਲ ਜੋੜ ਦਿੱਤਾ ਜਾਂਦਾ ਹੈ। 1967 ਐਕਟ ਵਿਚ, 1969 ਅਤੇ 1982 ਵਿਚ ਛੋਟੀਆਂ ਅਤੇ 2008 ਵਿਚ ਮੁੱਖ ਸੋਧਾਂ ਹੋਈਆਂ। 2008 ਦੇ ਸੋਧ ਐਕਟ ਨੇ 1967 ਦੇ ਮੂਲ ਐਕਟ ਵਿਚ 3-ਏ, 3-ਬੀ, 8-ਏ, 8-ਬੀ 8-ਸੀ, 8-ਡੀ ਨਵੀਆਂ ਧਾਰਾਵਾਂ ਜੋੜੀਆਂ। ਅਜਿਹੀਆਂ ਸੋਧਾਂ ਨੂੰ ਮੁੱਖ ਐਕਟ ਵਿਚ ਜੋੜ ਜਾਂ ਘਟਾ ਦਿੱਤਾ ਜਾਂਦਾ ਹੈ। ਮੁੱਖ ਐਕਟ ਵਿਚ ਸੋਧਾਂ ਪਿਛੋਂ ਸੋਧਾਂ ਕਰਨ ਵਾਲੇ ਐਕਟ ਨੂੰ ਕੇਵਲ 'ਸੋਧ ਐਕਟ' ਵਜੋਂ ਹੀ ਜਾਣਿਆ ਜਾਂਦਾ ਹੈ, ਮੁੱਖ ਐਕਟ ਦੇ ਤੌਰ 'ਤੇ ਨਹੀਂ। ਇਉਂ 2008 ਦੀਆਂ ਸੋਧਾਂ ਨੂੰ 1967 ਦੇ ਐਕਟ ਵਿਚ ਜੋੜਨ ਬਾਅਦ ਵੀ ਰਾਜ ਭਾਸ਼ਾ ਐਕਟ ਦਾ ਨਾਂ 'ਪੰਜਾਬ ਰਾਜ ਭਾਸ਼ਾ ਐਕਟ 1967' ਹੀ ਰਿਹਾ। ਬਦਲ ਕੇ ਇਸ ਦਾ ਨਾਂ ਪੰਜਾਬ ਰਾਜ ਭਾਸ਼ਾ ਐਕਟ 2008 ਨਹੀਂ ਰੱਖਿਆ ਗਿਆ।

ਪੰਜਾਬੀ ਭਾਸ਼ਾ ਦਾ ਦੁਖਾਂਤ ਹੈ ਕਿ ਭਾਸ਼ਾ ਨਾਲ ਸਬੰਧਿਤ ਵਿਭਾਗਾਂ ਦੇ ਉਚ ਅਧਿਕਾਰੀਆਂ ਤੋਂ ਲੈ ਕੇ ਬੁੱਧੀਜੀਵੀਆਂ ਤਕ ਨੂੰ ਐਕਟਾਂ ਦੇ ਨਾਂ ਰੱਖਣ ਦੀ ਇਸ ਪ੍ਰਕਿਰਿਆ ਦਾ ਗਿਆਨ ਨਹੀਂ ਹੈ। ਇਸ ਲਈ ਉਹ 2008 ਦੇ ਸੋਧ ਐਕਟ ਨੂੰ ਹੀ ਅਸਲੀ ਰਾਜ ਭਾਸ਼ਾ ਐਕਟ ਮੰਨੀ ਬੈਠੇ ਹਨ। 1967 ਦੇ ਮੂਲ ਐਕਟ ਅਤੇ ਉਸ ਵਿਚ ਦਰਜ ਵਿਵਸਥਾਵਾਂ ਨੂੰ ਭੁੱਲ ਗਏ ਹਨ। ਇਸ ਉਕਤਾਈ ਦਾ ਪੰਜਾਬੀ ਭਾਸ਼ਾ ਨੂੰ ਇਹ ਨੁਕਸਾਨ ਹੋਇਆ ਹੈ ਕਿ ਰਾਜ ਭਾਸ਼ਾ ਐਕਟ ਦੇ ਬਣਨ ਦੇ 50 ਸਾਲ ਬਾਅਦ ਵੀ ਮੂਲ ਰਾਜ ਭਾਸ਼ਾ ਐਕਟ 1967 ਨੂੰ ਨਾ ਪੰਜਾਬੀ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਨਾ ਹੀ 2008 ਦੇ ਸੋਧ ਐਕਟ ਦੀਆਂ ਸੋਧਾਂ ਨੂੰ ਮੂਲ ਐਕਟ ਵਿਚ ਜੋੜ ਕੇ 'ਸੋਧਿਆ ਐਕਟ' ਤਿਆਰ ਕੀਤਾ ਗਿਆ।

ਕਾਨੂੰਨੀ ਸ਼ਬਦ 'ਰਾਜ ਭਾਸ਼ਾ' ਦੀ ਪਰਿਭਾਸ਼ਾ: ਲੋਕਾਂ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣ ਲਈ ਸਰਕਾਰ ਆਪਣੇ ਕੰਮਕਾਜ ਨੂੰ ਤਿੰਨ ਮੁੱਖ ਵਿਵਸਥਾਵਾਂ ਵਿਚ ਵੰਡਦੀ ਹੈ। ਲੋਕ ਭਲਾਈ ਲਈ ਪਹਿਲਾਂ ਕਾਨੂੰਨ ਬਣਦੇ ਹਨ। ਇਹ ਜ਼ਿੰਮੇਵਾਰੀ ਵਿਧਾਨ ਸਭਾ ਨਿਭਾਉਂਦੀ ਹੈ। ਵਿਧਾਨ ਸਭਾ ਵਿਚ ਦੋ ਤਰ੍ਹਾਂ ਦੇ ਕੰਮ ਹੁੰਦੇ ਹਨ। ਮੁੱਖ ਕਾਰਜ ਕਾਨੂੰਨ, ਨਿਯਮ, ਉਪ-ਨਿਯਮ ਆਦਿ ਬਣਾਉਣਾ ਹੈ। ਦੂਜਾ ਕਾਰਜ ਲੋਕਾਂ ਦੇ ਮਸਲਿਆਂ ਨੂੰ ਸਰਕਾਰ ਦੇ ਧਿਆਨ ਵਿਚ ਲਿਆਉਣ ਅਤੇ ਸੁਲਝਾਉਣ ਲਈ ਹੁੰਦੀ ਬਾਕੀ (ਪ੍ਰਸ਼ਨ-ਉਤਰ ਅਤੇ ਬਹਿਸਾਂ ਆਦਿ) ਦੀ ਪ੍ਰਕਿਰਿਆ ਹੈ। ਬਣੇ ਕਾਨੂੰਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪ੍ਰਸ਼ਾਸਨੀ ਅਧਿਕਾਰੀਆਂ (ਮੰਤਰੀਆਂ ਤੇ ਨੌਕਰਸ਼ਾਹਾਂ ਆਦਿ) ਦੀ ਹੁੰਦੀ ਹੈ। ਕਾਨੂੰਨਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨਿਆਂ ਪ੍ਰਣਾਲੀ ਕੰਮ ਕਰਦੀ ਹੈ। ਸਬ ਜੱਜ ਦੀ ਸਭ ਤੋਂ ਹੇਠਲੀ ਅਦਾਲਤ ਤੋਂ ਲੈ ਕੇ ਸੁਪਰੀਮ ਕੋਰਟ ਤਕ ਇਸ ਪ੍ਰਣਾਲੀ ਦਾ ਹਿੱਸਾ ਹੁੰਦੀਆਂ ਹਨ। ਅਦਾਲਤਾਂ ਵਿਚ ਹੁੰਦੇ ਕੰਮਕਾਜ ਨੂੰ ਵੀ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਪਹਿਲੇ ਹਿੱਸੇ ਵਿਚ ਉਹ ਕੰਮ ਆਉਂਦਾ ਹੈ ਜੋ ਧਿਰਾਂ ਵੱਲੋਂ ਕੀਤਾ ਜਾਂਦਾ ਹੈ। ਜਿਵੇਂ ਦਾਅਵੇ, ਜਵਾਬ ਦਾਅਵੇ, ਪੁਲਿਸ ਚਲਾਨ, ਧਿਰਾਂ ਵੱਲੋਂ ਦਿੱਤੀਆਂ ਜਾਂਦੀਆਂ ਦਰਖਾਸਤਾਂ ਆਦਿ। ਦੂਜੇ ਹਿੱਸੇ ਵਿਚ ਉਹ ਕੰਮ ਆਉਂਦਾ ਹੈ ਜੋ ਅਦਾਲਤਾਂ (ਜੱਜਾਂ) ਵੱਲੋਂ ਕੀਤਾ ਜਾਂਦਾ ਹੈ ਜਿਵੇਂ ਫੌਜਦਾਰੀ ਮੁਕੱਦਮੇ ਵਿਚ ਦੋਸ਼ੀ 'ਤੇ ਦੋਸ਼ ਲਾਉਣਾ, ਦੋਸ਼ੀ ਦਾ ਬਿਆਨ ਲਿਖਣਾ, ਹੁਕਮ ਅਤੇ ਫੈਸਲੇ ਲਿਖਣਾ।

**ਕਾਨੂੰਨੀ ਸ਼ਬਦ 'ਦਫਤਰੀ ਕੰਮਕਾਜ' ਦੀ ਪਰਿਭਾਸ਼ਾ:** ਕਾਨੂੰਨ ਦੀ ਭਾਸ਼ਾ 'ਚ ਸਰਕਾਰੀ ਕੰਮਕਾਜ ਤੋਂ ਭਾਵ ਅਫਸਰਾਂ ਵੱਲੋਂ ਆਪਸ ਵਿਚ ਜਾਂ ਲੋਕਾਂ ਨਾਲ ਕੀਤਾ ਜਾਂਦਾ ਕੇਵਲ ਚਿੱਠੀ ਪੱਤਰ ਨਹੀਂ ਸਗੋਂ ਸਰਕਾਰ ਦੀਆਂ ਇਨ੍ਹਾਂ ਤਿੰਨਾਂ ਵਿਵਸਥਾਵਾਂ ਵਿਚ ਕੀਤਾ ਜਾਂਦਾ 'ਸਾਰਾ ਕੰਮਕਾਜ' ਹੈ। ਪ੍ਰਸ਼ਾਸਨਿਕ ਦਫਤਰਾਂ ਵਿਚ ਤਿਆਰ ਹੁੰਦੇ ਸਾਰੇ ਦਸਤਾਵੇਜ਼, ਰਾਵਾਂ ਆਦਿ ਵਿਧਾਨ ਸਭਾ ਵਿਚ ਬਣਦੇ ਕਾਨੂੰਨ ਅਤੇ ਅਦਾਲਤਾਂ ਦੇ ਫੈਸਲੇ ਵੀ ਦਫਤਰੀ ਕੰਮਕਾਜ ਦੀ ਜ਼ੱਦ ਵਿਚ ਆਉਂਦੇ ਹਨ। ਇਸ ਤਰ੍ਹਾਂ ਕਿਸੇ ਭਾਸ਼ਾ ਦੇ ਰਾਜ ਭਾਸ਼ਾ ਬਣਨ ਤੋਂ ਦਾ ਭਾਵ ਸਰਕਾਰ ਦੇ ਹਰ ਵਿਭਾਗ ਵਿਚ ਹੁੰਦਾ 'ਸਾਰਾ ਕੰਮਕਾਜ' ਉਸ ਭਾਸ਼ਾ ਵਿਚ ਹੋਣ ਤੋਂ ਹੈ।

**ਪੰਜਾਬ ਦੇ ਰਾਜ ਭਾਸ਼ਾ ਐਕਟਾਂ ਦਾ ਪਿਛੋਕੜ:** ਸਾਂਝੇ ਪੰਜਾਬ ਦਾ ਪਹਿਲਾ 'ਪੰਜਾਬ ਰਾਜ ਭਾਸ਼ਾ ਐਕਟ' ਸਾਲ 1960 ਵਿਚ ਬਣਿਆ। ਇਸ ਐਕਟ ਦੀ ਉਦੇਸ਼ਿਕਾ ਮੁਤਾਬਕ 'ਇਸ ਐਕਟ ਦਾ ਉਦੇਸ਼ ਪੰਜਾਬ ਰਾਜ ਦੀਆਂ ਰਾਜ ਭਾਸ਼ਾਵਾਂ ਦਾ ਐਲਾਨ ਕਰਨਾ' ਸੀ। ਇਸ ਐਕਟ ਦੀ ਧਾਰਾ 3 ਰਾਹੀਂ ਪੰਜਾਬੀ ਖੇਤਰ ਦੇ ਸਾਰੇ ਜ਼ਿਲ੍ਹਿਆਂ ਵਿਚ ਹੋਣ ਵਾਲੇ 'ਸਾਰੇ ਦਫਤਰੀ ਕੰਮਕਾਜ' 2 ਅਕਤੂਬਰ 1960 ਤੋਂ ਪੰਜਾਬੀ ਵਿਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ ਜਿਸ ਦੀ ਖ਼ੂਬਸੂਰਤੀ ਇਹ ਸੀ ਕਿ ਜੇ ਕਿਸੇ ਕਾਰਨ ਕਿਸੇ ਕੰਮ ਦਾ ਉਸ ਸਮੇਂ ਪੰਜਾਬੀ ਵਿਚ ਕੀਤੇ ਜਾਣਾ ਸੰਭਵ ਨਹੀਂ ਸੀ, ਉਹ ਕੰਮ ਹੋਰ ਭਾਸ਼ਾ ਵਿਚ ਕਰਨ ਦੀ ਵਿਵਸਥਾ ਬਾਅਦ ਵਿਚ ਕੀਤੀ ਜਾਣੀ ਸੀ। ਮਤਲਬ ਇਹ ਕਿ 2 ਅਕਤੂਬਰ 1960 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫਤਰਾਂ ਵਿਚ ਸਾਰਾ ਕੰਮ ਪੰਜਾਬੀ ਵਿਚ ਹੋਣਾ ਸ਼ੁਰੂ ਹੋ ਗਿਆ। ਬਾਅਦ ਵਿਚ ਕਿਸੇ ਕੰਮ ਨੂੰ ਪੰਜਾਬੀ ਤੋਂ ਛੋਟ ਦਿੱਤੀ ਗਈ ਜਾਂ ਨਹੀਂ, ਪਤਾ ਨਹੀਂ। ਇਸੇ ਧਾਰਾ ਰਾਹੀਂ ਵਿਵਸਥਾ ਕੀਤੀ ਗਈ ਕਿ 2 ਅਕਤੂਬਰ 1962 ਤੋਂ ਜ਼ਿਲ੍ਹਾ ਪੱਧਰੀ ਦਫਤਰਾਂ ਵੱਲੋਂ ਰਾਜ ਸਰਕਾਰ ਜਾਂ ਮੁੱਖ ਦਫਤਰਾਂ ਨਾਲ ਕੀਤੇ ਜਾਣ ਵਾਲੇ ਚਿੱਠੀ ਪੱਤਰ ਦੀ ਭਾਸ਼ਾ ਵੀ ਪੰਜਾਬੀ ਹੋਵੇਗੀ। ਐਕਟ ਦੀ ਕਮਜ਼ੋਰੀ ਇਹ ਸੀ ਕਿ ਜ਼ਿਲ੍ਹਾ ਅਦਾਲਤਾਂ ਵਿਚ ਅਦਾਲਤੀ ਕੰਮਕਾਜ ਪੰਜਾਬੀ ਵਿਚ ਕਰਨ ਦੀ ਥਾਂ ਅੰਗਰੇਜ਼ੀ ਵਿਚ ਜਾਰੀ ਰੱਖਣ ਲਈ (ਧਾਰਾ 4(ਸੀ) ਰਾਹੀਂ) ਵਿਸ਼ੇਸ਼ ਵਿਵਸਥਾ ਕੀਤੀ ਗਈ। ਵਿਧਾਨ ਸਭਾ ਵਿਚ ਪਾਸ ਹੋਣ ਵਾਲੇ ਕਾਨੂੰਨਾਂ ਦੀ ਭਾਸ਼ਾ ਨੂੰ ਪੰਜਾਬੀ ਕਰਨ ਬਾਰੇ ਜ਼ਿਕਰ ਤਕ ਨਹੀਂ ਕੀਤਾ ਗਿਆ।

ਪੰਜਾਬੀ ਸੂਬਾ ਬਣਨ ਬਾਅਦ 29 ਦਸੰਬਰ 1967 ਨੂੰ 1960 ਦੇ ਐਕਟ ਨੂੰ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ। ਇਸ ਐਕਟ ਦੀ ਪ੍ਰਸਤਾਵਨਾ ਵਿਚ ਇਸ ਐਕਟ ਦੇ ਬਣਾਉਣ ਦਾ ਉਦੇਸ਼ 'ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫਤਰੀ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ' ਜਾਣਾ ਨਿਸ਼ਚਿਤ ਕੀਤਾ ਗਿਆ। ਇਸ ਪ੍ਰਸਤਾਵਨਾ ਤੋਂ ਹੀ ਇਸ ਐਕਟ ਦੇ ਕਮਜ਼ੋਰ ਹੋਣ ਦੀ ਭਿਣਕ ਮਿਲ ਜਾਂਦੀ ਹੈ। ਇਸ ਐਕਟ ਰਾਹੀਂ ਪੰਜਾਬੀ ਨੂੰ ਦਫਤਰਾਂ ਵਿਚ ਹੁੰਦੇ ਸਾਰੇ ਕੰਮਾਂ ਦੀ ਥਾਂ ਕੁਝ ਕੁ ਕੰਮਾਂ ਵਿਚ ਲਾਗੂ ਕਰਨ ਬਾਰੇ ਸੋਚਿਆ ਗਿਆ। ਨਾਲ ਹੀ ਧਾਰਾ 4 ਰਾਹੀਂ ਇਹ ਨਿਯਮ ਵੀ



ਬਣਾਇਆ ਗਿਆ ਕਿ ਜੋ ਦਫਤਰੀ ਕੰਮਕਾਜ ਪੰਜਾਬੀ 'ਚ ਕੀਤੇ ਜਾਣਾ ਜ਼ਰੂਰੀ ਕੀਤਾ ਜਾਵੇਗਾ, ਉਸ ਦਾ ਐਲਾਨ ਬਾਅਦ 'ਚ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਕੀਤਾ ਜਾਵੇਗਾ। ਵੱਖ ਵੱਖ ਕੰਮਾਂ ਲਈ ਵੱਖ ਵੱਖ ਨੋਟੀਫਿਕੇਸ਼ਨਾਂ ਵੀ ਹੋ ਸਕਦੀਆਂ ਹਨ।

1967 ਦੇ ਐਕਟ ਦੀ ਧਾਰਾ 4 ਰਾਹੀਂ ਮਿਲੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਦਫਤਰੀ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਲਈ ਦੋ ਨੋਟੀਫਿਕੇਸ਼ਨਾਂ ਜਾਰੀ ਕੀਤੀਆਂ ਗਈਆਂ। ਪਹਿਲੀ ਨੋਟੀਫਿਕੇਸ਼ਨ 30 ਦਸੰਬਰ 1967 ਨੂੰ ਜਾਰੀ ਹੋਈ। ਇਸ ਨੋਟੀਫਿਕੇਸ਼ਨ ਰਾਹੀਂ ਪਹਿਲੀ ਜਨਵਰੀ 1968 ਤੋਂ ਜ਼ਿਲ੍ਹਾ ਪੱਧਰੀ ਦਫਤਰਾਂ ਵਿਚ ਦਫਤਰੀ ਕੰਮਕਾਜ ਨੂੰ ਪੰਜਾਬੀ ਭਾਸ਼ਾ ਵਿਚ ਕੀਤੇ ਜਾਣ ਦੇ ਹੁਕਮ ਕੀਤੇ ਗਏ। ਦੂਜੀ ਨੋਟੀਫਿਕੇਸ਼ਨ 9 ਫਰਵਰੀ 1968 ਨੂੰ ਜਾਰੀ ਹੋਈ। ਇਸ ਨੋਟੀਫਿਕੇਸ਼ਨ ਰਾਹੀਂ 'ਰਾਜ ਪੱਧਰ' ਦੇ ਸਾਰੇ ਦਫਤਰਾਂ ਵਿਚ ਹੁੰਦੇ ਕੰਮਕਾਜ ਪੰਜਾਬੀ ਵਿਚ ਕੀਤੇ ਜਾਣ ਦਾ ਹੁਕਮ ਦਿੱਤਾ ਗਿਆ ਜੋ 13 ਅਪਰੈਲ 1968 ਤੋਂ ਲਾਗੂ ਹੋਇਆ। ਇਨ੍ਹਾਂ ਨੋਟੀਫਿਕੇਸ਼ਨਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਸਾਰੇ ਦਫਤਰੀ ਕੰਮਾਂ ਨੂੰ ਪੰਜਾਬੀ ਵਿਚ ਕੀਤੇ ਜਾਣ ਦੇ ਹੁਕਮ ਹੋਏ ਸਨ। ਕਿਸੇ ਵਿਸ਼ੇਸ਼ ਪ੍ਰਕਾਰ ਦੇ ਕੰਮਾਂ ਨੂੰ ਨਹੀਂ।

ਇਸ ਐਕਟ ਦੀ ਧਾਰਾ 5 ਰਾਹੀਂ ਵਿਧਾਨ ਸਭਾ ਵਿਚ ਬਣਦੇ ਕਾਨੂੰਨਾਂ ਆਦਿ ਨੂੰ ਪੰਜਾਬੀ ਭਾਸ਼ਾ ਵਿਚ ਕੀਤੇ ਜਾਣ ਦੀ ਵਿਵਸਥਾ ਤਾਂ ਕੀਤੀ ਗਈ, ਪਰ ਨਾਲ ਹੀ ਇਹ ਸ਼ਰਤ ਲਾ ਦਿੱਤੀ ਗਈ ਕਿ ਇਹ ਵਿਵਸਥਾ ਜਿਸ ਮਿਤੀ ਤੋਂ ਲਾਗੂ ਹੋਵੇਗੀ, ਉਸ ਦਾ ਐਲਾਨ ਵੱਖਰੇ ਨੋਟੀਫਿਕੇਸ਼ਨ ਰਾਹੀਂ ਹੋਵੇਗਾ। ਅਫਸੋਸ ਕਿ ਇਹ ਨੋਟੀਫਿਕੇਸ਼ਨ (ਐਕਟ ਬਣਨ ਦੇ ਪੰਜਾਹ ਸਾਲ ਬੀਤਣ ਬਾਅਦ ਵੀ) ਅੱਜ ਤਕ ਜਾਰੀ ਨਹੀਂ ਹੋਈ। ਧਾਰਾ 6 ਰਾਹੀਂ ਵਿਧਾਨ ਸਭਾ ਵਿਚ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਨੂੰ ਜਾਰੀ ਰੱਖਣ ਲਈ ਵਿਸ਼ੇਸ਼ ਵਿਵਸਥਾ ਕੀਤੀ ਗਈ। ਇਸ ਕਾਨੂੰਨ ਦੀ ਇਕ ਹੋਰ ਕਮਜ਼ੋਰੀ ਇਹ ਸੀ ਕਿ ਜ਼ਿਲ੍ਹਾ ਪੱਧਰੀ ਅਦਾਲਤਾਂ ਜਾਂ ਹਾਈ ਕੋਰਟ ਵਿਚ ਹੁੰਦੇ ਕੰਮਕਾਜ ਨੂੰ ਵੀ ਪੰਜਾਬੀ ਵਿਚ ਕੀਤੇ ਜਾਣ ਦੀ ਕੋਈ ਵਿਵਸਥਾ ਨਹੀਂ ਸੀ ਕੀਤੀ ਗਈ।

2008 ਵਿਚ ਪੰਜਾਬ ਰਾਜ ਭਾਸ਼ਾ (ਸੋਧ) ਐਕਟ 2008 ਰਾਹੀਂ 1967 ਦੇ ਐਕਟ ਵਿਚ ਵੱਡੀਆਂ ਸੋਧਾਂ ਹੋਈਆਂ। ਇਸ ਸੋਧ ਐਕਟ ਦੀ ਮੁੱਖ ਵਿਸ਼ੇਸ਼ਤਾ ਇਹ ਸੀ ਕਿ ਮੂਲ ਐਕਟ ਵਿਚ ਧਾਰਾ 3(ਏ) ਜੋੜ ਕੇ, ਹਾਈ ਕੋਰਟ ਅਧੀਨ ਕੰਮ ਕਰਦੀਆਂ ਜ਼ਿਲ੍ਹਾ ਪੱਧਰੀ ਦੀਵਾਨੀ ਤੇ ਫੌਜਦਾਰੀ ਅਦਾਲਤਾਂ ਵਿਚ ਅਤੇ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਟ੍ਰਿਬਿਊਨਲਾਂ, ਅਦਾਲਤਾਂ ਆਦਿ ਵਿਚ ਹੁੰਦੇ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। ਇਹ ਵਿਵਸਥਾ 5 ਨਵੰਬਰ 2008 ਤੋਂ ਲਾਗੂ ਹੋ ਵੀ ਗਈ। ਕਾਨੂੰਨ ਭਾਵੇਂ ਬਣ ਗਿਆ ਪਰ ਇਸ ਨੂੰ, ਪੰਜਾਬ ਸਰਕਾਰ ਦੀ ਅਣਗਹਿਲੀ (ਜਾਂ ਬੇਰੁਖੀ) ਅਤੇ ਹਾਈ ਕੋਰਟ ਦੀ ਹੁਕਮ ਨੂੰ ਲਾਗੂ ਕਰਨ ਦੀ ਨੀਅਤ ਨਾ ਹੋਣ ਕਾਰਨ, ਅੱਜ ਤਕ ਲਾਗੂ ਨਹੀਂ ਕੀਤਾ ਗਿਆ।

ਇਸ ਸੋਧ ਐਕਟ ਦੀ ਵੱਡੀ ਕਮਜ਼ੋਰੀ ਇਹ ਰਹੀ ਕਿ ਪ੍ਰਸ਼ਾਸਨਿਕ ਦਫਤਰਾਂ ਵਿਚ ਹੁੰਦੇ ਕੰਮਕਾਜਾਂ ਦੇ ਘੇਰੇ ਨੂੰ ਵਧਾਉਣ ਦੀ ਥਾਂ ਪੂਰੀ ਤਰ੍ਹਾਂ ਘਟਾ ਦਿੱਤਾ ਗਿਆ। ਇਸ ਐਕਟ ਦੇ ਅੰਗਰੇਜ਼ੀ ਪਾਠ ਵਿਚ 'ਸਾਰੇ ਦਫਤਰੀ ਚਿੱਠੀ ਪੱਤਰ' ਨੂੰ ਪੰਜਾਬੀ ਭਾਸ਼ਾ ਵਿਚ ਕੀਤੇ ਜਾਣਾ ਜ਼ਰੂਰੀ ਕੀਤਾ ਗਿਆ। ਸਰਕਾਰੀ ਦਫਤਰਾਂ ਵਿਚ ਜੋ ਚਿੱਠੀ ਪੱਤਰ ਹੁੰਦਾ ਹੈ ਉਹ ਸਾਰੇ ਕੰਮਕਾਜ ਦਾ ਮੁਸ਼ਕਿਲ ਨਾਲ ਪੰਜ ਸੱਤ ਪ੍ਰਤੀਸ਼ਤ ਹੁੰਦਾ ਹੈ। ਅਜਿਹੇ ਚਿੱਠੀ ਪੱਤਰ ਦਾ ਲੋਕਾਂ ਨਾਲ ਵੀ ਸਬੰਧ ਨਹੀਂ ਹੁੰਦਾ। ਲੋਕਾਂ ਨੂੰ ਤਾਂ ਆਪਣੇ ਲਾਇਸੈਂਸ, ਗੱਡੀਆਂ ਦੀਆਂ ਕਾਪੀਆਂ, ਜਨਮ-ਮਰਨ ਸਰਟੀਫਿਕੇਟ ਆਦਿ ਆਪਣੀ ਮਾਤ ਭਾਸ਼ਾ ਵਿਚ ਲੋੜੀਂਦੇ ਹੁੰਦੇ ਹਨ।

ਇਸ ਸੋਧ ਐਕਟ ਦੇ ਪੰਜਾਬੀ ਪਾਠ ਵਿਚ 'ਸਾਰੇ ਦਫਤਰੀ ਚਿੱਠੀ ਪੱਤਰ' ਦੀ ਥਾਂ 'ਦਫਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇਗਾ' ਦਰਜ ਹੈ। ਪੰਜਾਬੀ ਪਾਠ ਵਿਚ ਦਰਜ ਇਨ੍ਹਾਂ ਸ਼ਬਦਾਂ ਤੋਂ ਸਪਸ਼ਟ ਅਰਥ ਇਹ ਨਿਕਲਦੇ ਹਨ ਕਿ ਪ੍ਰਸ਼ਾਸਨਿਕ ਦਫਤਰਾਂ ਵਿਚ ਹੁੰਦਾ ਸਾਰਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਹੋਵੇਗਾ (ਨਾ ਕਿ ਕੇਵਲ ਦਫਤਰੀ ਚਿੱਠੀ ਪੱਤਰ)। ਇਕੋ ਸਮੇਂ ਗਜਟ ਵਿਚ ਛਪੇ ਦੋਵਾਂ ਪਾਠਾਂ ਵਿਚੋਂ ਕਿਹੜਾ ਪਾਠ ਸਹੀ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਅਸੀਂ ਦਾਅਵਾ ਕਰ ਸਕਦੇ ਹਾਂ ਕਿ ਪੰਜਾਬੀ ਪਾਠ ਹੀ ਸਹੀ ਹੈ, ਕਿਉਂਕਿ ਇਸ ਸੋਧ ਦਾ ਉਦੇਸ਼ ਸਰਕਾਰੀ ਕੰਮਕਾਜ ਵਿਚ ਪੰਜਾਬੀ ਦੀ ਵਰਤੋਂ ਨੂੰ ਵਧਾਉਣਾ ਸੀ, ਨਾ ਕਿ ਘਟਾਉਣਾ।

ਪੰਜਾਬ ਸਰਕਾਰ ਨੇ ਦਫਤਰਾਂ ਵਿਚ ਹੁੰਦੇ ਕੰਮਕਾਜ ਨੂੰ 'ਕੇਵਲ ਚਿੱਠੀ ਪੱਤਰ' ਤਕ ਜਾਣਬੁਝ ਕੇ ਸੀਮਿਤ ਕੀਤਾ ਹੈ ਜਾਂ ਇੰਜ ਅਨੁਵਾਦਕਾਂ ਦੀ ਗਲਤੀ ਕਾਰਨ ਹੋਇਆ ਹੈ, ਇਹ ਸਰਕਾਰ ਜਾਣੇ ਜਾਂ ਉਸ ਦੇ ਅਨੁਵਾਦ। ਸਰਕਾਰ ਨੂੰ ਆਪਣੀ ਤਕਨੀਕੀ ਭੁੱਲ ਸੋਧ ਲੈਣੀ ਚਾਹੀਦੀ ਹੈ। ਅੰਗਰੇਜ਼ੀ ਪਾਠ ਵਾਲੇ ਸ਼ਬਦਾਂ ਨੂੰ ਪੰਜਾਬੀ ਪਾਠ ਵਾਲੇ ਸ਼ਬਦਾਂ ਵਿਚ ਬਦਲ ਦੇਣਾ ਚਾਹੀਦਾ ਹੈ।

**ਕੁਝ ਦੂਜੇ ਰਾਜਾਂ ਦੇ ਅਤੇ ਸਾਡਾ ਰਾਜ ਭਾਸ਼ਾ ਐਕਟ:** ਪੰਜਾਬ ਰਾਜ ਭਾਸ਼ਾ ਐਕਟ 1967 ਦੀ ਜੇ ਕੁਝ ਦੂਜੇ ਰਾਜਾਂ ਦੇ ਭਾਸ਼ਾ ਐਕਟਾਂ ਨਾਲ ਤੁਲਨਾ ਕਰਨ ਤੋਂ ਪਤਾ ਲੱਗੇਗਾ ਕਿ ਬੰਗਾਲ ਰਾਜ ਭਾਸ਼ਾ ਐਕਟ 1961, ਮਹਾਰਾਸ਼ਟਰ ਰਾਜ ਭਾਸ਼ਾ ਐਕਟ 1964 ਤੇ ਤਾਮਿਲਨਾਡੂ ਰਾਜ ਭਾਸ਼ਾ ਐਕਟ 1956 ਦੀ ਪ੍ਰਸਤਾਵਨਾ ਵਿਚ ਇਨ੍ਹਾਂ ਦਾ ਉਦੇਸ਼ (ਕ੍ਰਮ ਅਨੁਸਾਰ) ਬੰਗਾਲੀ, ਮਰਾਠੀ ਅਤੇ ਤਾਮਿਲ ਨੂੰ ਆਪਣੇ ਆਪਣੇ ਰਾਜਾਂ ਦੇ ਦਫਤਰੀ ਕੰਮਕਾਜ ਵਿਚ ਅਪਨਾਉਣਾ ਸੀ। ਇਨ੍ਹਾਂ ਵਿਚ ਸ਼ਬਦ 'ਦਫਤਰੀ ਕੰਮਕਾਜ' ਤੋਂ ਬਾਅਦ 'ਜਾਂ ਕੋਈ' ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ। ਮਤਲਬ ਇਹ ਕਿ ਇਨ੍ਹਾਂ ਪ੍ਰਾਂਤਾਂ ਨੇ ਆਪਣੇ ਆਪਣੇ ਰਾਜਾਂ ਵਿਚ 'ਸਾਰੇ ਦਫਤਰੀ ਕੰਮਕਾਜ' ਆਪਣੀ ਰਾਜ ਭਾਸ਼ਾ ਵਿਚ ਕਰਨ ਦੀ ਵਿਵਸਥਾ ਕੀਤੀ ਹੈ। ਸਥਿਤੀ ਸਪਸ਼ਟ ਕਰਨ ਲਈ 'ਬੰਗਾਲ ਐਕਟ' ਵਿਚ, ਵਿਧਾਨ ਪਾਲਿਕਾ ਦੇ ਕੰਮਕਾਜ ਨੂੰ ਵਿਸ਼ੇਸ਼ ਤੌਰ 'ਤੇ ਦਫਤਰੀ ਕੰਮਕਾਜ ਵਿਚ ਸ਼ਾਮਿਲ ਕੀਤਾ ਗਿਆ।

ਦੂਜੇ ਪਾਸੇ ਪੰਜਾਬ ਰਾਜ ਭਾਸ਼ਾ ਐਕਟ ਦੀ ਪ੍ਰਸਤਾਵਨਾ ਵਿਚ 'ਸਾਰੇ ਜਾਂ ਕੋਈ' ਸ਼ਬਦ ਵਰਤਿਆ ਗਿਆ ਹੈ। 'ਜਾਂ ਕੋਈ' ਸ਼ਬਦ ਦੀ ਵਰਤੋਂ ਕਾਰਨ ਦਫਤਰੀ ਕੰਮਕਾਜਾਂ ਦਾ ਘੇਰਾ ਸੀਮਤ ਹੋ ਗਿਆ ਹੈ। ਬਾਕੀ ਰਾਜਾਂ ਨੇ ਕੰਮਕਾਜ ਦੇ ਰਾਜ ਭਾਸ਼ਾ ਵਿਚ ਸ਼ੁਰੂ ਹੋਣ ਦੀ ਮਿਤੀ ਵੀ ਐਕਟਾਂ ਵਿਚ ਹੀ ਮਿਥ ਦਿੱਤੀ ਸੀ। ਤਾਮਿਲਨਾਡੂ ਐਕਟ 1956 ਨੇ (ਧਾਰਾ 2 ਰਾਹੀਂ) ਤਾਮਿਲ ਨੂੰ ਸਿੱਧੇ ਤੌਰ 'ਤੇ ਦਫਤਰੀ ਕੰਮਕਾਜ ਦੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ। ਕੋਈ ਵੱਖਰਾ ਨੋਟੀਫਿਕੇਸ਼ਨ ਜਾਂ ਹੁਕਮ ਲਾਗੂ ਹੋਣ ਦੀ ਮਿਤੀ ਮਿਥਣ ਦੀ ਉਡੀਕ ਨਹੀਂ ਕੀਤੀ। ਬੰਗਾਲ ਐਕਟ 1961 ਵਿਚ ਇਸ ਵਿਵਸਥਾ ਦੇ ਲਾਗੂ ਹੋਣ ਦੀ ਸਮਾਂ ਸੀਮਾ ਮਿਥ ਦਿੱਤੀ ਗਈ। ਉਡੀਕ ਦਾ ਵੱਧ ਤੋਂ ਵੱਧ ਸਮਾਂ ਚਾਰ ਸਾਲ ਮਿਥਿਆ ਗਿਆ ਸੀ। ਮਹਾਰਾਸ਼ਟਰ ਐਕਟ (ਧਾਰਾ 4 ਰਾਹੀਂ) 'ਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਸਾਰੇ ਦਫਤਰੀ ਕੰਮ ਤੁਰੰਤ ਰਾਜ ਭਾਸ਼ਾ ਵਿਚ ਹੋਣੇ ਸ਼ੁਰੂ ਹੋਣਗੇ। ਜਿਨ੍ਹਾਂ ਕੰਮਾਂ ਨੂੰ ਹੋਰ ਭਾਸ਼ਾ ਵਿਚ ਕੀਤੇ ਜਾਣ ਦੀ ਛੋਟ ਦਿੱਤੀ ਜਾਵੇਗੀ, ਉਸ ਬਾਰੇ ਵੱਖਰੇ ਨੋਟੀਫਿਕੇਸ਼ਨ ਬਾਅਦ ਵਿਚ ਜਾਰੀ ਹੋਵੇਗਾ। ਦੂਜੇ ਪਾਸੇ, ਪੰਜਾਬ ਰਾਜ ਭਾਸ਼ਾ ਐਕਟ ਦੀ ਧਾਰਾ 4 ਰਾਹੀਂ ਇਹ ਵਿਵਸਥਾ ਕੀਤੀ ਗਈ ਕਿ ਹਾਲੇ ਰਾਜ ਭਾਸ਼ਾ ਵਿਚ ਕੰਮ ਹੋਣਾ ਸ਼ੁਰੂ ਨਹੀਂ ਹੋਵੇਗਾ। ਬਾਅਦ ਵਿਚ ਜਿਸ ਜਿਸ ਦਫਤਰੀ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ ਜਾਣ ਦਾ ਫੈਸਲਾ ਹੋਵੇਗਾ, ਉਸ ਬਾਰੇ ਸਮੇਂ ਸਮੇਂ ਨੋਟੀਫਿਕੇਸ਼ਨ ਜਾਰੀ ਰਹਿਣਗੇ। ਨੋਟੀਫਿਕੇਸ਼ਨ ਹੀ ਨਹੀਂ, ਹੁਕਮ ਦੇ ਲਾਗੂ ਹੋਣ ਦੀ ਮਿਤੀ ਵੀ ਬਾਅਦ 'ਚ ਨਿਸ਼ਚਿਤ ਹੋਵੇਗੀ। ਐਕਟ ਦੀ ਇਸ ਕਮਜ਼ੋਰੀ ਕਾਰਨ ਕਈ ਨੋਟੀਫਿਕੇਸ਼ਨ ਅੱਜ ਤਕ ਜਾਰੀ ਨਹੀਂ ਹੋਏ।

## ਛੋਟੀ ਬੱਚੀ ਦੀ ਆਵਾਜ਼

ਜੇ ਭਾਪਾ ਤੂੰ ਸ਼ਹਿਰ ਨੂੰ ਚੱਲਿਆ
ਮੈਂ ਨਾ ਕਹਿੰਦੀ ਨਾਲ ਤੂੰ ਲੈ ਜਾਹ।
ਦੋ ਚਾਰ ਅੱਖਰ ਮੈਂ ਵੀ ਪੜ੍ਹਨੇ
ਸ਼ਹਿਰੋਂ ਇਕ ਲਿਆ ਦਈਂ ਕੈਦਾ।

ਜੇ ਭਾਪਾ ਤੂੰ ਸ਼ਹਿਰ ਨੂੰ ਚੱਲਿਆ
ਮੈਂ ਨਾ ਕਹਿੰਦੀ ਖਿਡਾਉਣੇ ਲਿਆਈਂ।
ਪੀਪਾ ਆਪਣਾ ਖਾਲੀ ਪਿਆ ਏ
ਥੋੜ੍ਹਾ ਜਿਹਾ ਤੂੰ ਆਟਾ ਲਿਆਈਂ।

ਜੇ ਡੈਡੀ ਤੂੰ ਸ਼ਹਿਰ ਨੂੰ ਚੱਲਿਆ
ਮੰਮੀ ਦੀ ਵੀ ਜੁੱਤੀ ਟੁੱਟੀ।
ਵੀਰਾ ਪੈਰੋਂ ਨੰਗਾ ਫਿਰਦਾ
ਉਹਦੇ ਪੈਰੀਂ ਹੈ ਨ੍ਹੀਂ ਜੁੱਤੀ।

ਜੇ ਡੈਡੀ ਤੂੰ ਸ਼ਹਿਰ ਨੂੰ ਚੱਲਿਆ
ਆਪਣਾ ਵੀ ਕੁਝ ਕਰੀਂ ਖਿਆਲ।
ਇਨ੍ਹਾਂ ਟੁੱਟੀਆਂ ਚੱਪਲਾਂ ਦੇ ਵਿਚ
ਕੱਢਿਆ ਏ ਤੂੰ ਸਾਰਾ ਸਿਆਲ।

ਜੇ ਡੈਡੀ ਤੂੰ ਸ਼ਹਿਰ ਨੂੰ ਚੱਲਿਆ
ਮੈਨੂੰ ਸਾਈਕਲ ਉਤੇ ਬਿਠਾਈਂ।
ਭੱਜ ਆਵਾਂਗੀ ਘਰ ਨੂੰ 'ਕੱਲੀ
ਮੈਨੂੰ ਝੂਟਾ ਦੇ ਕੇ ਜਾਈਂ।

ਜੇ ਭਾਪਾ ਤੂੰ ਸ਼ਹਿਰ ਨੂੰ ਚੱਲਿਆ
ਮੈਂ ਨਾ ਕਹਿੰਦੀ ਲਿਆਵੀਂ ਚੀਜੀ।
ਪੈਸਾ ਤੇਰੀ ਜੇਬ 'ਚ ਹੈ ਨ੍ਹੀਂ
ਰਾਤੀਂ ਕਹਿੰਦੀ ਪਈ ਸੀ ਬੀਬੀ।

ਜੇ ਭਾਪਾ ਤੂੰ ਸ਼ਹਿਰ ਨੂੰ ਚੱਲਿਆ
ਬਹੁਤਾ ਨਾ ਤੂੰ ਕਰੀਂ ਹਨੇਰਾ।
ਗੁਲਾਮੀ ਵਾਲੇ ਬੂਟੇ ਵਾਂਗੂ
ਮੈਂ ਉਡੀਕਾਂਗੀ ਰਾਹ ਤੇਰਾ।

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ: 91-94171-97395*

# ਸਮੁੰਦਰੀ-ਸੰਵੇਦਨਾ

## ਨਿਆਮਤਾਂ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਦਰਿਆ ਦੀ ਮਨੁੱਖ ਨਾਲ ਅਜ਼ਲਾਂ ਤੋਂ ਸਾਂਝ ਦੀ ਬਾਤ ਪਾਉਂਦਿਆਂ ਅਫਸੋਸ ਜ਼ਾਹਰ ਕੀਤਾ ਸੀ ਕਿ ਮਨੁੱਖ ਨੇ ਆਪਣੇ ਸਵਾਰਥ ਖਾਤਰ ਦਰਿਆਵਾਂ ਦੇ ਪਾਣੀ ਨੂੰ ਪਲੀਤ ਕਰ ਦਿੱਤਾ ਹੈ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਸਮੁੰਦਰ ਦੀ ਵਿਸ਼ਾਲਤਾ ਅਤੇ ਮਨੁੱਖੀ ਸਭਿਅਤਾਵਾਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਸਮੁੰਦਰ, ਸਭਿਅਤਾਵਾਂ ਦਾ ਮੌਲਣ-ਬਿੰਦੂ ਤੇ ਮਨੁੱਖੀ ਵਿਕਾਸ ਦਾ ਧੁਰਾ ਹੈ। ਕੰਢਿਆਂ 'ਤੇ ਵੱਸੇ ਮਹਾਂਨਗਰ, ਸਮੁੰਦਰੀ ਅਕੀਦਤ ਦਾ ਸੁਨੱਖਾ ਸਰੂਪ ਹਨ। ਸਮੁੰਦਰ, ਹੱਦਾਂ-ਸਰਹੱਦਾਂ ਤੋਂ ਉਪਰ, ਪਰ ਅਫਸੋਸ ਵੱਖ-ਵੱਖ ਦੇਸ਼ ਇਸ ਦੇ ਟੋਟੇ ਕਰਨ ਨੂੰ ਕਾਹਲੇ। ਸਮੁੰਦਰ ਉਪਰ ਮਨੁੱਖੀ ਲਕੀਰਾਂ ਅਦਿੱਖ ਹਨ। ਕੌਣ ਏ ਜੋ ਪਾਣੀਆਂ ਨੂੰ ਵੰਡ ਸਕੇ! ਪਾਣੀ ਤਾਂ ਜੀਵਨ-ਦਾਨੀ ਜਿਸ ਦਾ ਕੋਈ ਮਜ਼ਹਬ, ਕੌਮ, ਧਰਮ ਜਾਂ ਦੇਸ਼ ਨਹੀਂ। ਉਹ ਤਾਂ ਸਾਂਝੀਵਾਲਤਾ ਦਾ ਸੁਨੇਹਾ। ਡਾ. ਭੰਡਾਲ ਨੂੰ ਗਿਲਾ ਹੈ, "ਸਮੁੰਦਰ, ਅੱਜ ਕੱਲ ਆਪਣੀ ਹੋਣੀ 'ਤੇ ਹੰਝੂ ਕੇਰਦਾ। ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲਣੇ ਸ਼ੂਰੂ। ਸਮੁੰਦਰ ਦਾ ਪੱਧਰ ਉਪਰ ਉਠਣ 'ਤੇ ਇਸ ਦੇ ਕਿਨਾਰੇ ਵੱਸੇ ਸ਼ਹਿਰਾਂ ਦੇ ਨਾਮੋ-ਨਿਸ਼ਾਨ ਮਿਟਣ ਦਾ ਖਤਰਾ। ਪਰ ਮਨੁੱਖ ਸਮੁੰਦਰ ਦੀ ਹੂਕ ਸੁਣਨ ਤੋਂ ਆਕੀ।" ਉਹ ਸਲਾਹ ਦਿੰਦੇ ਹਨ, "ਕਦੇ ਕਦਾਈਂ ਸਮੁੰਦਰ-ਬੀਹੀ ਵਿਚ ਗੇੜਾ ਜਰੂਰ ਲਾਉਣਾ, ਤੁਹਾਡੀ ਦਿੱਬ-ਦ੍ਰਿਸ਼ਟੀ ਨੂੰ ਨਵੀਂ ਪਰਵਾਜ਼ ਮਿਲੇਗੀ।" -ਸੰਪਾਦਕ*

ਸਮੁੰਦਰ ਵਿਸ਼ਾਲਤਾ ਦਾ ਪ੍ਰਤੀਕ, ਨੀਲੱਤਣ ਦਾ ਨਾਮਕਰਨ, ਤਰਲਤਾ ਦੀ ਤਰਜ਼ਮਾਨੀ ਅਤੇ ਡੂੰਘਾਈ ਦੀ ਧਰਾਤਲ।

ਸਮੁੰਦਰੀ ਹਿੱਕ 'ਤੇ ਲਹਿਰਾਂ ਦੀਆਂ ਅਠਖੇਲੀਆਂ, ਲਹਿਰਾਂ ਸੰਗ ਸੰਗੀਤਕ-ਸੰਵਾਦ ਅਤੇ ਪਾਣੀ ਦੀ ਹਿੱਕ 'ਤੇ ਪੈੜ-ਸਿਰਜਣਾ।

ਸਮੁੰਦਰ, ਦੂਰ ਦੂਰ ਤੀਕ ਪਾਣੀ ਦੇ ਫੈਲਾਅ ਦਾ ਝਲਕਾਰਾ, ਵਾਸ਼ਪ-ਕਣਾਂ ਦੀ ਛਹਿਬਰ ਅਤੇ ਪੌਣ ਦੀ ਲਹਿਰਾਂ ਸੰਗ ਜੁਗਲਬੰਦੀ।

ਸਮੁੰਦਰ, ਜੀਵਨ ਦੀ ਆਧਾਰਸ਼ਿਲਾ, ਧਰਾਤਲ ਵਿਚ ਪਸਰਿਆ ਜੀਵ-ਸੰਸਾਰ, ਪੌਦ-ਭੰਡਾਰ ਅਤੇ ਅਣਛੋਹਿਆ ਨਿਵੇਕਲਾ ਸੰਸਾਰ। ਅਜੇ ਤੀਕ ਮਨੁੱਖ ਦੀ ਮਲੀਨ ਸੋਚ ਤੋਂ ਸੁਰੱਖਿਅਤ। ਪਾਕੀਜ਼ਗੀ ਦਾ ਸੁੱਚਾ ਨਾਮਕਰਣ। ਸਮੁੰਦਰ, ਧਰਤ 'ਤੇ ਜੀਵ-ਸੰਸਾਰ ਦੇ ਮੁੱਢ ਦਾ ਪ੍ਰਤੀਕ, ਆਦਿ-ਗਵਾਹ। ਅਮੀਬਾ ਤੋਂ ਸ਼ੁਰੂ ਹੋਈ ਜੀਵ-ਪ੍ਰਣਾਲੀ ਦੇ ਵਿਕਾਸ ਦਾ ਅਧਿਐਨ ਕੇਂਦਰ।

ਸਮੁੰਦਰ, ਪਾਣੀ ਦੀ ਬਹੁਲਾਤ ਦਾ ਸਰੂਪ। ਧਰਤ ਦੇ ਦੋ ਤਿਹਾਈ ਹਿੱਸੇ 'ਤੇ ਫੈਲਿਆ ਏ ਪਾਣੀ। ਜੀਵ-ਸੰਸਾਰ ਦੀ ਮੌਲਿਕਤਾ, ਨਵੀਆਂ ਸੰਭਾਵਨਾਵਾਂ ਅਤੇ ਉਚੇਰੇ ਦਿਸਹੱਦਿਆਂ ਦਾ ਸਿਰਲੇਖ। ਇਸ ਨੂੰ ਖੋਜਣ ਅਤੇ ਅਸੀਮਤਾ ਨੂੰ ਸਮਝਣ ਲਈ ਮਨੁੱਖ ਕੋਲ ਸੀਮਤ ਸਾਧਨ। ਇਸ ਲਈ ਸਮੁੰਦਰ-ਸਾਧਨਾ, ਭੰਗਤਾ-ਰਹਿਤ।

ਸਮੁੰਦਰ ਖੁਦ ਵਿਚੋਂ ਖੁਦ ਨੂੰ ਵਿਸ਼ਾਲਣਾ। ਇਸ ਦੀ ਅਸੀਮਤਾ ਤੇ ਰਸਾਤਲ ਤੱਕ ਸਵੈ-ਸਮਾਈ ਹੀ ਇਸ ਦਾ ਸੁੱਚਾ ਹਾਸਲ।

ਸਮੁੰਦਰ, ਸਭਿਆਤਾਵਾਂ ਦਾ ਮੌਲਣ-ਬਿੰਦੂ, ਮਨੁੱਖੀ ਵਿਕਾਸ ਦਾ ਧੁਰਾ। ਕੰਢਿਆਂ 'ਤੇ ਵੱਸੇ ਮਹਾਂਨਗਰ, ਸਮੁੰਦਰੀ ਅਕੀਦਤ ਦਾ ਸੁਨੱਖਾ ਸਰੂਪ। ਦੁਨੀਆਂ ਦੇ ਜ਼ਿਆਦਾਤਰ ਮਹਾਂਨਗਰ ਸਿਰਫ ਸਮੁੰਦਰੀ ਨੇੜਤਾ ਸਦਕਾ ਵਿਸ਼ਾਲਤਾ ਅਤੇ ਪ੍ਰਸਿੱਧੀ ਕਮਾਉਣ ਵਿਚ ਕਾਮਯਾਬ।

ਸਮੁੰਦਰ, ਮੁਢਲੇ ਸਫਰ ਦਾ ਸਭ ਤੋਂ ਸਾਜ਼ਗਾਰ ਸਾਧਨ। ਸਮੁੰਦਰ ਨੂੰ ਆੜੀ ਬਣਾ ਕੇ ਕੋਲੰਬਸ ਨੇ ਅਮਰੀਕਾ ਲੱਭਿਆ ਤੇ ਵਾਸਕੋ ਡੀ ਗਾਮਾ ਨਵੀਂ ਸਭਿਅਤਾ ਦੀ ਖੋਜ 'ਚ ਭਾਰਤ ਆਇਆ। ਦੁਨੀਆਂ ਭਰ ਵਿਚ ਵਪਾਰ ਦਾ ਵੱਡਾ ਹਿੱਸਾ, ਅੱਜ ਕੱਲ ਵੀ ਸਮੁੰਦਰੀ ਆਵਾਜਾਈ 'ਤੇ ਆਧਾਰਤ।

ਸਮੁੰਦਰ, ਹੱਦਾਂ-ਸਰਹੱਦਾਂ ਤੋਂ ਉਪਰ। ਵੱਖ-ਵੱਖ ਦੇਸ਼ ਇਸ ਦੇ ਟੋਟੇ ਕਰਨ ਨੂੰ ਕਾਹਲੇ। ਸਮੁੰਦਰ ਉਪਰ ਮਨੁੱਖੀ ਲਕੀਰਾਂ ਅਦਿੱਖ। ਮਾਰੂ ਸਮੁੰਦਰੀ ਬੇੜਿਆਂ ਨਾਲ ਹੱਕ ਜਤਾਉਣ ਦੇ ਦਾਅਵੇ। ਪਰ ਕੌਣ ਏ ਜੋ ਪਾਣੀਆਂ ਨੂੰ ਵੰਡ ਸਕੇ! ਪਾਣੀ ਤਾਂ ਜੀਵਨ-ਦਾਨੀ ਜਿਸ ਦਾ ਕੋਈ ਮਜ਼ਹਬ, ਕੌਮ, ਧਰਮ ਜਾਂ ਦੇਸ਼ ਨਹੀਂ। ਉਹ ਤਾਂ ਸਾਂਝੀਵਾਲਤਾ ਦਾ ਸੁਨੇਹਾ। ਸਮੁੰਦਰ, ਦਿਨ ਚੜ੍ਹਦੇ ਸਾਰ ਗੁਰੂਤਾ ਖਿੱਚ ਕਾਰਨ ਆਪਣੀ ਕਰੂਰਤਾ ਜ਼ਾਹਰ ਕਰਦਾ, ਸਮੁੰਦਰ ਖੌਲਦਾ। ਲਹਿਰਾਂ ਦਾ ਖੌਰੂ, ਕਈਆਂ ਲਈ ਜਾਨ ਦਾ ਖੌਅ। ਪਰ ਦਿਨ ਢਲੇ ਹੀ ਸ਼ਾਂਤ ਹੋ ਚੰਨ-ਚਾਨਣੀ ਨਾਲ ਸੰਵਾਦ ਰਚਾਉਂਦਾ, ਸਪਤਰਿਸ਼ੀ ਦਾ ਰੂਪ ਧਾਰਦਾ।

ਸਮੁੰਦਰ, ਜੀਵਾਂ ਲਈ ਖਾਧ-ਪਦਾਰਥਾਂ ਦਾ ਭੰਡਾਰ। ਉਪਜੀਵਕਾ ਦਾ ਸਾਧਨ। ਕੰਢਿਆਂ 'ਤੇ ਵੱਸਿਆਂ ਲਈ ਰੋਜ਼ੀ-ਰੋਟੀ ਦਾ ਸਬੱਬ।

ਸਮੁੰਦਰ, ਜੀਵਾਂ ਦਾ ਹਮਜੋਲੀ, ਸਰਬ-ਤੰਦਰੁਸਤੀ ਦਾ ਚਾਹਵਾਨ ਅਤੇ ਭਲਾਈ ਤੇ ਬੰਦਿਆਈ ਲਈ ਤਤਪਰ। ਹਰੇਕ ਲੋੜ-ਪੂਰਤੀ ਲਈ ਸਮਰਪਿਤ।

ਕਦੇ ਕਦਾਈਂ ਸਮੁੰਦਰ ਦੇ ਨੈਣਾਂ 'ਚ ਹੰਝੂ ਤਾਰੀ ਹੁੰਦੇ ਜਦ ਉਸ ਦੇ ਕੰਢਿਆਂ 'ਤੇ ਗੰਦਗੀ ਦੇ ਢੇਰ, ਉਸ ਦੀ ਸ਼ਫਾਫਤ ਨੂੰ ਮਲੀਨ ਕਰਦੇ। ਪਾਕੀਜ਼ਗੀ, ਮਨੁੱਖ ਹੱਥੋਂ ਲੀਰਾਂ ਹੁੰਦੀ। ਹਿੱਕ ਵਿਚ ਰਸਾਇਣ ਅਤੇ ਨਿਊਕਲਾਈ ਰਹਿੰਦ-ਖੂੰਹਦ ਰੇਡੀਆਈ ਕਿਰਨਾਂ ਦਾ ਪ੍ਰਦੂਸ਼ਣ ਫੈਲਾਉਂਦੀ, ਜੋ ਸਮੁੰਦਰੀ ਜੀਵ-ਸੰਸਾਰ ਲਈ ਸਰਾਪ। ਪਰ ਸਮੁੰਦਰ ਫਿਰ ਵੀ ਮਨੁੱਖ ਦੀ ਸੁੱਖ ਮੰਗਦਾ, ਸ਼ੁਭ-ਕਰਮਨ ਦੀ ਦੂਆ ਬਣਦਾ।

ਬੇਬਹਾਲ ਹੋਇਆ ਸਮੁੰਦਰ, ਕਦੇ ਕਦਾਈਂ ਸਮੁੰਦਰੀ ਤੁਫਾਨ ਦਾ ਰੂਪ ਧਾਰਦਾ। ਮਨੁੱਖ ਨੂੰ ਉਸ ਦੀ ਔਕਾਤ ਦੇ ਰੂਬਰੂ ਕਰਦਾ, ਪਰ ਮਨੁੱਖ ਕਦ ਆਪਣੀ ਹੋਛੀ ਹਰਕਤ ਤੋਂ ਬਾਜ ਆਉਂਦੈ?

ਸਮੁੰਦਰ, ਬਾਰਸ਼ਾਂ ਦਾ ਜਨਮਦਾਤਾ, ਜਲਵਾਸ਼ਪਾਂ ਨੂੰ ਪੌਣਾਂ ਹੱਥੀਂ ਤੋਰਦਾ। ਪਰ ਇਹ ਜਲਵਾਸ਼ਪ, ਬਾਰਸ਼ ਬਣ ਦਰਿਆਵਾਂ ਅਤੇ ਨਦੀਆਂ-ਨਾਲਿਆਂ ਦਾ ਰੂਪ ਧਾਰ, ਫਿਰ ਸਮੁੰਦਰ ਦੀ ਪਨਾਹ ਵਿਚ ਆਉਂਦੇ। ਸਮੁੰਦਰ ਦੇ ਗੱਲ ਲੱਗ ਦੁਖੜਾ ਸੁਣਾਉਂਦੇ। ਕਚਰੇ ਅਤੇ ਕੂੜ-ਕਬਾੜੇ ਨੂੰ ਸਮੁੰਦਰ ਦੀ ਝੋਲੀ ਪਾਉਂਦੇ। ਵਿਚਾਰਾ ਸਮੁੰਦਰ ਪਲੀਤ ਪਾਣੀਆਂ ਨੂੰ ਹਿੱਕ 'ਚ ਸਮਾ, ਸ਼ਫਾਫ ਜਲਵਾਸ਼ਪਾਂ ਨੂੰ ਮੁੜ ਪਿਆਸੀ ਧਰਤ ਵੰਨੀਂ ਤੋਰਦਾ।

ਸਮੁੰਦਰ-ਮੰਥਨ ਵਿਚੋਂ ਹੀ ਰਿਸ਼ੀਆਂ ਅਤੇ ਦੇਵਤਿਆਂ ਨੇ ਅੰਮ੍ਰਿਤ-ਰਸ ਕੱਢਿਆ। ਪਰ ਜਦ ਦੇਵਤਿਆਂ ਦੇ ਰੂਪ ਵਿਚ ਦੁਸ਼ਟ ਕਾਬਜ਼ ਹੋ ਜਾਣ ਤਾਂ ਸਮੁੰਦਰ-ਰੂਪੀ ਅੰਮ੍ਰਿਤ ਦਾ ਭਲਾ ਕੀ ਕਸੂਰ?

ਸਮੁੰਦਰ ਵਰਗੀ ਵਿਸ਼ਾਲਤਾ ਨੂੰ ਜਦ 'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀ ਜਾਣੇ' ਦਾ ਲਕਬ ਮਿਲਦਾ ਤਾਂ ਇਸ ਦੀ ਹਿੱਕ ਵਿਚ ਸਮੋਏ ਦਰਦਾਂ ਅਤੇ ਹੌਕਿਆਂ ਦੀ ਤਫਸੀਲ ਜਾਣਨ ਤੇ ਸਮਝਣ ਦਾ ਖਿਆਲ ਪਨਪਦਾ।

ਸਮੁੰਦਰ, ਕੁਦਰਤ ਦੀ ਸਭ ਤੋਂ ਅਹਿਮ ਨਿਆਮਤ। ਪਾਣੀ ਦਾ ਵਿਸ਼ਾਲ ਭੰਡਾਰ। ਐਂਟਾਰਕਟਿਕਾ, ਉਤਰੀ ਧਰੁਵ ਅਤੇ ਦੱਖਣੀ



ਧਰੁਵ, ਬਰਫੀਲੇ ਅਣਛੋਹੇ ਧਰਾਤਲ। ਦੁਧੀਆ ਰੰਗਾਂ ਨਾਲ ਲਿਸ਼ਕੋਰਦੇ ਗਲੇਸ਼ੀਅਰ, ਅਜ਼ੀਮ ਨਜ਼ਾਰਾ। ਧਰਤ 'ਤੇ ਦੁਧੀਆ ਰੰਗਾਂ ਦੀ ਚਿੱਤਰਕਾਰੀ।

ਸਮੁੰਦਰ, ਅੱਜ ਕੱਲ ਆਪਣੀ ਹੋਣੀ 'ਤੇ ਹੰਝੂ ਕੇਰਦਾ। ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲਣੇ ਸ਼ੂਰੂ। ਸਮੁੰਦਰ ਦਾ ਪੱਧਰ ਉਪਰ ਉਠਣ 'ਤੇ ਇਸ ਦੇ ਕਿਨਾਰੇ ਵੱਸੇ ਸ਼ਹਿਰਾਂ ਦੇ ਨਾਮੋ-ਨਿਸ਼ਾਨ ਮਿਟਣ ਦਾ ਖਤਰਾ। ਪਰ ਮਨੁੱਖ ਸਮੁੰਦਰ ਦੀ ਹੂਕ ਸੁਣਨ ਤੋਂ ਆਕੀ।

ਸਮੁੰਦਰ ਹੈ ਤਾਂ ਬਾਰਸ਼ ਹੈ, ਧਰਤ 'ਤੇ ਹਰਿਆਵਲ, ਫਸਲਾਂ ਦੀ ਲਹਿਰ-ਬਹਿਰ, ਅੰਬਰ 'ਤੇ ਸਤਰੰਗੀ ਪੀਂਘ ਅਤੇ ਧਰਤ 'ਤੇ ਸੱਪ ਵਾਂਗ ਵਲੇਵੇਂ ਖਾਂਦੇ ਦਰਿਆਵਾਂ ਤੇ ਨਦੀਆਂ-ਨਾਲਿਆਂ ਦੀ ਕਲਕਲ, ਝਰਨਿਆਂ ਦਾ ਸ਼ੋਰ ਹੈ।

ਸਮੁੰਦਰ ਸਦਕਾ ਹੈ ਸੈਲਾਨੀਆਂ ਦਾ ਸੈਲਾਬ, ਲਹਿਰਾਂ ਨਾਲ ਗਲਵੱਕੜੀ ਪਾਉਂਦੇ ਤੈਰਾਕ, ਲਹਿਰਾਂ ਨੂੰ ਸਹਿਲਾਉਂਦੀਆਂ ਕਿਸ਼ਤੀਆਂ, ਬੇੜੀਆਂ ਤੇ ਸਮੁੰਦਰੀ ਜਹਾਜ, ਤਹਿ ਨੂੰ ਫਰੋਲਦੀਆਂ ਪਣਡੁੱਬੀਆਂ ਅਤੇ ਗੋਤਾਖੋਰਾਂ ਦੇ ਝੁਰਮਟ।

ਸਮੁੰਦਰ, ਸੰਦਲੀ ਸਾਹਾਂ ਦਾ ਸੰਗਮ, ਨਵੀਆਂ ਸਾਂਝਾਂ, ਸਦੀਵੀ ਸਬੰਧਾਂ ਤੇ ਸੱਤਯੁਗੀ ਸਰੋਕਾਰਾਂ ਦਾ ਪ੍ਰਤੀਬਿੰਬ, ਦੁਆਵਾਂ ਦਿੰਦੀ ਕਾਇਨਾਤ ਅਤੇ ਬਰਕਤਾਂ ਵੰਡਦਾ ਪੀਰ।

ਸਮੁੰਦਰ ਵਰਗੀ ਸੋਚ, ਸਾਧਨਾ, ਸਮਰਪਣ, ਸਾਦਗੀ ਅਤੇ ਸੰਤੋਖ ਨੂੰ ਜੇ ਮਨੁੱਖੀ ਮਸਤਕ ਵਿਚ ਥਾਂ ਮਿਲ ਜਾਵੇ ਤਾਂ ਮਨੁੱਖੀ ਸਰੋਕਾਰਾਂ ਤੇ ਸੰਦਰਭਾਂ ਨੂੰ ਸੁਹੱਪਣ ਅਤੇ ਸੁਪਨਿਆਂ ਨੂੰ ਮਿਲੇਗੀ ਨਿਵੇਕਲੀ ਪਰਵਾਜ਼।

ਸਮੁੰਦਰ, ਕਰਮ-ਧਰਮ ਦਾ ਨਾਮਕਰਨ, ਕਰਮਯੋਗਤਾ ਦੀ ਪਛਾਣ, ਸੱਚ-ਮਾਰਗ ਦਾ ਸੁੱਚਮ ਅਤੇ ਸੂਹੇ ਸਫਰ ਦਾ ਆਗਾਜ਼।

ਸਮੁੰਦਰ, ਜੀਵਨ-ਗਾਥਾ ਦਾ ਬਿੰਬ। ਦੂਰ ਦੂਰ ਤੀਕ ਪਸਰਿਆ ਅਮੁੱਕ ਸਫਰ, ਕਿਧਰੇ ਨਾ ਕੋਈ ਟਿਕਾਣਾ। ਸਿਰਫ ਲਹਿਰਾਂ ਵਰਗੇ ਕੁਝ ਲੋਕ ਮਿਲਦੇ। ਕੁਝ ਤਾਂ ਸੰਗੀਤਕ ਸੰਵਾਦ ਰਚਾਉਂਦੇ, ਲਾਡ ਲਡਾਉਂਦੇ, ਜਿਉਣਾ ਸਿੱਖਾਉਂਦੇ। ਪਰ ਕੁਝ ਮਾਰੂ ਲਹਿਰਾਂ ਵਾਂਗ ਡੁਬੋਂਦੇ। ਯਾਦਾਂ ਦਾ ਛੱਜ ਭਰ ਕੇ ਝੋਲੀ ਪਾਉਂਦੇ ਅਤੇ ਯਾਦਾਂ ਸੰਗ ਜਿਉਂਦਿਆਂ ਦਾ ਸਫਰ ਜਾਰੀ ਰਹਿੰਦਾ।

ਸਮੁੰਦਰ ਤੇ ਨੈਣਾਂ ਦੀ ਅਗੰਮੀ ਅਤੇ ਅਨੂਠੀ ਸਾਂਝ। ਸਮੁੰਦਰ ਦਾ ਪਾਣੀ ਵੀ ਖਾਰਾ ਅਤੇ ਅੱਥਰੂ ਵੀ ਖਾਰੇ। ਦੋਵੇਂ ਖਾਰੇਪਣ ਨਾਲ ਹੀ ਜ਼ਿੰਦਗੀ ਵਿਚ ਮਿਠਾਸ ਘੋਲਦੇ।

ਸਮੁੰਦਰ ਅਤੇ ਅੰਬਰ, ਨੈਣਾਂ ਦੀ ਆਬਸ਼ਾਰ 'ਚ ਦੂਰ ਇਕ ਬਿੰਦੂ 'ਤੇ ਮਿਲਦੇ। ਗਲਵੱਕੜੀ ਪਾਉਂਦੇ ਤੇ ਇਕ ਦੂਜੇ ਵਿਚ ਅਭੇਦ ਹੁੰਦੇ। ਇਸ ਅਭੇਦਤਾ ਦੇ ਗਰਭ ਵਿਚੋਂ ਹੀ ਸੂਹਾ ਸੂਰਜ ਜਨਮ ਲੈਂਦਾ ਤਾਂ ਚੌਗਿਰਦੇ ਨੂੰ ਸੂਹੀ ਚਾਨਣ-ਰੁੱਤ ਨਾਲ ਰੰਗਦਾ, ਰੌਸ਼ਨੀ ਦਾ ਸੁਨੇਹਾ ਬਣਦਾ।

ਕਦੇ ਸਮੁੰਦਰ ਦੇ ਕੰਢੇ ਬੈਠ, ਇਸ ਦੀ ਚੁੱਪ-ਗੁਫਤਗੂ ਨਾਲ ਸੰਵਾਦ ਰਚਾਉਣਾ, ਤੱਟ 'ਤੇ ਖਿਲਰੇ ਘੋਗੇ ਅਤੇ ਸਿਪੀਆਂ ਵਿਚਲੇ ਜੀਵ-ਸੰਸਾਰ ਨੂੰ

***ਕਦੇ ਕਦਾਈਂ ਸਮੁੰਦਰ ਦੇ ਨੈਣਾਂ 'ਚ ਹੰਝੂ ਤਾਰੀ ਹੁੰਦੇ ਜਦ ਉਸ ਦੇ ਕੰਢਿਆਂ 'ਤੇ ਗੰਦਗੀ ਦੇ ਢੇਰ, ਉਸ ਦੀ ਸ਼ਫਾਫਤ ਨੂੰ ਮਲੀਨ ਕਰਦੇ। ਪਾਕੀਜ਼ਗੀ, ਮਨੁੱਖ ਹੱਥੋਂ ਲੀਰਾਂ ਹੁੰਦੀ। ਹਿੱਕ ਵਿਚ ਰਸਾਇਣ ਅਤੇ ਨਿਊਕਲਾਈ ਰਹਿੰਦ-ਖੂੰਹਦ ਰੇਡੀਆਈ ਕਿਰਨਾਂ ਦਾ ਪ੍ਰਦੂਸ਼ਣ ਫੈਲਾਉਂਦੀ, ਜੋ ਸਮੁੰਦਰੀ ਜੀਵ-ਸੰਸਾਰ ਲਈ ਸਰਾਪ। ਪਰ ਸਮੁੰਦਰ ਫਿਰ ਵੀ ਮਨੁੱਖ ਦੀ ਸੁੱਖ ਮੰਗਦਾ, ਸ਼ੁਭ-ਕਰਮਨ ਦੀ ਦੂਆ ਬਣਦਾ।***

ਸੋਚ-ਧਰਾਤਲ ਵਿਚ ਵਸਾਉਣਾ, ਸਮੁੰਦਰ ਦੀ ਦਰਿਆ-ਦਿਲੀ ਦਾ ਕਿਆਸ ਅਤੇ ਰਹਿਮਤਾਂ ਦਾ ਅੰਦਾਜ਼ਾ ਲਾਉਣਾ, ਤੁਹਾਨੂੰ ਇਸ ਦੀਆਂ ਬਰਕਤਾਂ ਦਾ ਅਹਿਸਾਸ ਹੋਵੇਗਾ ਅਤੇ ਤੁਸੀਂ ਸਮੁੰਦਰ ਦੇ ਬਲਿਹਾਰੇ ਜਾਵੋਗੇ।

ਇਕ ਸਮੁੰਦਰ ਸਾਡੀ ਸੋਚ 'ਚ ਵੱਸਦਾ, ਜੋ ਨਿੱਤ ਅਸੀਂ ਗੰਧਲਾਈਏ। ਇਕ ਸਮੁੰਦਰ ਸਾਡੀ ਬੋਲੀਂ ਰਚਿਆ, ਕੂੜ ਬੋਲ ਵਰਚਾਈਏ। ਇਕ ਸਮੁੰਦਰ ਕਪਟੀ ਸ਼ਬਦੀਂ, ਸਫਿਆਂ ਦੇ ਨਾਮ ਲਾਈਏ। ਅਰਥਾਂ ਦੀ ਸੁੱਚੀ ਪਿੱਠ-ਭੂਮੀ ਨੂੰ, ਕਾਲਖ ਸੰਗ ਲਿਸ਼ਕਾਈਏ। ਪਰ ਸਮੁੰਦਰ ਨੇ ਕਦੇ ਵੀ ਆਪਣੀ, ਜ਼ਮੀਰ ਦਾ ਮੁੱਲ ਨਾ ਵੱਟਿਆ। ਨਾ ਹੀ ਇਸ ਨੇ ਰੂਹ-ਬਾਣੀ ਨੂੰ, ਝੂਠੀ-ਮੂਠੀ ਰੱਟਿਆ। ਇਸ ਦੀ ਫਿਤਰਤ ਝੋਲੀਆਂ ਭਰਦਿਆਂ, ਜੀਵਨ-ਦਾਨੀ ਬਣਨਾ। ਕੁਦਰਤ ਦੇ ਹਰ ਜੀਵ ਦੀ ਬੀਹੀ, ਸੁੱਚੇ ਸਾਹ ਹੀ ਕਰਨਾ। ਸਮੁੰਦਰ ਸਮੁੰਦਰ ਨਾ ਕਰ ਮਨਾ ਤੂੰ, ਸਮੁੰਦਰ ਬਣਨ ਦਾ ਹੀਆ ਤਾਂ ਕਰ। ਕਿਸੇ ਦੇ ਸਾਹ ਦੀ ਉਧੜੀ ਸਫ 'ਤੇ, ਸੰਦਲੀ ਸਾਹ ਦਾ ਤੋਪਾ ਭਰ।

ਸਮੁੰਦਰ, ਕੁਦਰਤੀ ਸੁੰਦਰਤਾ ਦਾ ਸੁਲੱਗ

***ਕਦੇ ਸਮੁੰਦਰ ਦੇ ਕੰਢੇ ਬੈਠ, ਇਸ ਦੀ ਚੁੱਪ-ਗੁਫਤਗੂ ਨਾਲ ਸੰਵਾਦ ਰਚਾਉਣਾ, ਤੱਟ 'ਤੇ ਖਿਲਰੇ ਘੋਗੇ ਅਤੇ ਸਿਪੀਆਂ ਵਿਚਲੇ ਜੀਵ-ਸੰਸਾਰ ਨੂੰ ਸੋਚ-ਧਰਾਤਲ ਵਿਚ ਵਸਾਉਣਾ, ਸਮੁੰਦਰ ਦੀ ਦਰਿਆ-ਦਿਲੀ ਦਾ ਕਿਆਸ ਅਤੇ ਰਹਿਮਤਾਂ ਦਾ ਅੰਦਾਜ਼ਾ ਲਾਉਣਾ, ਤੁਹਾਨੂੰ ਇਸ ਦੀਆਂ ਬਰਕਤਾਂ ਦਾ ਅਹਿਸਾਸ ਹੋਵੇਗਾ ਅਤੇ ਤੁਸੀਂ ਸਮੁੰਦਰ ਦੇ ਬਲਿਹਾਰੇ ਜਾਵੋਗੇ।***

ਸਰੂਪ। ਬਿਰਖਾਂ, ਪੰਛੀਆਂ, ਨਦੀਆਂ, ਨਾਲਿਆਂ, ਜੰਗਲਾਂ, ਰੇਗਿਸਤਾਨਾਂ ਅਤੇ ਮੈਦਾਨਾਂ ਦੀ ਸੀਮਤ ਵਿਸ਼ਾਲਤਾ ਤੇ ਸੁਹੱਪਣ ਸਾਹਵੇਂ ਸਮੁੰਦਰ ਦੀ ਵਿਸ਼ਾਲਤਾ ਤੇ ਸੁੰਦਰਤਾ, ਅਸੀਮ ਤੇ ਅਜ਼ੀਮ।

ਸਮੁੰਦਰ ਦਿਨ ਨੂੰ ਚਹਿਕਦਾ, ਰਾਤ ਵੇਲੇ ਸੁਸਤਾਉਂਦਾ, ਚੰਨ-ਚਾਨਣੀ 'ਚ ਨਹਾਉਂਦਾ, ਸੁਖਾਵੇਂ ਸਫਰ ਲਈ ਰਾਹੀਆਂ ਨੂੰ ਉਕਸਾਉਂਦਾ ਅਤੇ ਉਨ੍ਹਾਂ ਦੇ ਰਾਹਾਂ 'ਚ ਮੰਜ਼ਲਾਂ ਦੀ ਪੈੜ ਵਿਛਾਉਂਦਾ।

ਸਮੁੰਦਰ, ਦੁਰਲੱਭ ਵਸਤਾਂ ਦਾ ਅਨੰਤ ਭੰਡਾਰ, ਨਿਵੇਕਲੀਆਂ ਜੀਵ-ਸ਼੍ਰੈਣੀਆਂ ਦਾ ਅਦਭੁੱਤ ਸੰਸਾਰ ਅਤੇ ਸਮੁੰਦਰੀ ਪੌਦਿਆਂ ਦੀ ਮਨਮੋਹਕ ਬਹਾਰ।

"ਜੇਤਾ ਸਮੁੰਦੁ ਸਾਗਰੁ ਨੀਰ ਭਰਿਆ ਤੇਤੇ ਅਉਗਨ ਹਮਾਰੇ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁੱਬਦੇ ਪਥਰ ਤਾਰੇ॥" ਦੇ ਬੋਲ ਜਦ ਮਨ-ਮੰਦਿਰ ਵਿਚ ਨਾਦ ਬਣ ਕੇ ਗੂੰਜਣ ਲੱਗ ਪੈਣ ਤਾਂ ਮਨੁੱਖ ਖੁਦ ਵਿਚ ਖੁਦੀ ਨੂੰ ਮਨਫੀ ਕਰ, ਖੁਦਾ ਵੰਨੀਂ ਤੁਰਨ ਦਾ ਹੀਆ ਕਰਦਾ।

ਸਮੁੰਦਰ ਦੀ ਕੇਹੀ ਫਿਤਰਤ ਕਿ ਉਹ ਜਿਉਂਦੇ ਬੰਦੇ ਨੂੰ ਤਾਂ ਡੋਬ ਦਿੰਦਾ। ਪਰ ਮਨੁੱਖ ਜਦ ਮਰ ਜਾਂਦਾ ਤਾਂ ਇਹੀ ਸਮੁੰਦਰ, ਲਾਸ਼ ਨੂੰ ਖੁਦ ਵਿਚ ਸਮਾਉਣ ਤੋਂ ਅਸਮਰਥ, ਤੈਰਨ ਲਾ ਦਿੰਦਾ।

ਸਮੁੰਦਰ ਅਚੇਤ ਰੂਪ ਵਿਚ ਬਹੁਤ ਕੁਝ ਸਮਝ-ਸਫ ਵਿਚ ਧਰਦਾ ਕਿ ਡੂੰਘੀਆਂ ਗੱਲਾਂ ਕਹਿਣ ਅਤੇ ਡੂੰਘੀਆਂ ਰਮਜ਼ਾਂ ਸਮਝਣ ਲਈ ਸਮੁੰਦਰ ਵਾਂਗ ਡੂੰਘਾ ਤਾਂ ਉਤਰਨਾ ਹੀ ਪਵੇਗਾ, ਪਰ ਮਨੁੱਖ ਅਜਿਹਾ ਸਮਝਣ ਤੋਂ ਨਾਬਰ।

ਸਮੁੰਦਰ ਵਿਸ਼ਾਲ ਹੋ ਕੇ ਹਮੇਸ਼ਾ ਆਪਣੇ ਕੰਢਿਆਂ ਵਿਚ ਸਿਮਟਿਆ ਰਹਿੰਦਾ ਪਰ ਬੌਣਾ ਮਨੁੱਖ ਹਮੇਸ਼ਾ ਧਰਤ-ਅੰਬਰ ਨੂੰ ਤੁੱਛ ਸਮਝਦਾ। ਸਮਿਆਂ ਦੀ ਇਹ ਕੇਹੀ ਤ੍ਰਾਸਦੀ ਹੈ ਕਿ ਵੱਡੇ ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ।

ਸਮੁੰਦਰ ਦੀ ਡੂੰਘਾਈ ਅਤੇ ਵਿਸ਼ਾਲਤਾ ਦੇ ਗਿਆਨ ਨਾਲ ਇਸ ਦੀਆਂ ਅਸੀਮ ਬਖਸ਼ਿਸ਼ਾਂ ਵਿਚੋਂ ਖੁਦ ਨੂੰ ਪਰਿਭਾਸ਼ਤ ਕਰਨ ਦਾ ਅਹਿਦ, ਜ਼ਿੰਦਗੀ ਦਾ ਹਾਸਲ।

ਸਮੁੰਦਰ ਵਰਗਾ ਬਣਨਾ, ਬਹੁਤ ਹੀ ਵਿਰਲਿਆਂ ਦਾ ਨਸੀਬ। ਜ਼ਿਆਦਾਤਰ ਲੋਕ ਦਰਿਆ/ਨਦੀ/ਨਾਲੇ ਦੀ ਹੀ ਜੂਨ ਭੋਗ ਕੇ ਸਮੁੰਦਰ ਵਿਚ ਵਿਲੀਨ ਹੋ ਜਾਂਦੇ। ਕਈ ਤਾਂ ਬਰੇਤਿਆਂ ਵਰਗੇ ਲੋਕ, ਸਾਹਾਂ ਦੀ ਸੌਗਾਤ ਨੂੰ ਹੀ ਕਲੰਕਤ ਕਰਦੇ। ਕਦੇ ਸਮੁੰਦਰ ਵਰਗਾ ਬਣਨ ਦੀ ਲੋਚਾ ਮਨ ਵਿਚ ਜਰੂਰ ਪਾਲਣਾ।

ਸਮੁੰਦਰ, ਸਮੁੰਦਰ ਨਾਲ ਮਿਲ ਕੇ ਸਮੁੰਦਰ ਹੀ ਰਹਿੰਦਾ। ਪਰ ਦਰਿਆ, ਨਦੀਆਂ ਅਤੇ ਨਾਲੇ ਸਮੁੰਦਰ ਵਿਚ ਸਮਾ, ਨਿਜੀ ਹੋਂਦ ਗਵਾ ਬਹਿੰਦੇ।

ਖੁਦਾ ਕਰੇ! ਸਮੁੰਦਰ ਵਰਗੀ ਦਰਿਆ-ਦਿਲੀ, ਪਾਣੀਆਂ ਵਰਗੀ ਪਾਕੀਜ਼ਗੀ ਅਤੇ ਲਹਿਰਾਂ ਵਰਗੀ ਸੰਗੀਤਕਤਾ ਹਰ ਮਨੁੱਖ ਦਾ ਹਾਸਲ ਹੋਵੇ ਤਾਂ ਕਿ ਮਨੁੱਖਤਾ ਦੇ ਮੱਥੇ ਦਾ ਨੂਰ ਕਈ ਯੁੱਗਾਂ ਤੱਕ ਜ਼ਿੰਦਗੀ ਨੂੰ ਰੁਸ਼ਨਾਉਂਦਾ ਰਹੇ।

ਸਮੁੰਦਰ ਮਨੁੱਖ ਨਾਲ ਸੰਵਾਦ ਰਚਾਉਣਾ ਚਾਹੁੰਦਾ ਕਿ ਕਿਵੇਂ ਕਤਰੇ ਤੋਂ ਸਮੁੰਦਰ ਬਣਿਆ ਜਾ ਸਕਦਾ, ਭਰੇ ਭੰਡਾਰ ਹੁੰਦਿਆ ਵੀ ਨਿਮਰਤਾ ਜੀਵੀ ਜਾ ਸਕਦੀ, ਵਿਸ਼ਾਲ ਹੁੰਦਿਆਂ ਵੀ ਅਸੀਮ ਦਾਇਰਿਆਂ 'ਚ ਰਿਹਾ ਜਾ ਸਕਦਾ ਅਤੇ ਦਾਤਾਰ ਹੋ ਕੇ ਨਿਮਾਣਾ ਹੋਇਆ ਜਾ ਸਕਦਾ। ਪਰ ਮਨੁੱਖ ਤਾਂ ਕੰਨ ਹੀ ਨਹੀਂ ਧਰਦਾ।

ਸਮੁੰਦਰ ਸਮਝਾਉਂਦਾ ਕਿ ਜ਼ਿੰਦਗੀ ਦੀਆਂ ਡੂੰਘੀਆਂ ਘੁੰਮਣ-ਘੇਰੀਆਂ ਵਿਚੋਂ ਪਾਰ ਲੰਘਣ ਲਈ ਵਧੀਆ ਤੈਰਾਕ ਹੋਣ ਦੇ ਨਾਲ-ਨਾਲ ਹਲੀਮੀ ਦਾ ਪੱਲਾ ਨਾ ਛੱਡੋ। ਕਿਉਂਕਿ ਕਈ ਵਾਰ ਵੱਡੇ ਵੱਡੇ ਤਾਰੂ ਵੀ ਨਿੱਕੀ ਜਿਹੀ ਗਲਤੀ ਨਾਲ ਡੁੱਬ ਮੋਂਦੇ। ਸਮੁੰਦਰ ਦੀ ਤਾਸੀਰ ਇਹ ਵੀ ਮਨ ਦੀ ਸੋਚ-ਜੂਹੇ ਧਰਦੀ ਕਿ ਮਰਨ-ਮਿੱਟੀ ਨੂੰ ਕਦੇ ਵੀ ਨਾਲ ਨਾ ਢੋਵੋ। ਤਾਹੀਓਂ ਤਾਂ ਡੁੱਬਣ ਤੋਂ ਬਾਅਦ ਜੀਵ ਸਮੁੰਦਰ 'ਤੇ ਤੈਰਨ ਲੱਗਦੇ।

ਸਮੁੰਦਰ ਲੋਚੇ ਕਿ ਉਸ ਦੇ ਕੰਢਿਆਂ 'ਤੇ ਪਾਕੀਜ਼ਗੀ ਦਾ ਵਾਸ ਹੋਵੇ, ਕੁੱਖ ਵਿਚ ਸੁਖਨ-ਅਹਿਸਾਸ ਹੋਵੇ, ਲਹਿਰ-ਲੋਰੀ 'ਚ ਯੁੱਗ-ਜਿਉਣ ਦਾ ਧਰਵਾਸ ਹੋਵੇ, ਪਾਣੀ-ਸ਼ਫਾਫਤ ਸਵਾਸ ਸਵਾਸ ਹੋਵੇ ਅਤੇ ਦੁਆਵਾਂ ਵਿਚ ਚਿਰੰਜੀਵ-ਆਸ ਹੋਵੇ ਤਾਂ ਕਿ ਮਨੁੱਖੀ ਸੋਚ ਵਿਚੋਂ ਨਾਕਾਰਾਤਮਕਤਾ ਦਾ ਨਾਸ਼ ਹੋਵੇ।

ਸਮੁੰਦਰ ਦਾ ਕੋਈ ਸਾਥੀ ਨਹੀਂ ਪਰ ਸਾਰੇ ਹੀ ਸਮੁੰਦਰ ਦਾ ਸਾਥ ਲੋੜਦੇ ਅਤੇ ਇਸ ਦੀ ਕਦਮਬੋਸੀ ਵਿਚੋਂ ਟੁੱਟਦੇ ਸਾਹਾਂ ਲਈ ਅਸੀਸ ਮੰਗਦੇ।

ਸਮੁੰਦਰ ਵਰਗੀ ਸੋਚ-ਡੂੰਘਾਈ, ਅੰਬਰ ਜਿਹੀ ਕਰਮ-ਵਿਸ਼ਾਲਤਾ, ਪਰਬਤਾਂ ਜਿਹੀ ਸੁਪਨ-ਉਚਾਈ ਅਤੇ ਧਰਤ ਵਰਗਾ ਜਰਨ-ਜੇਰਾ, ਜੇ ਮਨੁੱਖੀ ਫਿਤਰਤ ਦਾ ਹਾਸਲ ਬਣ ਜਾਣ ਤਾਂ ਨੇਕਨੀਤੀ, ਜੀਵਨ-ਧਰਮ ਬਣ ਜਾਵੇਗਾ। ਸਭੈ ਬਰਕਤਾਂ ਤੇ ਨਿਆਮਤਾਂ ਮਨੁੱਖ ਦਾ ਪਾਣੀ ਭਰਨਗੀਆਂ।

ਸਮੁੰਦਰ, ਸਮੁੰਦਰ ਹੋ ਕੇ ਵੀ ਬੂੰਦ ਜਿਹਾ ਬ੍ਰਹਿਮੰਡੀ ਅਕਾਰ। ਪਰ ਮਨੁੱਖ ਕੁਝ ਨਾ ਹੋ ਕੇ ਵੀ ਸਭ ਦੇ ਪ੍ਰਤਿਪਾਲਕ ਹੋਣ ਦਾ ਭਰਮ-ਪਾਲਣਹਾਰ।

ਸਮੁੰਦਰ ਵਰਗੀ ਜਿਉਣ-ਜਾਚ ਜੇ ਮਨੁੱਖ ਨੂੰ ਆ ਜਾਵੇ ਤਾਂ ਜ਼ਿੰਦਗੀ ਦੇ ਮੱਥੇ 'ਤੇ ਸੁਖਨ ਦਾ ਟਿੱਕਾ, ਚਾਲ 'ਚ ਕਿਸੇ ਦੇ ਕੰਮ ਆਉਣ ਦਾ ਵਿਸਮਾਦ ਅਤੇ ਸਮਿਆਂ ਦੀ ਬੀਹੀ ਦੇ ਨਾਮ ਹੋਵੇਗੀ ਇਕ ਸੁਖਦ-ਯਾਦ।

ਕਦੇ ਕਦਾਈਂ ਸਮੁੰਦਰ-ਬੀਹੀ ਵਿਚ ਗੇੜਾ ਜਰੂਰ ਲਾਉਣਾ, ਤੁਹਾਡੀ ਦਿੱਬ-ਦ੍ਰਿਸ਼ਟੀ ਨੂੰ ਨਵੀਂ ਪਰਵਾਜ਼ ਮਿਲੇਗੀ।

# ਦਵਾ ਕੰਪਨੀਆਂ ਦੇ ਖੋਜ ਕਾਰਜ: ਮਨੁੱਖਤਾ ਨਾਲੋਂ ਮੁਨਾਫੇ ਪਹਿਲਾਂ

***ਦਵਾਈਆਂ ਬਣਾਉਣ ਅਤੇ ਖੋਜ ਕਾਰਜ ਨਾਲ ਜੁੜੀਆਂ ਕੰਪਨੀਆਂ ਦਾ ਮੁੱਖ ਮਕਸਦ ਹੁਣ ਸਿਰਫ ਮੁਨਾਫਾ ਹੀ ਰਹਿ ਗਿਆ ਹੈ। ਮਨੁੱਖਤਾ ਦੀ ਭਲਾਈ ਦੇ ਨਾਂ ਉਤੇ ਇਹ ਕੰਪਨੀਆਂ ਭਾਵੇਂ ਸਰਕਾਰਾਂ ਤੋਂ ਕਈ ਪ੍ਰਕਾਰ ਦੀਆਂ ਛੋਟਾਂ ਲੈਂਦੀਆਂ ਹਨ, ਪਰ ਮਨੁੱਖਤਾ ਦੀ ਭਲਾਈ ਇਨ੍ਹਾਂ ਦਾ ਮੁੱਖ ਏਜੰਡਾ ਕਦੀ ਵੀ ਨਹੀਂ ਰਿਹਾ। ਡਾ. ਅੰਮ੍ਰਿਤ ਨੇ ਦਵਾ ਕੰਪਨੀਆਂ ਦੇ ਇਸ ਗੋਰਖ ਧੰਦੇ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਡਾ. ਅੰਮ੍ਰਿਤ**

ਦੁਨੀਆਂ ਦੀਆਂ ਸਭ ਤੋਂ ਵੱਡੀਆਂ ਬਹੁ-ਕੌਮੀ ਦਵਾ ਕੰਪਨੀਆਂ ਵਿਚੋਂ ਇਕ 'ਫਾਇਜ਼ਰ' ਨੇ ਅਮਰੀਕਾ ਵਿਚ ਆਪਣਾ ਉਹ ਖੋਜ ਕੇਂਦਰ ਬੰਦ ਕਰਨ ਦਾ ਐਲਾਨ ਕੀਤਾ ਹੈ ਜਿਸ ਵਿਚ 'ਪਾਰਕਿਨਸਨ' ਅਤੇ 'ਆਲਜ਼ਾਈਮਰ' ਬਿਮਾਰੀਆਂ ਨਾਲ ਜੁੜਿਆ ਖੋਜ ਕਾਰਜ ਹੁੰਦਾ ਹੈ। ਇਹ ਖੋਜ ਕਾਰਜ ਮੁੱਖ ਤੌਰ 'ਤੇ ਇਨ੍ਹਾਂ ਬਿਮਾਰੀਆਂ ਲਈ ਇਲਾਜ ਲੱਭਣ ਦੇ ਦੁਆਲੇ ਹੀ ਕੇਂਦਰਤ ਸੀ। ਇਹ ਖੋਜ ਕੇਂਦਰ ਬੰਦ ਹੋਣ ਨਾਲ 300 ਲੋਕਾਂ ਦੀ ਨੌਕਰੀ ਤਾਂ ਜਾਵੇਗੀ ਹੀ, ਇਸ ਨਾਲ ਇਨ੍ਹਾਂ ਬਿਮਾਰੀਆਂ ਲਈ ਨਵੀਂ ਦਵਾਈ ਜਾਂ ਇਲਾਜ ਲੱਭਣ ਦੇ ਯਤਨਾਂ ਨੂੰ ਵੀ ਧੱਕਾ ਪਹੁੰਚੇਗਾ; ਪਰ ਅਸਲ ਗੱਲ ਇਹ ਹੈ ਕਿ ਕਿਸ ਤਰ੍ਹਾਂ ਮੈਡੀਕਲ ਖੋਜ ਕਾਰਜ ਨੂੰ ਕੁਝ ਕੰਪਨੀਆਂ ਦੀਆਂ 'ਬਿਜਨਸ ਡੀਲਾਂ' ਅਤੇ ਮੁਨਾਫਿਆਂ ਦੇ ਰਹਿਮੋ-ਕਰਮ ਉਤੇ ਛੱਡ ਦਿੱਤਾ ਗਿਆ ਅਤੇ ਵਿਗਿਆਨ (ਤੇ ਵਿਗਿਆਨੀਆਂ) ਨੂੰ ਇਨ੍ਹਾਂ ਕੰਪਨੀਆਂ ਦੇ ਡਾਇਰੈਕਟਰਾਂ/ਮਾਲਕਾਂ ਦੇ ਦਰਾਂ ਉਤੇ ਬੰਨ੍ਹੇ ਕੁੱਤੇ ਵਿਚ ਬਦਲ ਦਿੱਤਾ ਗਿਆ ਹੈ।

ਉਪਰ ਜ਼ਿਕਰ ਅਧੀਨ ਆਈਆਂ ਬਿਮਾਰੀਆਂ ਤੋਂ ਹਰ ਸਾਲ ਲੱਖਾਂ ਲੋਕ ਪ੍ਰਭਾਵਿਤ ਹੁੰਦੇ ਹਨ ਅਤੇ ਇਹ ਬਿਮਾਰੀਆਂ ਆਪਣੇ ਸ਼ਿਕਾਰ ਤੋਂ ਬਾਕੀ ਬਚੀ ਜ਼ਿੰਦਗੀ ਆਮ ਵਾਂਗ ਜੀਣ ਦਾ ਹੱਕ ਹੀ ਖੋਹ ਲੈਂਦੀਆਂ ਹਨ। ਪਾਰਕਿਨਸਨ ਨਾਲ ਮਰੀਜ਼ ਦੀਆਂ ਬਾਂਹਾਂ-ਲੱਤਾਂ ਕੰਬਣ ਲੱਗਦੀਆਂ ਹਨ, ਨਾਲ ਹੀ ਤੁਰਨਾ-ਉਠਣਾ-ਬੈਠਣਾ ਬੇਹੱਦ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਹ ਬਿਮਾਰੀ ਹੌਲੀ ਹੌਲੀ ਵਧਦੀ ਜਾਂਦੀ ਹੈ ਤੇ ਕੁਝ ਸਮੇਂ ਬਾਅਦ ਉਪਲਬਧ ਦਵਾਈਆਂ ਦਾ ਅਸਰ ਵੀ ਘਟਣ ਲੱਗਦਾ ਹੈ। ਆਲਜ਼ਾਈਮਰ ਵੀ ਭਿਅੰਕਰ ਬਿਮਾਰੀ ਹੈ, ਮਰੀਜ਼ ਦੀ ਯਾਦ ਸ਼ਕਤੀ ਖਤਮ ਹੋਣ ਲੱਗਦੀ ਹੈ ਅਤੇ ਉਸ ਲਈ ਸਾਰੀ ਦੁਨੀਆਂ ਕੋਈ ਹੋਰ ਸੰਸਾਰ ਬਣ ਜਾਂਦੀ ਹੈ। ਇਸ ਦਾ ਇਲਾਜ ਤਾਂ ਅਜੇ ਬਹੁਤ ਹੱਦ ਤੱਕ 'ਨਾ ਹੋਣ' ਦੇ ਬਰਾਬਰ ਹੀ ਹੈ।

ਇਨ੍ਹਾਂ ਬਿਮਾਰੀਆਂ ਦੇ ਹੋਣ ਦੇ ਕਾਰਨਾਂ ਬਾਰੇ ਅਤੇ ਪ੍ਰਕ੍ਰਿਆ ਬਾਰੇ ਵੀ ਅਜੇ ਕਾਫੀ ਕੁਝ ਜਾਣਨਾ ਬਾਕੀ ਹੈ। ਇਸ ਲਈ ਇਨ੍ਹਾਂ ਦੇ ਲੰਮੇ ਸਮੇਂ ਤੱਕ ਕਾਰਗਰ ਹੋਣ ਵਾਲੇ ਇਲਾਜਾਂ ਲਈ ਬਹੁਤ ਲੰਮੀ ਖੋਜ ਚੱਲਣ ਦੀ ਸੰਭਾਵਨਾ ਹੈ ਅਤੇ ਜੋ ਦਵਾਈਆਂ ਤੇ ਇਲਾਜ ਫਿਲਹਾਲ ਖੋਜੇ ਜਾਣ, ਉਨ੍ਹਾਂ ਲਈ ਇਕ ਤਾਂ ਮਾਰਕੀਟ ਦੀ ਸਮੱਸਿਆ ਤੇ ਸਿੱਟੇ ਵਜੋਂ ਤੁਰਤ-ਫੁਰਤ ਮੋਟੀ ਕਮਾਈ ਹੋਣ ਦੀ ਸੰਭਾਵਨਾ ਘੱਟ ਰਹੇਗੀ, ਦੂਸਰਾ ਲੰਬੀ ਖੋਜ ਅਤੇ ਬਿਮਾਰੀਆਂ ਬਾਰੇ ਅਧੂਰੀ ਜਾਣਕਾਰੀ ਕਾਰਨ ਯਤਨਾਂ ਦੇ ਅਸਫਲ ਹੋਣ ਤੇ ਦਵਾਈ ਦੇ ਕਾਰਗਰ ਨਾ ਹੋਣ 'ਤੇ ਸਾਰਾ 'ਪੈਸਾ ਖੂਹ ਵਿਚ ਪੈਣ' ਦਾ ਡਰ ਬਣਿਆ ਰਹੇਗਾ। 2012 ਵਿਚ ਆਲਜ਼ਾਈਮਰ ਲਈ ਇਕ ਦਵਾਈ ਦੇ ਮਾਮਲੇ ਵਿਚ ਫਾਇਜ਼ਰ ਨੂੰ ਅਜਿਹਾ 'ਘਾਟਾ' ਪੈ ਵੀ ਚੁਕਾ ਹੈ। ਇਨ੍ਹਾਂ ਕਾਰਨਾਂ (ਭਾਵ ਰਿਸਕ ਬਹੁਤਾ, ਫਾਇਦਾ ਥੋੜ੍ਹਾ) ਕਰ ਕੇ ਮਨੁੱਖਤਾ ਦੀਆਂ ਸੇਵਾਦਾਰ ਕੰਪਨੀਆਂ ਕੋਈ ਰਿਸਕ ਨਹੀਂ ਲੈਣਾ ਚਾਹੁੰਦੀਆਂ। ਲਿਹਾਜ਼ਾ ਫਾਇਜ਼ਰ ਨੇ 2012 ਵਿਚ ਸ਼ੁਰੂ ਕੀਤੇ ਗਏ ਖੋਜ ਕਾਰਜ ਬੰਦ ਕਰਨ ਅਤੇ ਆਪਣਾ ਧਿਆਨ ਹੋਰ ਖੇਤਰਾਂ ਵੱਲ ਲਾਉਣ ਦਾ ਫੈਸਲਾ ਕੀਤਾ ਹੈ।

ਫਾਇਜ਼ਰ ਦਾ ਕਿੰਨਾ ਕੁ ਖਰਚਾ ਹੋ ਰਿਹਾ ਸੀ ਇਨ੍ਹਾਂ ਖੋਜ ਕਾਰਜਾਂ ਉਤੇ? ਫਾਇਜ਼ਰ ਹਰ ਸਾਲ ਆਪਣੇ ਸਮੁੱਚੇ 'ਖੋਜ ਕਾਰਜਾਂ' ਉਤੇ ਔਸਤਨ 700-800 ਕਰੋੜ ਡਾਲਰ ਖਰਚਦੀ ਹੈ, ਜਦਕਿ ਇਸ ਦਾ 2017 ਦੇ ਇਕ ਸਾਲ ਦਾ ਮੁਨਾਫਾ ਹੀ 5000 ਕਰੋੜ ਡਾਲਰ ਤੋਂ ਉਪਰ ਹੈ। ਦੂਜੇ ਪਾਸੇ ਇਸੇ ਕੰਪਨੀ ਨੂੰ ਟਰੰਪ ਸਰਕਾਰ ਵੱਲੋਂ ਬਖਸ਼ੀਆਂ ਤਾਜ਼ਾ ਕਾਰਪੋਰੇਟ ਟੈਕਸ ਛੋਟਾਂ ਸਦਕਾ ਪਿਛਲੇ ਇਕ ਸਾਲ ਵਿਚ 500 ਕਰੋੜ ਡਾਲਰ ਦਾ ਫਾਇਦਾ ਹੋਣਾ ਹੈ, ਭਾਵ ਫਾਇਜ਼ਰ ਦੇ ਖੋਜ ਕਾਰਜਾਂ ਦਾ ਕਰੀਬ ਪੂਰਾ ਖਰਚਾ ਇਕੱਲੀ ਅਮਰੀਕੀ ਸਰਕਾਰ ਹੀ ਚੁਕਾ ਦੇਵੇਗੀ, ਪਰ ਤਾਂ ਵੀ ਫਾਇਜ਼ਰ ਨੂੰ ਪਾਰਕਿਨਸਨ ਤੇ ਆਲਜ਼ਾਈਮਰ ਲਈ ਖੋਜ ਕਾਰਜ ਘਾਟੇ ਦਾ ਸੌਦਾ ਲੱਗ ਰਿਹਾ ਹੈ।

ਬਰਤਾਨੀਆ ਵਿਚ ਕਰੋੜਾਂ ਦੀ ਵਿਕਰੀ ਹੋਣ ਦੇ ਬਾਵਜੂਦ ਫਾਇਜ਼ਰ ਕੋਈ ਟੈਕਸ ਨਹੀਂ ਦਿੰਦੀ, ਕਿਉਂਕਿ ਬਰਤਾਨੀਆ ਵਿਚ ਹਰ ਸਾਲ 'ਘਾਟਾ ਪੈ ਗਿਆ' ਦਿਖਾ ਕੇ ਟੈਕਸ ਦੇਣ ਤੋਂ ਬਚ ਨਿਕਲਦੀ ਹੈ। ਹੋਰ ਤਾਂ ਹੋਰ, ਫਾਇਜ਼ਰ ਨੇ ਬਰਤਾਨਵੀ ਸਰਕਾਰ ਨੂੰ ਦਵਾਈਆਂ ਸਪਲਾਈ ਕਰਨ ਵਿਚ ਵੀ ਕਰੋੜਾਂ ਦਾ ਚੂਨਾ ਲਾਇਆ ਹੈ। 'ਅਲਰਗਨ' ਨਾਂ ਦੀ ਇਕ ਹੋਰ ਵੱਡੀ ਦਵਾ ਕੰਪਨੀ ਨਾਲ ਹਿੱਸਾ-ਪੱਤੀ ਕਰ ਕੇ ਫਾਇਜ਼ਰ ਨੇ ਆਪਣੇ 14,700 ਕਰੋੜ ਡਾਲਰਾਂ ਉਤੇ ਟੈਕਸ ਬਚਾਇਆ ਹੈ। ਇਸ ਤੋਂ ਬਿਨਾ ਫਾਇਜ਼ਰ ਜਿਹੀਆਂ ਕੰਪਨੀਆਂ ਸਰਕਾਰਾਂ ਤੋਂ ਅਰਬਾਂ-ਖਰਬਾਂ ਦੀ 'ਸਹਾਇਤਾ' ਤਰ੍ਹਾਂ ਤਰ੍ਹਾਂ ਦੀਆਂ ਟੈਕਸ ਛੋਟਾਂ ਇਸ ਬਹਾਨੇ ਹਾਸਲ ਕਰਦੀਆਂ ਹਨ ਕਿ ਉਹ ਸਮੁੱਚੀ ਮਨੁੱਖਤਾ ਲਈ ਇਲਾਜ ਲੱਭ ਰਹੀਆਂ ਹਨ!

ਇਹ ਪਹਿਲੀ ਵਾਰ ਨਹੀਂ ਕਿ 'ਮਨੁੱਖਤਾ ਦੀ ਸੇਵਾ' ਦੀਆਂ ਠੇਕੇਦਾਰ ਬਣੀਆਂ ਇਨ੍ਹਾਂ ਦਵਾ ਕੰਪਨੀਆਂ ਨੇ ਮਨੁੱਖੀ ਪੀੜਾ ਨਾਲੋਂ ਆਪਣੇ ਮੁਨਾਫੇ ਨੂੰ ਪਹਿਲ ਦਿੱਤੀ ਹੋਵੇ, ਸਗੋਂ ਇਨ੍ਹਾਂ ਦੇ ਕੰਮ ਕਰਨ ਦਾ ਢੰਗ ਹੀ ਇਹ ਹੈ। 2014 ਵਿਚ 'ਐਸਟ੍ਰਾ ਜ਼ੇਨੇਸ਼ਿਆ' ਨੇ ਆਪਣੇ ਬੰਗਲੂਰੂ ਸਥਿਤ ਖੋਜ ਕੇਂਦਰ ਨੂੰ ਬੰਦ ਕਰ ਦਿੱਤਾ ਸੀ ਤੇ 168 ਮੁਲਾਜ਼ਮਾਂ ਦੀ ਛਾਂਟੀ ਕਰ ਦਿੱਤੀ ਸੀ। ਇਸ ਖੋਜ ਕੇਂਦਰ ਵਿਚ ਟੀ. ਬੀ., ਮਲੇਰੀਆ ਅਤੇ ਇਸ ਖਿੱਤੇ ਦੇ ਹੋਰ ਛੂਤ ਰੋਗਾਂ ਬਾਰੇ ਖੋਜ ਕਾਰਜ ਹੁੰਦਾ ਸੀ। 2012 ਤੋਂ ਬਾਅਦ ਫਾਇਜ਼ਰ ਅਤੇ 'ਨੋਵਾਰਟਿਸ' ਟੀ. ਬੀ. ਨਾਲ ਜੁੜੇ ਖੋਜ ਕਾਰਜਾਂ ਨੂੰ ਬੰਦ ਕਰ ਚੁੱਕੀਆਂ ਹਨ। ਹੁਣ ਹਾਲਤ ਇਹ ਹੈ ਕਿ ਟੀ. ਬੀ. ਲਈ ਪਿਛਲੇ 40 ਸਾਲਾਂ ਵਿਚ, ਜੇ ਹੁਣੇ ਜਿਹੇ ਆਈਆਂ ਦੋ ਦਵਾਈਆਂ ਨੂੰ ਛੱਡ ਦਈਏ, ਤਾਂ ਇਕ ਵੀ ਨਵੀਂ ਦਵਾਈ ਵਿਕਸਿਤ ਨਹੀਂ ਕੀਤੀ ਗਈ, ਜਦਕਿ ਮੋਟਾਪੇ ਨੂੰ ਘੱਟ ਕਰਨ ਲਈ ਨਿੱਤ ਨਵੀਆਂ ਦਵਾਈਆਂ ਅਤੇ ਸਰਜਰੀਆਂ ਮਾਰਕੀਟ ਵਿਚ ਆ ਰਹੀਆਂ ਹਨ। ਟੀ. ਬੀ., ਮਲੇਰੀਆ ਅਤੇ ਹੋਰ ਛੂਤ ਦੀਆਂ ਬਿਮਾਰੀਆਂ, ਜੋ ਗਰੀਬ ਦੇਸ਼ਾਂ ਵਿਚ ਵਧੇਰੇ ਹੁੰਦੀਆਂ ਹਨ, ਲਈ ਤਿੰਨ-ਚੌਥਾਈ ਤੋਂ




ਜ਼ਿਆਦਾ ਖੋਜ ਕਾਰਜ ਸਰਕਾਰੀ ਖਰਚੇ ਉਤੇ ਹੁੰਦੇ ਹਨ।

ਜੇ ਦਵਾ ਕੰਪਨੀਆਂ ਛੂਤ ਦੀਆਂ ਬਿਮਾਰੀਆਂ ਲਈ ਕੋਈ ਦਵਾਈ ਵਿਕਸਿਤ ਕਰਦੀਆਂ ਵੀ ਹਨ ਤਾਂ ਇਹ ਗਰੀਬ ਦੇਸ਼ਾਂ ਨੂੰ ਦਵਾਈ ਵੇਚਣ ਤੋਂ ਹੀ ਮਨ੍ਹਾਂ ਨਹੀਂ ਕਰਦੀਆਂ, ਸਗੋਂ ਹਰ ਸੰਭਵ ਕੋਸ਼ਿਸ਼ ਕਰਦੀਆਂ ਹਨ ਕਿ ਪੇਟੈਂਟ ਆਦਿ ਦੇ ਅੜਿਕੇ ਡਾਹ ਕੇ ਇਹ ਦੇਸ਼ ਖੁਦ ਵੀ ਉਹ ਦਵਾਈ ਨਾ ਬਣਾ ਸਕਣ। 'ਫਲੂਕੋਨਾਜ਼ੋਲ' ਨਾਂ ਦੀ ਦਵਾਈ ਇਸ ਦੀ ਮਿਸਾਲ ਹੈ। ਇਹ ਦਵਾਈ ਫਾਇਜ਼ਰ ਨੇ ਵਿਕਸਿਤ ਕੀਤੀ, ਪਰ ਕਿੰਨੇ ਹੀ ਸਾਲਾਂ ਤੱਕ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਇਹ ਦਵਾਈ ਮਿਲ ਨਾ ਸਕੀ, ਕਿਉਂਕਿ ਫਾਇਜ਼ਰ ਨੇ ਇਹ ਦਵਾਈ ਗਰੀਬਾਂ ਲਈ ਨਹੀਂ ਬਣਾਈ ਸੀ। ਬਹੁਤ ਜ਼ਿਆਦਾ ਕੌਮਾਂਤਰੀ ਦਬਾਅ ਬਣਨ ਪਿਛੋਂ 2001 ਵਿਚ ਇਹ ਦਵਾਈ ਸਭ ਦੇਸ਼ਾਂ ਵਿਚ ਉਪਲਬਧ ਹੋ ਸਕੀ, ਪਰ 2018 ਵਿਚ ਵੀ ਇਹ ਮਹਿੰਗੀਆਂ ਦਵਾਈਆਂ ਵਿਚੋਂ ਇਕ ਹੈ।

ਟੀ. ਬੀ. ਨਾਲ ਜੁੜੇ ਖੋਜ ਕਾਰਜਾਂ ਦਾ ਮਾਮਲਾ ਖਾਸ ਵਰਣਨਯੋਗ ਹੈ। ਪਿਛਲੇ ਇਕ ਦਹਾਕੇ ਵਿਚ ਦਵਾ ਕੰਪਨੀਆਂ ਵੱਲੋਂ ਇਸ ਕੰਮ ਲਈ ਖਰਚੇ ਜਾਂਦੇ ਪੈਸੇ ਵਿਚ ਲਗਾਤਾਰ ਕਮੀ ਆ ਰਹੀ ਹੈ, ਜਦਕਿ ਦੁਨੀਆਂ ਭਰ ਦੇ ਮਾਹਿਰ ਟੀ. ਬੀ. ਦੀ ਵਧ ਰਹੀ ਮਾਰ ਤੋਂ ਚਿੰਤਤ ਹਨ ਅਤੇ ਖੋਜ ਕਾਰਜ ਨੂੰ ਤੇਜ਼ ਕਰ ਕੇ ਨਵੀਆਂ ਦਵਾਈਆਂ ਲੱਭਣ ਲਈ ਕਹਿ ਰਹੇ ਹਨ। ਹੁਣ ਟੀ. ਬੀ. ਨਾਲ ਜੁੜੇ ਖੋਜ ਕਾਰਜਾਂ ਦੇ ਕੁਲ ਖਰਚੇ ਵਿਚੋਂ 85% ਸਰਕਾਰਾਂ ਦੇ ਖਾਤੇ ਵਿਚੋਂ ਆ ਰਿਹਾ ਹੈ। ਟੀ. ਬੀ. ਨੂੰ ਕਾਬੂ ਕਰਨ ਲਈ 2011-2015 ਦੇ ਅਰਸੇ ਵਿਚ 'ਸਟਾਪ ਟੀ. ਬੀ. ਪਾਰਟਨਰਸ਼ਿਪ' ਤਹਿਤ ਦੁਨੀਆਂ ਭਰ ਵਿਚ 980 ਕਰੋੜ ਡਾਲਰ ਖਰਚਣ ਦਾ ਟੀਚਾ ਮਿਥਿਆ ਗਿਆ ਸੀ, ਪਰ ਇਸ ਵਿਚੋਂ ਮਹਿਜ਼ 200 ਕਰੋੜ ਡਾਲਰ ਦਾ ਇੰਤਜ਼ਾਮ ਹੋ ਸਕਿਆ। ਇਸ ਪਿਛੇ ਸਭ ਤੋਂ ਵੱਡਾ ਕਾਰਨ ਦਵਾ ਕੰਪਨੀਆਂ ਵੱਲੋਂ ਟੀ. ਬੀ. ਨਾਲ ਜੁੜੇ ਖੋਜ ਕਾਰਜਾਂ ਵਿਚੋਂ ਬਾਹਰ ਨਿਕਲਣਾ ਸੀ। 2009-2015 ਦੇ ਅਰਸੇ ਵਿਚ ਦਵਾ ਕੰਪਨੀਆਂ ਵੱਲੋਂ ਪਾਇਆ ਹਿੱਸਾ ਤੀਜਾ ਹਿੱਸਾ ਘਟਿਆ ਹੈ। ਟੀ. ਬੀ. ਲਈ ਖੋਜੀ ਗਈ ਕੋਈ ਵੀ ਨਵੀਂ ਦਵਾਈ ਸਸਤੀ ਹੋਣੀ ਚਾਹੀਦੀ ਹੈ ਤਾਂ ਕਿ ਜ਼ਿਆਦਾ ਮਰੀਜ਼ਾਂ ਤੱਕ ਪਹੁੰਚ ਸਕੇ, ਕਿਉਂਕਿ ਇਸ ਦਵਾਈ ਦੀ ਬਹੁਤੀ ਲੋੜ ਗਰੀਬਾਂ ਨੂੰ ਹੈ, ਨਾ ਕਿ ਅਮੀਰਾਂ ਨੂੰ। ਦੂਜਾ, ਇਹ ਵੀ ਖਤਰਾ ਰਹਿੰਦਾ ਹੈ, ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ ਸਿਆਸੀ ਦਬਾਅ ਹੇਠ ਪੇਟੈਂਟ ਕਾਨੂੰਨ ਤੋੜਦੇ ਹੋਏ ਨਵੀਂ ਦਵਾਈ ਬਣਾਉਣੀ ਸ਼ੁਰੂ ਕਰ ਦੇਣ, ਜਾਂ ਫਿਰ ਕੰਪਨੀ ਨੂੰ ਹੀ ਦਵਾਈ ਸਸਤੀ ਕਰਨ ਲਈ ਮਜਬੂਰ ਕਰਨ। ਇਨ੍ਹਾਂ ਸਭ ਕਾਰਨਾਂ ਕਰ ਕੇ ਟੀ. ਬੀ. ਲਈ ਦਵਾਈਆਂ ਖੋਜਣ ਵਿਚ ਮੋਟਾ ਮੁਨਾਫਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ, ਤੇ ਇਹੀ ਉਹ ਇਕੋ-ਇਕ ਕਾਰਨ ਹੈ ਕਿ ਕੰਪਨੀਆਂ ਦੀ ਟੀ. ਬੀ. ਦੇ ਇਲਾਜ ਲਈ ਦਵਾਈ ਖੋਜਣ ਵਿਚ ਦਿਲਚਸਪੀ ਘਟੀ ਹੈ।

ਐਂਟੀਬਾਇਓਟਿਕ ਦਵਾਈਆਂ ਬਾਰੇ ਇਹੀ ਸਿਲਸਿਲਾ ਚੱਲ ਰਿਹਾ ਹੈ। ਟੀ. ਬੀ., ਮਲੇਰੀਆ ਲਈ ਦਵਾਈਆਂ ਅਤੇ ਐਂਟੀਬਾਇਓਟਿਕ ਦਵਾਈਆਂ ਬਾਰੇ ਇਕ ਹੋਰ ਤੱਥ ਇਹ ਵੀ ਹੈ ਕਿ ਇਨ੍ਹਾਂ ਦੀ ਲੋੜ ਥੋੜ੍ਹ-ਚਿਰੀ ਹੁੰਦੀ ਹੈ। ਮਰੀਜ਼ ਨੇ ਕੁਝ ਦਿਨਾਂ ਦੇ ਇਲਾਜ ਬਾਅਦ ਠੀਕ ਹੋ ਜਾਣਾ ਹੁੰਦਾ ਹੈ, ਪਰ ਕੰਪਨੀਆਂ ਨੂੰ ਤਾਂ 'ਪੱਕੇ ਗਾਹਕ' ਚਾਹੀਦੇ ਹਨ। ਸ਼ੂਗਰ, ਬਲੱਡ-ਪ੍ਰੈਸ਼ਰ ਅਤੇ ਦਿਲ ਦੇ ਰੋਗਾਂ ਦੇ ਮਰੀਜ਼ 'ਪੱਕੇ ਗਾਹਕ' ਹੁੰਦੇ ਹਨ, ਤੇ ਇਹੀ ਉਹ ਖੇਤਰ ਹਨ ਜਿਥੇ ਸਾਰੀਆਂ ਦਵਾ ਕੰਪਨੀਆਂ ਦਾ ਖੋਜ ਕਾਰਜ ਸੀਮਤ ਹੋ ਚੁਕਾ ਹੈ। 'ਐਸਟਰਾ ਜ਼ੇਨਸ਼ਿਆ' ਨੇ ਆਪਣਾ ਬੰਗਲੁਰੂ ਸਥਿਤ ਖੋਜ ਕੇਂਦਰ ਇਹੀ ਕਹਿ ਕੇ ਬੰਦ ਕੀਤਾ ਸੀ ਕਿ ਉਹ 'ਪੱਕੇ ਗਾਹਕਾਂ' ਦੀਆਂ ਬਿਮਾਰੀਆਂ ਵੱਲ ਧਿਆਨ ਦੇਣਾ ਚਾਹੁੰਦੀ ਹੈ।

ਇੰਨੀਆਂ ਮਿਸਾਲਾਂ ਸਾਹਮਣੇ ਹੋਣ ਦੇ ਬਾਵਜੂਦ ਵੱਡਾ ਬੌਧਿਕ ਤਬਕਾ ਇਹ ਪ੍ਰਚਾਰਦਾ ਹੈ ਕਿ ਵਿਗਿਆਨ ਦੇ ਵਿਕਾਸ ਲਈ ਨਿਜੀ ਫਾਇਦੇ ਦਾ ਹੋਣਾ ਲਾਜ਼ਮੀ ਹੈ। ਪੇਟੈਂਟ ਕਾਨੂੰਨ ਅਤੇ ਬੌਧਿਕ ਜਾਇਦਾਦ ਦੇ ਹੱਕ ਆਦਿ ਜਿਹੇ ਤਰਕਾਂ ਰਾਹੀਂ ਉਹ ਦਵਾ ਕੰਪਨੀਆਂ ਦੇ ਇਨ੍ਹਾਂ ਫਰਾਡਾਂ ਨੂੰ ਸਹੀ ਠਹਿਰਾਉਣ ਤੱਕ ਜਾਂਦੇ ਹਨ। ਦਵਾ ਕੰਪਨੀਆਂ ਖੋਜ ਕਾਰਜਾਂ ਉਤੇ ਬਹੁਤ ਵੱਡੇ ਖਰਚੇ ਹੋਣ ਦੇ ਤਰਕ ਘੜਦੀਆਂ ਹਨ ਅਤੇ ਇਹ ਬੌਧਿਕ ਤਬਕਾ ਦਵਾ ਕੰਪਨੀਆਂ ਦੇ ਇਨ੍ਹਾਂ ਝੂਠਾਂ ਨੂੰ ਚਾਸ਼ਣੀ ਵਿਚ ਲਪੇਟ ਲਪੇਟ ਲੋਕਾਂ ਸਾਹਮਣੇ ਪੇਸ਼ ਕਰਦੇ ਹਨ। ਸੱਚਾਈ ਇਹ ਹੈ ਕਿ ਜਿਥੇ ਨਿਜੀ ਹਿਤ ਭਾਰੂ ਹੋਵੇ, ਕੰਪਨੀ ਨੂੰ ਮੁਨਾਫਾ ਕਮਾ ਕੇ ਦੇਣ ਦਾ ਦਬਾਅ ਕਾਲਾ ਪੱਥਰ ਬਣ ਕੇ ਵਿਗਿਆਨੀ ਦੇ ਦਿਮਾਗ ਉਤੇ ਟਿਕਿਆ ਰਹੇ, ਉਥੇ ਵਿਗਿਆਨਕ ਖੋਜ ਕਾਰਜ ਇਕ ਹੱਦ ਤੋਂ ਅੱਗੇ ਜਾ ਹੀ ਨਹੀਂ ਸਕਦੇ।

ਕੌਮਾਂਤਰੀ ਮਨੁੱਖੀ ਹੱਕਾਂ ਦੇ ਕਾਨੂੰਨ ਦੇ ਐਲਾਨਨਾਮੇ ਤਹਿਤ ਸਰਕਾਰਾਂ ਲਈ ਲਾਜ਼ਮੀ ਹੈ ਕਿ ਉਹ ਯਕੀਨੀ ਬਣਾਉਣ ਕਿ ਹਰ ਮਨੁੱਖ ਨੂੰ ਵਿਗਿਆਨਕ ਵਿਕਾਸ ਦੇ ਬਰਾਬਰ ਲਾਭ ਪ੍ਰਾਪਤ ਹੋਣ, ਭਾਵ ਹਰ ਮਨੁੱਖ ਦਾ ਵਿਗਿਆਨ ਉਤੇ ਬਰਾਬਰ ਹੱਕ ਹੈ, ਪਰ ਮੌਜੂਦਾ ਸਿਆਸੀ-ਆਰਥਿਕ ਢਾਂਚੇ ਵਿਚ ਜਿਵੇਂ ਕਾਗਜ਼ਾਂ ਵਿਚ ਕਾਨੂੰਨ ਸਾਹਮਣੇ ਸਭ ਬਰਾਬਰ ਹਨ ਅਤੇ ਹਰ ਕਿਸੇ ਨੂੰ ਇਨਸਾਫ ਦਾ ਹੱਕ ਹੈ, ਪਰ ਅਸਲੀਅਤ ਵਿਚ ਇਨਸਾਫ ਖਰੀਦੀ ਜਾ ਸਕਣ ਵਾਲੀ ਸ਼ੈਅ ਹੈ। ਜਿਸ ਕੋਲ ਪੈਸਾ ਹੈ, ਵਕੀਲਾਂ ਦੀਆਂ ਮੋਟੀਆਂ ਫੀਸਾਂ ਤਾਰ ਸਕਦਾ ਹੈ, ਸੱਤਾ ਦੇ ਦਾਇਰਿਆਂ ਦਾ ਰਸੂਖ ਵਰਤ ਸਕਦਾ ਹੈ, ਇਨਸਾਫ ਉਸ ਦਾ ਹੋ ਜਾਂਦਾ ਹੈ। ਇਵੇਂ ਹੀ 'ਵਿਗਿਆਨ ਦੇ ਲਾਭਾਂ ਉਤੇ ਬਰਾਬਰ ਦਾ ਹੱਕ' ਵੀ ਸਿਰਫ ਕਾਗਜ਼ਾਂ ਵਿਚ ਹੈ, ਕਿਉਂਕਿ ਵਿਗਿਆਨ ਤੇ ਵਿਗਿਆਨ ਦੇ ਲਾਭ ਦੋਵੇਂ ਹੀ ਵਿਕਾਊ ਚੀਜ਼ ਹਨ, ਜਿਸ ਕੋਲ ਕੀਮਤ ਤਾਰਨ ਲਈ ਪੈਸਾ ਹੈ, ਵਿਗਿਆਨ ਦੇ ਲਾਭ ਉਸ ਦੇ ਹੋ ਜਾਂਦੇ ਹਨ। ਹੋਰ ਤਾਂ ਹੋਰ, ਉਹੀ 'ਵਿਗਿਆਨਕ ਲਾਭ' ਵਿਕਸਿਤ ਹੁੰਦੇ ਹਨ, ਜਿਨ੍ਹਾਂ ਦੇ ਖਰੀਦਦਾਰ ਹੁੰਦੇ ਹਨ। ਇਹ ਹੱਕ ਓਨਾ ਚਿਰ ਅਸਲ ਮਾਅਨਿਆਂ ਵਿਚ ਹੱਕ ਨਹੀਂ ਬਣ ਸਕਦਾ ਜਿੰਨਾ ਚਿਰ ਤੱਕ ਵਿਗਿਆਨ ਨੂੰ ਨਿਜੀ ਮੁਨਾਫੇ ਦੀਆਂ ਬੇੜੀਆਂ ਪਈਆਂ ਹੋਈਆਂ ਹਨ ਅਤੇ ਵਿਗਿਆਨ ਦਾ ਗਿਆਨ ਵਿਕਾਊ ਚੀਜ਼ ਹੈ।

---

## ਬੇਦੋਸ਼ਿਆਂ ਲਈ ਬੇਵਸੀ

ਸੀਰੀਆ ਦੇ ਬੇਦੋਸ਼ੇ ਬੱਚਿਓ
ਜੇ ਮੇਰਾ ਵੱਸ ਚਲਦਾ
ਤਾਂ ਮੈਂ ਪੁੱਛਦਾ
ਓਸ 'ਅਸਦਾਂ' ਦੇ ਟੱਬਰ ਦੇ
ਮੋਢੀ ਨੂੰ ਬਾਂਹੋਂ ਫੜ ਕੇ
ਕਿ ਮਿੱਟੀ, ਪਾਣੀ ਤੇ ਹਵਾਵਾਂ
ਕਿਸੇ ਦੇ ਪਿਉ ਦੀ ਪੱਗ ਦਾ
ਸਰਪੇਚ ਨਹੀਂ ਹੁੰਦੀਆਂ,
ਇਨ੍ਹਾਂ ਨੂੰ ਮਾਣਨ ਦਾ ਹੱਕ ਸਭ ਦਾ ਹੁੰਦੈ।

ਤੇਲ, ਜ਼ਿੰਦਗੀ ਦੇ ਰਾਹ ਰੁਸ਼ਨਾਉਣ,
ਜ਼ਿੰਦਗੀ ਨੂੰ ਮਾਣਨ
ਤੇ ਹੰਢਾਉਣ ਲਈ ਹੁੰਦੈ,
ਜਿਉਂਦਿਆਂ ਨੂੰ ਮਚਾਉਣ, ਡਰਾਉਣ
ਤੇ ਮੁਕਾਉਣ ਲਈ ਨਹੀਂ।

ਜੇ ਮੇਰਾ ਵੱਸ ਚਲਦਾ
ਤਾਂ ਮੈਂ ਪੁੱਛਦਾ
ਓਸ ਅਲਾਵਤੀ ਲਾਣੇ ਦੇ
ਤੋਤੇ-ਨੱਕੇ ਚੌਧਰੀ ਤੋਂ
ਕਿ ਇਜ਼ਰਾਈਲ ਦਾ ਨੱਕ ਭੰਨਣ ਲਈ
ਸਾਰੇ ਮੁਲਕ ਦੇ ਜਵਾਕਾਂ ਦੇ ਨੱਕ
ਵਗਦੇ ਨਹੀਂ ਛੱਡੇ ਜਾਂਦੇ ਹੁੰਦੇ,
ਕਿ ਫੁੱਲਾਂ ਤੋਂ ਖੁਸ਼ਬੋਈਆਂ
ਖੋਹਣ ਦਾ ਹੱਕ ਤੈਨੂੰ ਕਿਹੜੇ
ਇਸਲਾਮ ਨੇ ਦਿੱਤਾ ਓਏ!

ਜੇ ਮੇਰਾ ਵੱਸ ਚਲਦਾ
ਤਾਂ ਮੈਂ ਪੁੱਛਦਾ
ਉਨ੍ਹਾਂ ਲਾਲ ਝੰਡੇ ਵਾਲੇ
ਹਮਾਇਤੀਆਂ ਨੂੰ,
ਕਿ ਝੰਡੇ ਦੇ ਰੰਗ
ਕਿਸੇ ਸੋਚ ਦੀ
ਸਿਰਜਣਾ ਨਹੀਂ ਕਰਦੇ,
ਸੋਚਾਂ, ਝੰਡੇ ਦਾ ਰੰਗ
ਬਣਾ ਸਕਦੀਆਂ ਨੇ
ਕਿ ਬੰਬਾਂ ਦਾ ਕੋਈ
ਮਜਹਬ ਨਹੀਂ ਹੁੰਦਾ
ਤੇ ਲਹੂ ਬੇਜ਼ਾਤ ਰਹਿਣਾ ਚਾਹੀਦੈ
ਸੜਕਾਂ, ਨਾਲੀਆਂ 'ਚ
ਵਗਣ ਲਈ ਨਹੀਂ
ਰਗਾਂ ਵਿਚ ਉਛਾਲੇ ਮਾਰਨ ਲਈ।

ਜੇ ਮੇਰਾ ਵੱਸ ਚਲਦਾ
ਤਾਂ ਮੈਂ ਪੁੱਛਦਾ ਓਸ ਭਗੌੜੇ ਤੋਂ
ਜੋ ਲੰਡਨ 'ਚ ਬੈਠਾ
ਰੈਡ ਵਾਈਨ ਦੀਆਂ
ਚੁਸਕੀਆਂ ਲੈ ਰਿਹੈ
ਤੇ ਥੋਨੂੰ ਛੱਡ ਗਿਐ ਲਹੂ ਦੀਆਂ
ਘੁੱਟਾਂ ਭਰਨ ਲਈ
ਏਸ ਨਰਕ ਵਿਚ।

ਜੇ ਮੇਰਾ ਵੱਸ ਚੱਲਦਾ
ਤਾਂ ਮੈਂ ਪੁੱਛਦਾ ਉਨ੍ਹਾਂ ਅਮਨ, ਚੈਨ
ਤੇ ਹੱਕਾਂ ਦੇ ਰਾਖੇ ਬਣੇ
ਨਵੇਂ ਲੰਬੜਦਾਰਾਂ ਨੂੰ
ਕਿ ਜਿਹੜੀ ਪੁਸ਼ਤੀ
ਸਲਤਨਤ ਨੂੰ ਢਾਹ ਕੇ ਤੁਸੀਂ
ਨਵਾਂ ਸੂਰਜ ਚੜ੍ਹਾਉਣ ਦੀਆਂ
ਗੱਲਾਂ ਕਰਦੇ ਓ
ਉਥੋਂ ਦੇ ਤਾਰਿਆਂ ਤੋਂ
ਉਨ੍ਹਾਂ ਦੇ ਹਿੱਸੇ ਦਾ ਅੰਬਰ ਖੋਹ ਕੇ
ਤੁਸਾਂ ਨਵਾਂ ਸੂਰਜ ਤਾਂ ਨਹੀਂ
ਨਵਾਂ ਚੰਨ ਜ਼ਰੂਰ ਚਾੜ੍ਹ ਦਿੱਤੈ।
ਕਿ ਏਸ ਧਰਤ ਦੇ ਲੋਕ
ਹੁਣ ਲੋਕ ਨਹੀਂ ਰਹੇ
ਬਡਰੂਪ ਹੋ ਗਏ ਨੇ,
ਦੇਖਣ ਲਈ ਅੱਖਾਂ,
ਕਰਨ ਲਈ ਹੱਥ,
ਚੁੰਘਣ ਵਾਲੇ ਮੂੰਹ ਢਹਿ ਗਏ
ਤੇ ਚੁੰਘਾਉਣ ਲਈ ਛਾਤੀਆਂ
ਫਟ ਗਈਆਂ ਨੇ
ਕੈਮੀਕਲ ਬੰਬਾਂ ਦੇ
ਖੜਾਕ ਹੇਠ ਆ ਕੇ।
ਹੁਣ ਤਾਂ ਬੱਸ
ਅੱਧ ਅਧੂਰੀਆਂ ਦੇਹਾਂ ਨੇ
ਜੋ ਜਾਂ ਤਾਂ ਅੱਲ੍ਹਾ ਨੂੰ
ਪਿਆਰੀਆਂ ਹੋ ਗਈਆਂ ਨੇ
ਜਾਂ ਹੋਣ ਵਾਲੀਆਂ ਨੇ।

ਮੈਂ ਬੇਵੱਸ ਹਾਂ, ਸ਼ਰਮਸਾਰ ਹਾਂ,
ਮੈਂ ਤਾਂ ਆਪਣੇ ਮੁਲਕ 'ਚ
ਆਪਣੇ ਹੀ ਹੱਕਾਂ ਲਈ
ਲੜਨ ਦਾ ਜੇਰਾ ਗਵਾਈ ਬੈਠਾਂ
ਤੁਸੀਂ ਮੈਥੋਂ ਕੋਈ ਆਸ ਨਾ ਰੱਖਿਓ।
ਮੈਂ ਫੇਸਬੁੱਕ, ਵੱਟਸਐਪ 'ਤੇ
ਫੜ੍ਹਾਂ ਮਾਰਨ ਵਾਲਾ ਨੌਜਵਾਨ ਹਾਂ
ਤੁਸੀਂ ਮੈਥੋਂ ਕੋਈ ਆਸ ਨਾ ਰੱਖਿਓ।
ਲੈ ਦੇ ਕੇ ਬੱਸ
ਸਾਢੇ ਚਾਰ ਕੁ ਅੱਖਰ
ਬਕਾਇਆ ਨੇ ਮੇਰੇ ਕੋਲ
'ਅ...ਰ...ਦਾ...ਸ'
ਹਾਂ ਅਰਦਾਸ
ਤੁਹਾਡੇ ਹਵਾਲੇ ਕਰਦਾਂ
ਤਾਂ ਕਿ ਇਹ
ਕੋੜਾ ਪਤਝੜ ਲੱਥ ਜਾਵੇ
ਤੇ ਬਹਾਰਾਂ ਪਰਤ ਆਉਣ
ਤੁਹਾਡੇ ਵਿਹੜੇ।

*-ਰੂਪ ਸਤਵੰਤ*
*ਫੋਨ: 91-81968-21300*

---

## ਨਜ਼ਰਾਂ ਕਿਤੇ, ਇਸ਼ਾਰੇ ਕਿਤੇ

ਬਰਾਨੀ ਜਿਮੀਂ ਨੂੰ ਹੀ ਵਾਹੁੰਦਾ ਰਿਹਾ ਹਾਂ।
ਕਰਜੇ 'ਤੇ ਕਰਜਾ ਚੜ੍ਹਾਉਂਦਾ ਰਿਹਾ ਹਾਂ।
ਖਾਕ ਢੋਂਦਾ, ਖਾਂਦਾ, ਖਿੰਡਾਉਂਦਾ ਰਿਹਾ ਹਾਂ,
ਕੁਝ ਲੋਕਾਂ ਦੇ ਸਿਰ ਵਿਚ ਪਾਉਂਦਾ ਰਿਹਾ ਹਾਂ।
ਖੇਤਾਂ ਦੀ ਰਾਖੀ ਲਈ ਵਾੜ ਸੀ ਜੋ ਕੀਤੀ
ਵਾੜ ਨੂੰ ਪਰ ਫਸਲਾਂ ਖੁਆਉਂਦਾ ਰਿਹਾ ਹਾਂ।
ਗੁਆਂਢੀ ਸ਼ਰੀਕ ਨਾਲ ਕੰਧ ਸੀ ਜੋ ਸਾਂਝੀ
ਉਸ ਜਦ ਵੀ ਉਸਾਰੀ, ਢਾਹੁੰਦਾ ਰਿਹਾ ਹਾਂ।

ਵੋਟਾਂ ਨੇ ਬਖਸ਼ੀ ਬੇਸ਼ਕ ਦੇਸ਼ ਦੀ ਕੁਰਸੀ
ਵੋਟਾਂ ਲਈ ਹੀ ਲੋਕ ਲੜਾਉਂਦਾ ਰਿਹਾ ਹਾਂ।
ਪੈਸੇ ਲਈ 'ਰਾਜ ਦੀ ਸੇਵਾ' ਦਿਲੋਂ ਨਿਭਾਈ
ਝੂਠੀਆਂ ਖਬਰਾਂ ਵੀ ਛਪਵਾਉਂਦਾ ਰਿਹਾ ਹਾਂ।
ਸ਼ਾਇਰੀ ਇਸ਼ਾਰੇ 'ਚ ਖੁੰਭ ਠੱਪੀ ਉਸ ਦੀ
'ਗਿੱਲ' ਦੋਸ਼ ਖੁਦ 'ਤੇ ਲਗਾਉਂਦਾ ਰਿਹਾ ਹਾਂ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

# ਪੱਤਰਾ ਵਾਚਣਾ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਮਨੁੱਖੀ ਜੀਵਨ ਵਿਚ ਧਰਮ ਦੀ ਸੰਸਥਾ ਨੂੰ ਉਚਤਮ ਮਹੱਤਤਾ ਪ੍ਰਾਪਤ ਹੈ। ਇਸ ਦਾ ਪ੍ਰਕਾਰਜ ਬ੍ਰਹਿਮੰਡ ਦੀ ਉਤਪਤੀ ਦੇ ਕਾਰਨ, ਇਸ ਦੇ ਸਵਰੂਪ ਅਤੇ ਮਨੋਰਥ ਆਦਿ ਦੀ ਖੋਜ ਕਰਨਾ ਸਮਝਿਆ ਜਾਂਦਾ ਹੈ। ਕਈ ਗੁਣੀ-ਗਿਆਨੀਆਂ ਅਨੁਸਾਰ ਧਰਮ ਹੀ ਮਨੁੱਖ ਦੇ ਸਦਾਚਾਰ, ਇਸ ਦੀਆਂ ਮਨੌਤਾਂ, ਇਸ ਦੇ ਮੂਲ ਅਤੇ ਸਿਰਜਣਹਾਰ ਪ੍ਰਤੀ ਮਨੁੱਖ ਦੇ ਕਰਤੱਵ ਦਾ ਪ੍ਰਤੀਪਾਦਨ ਕਰਦਾ ਹੈ। ਇਸ ਦਾ ਮਨੋਰਥ ਅਸਲ ਵਿਚ ਅੰਤਿਮ ਸੱਚ ਦੀ ਤਲਾਸ਼ ਕਰਨਾ ਕਿਹਾ ਜਾ ਸਕਦਾ ਹੈ। ਇਹ ਸਾਰਾ ਕੁਝ ਦਾਰਸ਼ਨਿਕ/ਸੰਕਲਪਕ ਪੱਧਰ 'ਤੇ ਹੀ ਹੁੰਦਾ ਜਾਂ ਹੋਇਆ ਹੈ। ਹਰ ਧਰਮ ਦਾ ਅਮਲੀ ਰੂਪ ਕਰਮ ਕਾਂਡ ਹੈ ਜੋ ਭਾਵੇਂ ਹਰ ਧਰਮ ਦੇ ਮੁਢਲੇ ਅਸੂਲਾਂ ਦੇ ਅਨੁਸਾਰੀ ਹੁੰਦਾ ਹੈ ਪਰ ਇਸ ਦਾ ਇਕ ਸਰਬਸਾਂਝਾ ਪੱਖ ਵੀ ਹੈ। ਧਰਮ ਦੇ ਵਿਹਾਰਕ ਕਰਮਕਾਂਡੀ ਰੂਪ ਤੋਂ ਹੀ ਇਸ ਦੀ ਸਾਰਥਕਤਾ ਦੀ ਪਰਖ ਵੀ ਕੀਤੀ ਜਾ ਸਕਦੀ ਹੈ।

ਬਹੁਤ ਸਾਰੇ ਧਰਮਾਂ ਨੇ ਕਰਮਕਾਂਡਾਂ ਦਾ ਅਜਿਹਾ ਅਡੰਬਰ ਰਚਿਆ ਹੈ ਕਿ ਨਿਮਾਣੇ, ਨਿਤਾਣੇ ਮਨੁੱਖ ਲਈ ਸਮਾਜਕ ਜੀਵਨ ਬਤੀਤ ਕਰਦਿਆਂ, ਉਨ੍ਹਾਂ ਸਭ ਨੂੰ ਨਿਭਾਉਣਾ ਸੰਭਵ ਨਹੀਂ। ਸੱਚ ਤਾਂ ਇਹ ਹੈ ਕਿ ਧਰਮ ਨੂੰ ਰੀਤੀ-ਬਧ ਕਰਕੇ ਇਸ ਨੂੰ ਪ੍ਰਗਾਉਣ ਦੀ ਲੋੜ ਵੀ ਹੈ ਤੇ ਮਜਬੂਰੀ ਵੀ। ਦੇਖਿਆ ਜਾਵੇ ਤਾਂ ਧਰਮ ਦਾ ਕਰਮ ਕਾਂਡ ਅਸਲ ਵਿਚ ਧਰਮ ਦਾ ਹੀ ਜਿਉਂਦਾ ਜਾਗਦਾ ਮਜ਼ਾਕ ਹੈ। ਐਵੇਂ ਨਹੀਂ ਕਹਾਵਤ ਬਣੀ ਕਿ ਗਰੀਬਾਂ ਨੇ ਰੋਜ਼ੇ ਰੱਖੇ ਤਾ ਦਿਨ ਹੀ ਵੱਡੇ ਹੋ ਗਏ। ਹੋਰ ਤਾਂ ਹੋਰ ਆਡੰਬਰਮਈ ਧਾਰਮਕ ਰਸਮਾਂ ਤੋਂ ਪ੍ਰੇਸ਼ਾਨ ਕਈ ਲੋਕ ਇਸ ਨੂੰ 'ਕੁੱਤਾ ਕੰਮ' ਤੱਕ ਆਖ ਦਿੰਦੇ ਹਨ। ਪੁਰਾਣੇ ਜ਼ਮਾਨੇ ਵਿਚ ਅਨਾਜ ਦੇ ਪਿੜ ਵਿਚ ਯੱਗ ਦੀ ਰਸਮ ਕੀਤੀ ਜਾਂਦੀ ਸੀ ਜਿਸ ਲਈ ਸੰਸਕ੍ਰਿਤ ਸ਼ਬਦ ਖਲਯਜਨ ਹੈ। ਅੱਜ ਇਸ ਤੋਂ ਵਿਗੜੇ ਸ਼ਬਦ 'ਖਲਜਗਣ' ਤੋਂ 'ਵਾਧੂ ਦਾ ਝੰਜਟ' ਜਾਂ 'ਖਲਾਰਾ' ਦਾ ਭਾਵ ਲਿਆ ਜਾਂਦਾ ਹੈ, "ਇਕ ਪਾਸੇ ਅਦਾਲਤੀ ਕੇਸ ਦੇ ਖਲਜਗਣ ਤੋਂ ਬਚਣ ਲਈ ਅਰਵਿੰਦ ਕੇਜਰੀਵਾਲ ਨੇ ਬਿਕਰਮ ਮਜੀਠੀਆ ਤੋਂ ਉਸ ਨੂੰ ਬਿਨਾ ਸਬੂਤਾਂ ਦੇ ਨਸ਼ਾ ਤਸਕਰ ਕਹਿਣ ਦੀ ਮੁਆਫੀ ਮੰਗੀ ਹੈ, ਪਰ ਦੂਜੇ ਪਾਸੇ ਕੁਝ ਰਿਪੋਰਟਾਂ ਅਜਿਹੀਆਂ ਨਸ਼ਰ ਹੋਈਆਂ ਨੇ ਜੋ ਸਾਬਤ ਕਰ ਰਹੀਆਂ ਨੇ ਕਿ ਮਜੀਠੀਆ ਨੇ ਨਸ਼ਾ ਤਸਕਰਾਂ ਨਾਲ ਰਿਸ਼ਤਾ ਕਬੂਲਿਆ ਹੈ।" ਵਾਸਤਵਕ ਜੀਵਨ ਵਿਚ ਮਨੁੱਖ ਅਨੇਕਾਂ ਵਾਰ ਹੀ ਇਨ੍ਹਾਂ 'ਖਲਜਗਣਾਂ' ਨੂੰ ਜ਼ਿੰਦਗੀ ਦੀ ਸਹਿਜ ਗਤੀ ਵਿਚ ਰੁਕਾਵਟ ਵਜੋਂ ਦੇਖਦਾ ਹੈ ਤੇ ਅਛੋਪਲੇ ਹੀ ਇਸ ਦੇ ਅਨੇਕਾਂ ਪੱਖਾਂ ਦੀ ਉਲੰਘਣਾ ਵੀ ਕਰਦਾ ਰਹਿੰਦਾ ਹੈ।

ਤਨਜ਼ ਵਾਲੀ ਗੱਲ ਹੈ ਕਿ ਕਰਮਕਾਂਡ ਨਿਸਦਿਨ ਵਧੇਰੇ ਤੋਂ ਵਧੇਰੇ ਮਸ਼ੀਨੀ ਅਤੇ ਰਸਮੀ ਹੋਈ ਜਾਂਦੇ ਹਨ। ਧਰਮ ਦਾ ਅਜਿਹਾ ਮਕਾਨਕੀਪਣਾ ਹਾਸੇ ਦਾ ਪਾਤਰ ਵੀ ਬਣਦਾ ਹੈ। ਹਿੰਦੀ ਫਿਲਮਾਂ ਵਿਚ ਆਮ ਹੀ ਹਿੰਦੂ ਧਰਮ ਦੀਆਂ ਪੂਜਯ ਮੂਰਤੀਆਂ ਅਤੇ ਹੋਰ ਰੀਤੀਆਂ ਦਾ ਮਖੌਲ ਉਡਾਇਆ ਜਾਂਦਾ ਦਿਸ ਪੈਂਦਾ ਹੈ, ਜਿਸ ਤੋਂ ਦਰਸ਼ਕਾਂ ਵਿਚ ਖੂਬ ਹਾਸਾ ਪੈਂਦਾ ਹੈ। ਸਬੂਤ ਵਜੋਂ ਆਮਿਰ ਖਾਂ ਦੀ ਫਿਲਮ 'ਪੀਕੇ' ਵਿਚ ਚੋਖਾ ਮਸਾਲਾ ਮਿਲ ਜਾਂਦਾ ਹੈ। ਗੁਰਦੁਆਰੇ ਵਿਚ ਮਾਇਆ ਦੇ ਪੇਸ਼ ਹੋ ਰਹੇ ਗੱਫੇ ਦੇਖ ਕੇ ਕੀਰਤਨੀਆਂ ਵਲੋਂ ਢੋਲਕੀ ਅਤੇ ਤਬਲੇ ਦੀ ਪਿਟਾਈ ਵਿਚ ਵਧ ਰਹੀ ਜੁੰਬਸ਼ ਦੇਖਿਆਂ ਹੀ ਬਣਦੀ ਹੈ। ਸਿੱਖ ਧਰਮ ਦੇ ਬਥੇਰੇ ਸ਼ਰਧਾਲੂ ਐਤਵਾਰ ਵਾਲੇ ਦਿਨ ਗੁਰਦੁਆਰੇ ਲੰਗਰ ਦੇ ਟਾਈਮ ਹੀ ਪਧਾਰਦੇ ਹਨ। ਬੁੱਲੇ ਸ਼ਾਹ ਦੀਆਂ ਕਾਫੀਆਂ ਵਿਚ ਧਰਮ ਦੇ ਅਜਿਹੇ ਰੂਪ ਦੀ ਕਠੋਰ ਨਿੰਦਾ ਕੀਤੀ ਗਈ ਹੈ, 'ਭੱਠ ਨਮਾਜ਼ਾਂ ਚਿਕੜ ਰੋਜ਼ੇ, ਕਲਮੇ ਤੇ ਫਿਰ ਗਈ ਸਿਆਹੀ।'




ਭਾਸ਼ਾਈ ਪੱਧਰ 'ਤੇ ਵੀ ਧਰਮ ਦੇ ਅਜਿਹੇ ਰੂਪ ਦੇ ਕਈ ਪ੍ਰਗਟਾਅ ਮਿਲਦੇ ਹਨ। ਅੰਗਰੇਜ਼ੀ ਦੀ ਕਹਾਵਤ ਹੈ, Nearer the Church, further from God. ਜਦ ਕਬੀਰ ਜੀ ਕਹਿੰਦੇ ਹਨ, 'ਭੂਖੇ ਭਗਤਿ ਨ ਕੀਜੈ ਯਹ ਮਾਲਾ ਅਪਨੀ ਲੀਜੈ' ਤਾਂ ਦਰਅਸਲ ਉਹ ਮਨੁੱਖੀ ਹੋਂਦ ਦੇ ਪੱਖ ਤੋਂ ਧਾਰਮਕ ਰਸਮਾਂ ਦੀ ਕਠੋਰਤਾ ਵੱਲ ਹੀ ਇਸ਼ਾਰਾ ਕਰਦੇ ਹਨ। ਕੌਣ ਨਹੀਂ ਜਾਣਦਾ ਕਿ 'ਧਰਮ ਨਾਲ', 'ਗੁਰੂ ਦੀ ਸਹੁੰ', 'ਕਸਮ ਖੁਦਾ ਕੀ' ਆਦਿ ਜਿਹੀਆਂ ਸਹੁੰਆਂ ਅਸਲ ਵਿਚ ਪਿਛੇ ਛੁਪੇ ਝੂਠ ਨੂੰ ਪ੍ਰਗਾਉਣ ਦੀ ਕੋਸ਼ਿਸ਼ ਮਾਤਰ ਹਨ।

ਕਹਾਵਤ ਹੈ, ਪੜ੍ਹਨੀਆਂ ਪੋਥੀਆਂ ਤੇ ਕੰਮ ਕਰਨੇ ਆਹ। ਪੋਥੀ ਮੁਢਲੇ ਤੌਰ 'ਤੇ ਧਾਰਮਕ ਪੁਸਤਕ ਨੂੰ ਕਿਹਾ ਜਾਂਦਾ ਸੀ। ਹਿੰਦੂ ਧਰਮ ਵਿਚ 'ਰਾਮ' ਬਹੁਤ ਹੀ ਪਵਿੱਤਰ ਸ਼ਬਦ ਹੈ ਪਰ ਜੋ ਲੋਕ 'ਬਗਲ ਵਿਚ ਛੁਰੀ ਰੱਖ ਕੇ ਰਾਮ ਰਾਮ' ਕਰਦੇ ਹਨ, ਉਹ ਧਰਮ ਦਾ ਕਿੰਨਾ ਕੁ ਪੱਖ ਪੂਰਦੇ ਹਨ? ਫਿਰ ਹਿੰਦੂ ਇਕ ਦੂਜੇ ਦਾ ਅਭਿਵਾਦਨ ਨਮਸਕਾਰ, ਨਮਸਤੇ ਤੋਂ ਬਿਨਾ 'ਰਾਮ ਰਾਮ' ਕਹਿ ਕੇ ਵੀ ਕਰਦੇ ਹਨ। ਪਰ ਕਿਸੇ ਨੂੰ ਇਹ ਜਤਾਉਣਾ ਹੋਵੇ ਕਿ 'ਤੂੰ ਛੱਡ ਇਸ ਗੱਲ ਦਾ ਖਹਿੜਾ, ਮੈਂ ਤੇਰੀ ਗੱਲ ਨਹੀਂ ਮੰਨਣੀ' ਤਾਂ ਅਸੀਂ ਆਮ ਕਰਕੇ ਇਸ ਵਾਕੰਸ਼ ਦਾ ਸਹਾਰਾ ਲੈਂਦੇ ਹਾਂ, 'ਰਾਮ ਰਾਮ ਕਰ ਭਾਈ।' ਮਤਲਬ ਰਾਮ ਰਾਮ ਜਿਹੀ ਫਜ਼ੂਲ ਰੱਟ ਲਾਈ ਜਾਹ, ਮੈਂ ਤੈਨੂੰ ਨਿਵਾਜਣ ਵਾਲਾ ਨਹੀਂ। ਉਂਜ 'ਰਾਮ ਕਰ' ਵੀ ਕਹਿ ਦਿੱਤਾ ਜਾਂਦਾ ਹੈ ਜਿਸ ਤੋਂ ਮੁਰਾਦ ਹੈ 'ਤੂੰ ਆਰਾਮ ਕਰ, ਮੈਨੂੰ ਨਾ ਸਤਾ, ਮੈਂ ਟੱਸ ਤੋਂ ਮੱਸ ਨਹੀਂ ਹੋਣਾ।'

ਹਿੰਦੂ-ਸਿੱਖ ਕਿਸੇ ਦੀ ਮੌਤ 'ਤੇ ਉਸ ਦੇ ਜਨਾਜ਼ੇ ਵਿਚ ਸ਼ਾਮਿਲ ਤੁਰੇ ਜਾਂਦੇ 'ਰਾਮ ਨਾਮ ਸੱਤ ਹੈ' ਕਹਿੰਦੇ ਜਾਂਦੇ ਹਨ। ਇਸ ਉਕਤੀ ਦਾ ਭਾਵ ਹੈ ਕਿ ਮਨੁੱਖਾ ਜੀਵਨ ਨਾਸ਼ਵਾਨ ਹੈ, ਛਿਣ ਭੰਗਰਾ ਹੈ, ਸਿਰਫ ਰਾਮ ਦਾ ਨਾਂ ਹੀ ਸਦੀਵੀ ਸੱਚ ਹੈ। ਇਸ ਕਥਨ ਤੋਂ ਕਰੀਬੀ ਦੀ ਮੌਤ ਕਾਰਨ ਸੋਗੇ ਮਨੁੱਖ ਨੂੰ ਧਰਵਾਸਾ ਦਿੱਤਾ ਜਾਂਦਾ ਹੈ। ਇਸੇ ਉਕਤੀ ਤੋਂ ਹੀ 'ਰਾਮ ਸੱਤ ਹੋਣਾ' ਦਾ ਅਰਥ ਮੌਤ ਹੋ ਜਾਣਾ ਹੋ ਗਿਆ ਹੈ। ਕਲਪਨਾ ਕਰੋ, ਰਾਤ ਭਰ ਰਾਮ ਅਰਥਾਤ ਰਮਾਇਣ ਦੀ ਲੰਮੀ ਕਥਾ ਕਰਦੇ ਕਥਾਵਾਚਕ ਥੱਕੇ ਟੁੱਟੇ ਪੇਂਡੂ ਲੋਕਾਂ ਨੂੰ ਕਿੰਨਾ ਬੋਰ ਕਰਦੇ ਹੋਣਗੇ। ਹੈਰਾਨੀ ਨਹੀਂ ਕਿ ਅਜਿਹੇ ਅਨੁਭਵ ਤੋਂ ਹੀ ਅਕਾਊ ਵਿਸ਼ਿਆ ਲਈ 'ਰਾਮ ਕਹਾਣੀ' ਜਿਹੀ ਉਕਤੀ ਪ੍ਰਚਲਿਤ ਹੋਈ ਹੈ। 'ਰਾਮ ਕਹਾਣੀ' ਅਤੇ 'ਰਾਮ ਦੁਹਾਈ' ਜਿਹੀਆਂ ਉਕਤੀਆਂ ਕਿਸੇ ਦੇ ਦੁੱਖ ਭਰੇ ਨਿਜੀ ਜੀਵਨ ਦਾ ਰੋਣਾ ਹਨ, ਜਿਨ੍ਹਾਂ ਨੂੰ ਸੁਣ ਕੇ ਲੋਕ ਤੰਗ ਪੈ ਜਾਂਦੇ ਹਨ।

ਸ਼ਰਧਾ ਦੇ ਪੱਖ ਤੋਂ ਰਾਮ ਤੋਂ ਬਾਅਦ ਭਾਰਤ ਦੀ ਪਰੰਪਰਾ ਵਿਚ ਗੁਰੂ ਦਾ ਨੰਬਰ ਆਉਂਦਾ ਹੈ। ਭਾਰਤ ਵਿਚ ਗੁਰੂ ਇਕ ਤਰ੍ਹਾਂ ਇਸ਼ਟ ਦੀ ਹੀ ਪਦਵੀ ਧਾਰਨ ਕਰ ਚੁਕਾ ਹੈ। ਪਰ ਜਦੋਂ ਕੋਈ ਘੋਰ ਗਲਤੀ ਕਰ ਰਿਹਾ ਹੋਵੇ ਤਾਂ ਉਸ ਨੂੰ ਉਸ ਦਾ ਕਰੀਬੀ ਦੋਸਤ ਵਿਅੰਗ ਨਾਲ ਜਤਾ ਦਿੰਦਾ ਹੈ, 'ਓਹ ਗੁਰੂ ਕੀ ਕਰ ਰਿਹਾ ਏਂ?' ਸੱਚ ਤਾਂ ਇਹ ਹੈ ਕਿ ਗੁਰੂ ਸ਼ਬਦ ਉਸਤਾਦ ਦੀ ਤਰ੍ਹਾਂ ਚਾਲਬਾਜ਼ੀ, ਧੋਖਾਧੜੀ ਆਦਿ ਵਿਚ ਮਾਹਰ ਵਿਅਕਤੀ ਲਈ ਵੀ ਵਰਤਿਆ ਜਾਣ ਲੱਗਾ ਹੈ। ਖੁਦ ਅਜਿਹੇ ਗੁਰੂ ਨਵਜੋਤ ਸਿੱਧੂ ਨੇ ਇਸ ਸ਼ਬਦ ਦੀ ਬਥੇਰੀ ਮਿੱਟੀ ਪਲੀਤ ਕੀਤੀ ਹੈ। ਫਿਰ ਕਿਹਾ ਜਾਂਦਾ ਹੈ, 'ਗੁਰੂ ਹੋ ਜਾ ਸ਼ੁਰੂ', ਕਦੀ ਕਦੀ ਚੁੱਪ ਵੀ ਭਲੀ ਹੁੰਦੀ ਹੈ! ਸਮਾਜ ਦੇ ਕਿਸੇ ਗਲਤ-ਸਹੀ ਖੇਤਰ ਵਿਚ ਕਹਿੰਦੇ-ਕਹਾਉਂਦੇ ਵਿਅਕਤੀ ਲਈ ਵਿਅੰਗ ਵਜੋਂ 'ਗੁਰੂ ਘੰਟਾਲ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਮੁਢਲੇ ਤੌਰ 'ਤੇ ਇਹ ਸ਼ਬਦ ਕੁਝ ਫਿਰਕਿਆਂ ਦੇ ਉਸ ਧਾਰਮਕ ਮੁਖੀ ਲਈ ਵਰਤਿਆ ਜਾਂਦਾ ਸੀ ਜੋ ਆਪਣੇ ਸਰੀਰ 'ਤੇ ਬਹੁਤ ਸਾਰੀਆਂ ਘੰਟੀਆਂ ਲਾ ਕੇ ਆਪਣੀ ਮਹੱਤਤਾ ਦਾ ਢੰਡੋਰਾ ਪਿੱਟਦੇ ਹਨ।

ਕਿਸੇ ਢੋਂਗੀ, ਖਾਸ ਤੌਰ 'ਤੇ ਧਾਰਮਕ ਕ੍ਰਿਆ ਕਰਮ ਵਿਚ ਦੂਜਿਆਂ ਨੂੰ ਧੋਖਾ ਦੇਣ ਵਾਲੇ ਭ੍ਰਿਸ਼ਟ ਵਿਅਕਤੀ ਨੂੰ ਪਾਖੰਡੀ ਕਿਹਾ ਜਾਂਦਾ ਹੈ। ਕੋਈ ਢਾਈ ਹਜ਼ਾਰ ਸਾਲ ਪਹਿਲਾਂ ਇੱਕ ਹਿੰਦੂ ਫਿਰਕਾ ਉਭਰਿਆ ਸੀ ਜਿਸ ਦਾ ਨਾਂ ਸੀ, ਪਾਸ਼ੰਡ ਜਿਸ ਤੋਂ ਪਾਖੰਡ ਸ਼ਬਦ ਵਿਉਤਪਤ ਹੋਇਆ। ਇਸ ਫਿਰਕੇ ਦੇ ਸਾਧੂ ਸੰਨਿਆਸੀ ਬੇਹੱਦ ਆਡੰਬਰ ਰਚਦੇ ਸਨ ਜਿਸ ਤੋਂ ਦੁਖੀ ਹੋ ਕੇ ਆਮ ਲੋਕ ਪਰੇ ਹੋ ਗਏ। ਹੁਣ ਪਾਖੰਡ ਸ਼ਬਦ ਮਹਿਜ ਢੋਂਗ ਦੇ ਅਰਥਾਂ ਵਿਚ ਪ੍ਰਚਲਿਤ ਹੈ।

ਸਿੱਖ ਧਰਮ ਵਿਚ ਅਰਦਾਸ ਦੀ ਬਹੁਤ ਮਹਿਮਾ ਹੈ। ਪਰ ਕਿਸੇ ਦੀ ਜ਼ਿੰਦਗੀ ਨੂੰ, ਭਾਵੇਂ ਧਾਰਮਕ ਮਨੋਰਥਾਂ ਹਿਤ ਹੀ, ਹਥਿਆਰਾਂ ਨਾਲ ਖਤਮ ਕਰਨ ਲਈ 'ਅਰਦਾਸਾ ਸੋਧਣਾ' ਜਿਹੀ ਉਕਤੀ ਵਰਤੀ ਜਾਂਦੀ ਹੈ। ਬਹੁਤ ਸਾਰੀਆਂ ਪੁਰਾਣੀਆਂ ਧਾਰਮਕ ਰਚਨਾਵਾਂ ਸਲੋਕਾਂ ਵਿਚ ਲਿਖੀਆਂ ਗਈਆਂ ਹਨ। ਪਰ ਅੱਜ 'ਸਲੋਕ ਸੁਣਾਉਣਾ' ਗਾਲ੍ਹਾਂ ਕੱਢਣਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾਂ ਵਿਚ ਲਪੇਟ ਕੇ ਰੱਖਣ ਲਈ 'ਸੰਤੋਖਣਾ' ਸ਼ਬਦ ਵਰਤਿਆ ਜਾਂਦਾ ਹੈ ਪਰ ਇਸ ਦਾ ਵਿਸਤ੍ਰਿਤ ਅਰਥ ਬਣ ਗਿਆ ਹੈ, ਕਿਸੇ ਕੰਮ ਨੂੰ ਠੱਪ ਕਰ ਦੇਣਾ, ਠੰਡੇ ਬਸਤੇ ਵਿਚ ਪਾ ਦੇਣਾ। ਬਜ਼ੁਰਗ ਅਤੇ ਧਾਰਮਕ ਇਸ਼ਟ ਪ੍ਰਤੀ ਸ਼ਰਧਾ ਪ੍ਰਗਟਾਉਣ ਲਈ ਉਨ੍ਹਾਂ ਦੇ ਮੱਥਾ ਟੇਕਿਆ ਜਾਂਦਾ ਹੈ, ਪਰ 'ਦੂਰੋਂ ਮੱਥਾ ਟੇਕਣਾ?' ਆਪੇ ਸਮਝ ਲਓ।

ਹਿੰਦੂਆਂ ਦੇ 18 ਪੁਰਾਣਾਂ ਵਿਚੋਂ ਭਾਗਵਤ ਪੁਰਾਣ ਦੀ ਬੇਹੱਦ ਮਾਨਤਾ ਹੈ। ਇਸ ਵਿਚ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਦੀ ਮਹਿਮਾ ਹੈ। ਇਸ ਅਵਤਾਰ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਹਿੰਦੂ ਲੋਕ ਸ੍ਰੀਮਦ ਭਾਗਵਤ ਪੁਰਾਣ ਦੇ 18000 ਸਲੋਕਾਂ ਦਾ ਸੱਤ ਦਿਨ ਲਈ ਅਖੰਡ ਪਾਠ ਕਰਾਉਂਦੇ ਹਨ। ਇਸ ਨੂੰ ਭਾਗਵਤ ਸਪਤਾਹ ਵੀ ਕਿਹਾ ਜਾਂਦਾ ਹੈ। ਏਨਾ ਲੰਮਾ ਪਾਠ ਕਈ ਵਾਰੀ ਸੱਤ ਦਿਨ ਵਿਚ ਪੂਰਾ ਨਹੀਂ ਹੋ ਸਕਦਾ ਭਾਵੇਂ ਕਿ ਇਸ ਨੂੰ ਸਮਾਪਤ ਕਰਨ ਵਿਚ ਕਈ ਵਾਚਕ ਲੱਗੇ ਹੁੰਦੇ ਹਨ। ਕਈ ਵਾਚਕ ਆਪਣੇ ਹਿੱਸੇ ਆਏ ਪੱਤਰੇ (ਵਰਕੇ) ਜਲਦੀ ਜਲਦੀ ਵਾਚ ਕੇ ਭੱਜਣ ਦੀ ਕਰਦੇ ਹਨ। ਕਈ ਤਾਂ ਕਿੰਨੇ ਕਿੰਨੇ ਪੱਤਰੇ ਬਿਨਾ ਵਾਚਿਆਂ ਹੀ ਛੱਡ ਦਿੰਦੇ ਹਨ। ਇਸੇ ਤੋਂ ਕੋਈ ਗੰਭੀਰ ਕੰਮ ਕਰਨ ਤੋਂ ਖਿਸਕ ਜਾਣ ਵਾਲੇ ਲਈ ਕਿਹਾ ਜਾਂਦਾ ਹੈ ਕਿ ਬਈ ਉਹ ਤਾਂ ਪੱਤਰਾ ਵਾਚ ਗਿਆ, "ਇਸ ਵਾਰੀਂ ਸਤਿਗੁਰੂ ਜੀ ਨੇ ਤੰਬੂ ਵਿਚੋਂ ਬਾਹਰ ਆਉਣ ਵਿਚ ਦੇਰ ਲਾ ਦਿਤੀ ਤੇ ਇਸ ਦੌਰਾਨ ਕਈ ਕੱਚੇ ਪਿੱਲੇ ਪੱਤਰਾ ਵਾਚ ਗਏ।" ਟਿਬ ਜਾਣ ਦੀ ਇਸ ਚਲਾਕੀ ਦੀ ਜ਼ਰਾ ਗੁਰੂ ਗ੍ਰੰਥ ਸਾਹਿਬ ਦੇ ਪਾਠੀਆਂ ਵਲੋਂ ਕੀਤੇ ਜਾਂਦੇ 'ਬੱਬਾ ਪਾਠ' ਨਾਲ ਤੁਲਨਾ ਕਰੋ। ਸਿੱਖ ਧਰਮ ਨੇ ਹਿੰਦੂ ਧਰਮ ਤੋਂ ਬਹੁਤ ਕੁਝ ਲਿਆ ਹੈ!

## ਕਾਵਿ ਜਗਤ

### ਸਸਤੀ ਸ਼ਰਾਬ

ਮਹਿੰਗੀ ਹੈ ਪੜ੍ਹਾਈ,
ਜਿਥੇ ਸਸਤੀ ਸ਼ਰਾਬ ਏ।
ਉਸ ਨੂੰ ਤਾਂ ਕਹਿੰਦੇ
ਅੱਜ ਕਲ ਦਾ ਪੰਜਾਬ ਏ।

ਕਾਗਜ਼ਾਂ ਦੇ ਫੁੱਲ ਇਥੇ
ਬੜੇ ਮਹਿੰਗੇ ਵਿਕਦੇ,
ਪੈਰਾਂ ਵਿਚ ਰੁਲਦਾ
ਮੈਂ ਵੇਖਿਆ ਗੁਲਾਬ ਏ।

ਪੰਜਾਂ ਦਰਿਆਵਾਂ ਨੂੰ ਤਾਂ
ਹਾਕਮਾਂ ਨੇ ਵੰਡਿਆ,
ਇਥੇ ਸਤਲੁਜ ਵਗੇ
ਉਧਰ ਝਨਾਬ ਏ।

ਪੰਜਾਬ ਦੀ ਜਵਾਨੀ ਨੂੰ
ਹੈ ਰੋਲ 'ਤਾ ਸੁਦਾਗਰਾਂ,
ਲੱਭਦਾ ਨਹੀਂ ਕਿਤੋਂ
ਪਹਿਲਾਂ ਵਰਗਾ ਪੰਜਾਬ ਏ।

ਇੱਜ਼ਤਾਂ ਤਾ ਸ਼ੱਰ੍ਹੇਆਮ
ਪੈਰਾਂ ਵਿਚ ਰੁੱਲ ਰਹੀਆਂ,
ਹੱਟੀ ਹੱਟੀ ਉਤੇ ਪਿਆ
ਵਿਕਦਾ ਸ਼ਬਾਬ ਏ।

ਗੁਲਾਮੀ ਵਾਲੇ ਜੁੱਤੀਆਂ ਨੂੰ
ਸ਼ੀਸ਼ਿਆ 'ਚ ਰੱਖਿਆ,
ਸੜਕਾਂ ਦੇ ਉਤੇ ਪਈ
ਰੁਲਦੀ ਕਿਤਾਬ ਏ।

-ਬੂਟਾ ਗੁਲਾਮੀ ਵਾਲਾ, ਮੋਗਾ
ਫੋਨ: 91-94171-97395

### ਜੱਟ ਘੜੇ ਦਾ ਮੱਟ

ਜੱਟ ਘੜੇ ਦਾ ਮੱਟ,
ਮੱਟ 'ਚ ਹੋ ਗਈ ਮੋਰੀ।
ਉਹ ਜੱਟਾ ਦੱਸ,
ਕਾਤੋਂ ਚੱਕੀ ਫਿਰਦਾ ਢੋਰੀ।

ਕਣਕ ਝੋਨੇ ਨੇ ਤਗ ਬਣਾ 'ਤਾ,
ਤਾਂਹੀਓਂ ਗੰਨਾ ਲਾਇਆ।
10 ਕੁ ਮਹੀਨੇ ਪਾਣੀ ਲਾਇਆ,
ਫੇਰ ਗੁਲੀ ਰਸ ਆਇਆ।
ਗਰਨ ਬਣਾਈ, ਟੋਕ ਕਰਾਈ,
ਛਿਲਾ ਕੇ ਪੂਲਿਆਂ 'ਚ ਬੰਨ੍ਹਾਇਆ।
ਮੰਗ ਪਾਈ, ਸ਼ੱਕਰ ਘਿਓ ਖਵਾਈ,
ਮਸਾਂ ਟਰਾਲੀ 'ਤੇ ਲਦਾਇਆ।
ਤਿੰਨ ਟਰੈਕਟਰ ਅੱਗੇ-ਪਿੱਛੇ ਪਾਏ,
ਤਾਂ ਜਾ ਕੇ ਤੁਲਵਾਇਆ।
ਮਿੱਲ ਵਾਲਿਆਂ 'ਗੂਠਾ ਵਖਾ 'ਤਾ,
ਇਹ ਹੈ ਬਈ ਮਲਾ ਜੋਰੀ।
ਜੱਟ ਘੜੇ ਦਾ ਮੱਟ,
ਮੱਟ 'ਚ ਹੋ ਗਈ ਮੋਰੀ।

ਦੋ ਕਤਾਰਾਂ 'ਕਠਿਆਂ ਖਾਲੀ 'ਚ ਬੀਜੀਂ,
ਨਵੀਂ ਖੋਜ ਹੈ ਕਹਿੰਦੀ।
ਡਿਊਲ ਪਲਾਂਟਰ ਮਸ਼ੀਨ ਦਾ ਨਾਂ,
ਬਹੁਤੀ ਨਹੀਂ ਹੈ ਮਹਿੰਗੀ।
ਜੇ ਤੂੰ ਆਪ ਖਰੀਦਣੀ,
ਹੁਸ਼ਿਆਰਪੁਰ ਬਣਦੀ ਰਹਿੰਦੀ।
ਜਗਦੀਸ਼ ਤੋਂ ਪੁੱਛੀ, ਕਦੀ-ਕਦੀ
ਸਬਸਿਡੀ ਮਿਲਦੀ ਰਹਿੰਦੀ।
ਬੈਡ ਬਣਾਉ, ਛੇਪ ਬਣਾਉ,
ਲੋੜ ਪਾਣੀ ਦੀ ਘੱਟ ਪੈਂਦੀ।
ਤਸੱਲੀ ਤੇਰੀ ਪੂਰੀ ਹੋ ਜਾਊ
ਵੇਖ ਗੰਨੇ ਦੀ ਪੋਰੀ।
ਜੱਟ ਘੜੇ ਦਾ ਮੱਟ,
ਮੱਟ 'ਚ ਹੋ ਗਈ ਮੋਰੀ।

ਜੇ ਗੰਨੇ ਤੂੰ ਘਰੇ ਪੀੜਨੇ,
ਵੇਲਣਾ ਟਰੈਕਟਰ ਨਾਲ ਚਲਾ ਲੈ।
ਹਾਦਸਿਆਂ ਤੋਂ ਬਚਣ ਵਾਸਤੇ,
ਪਟੇ 'ਤੇ ਕਵਰ ਚੜ੍ਹਾ ਲੈ।
ਵਿਰਸਾ ਤੇਰਾ ਖੁਰਦਾ ਜਾਂਦਾ,
ਘੌਂਆਂ, ਚੁੰਬਾ, ਗੰਡ ਬਚਾ ਲੈ।
ਅਦਰਕ ਨਾਲ ਵੀ ਰਸ ਬਹੁਤਾ ਮਿੱਠਾ,
ਲੱਸੀ ਵਿਚ ਮਿਲਾ ਲੈ।
ਸਾਰਾ ਸਿਆਲ ਅੱਗ ਸੇਕ ਲੀਂ,
ਗੁਲੀ ਤੋਂ ਗੁੜ ਬਣਾ ਲੈ।
ਜੇ ਪੀੜ-ਪਛੀਆਂ ਸੁਕੀਆਂ ਨਹੀਂ
ਤਾਂ ਝੋਕੀ ਜਾਵੀਂ ਖੋਰੀ।
ਜੱਟ ਘੜੇ ਦਾ ਮੱਟ,
ਮੱਟ 'ਚ ਹੋ ਗਈ ਮੋਰੀ।

ਮਾਰਕਿਟਿੰਗ ਤੈਨੂੰ ਕਰਨੀ ਪੈਣੀ,
ਚਾਕਲੇਟ ਵਰਗੀ ਪੇਸੀ ਲਾਈਂ।
ਵੀਹ-ਪੰਝੀ ਲੋਕਾਂ ਨੂੰ ਰੁਜ਼ਗਾਰ ਦੇਵੀਂ,
ਤੇ ਡੱਬਾ ਬੰਦ ਕਰਾਈਂ।
ਬਰੈਂਡ ਤੇਰਾ ਹੈ ਕੇਨ ਫਾਰਮਜ਼,
ਟੈਲੀਵਿਜ਼ਨ 'ਚ ਖਬਰ ਲਵਾਈਂ।
ਈਮਾਨਦਾਰੀ ਨਾਲ ਮਿਹਨਤ ਕਰਕੇ,
ਕੌਸ਼ਲ ਸਿੰਘ ਅਖਵਾਈਂ।
ਜੇ ਤੈਨੂੰ ਕੋਈ ਮੁਸ਼ਕਿਲ ਆਵੇ
ਡਾ. ਰਮਨਦੀਪ ਸ਼ੈਰੀ ਕੋਲ ਜਾਈਂ।
ਆਮਦਨ ਵਿਚ ਤੇਰੀ ਵਾਧਾ ਹੋ ਜਾਊ,
ਬਹੁਤ ਵੱਡੀ ਹੈ ਹੋੜੀ।
ਜੱਟ ਘੜੇ ਦਾ ਮੱਟ,
ਮੱਟ 'ਚ ਹੋ ਗਈ ਮੋਰੀ।
ਉਹ ਜੱਟਾ ਦੱਸ,
ਕਾਤੋਂ ਚੱਕੀ ਫਿਰਦਾ ਢੋਰੀ।

-ਡਾ. ਚਰਨਜੀਤ ਸਿੰਘ ਪਨੂੰ
ਫੋਨ: 408-646-3597

## ਗਿੱਲ ਸੁਰਜੀਤ ਬਾਰੇ ਲੇਖ

'ਪੰਜਾਬ ਟਾਈਮਜ਼' ਵਿਚ ਸਤਨਾਮ ਸਿੰਘ ਮੱਟੂ ਦਾ ਗਿੱਲ ਸੁਰਜੀਤ ਬਾਰੇ ਲੇਖ ਪੜ੍ਹਿਆ, ਕੁਝ ਯਾਦਾਂ ਤਾਜ਼ਾ ਹੋ ਗਈਆਂ ਜੋ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ। ਸੰਨ 1972 ਵਿਚ ਮੈਂ ਪੀ.ਜੀ.ਆਈ. ਵਿਚ ਟ੍ਰੇਨਿੰਗ ਕਰ ਰਿਹਾ ਸਾਂ। ਪੀ.ਜੀ.ਆਈ. ਵਿਚ ਸਾਊਥ ਇੰਡੀਅਨ ਡਾਕਟਰਾਂ ਦਾ ਬੋਲਬਾਲਾ ਸੀ ਜਿਨ੍ਹਾਂ ਦੇ ਡਰਾਮੇ ਬਹੁਤ ਮਸ਼ਹੂਰ ਸਨ। ਉਹ ਨਹੀਂ ਸਨ ਚਾਹੁੰਦੇ ਕਿ ਪੈਰਾ ਮੈਡੀਕਲ ਸਟੂਡੈਂਟਸ ਦੀ ਟੀਮ ਵੱਲੋਂ ਭੰਗੜਾ ਸਟੇਜ 'ਤੇ ਆਵੇ। ਉਨ੍ਹਾਂ ਨੂੰ ਖਦਸ਼ਾ ਸੀ ਕਿ ਭੰਗੜੇ ਤੋਂ ਬਾਅਦ ਉਨ੍ਹਾਂ ਦੀ ਵੁਕਤ ਘੱਟ ਜਾਵੇਗੀ। ਦੂਜੇ ਪਾਸੇ ਪੰਜਾਬੀ ਡਾਕਟਰ ਅਤੇ ਅਧਿਕਾਰੀ ਸਨ। ਜਦੋਂ ਭੰਗੜਾ ਪੇਸ਼ ਹੋਇਆ ਤਾਂ ਡਰਾਮਾ ਟੀਮ ਨੇ ਤਿੰਨ ਦਿਨ ਲਗਾਤਾਰ ਕਲਚਰਲ ਪ੍ਰੋਗਰਾਮ ਦਾ ਬਾਈਕਾਟ ਕੀਤਾ। ਉਸੇ ਪ੍ਰੋਗਰਾਮ ਵਿਚੋਂ ਮੈਨੂੰ ਮੇਰੀ ਘਰਵਾਲੀ ਮਿਲੀ।

1972 ਵਿਚ ਸ. ਭਾਗ ਸਿੰਘ ਦੇ ਨਿਰਦੇਸ਼ਨ ਹੇਠ ਪੰਜਾਬ ਦੀ ਭੰਗੜੇ ਦੀ ਟੀਮ ਬਣਨੀ ਸੀ। ਸਾਡੇ ਕੋਚ ਸ. ਠਾਕਰ ਸਿੰਘ ਮਨੀਮਾਜਰਾ ਨੇ ਸਾਨੂੰ ਵੀ ਸੱਦਿਆ ਪਰ ਫਾਈਨਲ ਸਾਲ ਹੋਣ ਕਰ ਕੇ ਮੈਨੂੰ ਦੋ ਹਫਤੇ ਦੀ ਛੁੱਟੀ ਨਾ ਮਿਲੀ, ਉਨ੍ਹਾਂ ਵੀਕਐਂਡ 'ਤੇ ਜਾਣ ਲਈ ਹਾਂ ਕਰ ਦਿੱਤੀ। ਮੈਂ ਤੇ ਅੰਮ੍ਰਿਤਪਾਲ ਧਾਲੀਵਾਲ ਦਿੱਲੀ ਜਾ ਕੇ ਸ਼ਾਮਲ ਹੋਏ। ਉਥੇ ਇਕ ਪੇਸ਼ਕਾਰੀ ਵੀ.ਆਈ.ਪੀਜ਼ ਲਈ ਸੀ, ਇਕ ਮੀਡੀਆ ਲਈ। ਅਸੀਂ ਭੰਗੜਾ ਪੇਸ਼ ਕੀਤਾ। ਸਾਡੀ ਟੀਮ ਵਿਚ ਗਿੱਲ ਸੁਰਜੀਤ, ਬਿੰਦੀ ਬਰਾੜ, ਮਾਸਟਰ ਹਰਭਜਨ, ਐਮ. ਪੀ. ਸਿੰਘ, ਮਹਿੰਦਰ ਮਿੰਦੀ, ਜਸਬੀਰ ਪੰਨੂ, ਉਸ ਦਾ ਭਰਾ ਨਿੱਕੂ ਤੇ ਹੋਰ ਬਹੁਤ ਧੁਨੰਤਰ ਸ਼ਾਮਲ ਸਨ।

ਕੁਝ ਮਹੀਨਿਆਂ ਬਾਅਦ ਸੁਨੇਹਾ ਆਇਆ ਕਿ ਪਟਿਆਲਾ ਜਾ ਕੇ ਭੰਗੜਾ ਪਾਉਣਾ ਹੈ। ਜਦੋਂ ਤਿਆਰ ਹੋਏ ਤਾਂ ਪਤਾ ਲੱਗਾ ਕਿ ਭੰਗੜਾ ਸੈਂਟਰਲ ਜੇਲ੍ਹ ਵਿਚ ਕੈਦੀਆਂ ਲਈ ਪਾਉਣਾ ਹੈ, ਜਿਥੇ ਸੁਰਜੀਤ ਦੇ ਪਿਤਾ ਜੀ ਸੁਪਰਡੈਂਟ ਸਨ। ਛੋਹਰ ਉਮਰ ਕਰ ਕੇ ਕੈਦੀਆਂ ਤੋਂ ਵੀ ਡਰ ਲਗਦਾ ਸੀ ਪਰ ਉਨ੍ਹਾਂ ਨੇ ਕਮਾਲ ਦਾ ਬਰੇਕਫਾਸਟ ਦਿੱਤਾ ਤੇ ਫਿਰ ਦੁਪਹਿਰ ਦਾ ਖਾਣਾ ਸੁਰਜੀਤ ਦੇ ਘਰੇ ਖਾਧਾ।

## ਸੰਪਾਦਕ ਦੀ ਡਾਕ

ਕੁਝ ਮਹੀਨੇ ਬਾਅਦ ਇੰਡੀਆ ਹੋਮ ਗਾਰਡ ਦਾ ਸਾਲਾਨਾ ਇਨਾਮ ਵੰਡ ਸਮਾਗਮ ਸੀ। ਨਾਹਣਾ, ਬਿੰਦੀ ਬਰਾੜ ਤੇ ਸੁਰਜੀਤ ਨੇ ਸਾਨੂੰ ਹੋਮ ਗਾਰਡ ਦੀ ਵਰਦੀ ਪਵਾ ਕੇ ਫੋਟੋ ਪਛਾਣ ਪੱਤਰ ਬਣਵਾ ਦਿੱਤਾ। ਮੁਕਾਬਲੇ ਵਿਚ ਪੰਜਾਬ ਹੋਮ ਗਾਰਡ ਕਿਸੇ ਹੋਰ ਇਨਾਮ ਲਈ ਸਫਲ ਨਾ ਹੋਇਆ, ਸਿਰਫ ਭੰਗੜੇ ਨੇ ਪਹਿਲਾ ਸਥਾਨ ਜਿੱਤਿਆ। ਕਮਾਂਡਰ ਨੇ ਖੁਸ਼ ਹੋ ਕੇ 100 ਰੁਪਏ ਦਿੱਤੇ ਤੇ ਕਿਹਾ, 'ਜਾਉ ਆਂਡੇ-ਸਾਂਡੇ ਖਾ ਆਉ, ਤੁਸੀਂ ਸਾਡੀ ਇੱਜਤ ਰੱਖ ਲਈ।' ਅਨੁਪਮ ਖੇਰ ਨੇ ਵੀ ਡਰਾਮਾ ਪੇਸ਼ ਕੀਤਾ, ਜੋ ਪਹਿਲੇ ਥਾਂ ਰਿਹਾ।

ਥੋੜ੍ਹੇ ਸਾਲ ਬਾਅਦ ਅਸੀਂ ਧੀਆਂ ਸਮੇਤ ਭਾਰਤ ਪਰਤੇ। ਧੀਆਂ ਕਹਿਣ ਲੱਗੀਆਂ, 'ਪਾਪਾ ਇੰਡੀਆ ਆਏ ਹਾਂ ਤਾਂ ਟੇਪ ਕਢਵਾ ਚਲੀਏ।' ਚੰਡੀਗੜ੍ਹ ਵਾਲੇ ਹਰਦੀਪ ਗਿੱਲ ਨੂੰ ਨਾਲ ਲਿਆ ਜਿਨ੍ਹਾਂ ਨੂੰ ਅਸੀਂ ਪਹਿਲਾਂ ਹੀ ਜਾਣਦੇ ਸਾਂ। ਟੇਪ ਵਿਚ ਗਿੱਲ ਸੁਰਜੀਤ ਦੇ ਚਾਰ ਗਾਣੇ ਸਨ, ਟੇਪ ਦਾ ਨਾਂ 'ਹੇਠ ਬਰੋਟੇ ਦੇ' ਹੈ। ਗਾਣੇ ਰਿਕਾਰਡ ਕਰ ਕੇ ਜਦੋਂ ਸੁਰਜੀਤ ਨੇ ਸੁਣੇ ਤਾਂ ਉਨ੍ਹਾਂ ਸ਼ਾਬਾਸ਼ ਦਿੱਤੀ। ਜ਼ਾਹਰ ਹੈ ਕਿ ਸੁਰਜੀਤ ਦੇ ਗੀਤਾਂ ਦੀ ਕਿਤਾਬ ਵੀ ਖਰੀਦ ਕੇ ਲਿਆਏ ਸਾਂ। ਸੁਰਜੀਤ ਗਿੱਧੇ ਦਾ ਬਹੁਤ ਵਧੀਆ ਕੋਚ ਹੈ ਤੇ ਅਕਸਰ ਉਹਦੀ ਟੀਮ ਜਿੱਤਦੀ।

-ਠਾਕਰ ਸਿੰਘ ਬਸਾਤੀ, ਸ਼ਿਕਾਗੋ

# ਰਾਖ 'ਚੋਂ ਉਗੇ: ਸੰਤਾਲੀ ਦੀ ਵੰਡ ਵੇਲੇ ਉਜੜੇ ਲੋਕਾਂ ਦੀ ਦਾਸਤਾਂ

'ਰਾਖ 'ਚੋਂ ਉਗੇ' ਕਿਤਾਬ ਡਾ. ਮਹਿੰਦਰ ਸਿੰਘ ਰੰਧਾਵਾ (ਆਈ. ਸੀ. ਐਸ.) ਦੀ ਅੰਗਰੇਜ਼ੀ ਵਿਚ ਲਿਖੀ ਪੁਸਤਕ 'ਆਊਟ ਆਫ ਦਿ ਐਸ਼ਿਜ਼', ਦਾ ਪੰਜਾਬੀ ਅਨੁਵਾਦ ਦੋ ਉਦਮੀ ਬੀਬੀਆਂ-ਦਵੀ ਦਵਿੰਦਰ ਕੌਰ (ਚੀਫ ਸਬ-ਐਡੀਟਰ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ) ਅਤੇ ਡਾ. ਜਗਦੀਸ਼ ਕੌਰ (ਪ੍ਰੋਫੈਸਰ, ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ) ਦੇ ਉਦਮ ਨਾਲ ਛਪਿਆ ਹੈ। ਇਹ ਪੁਸਤਕ 1947 ਵਿਚ ਜਦੋਂ ਹਿੰਦੁਸਤਾਨ ਵਿਚੋਂ ਪਾਕਿਸਤਾਨ ਨਾਂ ਦਾ ਦੇਸ਼ ਬਣਿਆ, ਉਸ ਤੋਂ ਬਾਅਦ ਦੋਵਾਂ ਪਾਸਿਆਂ ਤੋਂ ਧਰਮ ਆਧਾਰਿਤ ਲੋਕਾਂ ਦੇ ਆਪਣੇ ਘਰ ਘਾਟ ਛੱਡ ਕੇ ਲੱਖਾਂ ਮੁਸੀਬਤਾਂ ਝੱਲ ਕੇ ਜਾਣ ਦੀ ਗਮਗੀਨ ਦਾਸਤਾਂ ਹੈ।



**ਵਾਸਦੇਵ ਸਿੰਘ ਪਰਹਾਰ**
ਫੋਨ: 206-434-1155

ਪਾਕਿਸਤਾਨ ਵੱਲੋਂ ਹਿੰਦੂ ਤੇ ਸਿੱਖ ਸ਼ਰਨਾਰਥੀ ਬਹੁਤ ਭੈੜੀ ਹਾਲਤ ਵਿਚ ਇਧਰ ਪਹੁੰਚੇ। ਇਨ੍ਹਾਂ ਦੇ ਮੁੜ ਵਸੇਬੇ ਦਾ ਕਾਰਜ ਸੌਖਾ ਨਹੀਂ ਸੀ। ਜਿਸ ਸੂਝ ਬੂਝ ਅਤੇ ਭ੍ਰਿਸ਼ਟਾਚਾਰ ਰਹਿਤ ਢੰਗ ਨਾਲ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਿਆ ਗਿਆ, ਇਸ ਪੁਸਤਕ ਵਿਚ ਉਸ ਬਾਰੇ ਦੱਸਿਆ ਗਿਆ ਹੈ। ਇਸ ਸਮੇਂ ਜਿਉਂਦੇ ਉਹ ਲੋਕ ਜਿਨ੍ਹਾਂ ਨੇ ਇਹ ਦੁੱਖ ਹੱਡੀਂ ਹੰਢਾਇਆ ਹੈ, ਇਸ ਪੁਸਤਕ ਦੀ ਸੱਚਾਈ ਨੂੰ ਸਮਝਦੇ ਹੋਣਗੇ। ਜਿਨ੍ਹਾਂ ਨੇ ਸੰਨ 1947 ਵਿਚ ਹੋਸ਼ ਸੰਭਾਲੀ, ਉਨ੍ਹਾਂ ਨੇ ਇਹ ਦੁੱਖ ਦੇਖੇ ਅਤੇ ਮਹਿਸੂਸ ਕੀਤੇ ਹੋਣਗੇ; ਪਰ ਜਿਨ੍ਹਾਂ ਨੇ 1947 ਤੋਂ ਬਾਅਦ ਹੋਸ਼ ਸੰਭਾਲੀ, ਉਨ੍ਹਾਂ ਨੂੰ ਇਹ ਕਾਫੀ ਦਿਲ ਕੰਬਾਊ ਲੱਗਣਗੇ। ਅਜੋਕੀ ਪੀੜ੍ਹੀ ਜੋ ਪੰਜਾਬ ਅਤੇ ਵਿਦੇਸ਼ਾਂ ਵਿਚ ਵੱਸਦੀ ਹੈ, ਵਿਚੋਂ ਕਈ ਤਾਂ ਇਹ ਵੀ ਨਹੀਂ ਜਾਣਦੇ ਹੋਣੇ ਕਿ ਪਾਕਿਸਤਾਨ ਸੰਨ 1947 ਵਿਚ ਬਣਿਆ।

ਦੇਸ਼ ਦੀ ਵੰਡ ਤੋਂ ਪਹਿਲਾਂ ਹਿੰਦੁਸਤਾਨ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ-ਸਭ ਭਰਾਵਾਂ ਵਾਂਗ ਰਹਿੰਦੇ ਸਨ ਪਰ ਦੇਸ਼ ਦੀ ਵੰਡ ਧਰਮ ਦੇ ਆਧਾਰ 'ਤੇ ਕਰਨ ਦੀਆਂ ਖਬਰਾਂ ਸੁਣ ਕੇ ਪਤਾ ਨਹੀਂ, ਦੋਹਾਂ ਧਰਮਾਂ ਵਿਚ ਕਿਹੜੀ ਮਾੜੀ ਹਵਾ ਚੱਲੀ ਕਿ ਭਰਾਵਾਂ ਵਾਂਗੂ ਰਹਿੰਦੇ ਗੁਆਂਢੀ ਧਰਮ ਦੇ ਨਾਂ 'ਤੇ ਇਕ ਦੂਜੇ ਦੇ ਖੂਨ ਦੇ ਪਿਆਸੇ ਹੋ ਗਏ। ਵੰਡ ਦੀਆਂ ਖਬਰਾਂ ਸੁਣ ਕੇ ਫਰੰਟੀਅਰ ਦੇ ਮੁਸਲਿਮ ਬਹੁਗਿਣਤੀ ਵਾਲੇ ਖਿੱਤੇ ਵਿਚ ਮੁਸਲਮਾਨਾਂ ਨੇ ਹਿੰਦੂਆਂ ਅਤੇ ਸਿੱਖਾਂ ਦੀ ਲੁੱਟਮਾਰ ਸ਼ੁਰੂ ਕਰ ਦਿੱਤੀ। ਡਰ ਦੇ ਮਾਰੇ ਕਈਆਂ ਨੇ ਇਸਲਾਮ ਕਬੂਲ ਕਰ ਲਿਆ। ਕੁਝ ਸਿਆਣੇ ਲੋਕ ਮਾਰਚ, ਅਪਰੈਲ 1947 ਵਿਚ ਹੀ ਆਪਣਾ ਪੈਸਾ ਅਤੇ ਸੋਨੇ ਦੇ ਗਹਿਣੇ ਲੈ ਕੇ ਦਿੱਲੀ ਆ ਗਏ। ਉਨ੍ਹਾਂ ਦੇ ਠਹਿਰਨ ਅਤੇ ਲੰਗਰ ਦਾ ਪ੍ਰਬੰਧ ਗੁਰਦੁਆਰਾ ਬੰਗਲਾ ਸਾਹਿਬ ਵਿਚ ਕੀਤਾ ਗਿਆ।

ਦੇਸ਼ ਦੀ ਵੰਡ ਦੀ ਲਕੀਰ ਖਿੱਚਣ ਵਾਲਾ ਅੰਗਰੇਜ਼ ਅਫਸਰ ਰੈਡਕਲਿਫ 14 ਅਗਸਤ ਤੋਂ ਪਹਿਲਾਂ ਹੀ ਇੰਗਲੈਂਡ ਚਲਾ ਗਿਆ, ਕਿਉਂਕਿ ਉਸ ਨੂੰ ਪਤਾ ਸੀ ਕਿ ਇਸ ਵੰਡ ਤੋਂ ਕਿਸੇ ਨੇ ਵੀ ਖੁਸ਼ ਨਹੀਂ ਹੋਣਾ। ਪਾਕਿਸਤਾਨ ਨੇ 14 ਅਗਸਤ 1947 ਨੂੰ ਆਪਣਾ ਆਜ਼ਾਦੀ ਦਿਵਸ ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ, ਜੋ ਲਕੀਰ ਤੋਂ ਪਾਕਿਸਤਾਨ ਵਾਲੇ ਪਾਸੇ ਦੇ ਹਿੰਦੂਆਂ ਤੇ ਸਿੱਖਾਂ ਲਈ ਅਣਹੋਣੀ ਮੁਸੀਬਤ ਬਣ ਗਿਆ। ਉਹ ਆਪਣਾ ਜ਼ਰੂਰੀ ਸਮਾਨ ਗੱਡਿਆਂ 'ਤੇ ਲੱਦ ਕੇ ਭਾਰਤ ਵੱਲ ਚੱਲ ਪਏ ਪਰ ਗੱਡਿਆਂ ਦੇ ਕਾਫਲਿਆਂ 'ਤੇ ਵੀ ਮੁਸਲਿਮ ਧਾੜਵੀ ਹਮਲੇ ਕਰਦੇ, ਜੋ ਸਮਾਨ ਤੋਂ ਇਲਾਵਾ ਨੌਜਵਾਨ ਔਰਤਾਂ ਨੂੰ ਵੀ ਚੁੱਕ ਕੇ ਲੈ ਜਾਂਦੇ।

6 ਸਤੰਬਰ 1947 ਤਕ 5 ਲੱਖ ਸ਼ਰਨਾਰਥੀ ਦਿੱਲੀ ਸ਼ਹਿਰ ਪਹੁੰਚ ਗਏ। ਉਸ ਸਮੇਂ ਡਾ. ਐਮ. ਐਸ. ਰੰਧਾਵਾ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ। ਉਨ੍ਹਾਂ ਬੜੀ ਸੂਝ ਬੂਝ ਨਾਲ ਸ਼ਰਨਾਰਥੀਆਂ ਦੇ ਰਹਿਣ ਲਈ ਆਰਜ਼ੀ ਤੰਬੂਆਂ ਦਾ ਪ੍ਰਬੰਧ ਕੀਤਾ ਅਤੇ ਜੰਗੀ ਪੱਧਰ 'ਤੇ ਮੁਸਲਮਾਨਾਂ ਦੀਆਂ ਦੁਕਾਨਾਂ ਤੇ ਮਕਾਨ ਇਨ੍ਹਾਂ ਨੂੰ ਅਲਾਟ ਕੀਤੇ। ਇਨ੍ਹਾਂ ਸ਼ਰਨਾਰਥੀਆਂ ਨੇ ਮੰਗ ਕੇ ਖਾਣ ਜਾਂ ਲੁੱਟ ਖਸੁੱਟ ਕਰਨ ਨਾਲੋਂ ਹੱਥੀਂ ਕੰਮ ਕਰਨ ਦਾ ਉਦਮ ਕੀਤਾ। ਕਈ ਅਮੀਰ ਆਦਮੀਆਂ ਨੇ ਸੜਕਾਂ 'ਤੇ ਫੜ੍ਹੀਆਂ ਜਾਂ ਰੇਹੜੀਆਂ ਲਾ ਕੇ ਸਮਾਨ ਵੇਚਣਾ ਸ਼ੁਰੂ ਕਰ ਦਿੱਤਾ। ਕਈ ਅਮੀਰਾਂ ਨੇ ਟਾਂਗੇ ਚਲਾ ਕੇ ਆਪਣੇ ਟੱਬਰ ਪਾਲੇ।

ਇਸ ਸਮੇਂ ਦਿੱਲੀ ਵਿਚ ਪੰਜ ਸੌ ਟੈਕਸੀਆਂ ਦੇ ਲਾਇਸੈਂਸ ਦੇਣੇ ਸਨ। ਡਾ. ਰੰਧਾਵਾ ਨੇ 2000 ਉਮੀਦਵਾਰਾਂ ਦੀ ਭੀੜ ਨੂੰ ਕਿਹਾ ਕਿ ਭਾਈ ਦੋ ਲਾਈਨਾਂ ਬਣਾ ਲਉ, ਇਕ ਵਿਚ ਸ਼ਰਨਾਰਥੀ ਅਤੇ ਦੂਜੀ ਵਿਚ ਸਥਾਨਕ ਬੰਦੇ ਖੜ੍ਹੇ ਹੋ ਜਾਉ। ਇਨ੍ਹਾਂ ਵਿਚੋਂ 1000 ਸਥਾਨਕ ਬੰਦੇ ਨਿਕਲੇ। ਉਨ੍ਹਾਂ ਨੂੰ ਕਿਹਾ ਕਿ ਤੁਸੀਂ ਜਾਉ, ਇਹ ਲਾਇਸੈਂਸ ਕੇਵਲ ਰਫਿਊਜੀਆਂ ਨੂੰ ਹੀ ਦਿੱਤੇ ਜਾਣਗੇ। ਸ੍ਰੀ ਐਚ. ਪੀ. ਨੰਦਾ, ਜੋ ਸਮਾਂ ਪਾ ਕੇ ਐਸਕਾਰਟ ਟਰੈਕਟਰ ਦੇ ਮਾਲਕ ਬਣੇ, ਨੂੰ ਦੋ ਟੈਕਸੀਆਂ ਦੇ ਲਾਇਸੈਂਸ ਦਿੱਤੇ ਗਏ। ਅੱਜ ਦੇ ਹਾਲਾਤ ਵਿਚ ਇਹ ਕਲਪਨਾ ਕਰਨੀ ਵੀ ਔਖੀ ਹੈ ਕਿ ਕਿਵੇਂ ਜਾਨਾਂ ਬਚਾਉਣ ਲਈ ਉਧਰੋਂ ਪਾਕਿਸਤਾਨ ਵਲੋਂ ਆਏ ਸ਼ਰਨਾਰਥੀਆਂ ਨੇ ਕਿਸ ਦ੍ਰਿੜਤਾ ਨਾਲ ਆਪਣੇ ਪੈਰ ਜਮਾਏ।

ਦਸੰਬਰ 1947 ਤੱਕ 12,50,000 ਸ਼ਰਨਾਰਥੀ ਭਾਰਤ ਆ ਚੁਕੇ ਸਨ ਤੇ ਉਨ੍ਹਾਂ ਦੀ ਤੁਰੰਤ ਰਿਹਾਇਸ਼ ਲਈ ਥਾਂ-ਥਾਂ 'ਤੇ 160 ਕੈਂਪ ਲਾਏ ਗਏ। ਸਾਰੇ ਵਿਦਿਅਕ ਅਦਾਰੇ ਤਿੰਨ ਮਹੀਨੇ ਲਈ ਬੰਦ ਰੱਖਣ ਦੇ ਆਦੇਸ਼ ਦਿੱਤੇ ਗਏ। ਸਕੂਲ ਮਾਸਟਰਾਂ, ਕਾਲਜ ਪ੍ਰੋਫੈਸਰਾਂ ਅਤੇ ਸੀਨੀਅਰ ਵਿਦਿਆਰਥੀਆਂ ਨੂੰ ਕੈਂਪਾਂ ਵਿਚ ਸ਼ਰਨਾਰਥੀਆਂ ਦੀ ਸੇਵਾ ਸੰਭਾਲ ਦਾ ਕੰਮ ਸੌਂਪਿਆ ਗਿਆ। ਜੋ ਵਿਦਿਆਰਥੀ ਇਨ੍ਹਾਂ ਦਿਨਾਂ ਵਿਚ ਸਾਲਾਨਾ ਪੇਪਰ ਨਾ ਦੇ ਸਕੇ, ਉਨ੍ਹਾਂ ਨੂੰ ਸਮਾਜ ਸੇਵਾ ਲਈ ਡਿਗਰੀਆਂ ਦਿੱਤੀਆਂ ਗਈਆਂ।

ਪੰਜਾਬ ਵਿਚ ਸ਼ਰਨਾਰਥੀਆਂ ਨੂੰ ਪਾਕਿਸਤਾਨ ਵਲੋਂ ਆ ਰਹੇ ਕਾਫਲਿਆਂ ਵਿਚ ਪੈਂਫਲਿਟ ਵੰਡ ਕੇ ਸੂਚਿਤ ਕੀਤਾ ਗਿਆ ਕਿ ਉਹ ਕਿਸ ਜ਼ਿਲ੍ਹੇ ਵਿਚ ਜਾਣ? ਜਿਮੀਦਾਰਾਂ ਨਾਲੋਂ ਦੁਕਾਨਦਾਰਾਂ ਅਤੇ ਸ਼ਾਹੂਕਾਰਾਂ ਦੇ ਮੁੜ ਵਸੇਬੇ ਦਾ ਕੰਮ ਹੋਰ ਵੀ ਔਖਾ ਸੀ। ਇਹ ਸ਼ਾਹੂਕਾਰ ਪਾਕਿਸਤਾਨ ਵਿਚ ਹਜ਼ਾਰ ਹਜ਼ਾਰ ਏਕੜ ਜ਼ਮੀਨ ਦੇ ਮਾਲਕ ਸਨ ਅਤੇ ਖੇਤੀ ਮੁਜਾਰਿਆਂ ਤੋਂ ਕਰਵਾਉਂਦੇ ਸਨ। ਐਧੇ ਕੁ ਲੋਕ ਆਪਣਾ ਸਭ ਕੁਝ ਛੱਡ ਕੇ ਖਾਲੀ ਹੱਥ ਆਏ ਸਨ। ਲੱਖਾਂ ਭੁੱਖੇ ਸ਼ਰਨਾਰਥੀਆਂ ਨੂੰ ਇਥੇ ਤੁਰੰਤ ਨਾ ਸੰਭਾਲਿਆ ਜਾਂਦਾ ਤਾਂ ਡਰ ਸੀ ਕਿ ਉਹ ਇਧਰ ਸਥਾਨਕ ਲੋਕਾਂ ਦੀ ਲੁੱਟ ਨਾ ਸ਼ੁਰੂ ਕਰ ਦੇਣ। ਬਹੁਗਿਣਤੀ ਲੋਕ ਆਪਣੇ ਇਧਰ ਰਹਿੰਦੇ ਲੋਕਾਂ ਕੋਲ ਆ ਟਿਕੇ। ਜਿਨ੍ਹਾਂ ਦਾ ਇਧਰ ਕੋਈ ਨਹੀਂ ਸੀ, ਉਹ ਨਿਆਸਰੇ ਗੁਰਦੁਆਰਿਆਂ ਵਿਚ ਠਹਿਰੇ। ਸਥਾਨਕ ਲੋਕਾਂ ਨੇ ਉਨ੍ਹਾਂ ਦੇ ਲੰਗਰ-ਪਾਣੀ ਦਾ ਪ੍ਰਬੰਧ ਕੀਤਾ।

ਜ਼ਮੀਨਾਂ ਦੀ ਅਲਾਟਮੈਂਟ ਪਹਿਲਾਂ ਇਸ ਤਰ੍ਹਾਂ ਕੀਤੀ ਗਈ ਕਿ ਹਰ ਇਕ ਨੂੰ ਇਧਰ ਮੁਸਲਮਾਨਾਂ ਦੀਆਂ ਖਾਲੀ ਜ਼ਮੀਨਾਂ ਤੇ ਦਸ ਦਸ ਏਕੜ ਦਿੱਤੇ ਗਏ। ਹਰ ਪਿੰਡ ਦੇ ਅਲਾਟੀਆਂ ਦੀ ਕਮੇਟੀ ਲੋਕਲ ਮਾਲ ਅਫਸਰਾਂ ਨੇ ਬਣਾ ਦਿੱਤੀ ਕਿ ਉਸ ਸਮੇਂ ਮੁਸਲਮਾਨਾਂ ਦੀਆਂ ਖੜ੍ਹੀਆਂ ਮੱਕੀ ਅਤੇ ਕਮਾਦ ਦੀਆਂ ਫਸਲਾਂ ਤੁਸੀਂ ਸ਼ਰਨਾਰਥੀ ਆਪਸ ਵਿਚ ਵੰਡ ਲਵੋ। ਉਨ੍ਹਾਂ ਸਭ ਨੇ ਮਿਲ ਕੇ ਪਹਿਲਾਂ ਮੱਕੀ ਅਤੇ ਫਿਰ ਕਮਾਦ ਦੀ ਫਸਲ ਵੰਡ ਲਈ। ਸ਼ਾਇਦ ਹੀ ਕਿਸੇ ਨਾਲ ਬੇਇਨਸਾਫੀ ਹੋਈ ਹੋਵੇ। ਮੁਸਲਮਾਨਾਂ ਦੇ ਘਰਾਂ ਦੀ ਅਲਾਟਮੈਂਟ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਅਤੇ ਅਲਾਟੀਆਂ ਦੀ ਉਧਰ ਛੱਡੀ ਜ਼ਮੀਨ ਤੇ ਘਰ ਦੇ ਹਿਸਾਬ ਨਾਲ ਹੋਈ। ਸਭ ਤੋਂ ਵੱਧ ਜ਼ਮੀਨ ਵਾਲੇ ਤੋਂ ਪੁੱਛਿਆ ਗਿਆ ਕਿ ਕਿਹੜਾ ਘਰ ਲੈਣਾ ਹੈ। ਇਸ ਤੋਂ ਬਾਅਦ ਨੰਬਰਦਾਰ ਵਲੋਂ ਜ਼ਮੀਨ ਦੀ ਮਾਲਕੀ ਦੇ ਹਿਸਾਬ ਨਾਲ ਮਕਾਨ ਅਲਾਟ ਕੀਤੇ ਗਏ। ਇਸ ਵਿਚ ਸਰਕਾਰੀ ਅਫਸਰਾਂ ਦੇ ਹੱਥ ਕੁਝ ਖਾਸ ਨਹੀਂ ਸੀ। ਇਸ ਲਈ ਇਹ ਅਲਾਟਮੈਂਟ ਭ੍ਰਿਸ਼ਟਾਚਾਰ ਤੋਂ ਮੁਕਤ ਰਹੀ, ਜਿਸ ਕਾਰਨ ਇਸ ਵਿਰੁਧ ਸ਼ਾਇਦ ਹੀ ਕੋਈ ਸ਼ਿਕਾਇਤ ਮਿਲੀ ਹੋਵੇ।

ਪਾਕਿਸਤਾਨ ਨਾਲ ਜ਼ਮੀਨੀ ਰਿਕਾਰਡ ਦੇ ਲੈਣ ਦੇਣ ਦਾ ਸਮਝੌਤਾ ਹੋਣ ਕਰ ਕੇ ਉਧਰੋਂ ਹਰ ਪਿੰਡ ਦੇ ਮਾਲਕਾਂ ਦੀ ਜ਼ਮੀਨ ਦਾ ਰਿਕਾਰਡ ਮਿਲ ਗਿਆ ਜਿਸ ਦੇ ਆਧਾਰ 'ਤੇ ਪੱਕੀ ਅਲਾਟਮੈਂਟ ਕੀਤੀ ਜਾਣੀ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨਾ ਕੋਈ ਸੌਖਾ ਕੰਮ ਨਹੀਂ ਸੀ। ਜਲੰਧਰ ਦੇ ਆਰਜ਼ੀ ਸਕੱਤਰੇਤ ਨਾਲ ਤੰਬੂਆਂ ਦਾ ਸ਼ਹਿਰ ਉਸਾਰਿਆ ਗਿਆ, ਜਿਸ ਵਿਚ ਪੰਜਾਬ ਭਰ ਤੋਂ 7000 ਪਟਵਾਰੀਆਂ ਨੂੰ ਇਸ ਕੰਮ 'ਤੇ ਲਾਇਆ ਗਿਆ। ਉਨ੍ਹਾਂ ਦੀ ਰਿਹਾਇਸ਼ ਵੀ ਤੰਬੂਆਂ ਵਿਚ ਸੀ। ਉਨ੍ਹਾਂ ਦੇ ਨਹਾਉਣ ਤੇ ਪਖਾਨਿਆਂ ਦੀਆਂ ਲਾਈਨਾਂ ਬਣਾਈਆਂ ਗਈਆਂ। ਉਨ੍ਹਾਂ ਦਿਨਾਂ ਵਿਚ ਸਖਤ ਸਰਦੀ ਕਾਰਨ ਕਈ ਪਟਵਾਰੀ ਨਮੂਨੀਏ ਨਾਲ ਚਲਾਣਾ ਕਰ ਗਏ।

ਅਲਾਟਮੈਂਟ ਵਾਸਤੇ ਜ਼ਮੀਨ ਦੀ ਉਧਰ ਛੱਡੀ ਜ਼ਮੀਨ ਅਤੇ ਇਧਰ ਉਪਲਬਧ ਜ਼ਮੀਨ ਵਾਸਤੇ ਮਿਆਰੀ ਏਕੜ ਉਸ ਜ਼ਮੀਨ ਨੂੰ ਮੰਨਿਆ ਗਿਆ ਜਿਸ ਵਿਚੋਂ ਕਣਕ ਦਾ ਝਾੜ 11 ਮਣ ਹੀ ਪ੍ਰਤੀ ਏਕੜ ਨਿਕਲਦਾ ਹੋਵੇ। ਪਾਕਿਸਤਾਨ ਵਿਚ ਛੱਡੀ 67 ਲੱਖ ਏਕੜ ਜੋ 39,35,131 ਮਿਆਰੀ ਏਕੜ ਬਣੀ, ਦੇ ਮੁਕਾਬਲੇ ਪੈਪਸੂ ਅਤੇ ਪੰਜਾਬ ਵਿਚ 24,48,830 ਮਿਆਰੀ ਏਕੜ ਉਪਲਬਧ ਸੀ। ਇਸ ਕਾਰਨ ਇਹ ਸੰਭਵ ਨਹੀਂ ਸੀ ਕਿ ਸ਼ਰਨਾਰਥੀਆਂ ਨੂੰ ਉਧਰ ਛੱਡੀ ਜ਼ਮੀਨ ਦੇ ਬਰਾਬਰ ਜ਼ਮੀਨ ਇਧਰ ਵੀ ਦਿੱਤੀ ਜਾਵੇ। ਇਸ ਲਈ ਅਲਾਟਮੈਂਟ ਦੇ ਕੱਟ ਹੇਠ ਲਿਖੇ ਅਨੁਸਾਰ ਲਾਏ ਗਏ:

| ਪਾਕਿਸਤਾਨ ਵਾਲੀ | ਜ਼ਮੀਨ ਕੱਟ |
|---|---|
| 10 ਏਕੜ | 25% |
| 20 ਏਕੜ | 61% |
| 100 ਏਕੜ | 80% |
| 250 ਏਕੜ | 90% |
| 500 ਏਕੜ ਤੋਂ ਵੱਧ | 95% |

ਸਭ ਤੋਂ ਵੱਡੀ ਜਿਮੀਦਾਰ ਸ੍ਰੀਮਤੀ ਵਿਦਿਆਵਤੀ ਦੀ ਪਾਕਿਸਤਾਨ ਦੇ 35 ਪਿੰਡਾਂ ਵਿਚ 11582 ਏਕੜ ਜ਼ਮੀਨ ਸੀ। ਉਸ ਨੂੰ ਕੈਥਲ ਦੇ ਪਿੰਡ ਬੇਹ ਅਲਬੋਟਾ ਵਿਚ 835.5 ਏਕੜ ਜ਼ਮੀਨ ਹੀ ਮਿਲੀ। ਵੱਡੇ ਜਿਮੀਦਾਰਾਂ ਦਾ ਵੱਧ ਨੁਕਸਾਨ ਹੋਇਆ ਜੋ ਉਨ੍ਹਾਂ ਲਈ ਭਲੇ ਦਾ ਕੰਮ ਬਣਿਆ। ਸਭ ਕੰਮ ਮੁਜਾਰਿਆਂ ਤੋਂ ਮੁਨਸ਼ੀ ਰੱਖ ਕੇ ਕਰਵਾਉਣ ਨਾਲੋਂ ਆਪ ਕੰਮ ਕਰਨ ਲੱਗ ਪਏ।

ਪਾਕਿਸਤਾਨ ਤੋਂ ਆਏ ਅਰੋੜੇ ਦੁਕਾਨਦਾਰਾਂ ਨੇ ਆਪਣੇ ਉਦਮ ਨਾਲ ਇਹ ਅਖਾਣ ਠੀਕ ਸਾਬਤ ਕਰ ਦਿੱਤਾ, 'ਲੱਕ ਬੱਧਾ ਅਰੋੜਿਆਂ ਤੇ ਮੁੰਨਾ ਕੋਹ ਲਾਹੌਰ।' ਸੰਨ 1947 ਤੋਂ ਪਹਿਲਾਂ ਭਾਰਤੀ ਦੁਕਾਨਦਾਰ ਜੋ ਬਹੁਤੇ ਖੱਤਰੀ ਸਨ, ਪਿੰਡਾਂ ਵਿਚ ਦੁਕਾਨਾਂ ਅੰਦਰ ਕੇਵਲ ਜ਼ਰੂਰੀ ਵਸਤਾਂ ਹੀ ਰੱਖਦੇ। ਉਨ੍ਹਾਂ ਦੀਆਂ ਜ਼ਨਾਨੀਆਂ ਦੁਕਾਨਾਂ 'ਤੇ ਕਦੀ ਸੌਦਾ ਨਹੀਂ ਸਨ ਵੇਚਦੀਆਂ ਪਰ ਅਰੋੜੇ ਖੁਦ ਸਾਈਕਲਾਂ 'ਤੇ ਪੰਦਰਾਂ-ਪੰਦਰਾਂ, ਵੀਹ-ਵੀਹ ਮੀਲ ਸਾਈਕਲਾਂ 'ਤੇ ਜਾ ਕੇ ਰੋਜ਼ ਸ਼ਹਿਰੋਂ ਤਾਜ਼ਾ ਕੇਲੇ, ਸੰਤਰੇ ਅਤੇ ਸਬਜ਼ੀਆਂ ਲਿਆ ਕੇ ਦੁਕਾਨਾਂ ਵਿਚ ਰੱਖਦੇ। ਉਹ ਆਪ ਪਿੰਡਾਂ ਵਿਚ ਇਹ ਸਮਾਨ ਸਾਈਕਲਾਂ 'ਤੇ ਵੇਚਦੇ ਅਤੇ ਉਨ੍ਹਾਂ ਦੀਆਂ ਘਰਵਾਲੀਆਂ ਪਿੰਡ ਦੀ ਦੁਕਾਨ 'ਤੇ ਸੌਦਾ ਵੇਚਦੀਆਂ। ਕਦੇ ਵੀ ਕਿਸੇ ਮਨਚਲੇ ਨੇ ਉਨ੍ਹਾਂ ਨੂੰ ਕੋਝਾ ਮਜ਼ਾਕ ਕਰਨ ਦੀ ਹਰਕਤ ਨਾ ਕੀਤੀ। ਉਹ ਹਰ ਹਾਣ ਦੇ ਨੂੰ ਭਿਰਾ ਜੀ (ਭਰਾ ਜੀ) ਅਤੇ ਬਜ਼ੁਰਗ ਨੂੰ ਬਾਪੂ ਜੀ ਆਖ ਕੇ ਬੁਲਾਉਂਦੀਆਂ। ਉਨ੍ਹਾਂ ਦੁਕਾਨਾਂ ਵਿਚ ਸੂਈਆਂ, ਧਾਗੇ ਅਤੇ ਸੁਨਿਆਰੀ ਦਾ ਹੋਰ ਸਮਾਨ ਰੱਖ ਕੇ ਪੇਂਡੂ ਸਭਿਆਚਾਰ ਦੀ ਉਨਤੀ ਵਿਚ ਆਪਣਾ ਯੋਗਦਾਨ ਪਾਇਆ।

ਕੱਚੀ ਅਲਾਟਮੈਂਟ ਤੋਂ ਬਾਅਦ ਜਿਥੇ ਜਿਥੇ ਬਾਰ ਵਿਚੋਂ ਆਏ ਵਿਰਕ, ਸੰਧੂ ਆਦਿ ਜੱਟਾਂ ਨੂੰ ਦੁਆਬੇ ਦੇ ਪਿੰਡਾਂ ਵਿਚ ਜ਼ਮੀਨਾਂ ਅਲਾਟ ਹੋਈਆਂ, ਇਧਰ ਪਸ਼ੂਆਂ ਦੀਆਂ ਚੋਰੀਆਂ ਸ਼ੁਰੂ ਹੋ ਗਈਆਂ। ਪਹਿਲਾਂ ਇਧਰ ਅਜਿਹੀ ਵਾਰਦਾਤ ਕਦੇ ਕਦਾਈਂ ਹੀ ਹੁੰਦੀ ਸੀ ਪਰ ਹੁਣ ਅਜਿਹੀਆਂ ਚੋਰੀਆਂ ਨਿੱਤ ਹੋਣ ਲੱਗ ਪਈਆਂ।

ਉਨ੍ਹੀਂ ਦਿਨੀਂ ਸਰਕਾਰ ਨੇ ਪੱਕੀ ਅਲਾਟਮੈਂਟ ਕਰਨ ਤੋਂ ਪਹਿਲਾਂ ਡਾ. ਐਮ. ਐਸ. ਰੰਧਾਵਾ, ਜੋ ਅੰਬਾਲਾ ਦੇ ਡਿਪਟੀ ਕਮਿਸ਼ਨਰ ਸਨ, ਨੂੰ ਮਨਾ ਕੇ ਪੰਜਾਬ ਦਾ ਐਡੀਸ਼ਨਲ ਡਾਇਰੈਕਟਰ ਸੈਟਲਮੈਂਟਸ ਲਾ ਦਿੱਤਾ। ਉਨ੍ਹਾਂ ਬੜੀ ਸੂਝ ਬੂਝ ਨਾਲ ਸਾਰੇ ਜੱਟਾਂ ਦੇ ਸੁਭਾਅ ਅਨੁਸਾਰ ਜ਼ਮੀਨਾਂ ਦੀ ਪੱਕੀ ਅਲਾਟਮੈਂਟ ਕੀਤੀ। ਸਾਰੇ ਹੀ ਵਿਰਕ ਕਰਨਾਲ ਆਦਿ ਜ਼ਿਲ੍ਹਿਆਂ ਵਿਚ ਵਸਾਏ, ਜੋ ਹਰਿਆਣਾ ਦੀ ਖੇਤੀਬਾੜੀ ਦੇ ਮੋਹਰੀ ਬਣੇ। ਜਦੋਂ ਉਹ ਜਲੰਧਰ ਸੈਟਲਮੈਂਟ ਅਫਸਰ ਸਨ ਤਾਂ ਹਜ਼ਾਰਾਂ ਸ਼ਰਨਾਰਥੀ ਉਨ੍ਹਾਂ ਦੀ ਕੋਠੀ ਅੱਗੇ ਆ ਖੜ੍ਹੇ ਹੁੰਦੇ। ਉਹ ਸਭ ਨੂੰ ਨੰਬਰਵਾਰ ਚਿਟਾਂ ਵੰਡ ਕੇ ਦਫਤਰ ਵਿਚ ਮਿਲਣ ਲਈ ਬੁਲਾਉਂਦੇ। ਉਨ੍ਹਾਂ ਦਾ ਵੱਡਾ ਗੁਣ ਸੀ ਕਿ ਉਹ ਅਪੀਲਕਰਤਾ ਦੀ ਗੱਲ ਬੜੇ ਹੀ ਹਮਦਰਦੀ ਭਰੇ ਲਹਿਜ਼ੇ ਨਾਲ ਸੁਣਦੇ ਜਿਸ ਤੋਂ ਬਿਨੈਕਾਰ ਨੂੰ ਬੜਾ ਸਕੂਨ ਮਿਲਦਾ ਤੇ ਉਸ ਦਾ ਕੰਮ ਰਿਕਾਰਡ ਅਨੁਸਾਰ ਹੁੰਦਾ।

ਪੱਕੀ ਅਲਾਟਮੈਂਟ ਤੋਂ ਬਾਅਦ ਡਾ. ਰੰਧਾਵਾ ਨੇ ਕਿਸਾਨਾਂ ਨੂੰ ਬਿਜਲੀ ਦੀਆਂ ਮੋਟਰਾਂ, ਇੰਜਣਾਂ, ਟਰੈਕਟਰਾਂ ਲਈ ਕਰਜ਼ੇ ਦਿੱਤੇ ਅਤੇ ਇਹੀ ਕਿਸਾਨ ਪੰਜਾਬ ਵਿਚ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦੀ ਅੰਨ ਥੁੜ੍ਹ ਖਤਮ ਕਰਨ ਵਿਚ ਯੋਗਦਾਨ ਪਾਉਣ ਦੇ ਮੋਹਰੀ ਬਣੇ। ਉਧਰੋਂ ਉਜੜ ਕੇ ਮੰਦੇ ਹਾਲੀਂ ਆਏ ਸ਼ਰਨਾਰਥੀਆਂ ਨੇ ਹਰ ਮੈਦਾਨ ਵਿਚ ਦੇਸ਼ ਦਾ ਨਾਂ ਉਚਾ ਕੀਤਾ। ਇਸ ਤਰ੍ਹਾਂ ਇਹ ਕੁਕਨੂਸ ਵਾਂਗ ਫਿਰ ਨਵੇਂ ਸਿਰਿਓਂ ਪੈਰੀਂ ਹੋ ਗਏ। ਚੀਨੀ ਲੋਕ ਧਾਰਾ ਦਾ ਮਿਥਿਹਾਸਕ ਪੰਛੀ ਕੁਕਨੂਸ ਆਪਣੀ ਚਿਤਾ ਦੀ ਸੁਆਹ 'ਚੋਂ ਮੁੜ ਪੈਦਾ ਹੁੰਦਾ ਹੈ।



## ਅੱਜ ਆਖਾਂ ਵਾਰਿਸ ਸ਼ਾਹ ਨੂੰ

ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ-ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ
ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
ਉਠ ਦਰਦਮੰਦਾਂ ਦਿਆ ਦਰਦੀਆ!
ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ
ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿਚ
ਦਿੱਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ
ਦਿੱਤਾ ਪਾਣੀ ਲਾ
ਇਸ ਜ਼ਰਖੇਜ਼ ਜ਼ਮੀਨ ਦੇ
ਲੂੰ ਲੂੰ ਫੁਟਿਆ ਜ਼ਹਿਰ
ਗਿਠ ਗਿਠ ਚੜ੍ਹੀਆਂ ਲਾਲੀਆਂ
ਫੁੱਟ ਫੁੱਟ ਚੜ੍ਹਿਆ ਕਹਿਰ
ਵਿਹੁ ਵਲਿੱਸੀ ਵਾ
ਫਿਰ ਵਣ ਵਣ ਵੱਗੀ ਜਾ
ਉਹਨੇ ਹਰ ਇਕ ਵਾਂਸ ਦੀ
ਵੰਝਲੀ ਦਿੱਤੀ ਨਾਗ ਬਣਾ
ਪਹਿਲਾ ਡੰਗ ਮਦਾਰੀਆਂ
ਮੰਤਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ
ਜਣੇ ਖਣੇ ਨੂੰ ਲਾਗ
ਲਾਗਾਂ ਕੀਲੇ ਲੋਕ ਮੂੰਹ
ਬੱਸ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।
ਗਲਿਓਂ ਟੁੱਟੇ ਗੀਤ ਫਿਰ
ਤ੍ਰਕਲਿਓਂ ਟੁੱਟੀ ਤੰਦ
ਤ੍ਰਿੰਞਣੋਂ ਟੁੱਟੀਆਂ ਸਹੇਲੀਆਂ
ਚਰਖੜੇ ਘੂਕਰ ਬੰਦ
ਸਣੇ ਸੇਜ ਦੇ ਬੇੜੀਆਂ
ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ
ਅੱਜ ਪਿੱਪਲਾਂ ਦਿੱਤੀ ਤੋੜ
ਜਿਥੇ ਵਜਦੀ ਸੀ ਫੂਕ ਪਿਆਰ ਦੀ
ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ
ਭੁੱਲ ਗਏ ਉਸ ਦੀ ਜਾਚ...।
ਧਰਤੀ 'ਤੇ ਲਹੂ ਵੱਸਿਆ
ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਾਹਜ਼ਾਦੀਆਂ
ਅੱਜ ਵਿਚ ਮਜ਼ਾਰਾਂ ਰੋਣ...।
ਅੱਜ ਸੱਭੇ ਕੈਦੋਂ ਬਣ ਗਏ,
ਹੁਸਨ ਇਸ਼ਕ ਦੇ ਚੋਰ
ਅੱਜ ਕਿਥੋਂ ਲਿਆਈਏ ਲੱਭ ਕੇ
ਵਾਰਿਸ ਸ਼ਾਹ ਇਕ ਹੋਰ...।
ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ!

*-ਅੰਮ੍ਰਿਤਾ ਪ੍ਰੀਤਮ*

## ਮੇਰੇ ਹੁੰਦਿਆਂ...!

ਜਾਦੂਗਰ ਵੱਸ ਦੇਸ਼ ਪੈ ਗਿਆ
ਜਾਦੂ ਦੇਖੇ ਕੁੱਲ ਆਵਾਮ।
'ਕੱਠੇ ਕਰਕੇ ਕਹਿੰਦਾ ਬੋਲੋ
'ਜੈ ਸ੍ਰੀ ਰਾਮ, ਜੈ ਸ੍ਰੀ ਰਾਮ।'
ਅੱਛੇ ਦਿਨਾਂ ਦਾ ਡੌਰੂ ਵੱਜਦਾ
ਆਏ ਨਾਲ ਜਮੂਰੇ ਨੱਚਣ,
ਵਾਅਦਾ ਕਰਕੇ ਤੁਰ ਜਾਂਦਾ ਹੈ
'ਕੱਠੇ ਕਰਕੇ ਲੋਕ ਤਮਾਮ।
ਕੀ ਅਡਾਨੀ, ਕੀ ਅਡਵਾਨੀ
ਹੱਥਾਂ ਉਤੇ ਚਾਰ ਗਿਆ,
2019 ਤੋਂ ਪਹਿਲਾਂ ਪਹਿਲਾਂ
ਲਾ ਦੇਵੇਗਾ ਕੋਈ ਲਾਮ।
ਜੇਬ 'ਚ ਰੱਖ ਕੇ ਅੱਗ ਦਾ ਗੋਲਾ
ਬਰਫ ਦਾ ਫੰਬਾ ਲਾ ਜਾਂਦਾ,
ਚੌਕੀਦਾਰਾ ਕਰਦਾ ਕਰਦਾ
ਕਰ ਜਾਂਦਾ ਹੈ ਚੱਕਾ ਜਾਮ।
ਬਹੁਗਿਣਤੀ ਮਦਹੋਸ਼ ਕਰਨ ਲਈ
ਇਹਦੇ ਪੈਰੋਕਾਰ ਬੜੇ ਨੇ,
ਪੈਰ ਪੈਰ 'ਤੇ ਯਾਰੋ ਇਹਦੇ
'ਸੂਰੇ' ਵਰਗੇ ਯਾਰ ਖੜ੍ਹੇ ਨੇ।
ਸੂਰਜ ਮੂੰਹ ਵਿਚ ਪਾ ਕੇ ਕਹਿੰਦਾ
ਮੇਰੇ ਹੁੰਦਿਆਂ ਰਹੇਗੀ ਸ਼ਾਮ।

*-ਹਰਜਿੰਦਰ ਗੁੱਲਪੁਰ*
*ਫੋਨ: 91-98722-38981*

---

## ਅੱਜ ਕੱਲ

ਥਾਲੀ, ਕੌਲੀ ਦੇ ਜਾਂਦੇ ਨੇ ਤੱਤ ਖੋਹੇ
ਖੁਰਾਕਾਂ ਨਕਲੀ ਖਾਣ ਜਵਾਨ ਅੱਜ ਕੱਲ।
ਪੇਂਡੂ ਹੱਟੀ ਤੋਂ ਸ਼ਹਿਰੀ ਮਾਲ ਬਣ'ਗੇ
ਗੱਲਾ ਭਰਦੇ, ਨਕਲੀ ਸਮਾਨ ਅੱਜ ਕੱਲ।

ਰਿਸ਼ਵਤਖੋਰ ਅਫਸਰਾਂ ਨਾਲ ਮਿਲ ਕੇ
ਨੰਗ ਮਲੰਗ ਵੀ ਬਣੇ ਧਨਵਾਨ ਅੱਜ ਕੱਲ।
ਗੈਂਗਸਟਰਾਂ ਦੀ ਉਮਰ ਥੋੜ੍ਹੀ ਹੁੰਦੀ
ਗੋਲੀਬਾਰੀ 'ਚ ਮਰਨ ਭਲਵਾਨ ਅੱਜ ਕੱਲ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

# ਫਿਲਮ 'ਨਾਨਕ ਸ਼ਾਹ ਫਕੀਰ' ਅਤੇ ਸਿੱਖ ਸਿਧਾਂਤ

ਆਦਿ ਕਾਲ ਤੋਂ ਹੀ ਕੋਮਲ ਕਲਾਵਾਂ ਦੇ ਮਾਧਿਅਮ ਰਾਹੀਂ ਮਾਨਵੀ ਜ਼ਿਹਨ, ਸ੍ਰਿਸ਼ਟੀ ਜਾਂ ਪ੍ਰਕਿਰਤੀ ਵਿਚਲੇ ਤੱਤ ਸਾਰ ਰੂਪੀ ਸੱਚ ਨਾਲ ਵਾਬਸਤਾ ਹੁੰਦਾ ਆਇਆ ਹੈ। ਪ੍ਰਾਚੀਨ ਸਮਿਆਂ ਤੋਂ ਕਾਵਿ ਰੂਪ, ਸੰਗੀਤ ਤੇ ਨਾਟ ਕਲਾ ਆਦਿ ਰਾਹੀਂ ਮਾਨਵੀ ਪ੍ਰਤਿਭਾ ਨੇ ਦਿਸਦੀ ਤੇ ਅਣਦਿਸਦੀ ਰੱਬੀ ਜਾਤ ਦੀ ਕਨਸੋਅ ਤੋਂ ਆਦਮ ਜਾਤ ਨੂੰ ਜਾਣੂ ਕਰਵਾਇਆ ਹੈ। ਇਸ ਉਦਾਤ ਅਵਸਥਾ ਦੀ ਪਰਿਭਾਸ਼ਾ ਭਾਰਤੀ ਗਿਆਨ ਪਰੰਪਰਾ ਨੇ 'ਸਤਯਮ ਸ਼ਿਵਮ ਸੁੰਦਰਮ' ਦੇ ਸੰਕਲਪ ਨਾਲ

**ਅਮਰੀਕ ਸਿੰਘ**
ਫੋਨ: +91-75892-21575

ਨਿਸ਼ਚਿਤ ਕੀਤੀ ਹੈ। ਭਾਵਪੂਰਨ ਸੱਚ, ਸੁਹਜ (ਇੰਦਰਿਆਵੀ ਪ੍ਰਸੰਗ ਨਹੀਂ) ਅਤੇ ਦੈਵੀ ਹੋਂਦ ਦੀ ਦੇਹ ਰੂਪ ਹਰਕਤ, ਹਰ ਧਰਮ ਦੇ ਪੈਗੰਬਰੀ ਵਰਤਾਰੇ ਦੇ ਸਮੁੱਚੇ ਪਹਿਲੂਆਂ (ਅਮਲੀ ਜੀਵਨ ਤੇ ਕਲਾ ਰੂਪਾਂ ਦਾ ਸਿਧਾਂਤਕ ਵਿਧੀ ਵਿਧਾਨ) ਦੀ ਆਪਣੀ ਮਰਿਆਦਾ ਹੁੰਦੀ ਹੈ। ਗ਼ੈਰਮਜ਼ਹਬ ਦੇ ਸਿਧਾਂਤਾਂ ਅਤੇ ਕਲਾ ਰੂਪਾਂ ਦੁਆਰਾ ਕਿਸੇ ਪੈਗੰਬਰੀ ਵਰਤਾਰੇ ਦੇ ਸ਼ੁੱਧ ਰੂਪ ਨੂੰ ਨਹੀਂ ਦਰਸਾਇਆ ਜਾ ਸਕਦਾ। ਜਿਵੇਂ ਹਿੰਦੂ ਸਾਹਿਤ ਅਤੇ ਦਰਸ਼ਨ, ਪੱਛਮੀ ਦਰਸ਼ਨ ਅਤੇ ਮਾਰਕਸਵਾਦ ਦੇ ਇਲਾਹੀ ਸਰੋਕਾਰਾਂ ਤੋਂ ਸੱਖਣੇ ਗਿਆਨ ਦੇ ਅਕਾਦਮਿਕ ਅਭਿਆਸ ਨੇ ਸਿੱਖਾਂ ਨੂੰ ਸਿੱਖੀ ਤੋਂ ਦੂਰ ਕਰਨ ਤੋਂ ਇਲਾਵਾ ਕੋਈ ਸਾਰਥਿਕ ਯੋਗਦਾਨ ਨਹੀਂ ਦਿੱਤਾ, ਇਵੇਂ ਹੀ ਗੁਰਬਾਣੀ ਵੱਲੋਂ ਰੱਦ ਕੀਤੇ ਗਿਆਨ 'ਚੋਂ ਵਿਕਸਿਤ ਹੋਏ ਕਲਾ ਰੂਪਾਂ ਰਾਹੀਂ ਗੁਰਬਾਣੀ ਜਾਂ ਗੁਰੂ ਜੀਵਨ ਦੀ ਖਾਲਸ ਰਮਜ਼ ਨੂੰ ਅਤੇ ਉਸ ਦੀ ਮਹਾਨਤਾ ਨੂੰ ਨਹੀਂ ਦਰਸਾਇਆ ਜਾ ਸਕਦਾ। ਜਿਥੋਂ ਤੱਕ ਅਕਾਲ ਪੁਰਖ ਗੁਰੂ ਪਾਤਸ਼ਾਹ ਦੇ ਇਲਾਹੀ ਕਰਮ ਨੂੰ ਕਿਸੇ ਕਲਾ ਰੂਪ ਰਾਹੀਂ ਬਿਆਨ ਕਰਨ ਦਾ ਸੁਆਲ ਹੈ, ਕਾਵਿ ਰੂਪ (ਜੋ ਅਰਥਾਂ ਦੇ ਪ੍ਰਸੰਗ ਵਿਚ ਬੇਹਦ ਪਾਰਦਰਸ਼ੀ, ਬਹੁ ਪਸਾਰੀ, ਸਰੋਦੀ ਅਤੇ ਮੌਲਿਕ ਹੁੰਦਾ ਹੈ) ਪੰਥ ਪ੍ਰਵਾਨਿਤ ਵਿਧੀ ਰਹੀ ਹੈ, ਇਸ ਦੀ ਪ੍ਰਵਾਨਗੀ ਖੁਦ ਗੁਰੂ ਪਾਤਸ਼ਾਹ ਨੇ ਹੀ ਭਾਈ ਗੁਰਦਾਸ ਅਤੇ ਨੰਦ ਲਾਲ ਗੋਯਾ ਦੇ ਰੂਪ ਵਿਚ ਦੇ ਦਿੱਤੀ ਸੀ।

ਆਧੁਨਿਕ ਯੁੱਗ ਵਿਚ ਸਿਨੇਮਾ ਸਭ ਤੋਂ ਪ੍ਰਭਾਵਸ਼ਾਲੀ ਤੇ ਪ੍ਰਚਲਿਤ ਕਲਾ ਰੂਪ ਹੈ ਜੋ ਪੱਛਮੀ ਵਿਗਿਆਨ ਦੀ ਖੋਜ ਕੀਤੀ ਤਕਨੀਕ ਹੈ। ਫਿਲਮਾਂਕਣ ਕਲਾ ਆਪਣੀ ਸਾਰਥਿਕਤਾ ਦੇ ਬਾਵਜੂਦ ਰੂਹਾਨੀ ਨਿਯਮ ਅਤੇ ਨੁਕਤਾ-ਨਿਗ੍ਹਾ ਦੇ ਪੱਖ ਤੋਂ ਬੁਨਿਆਦੀ ਦੋਸ਼ ਅਤੇ ਸੀਮਾਵਾਂ ਨਾਲ ਵੀ ਲਬਰੇਜ਼ ਰਹਿੰਦੀ ਹੈ। ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਵੀ ਸਾਨੂੰ ਇਸੇ ਸਬੰਧ ਵਿਚ ਵੇਖਣਾ



ਫਿਲਮ 'ਨਾਨਕ ਸ਼ਾਹ ਫਕੀਰ' ਦਾ ਪੋਸਟਰ।

ਅਤੇ ਪਰਖਣਾ ਚਾਹੀਦਾ ਹੈ। ਪਹਿਲੀ ਗੱਲ ਇਹ ਹੈ ਕਿ ਫਿਲਮਾਂਕਣ ਸਿਰਜਣਾਤਮਕ ਪ੍ਰਕਿਰਿਆ ਕਈ ਤਕਨੀਕੀ ਹੁਨਰਮੰਦਾਂ ਦੇ ਅਮਲ ਰਾਹੀਂ ਨੇਪਰੇ ਚੜ੍ਹਦੀ ਹੈ ਜਿਨ੍ਹਾਂ ਦੇ ਕਾਰਜ ਕਰਨ ਦੇ ਮਕਸਦ ਪੇਸ਼ੇਵਰ ਹੁੰਦੇ ਹਨ। ਦੂਜਾ, ਫਿਲਮਾਂਕਣ ਦੀ ਦੁਨੀਆ ਦੇ ਜੀਵਨ ਵਿਚੋਂ ਫਕੀਰੀ ਤੱਤ ਹਮੇਸ਼ਾ ਗ਼ਾਇਬ ਰਹਿੰਦਾ ਹੈ ਅਤੇ ਠਾਠ-ਬਾਠ ਤੇ ਆਕਰਸ਼ਣ ਹੀ ਇਸ ਜ਼ਿੰਦਗੀ ਦਾ ਅਸਲੀ ਕਿਰਦਾਰ ਹੁੰਦਾ ਹੈ। ਘੱਟੋ-ਘੱਟ ਹੁਣ ਤੱਕ ਦੇ ਸਿਨੇਮਾ ਦੇ ਇਤਿਹਾਸ ਤੋਂ ਤਾਂ ਇਹੀ ਸਾਬਿਤ ਹੁੰਦਾ ਹੈ। ਹੁਣ ਤਕ ਦੇ ਸਿਨੇਮਾ ਦੇ ਇਤਿਹਾਸ ਦੀਆਂ ਮਹਾਨ ਸ਼ਖਸੀਅਤਾਂ ਵਿਚ ਹਾਲੀਵੁੱਡ ਦੇ ਜੇਮਸ ਕੈਮਰਾਨ, ਮੈੱਲ ਗਿਬਸਨ, ਇਰਾਨ ਦਾ ਮਾਜਿਦ ਮਜੀਦੀ, ਬਾਲੀਵੁੱਡ ਦੇ ਸੰਜੇ ਲੀਲਾ ਭੰਸਾਲੀ, ਭਾਵਨਾ ਤਲਵਾਰ ਆਦਿ ਦੇ ਨਾਮ ਅਸੀਂ ਗਿਣਾ ਸਕਦੇ ਹਾਂ। ਇਨ੍ਹਾਂ 'ਚੋਂ ਕਿਸੇ ਨੇ ਵੀ ਪੈਗੰਬਰੀ ਅਮਲ ਨੂੰ ਚਿਤਰਪਟ 'ਤੇ ਉਤਾਰ ਦੇਣ ਦਾ ਦਾਅਵਾ ਜਾਂ ਹਿੰਮਤ ਨਹੀਂ ਕੀਤੀ। ਇਹ ਲੋਕ ਘੱਟੋ-ਘੱਟ ਆਪਣੇ ਹੁਨਰ 'ਚ ਪਰਬੀਨ ਹਨ, ਇਸ ਲਈ ਉਹ ਨਿਰਦੇਸ਼ਨ ਦੀਆਂ ਸੀਮਾਵਾਂ, ਨਿਯਮਾਂ ਅਤੇ ਸਿਰਜਣਾ ਦੇ ਇਖਲਾਕੀ ਪਹਿਲੂ ਤੋਂ ਵਾਕਿਫ ਹਨ ਅਤੇ ਇਲਾਹੀ ਜ਼ਿੰਦਗੀ ਦੀ ਉਚਾਈ ਨੂੰ ਵੀ ਅਤੇ ਆਪਣੀ ਔਕਾਤ ਤੇ ਸੀਮਾ ਨੂੰ ਜਾਣਦੇ ਤੇ ਪਛਾਣਦੇ ਹਨ।

ਦੂਜੇ ਬੰਨੇ ਹਰਿੰਦਰ ਸਿੱਕਾ ਹੈ ਜੋ 'ਅਕਾਲ ਪੁਰਖ ਬਾਬਾ' ਦਾ ਸੂਝਹੀਣ ਬੁੱਤ ਘੜ ਰਿਹਾ ਹੈ। ਅਕਾਲੀ ਆਗੂ ਸੁਖਦੇਵ ਸਿੰਘ ਭੌਰ ਨੇ ਫੇਸਬੁੱਕ 'ਤੇ ਇਸ ਫਿਲਮ ਦੇ ਪ੍ਰਸੰਗ ਵਿਚ ਦੱਸਿਆ ਹੈ ਕਿ ਅਕਾਲ ਤਖਤ ਵੱਲੋਂ ਫਿਲਮ ਦੇਖਣ ਲਈ ਭੇਜੇ ਜਾਣ ਉਪਰੰਤ ਫਿਲਮ ਦੇਖ ਕੇ ਜਦ ਉਨ੍ਹਾਂ ਨੇ ਹਰਿੰਦਰ ਸਿੱਕਾ ਨੂੰ ਸੁਆਲ ਕੀਤਾ ਕਿ 'ਸਿਵਾਏ ਇਸ ਫਿਲਮ ਤੋਂ ਉਸ ਨੇ ਕਦੇ ਸਿੱਖੀ ਦੀ ਭਲਾਈ ਲਈ ਕੋਈ ਹੋਰ ਕੰਮ ਵੀ ਕੀਤਾ ਹੈ' ਤਾਂ ਭੌਰ-ਭੌਰ ਹੋਇਆ ਸਿੱਕਾ ਬਾਦਲ ਟੱਬਰ ਦੇ ਨਾਂ ਗਿਣਾਉਣ ਲੱਗ ਪਿਆ ਕਿ ਉਨ੍ਹਾਂ ਨੂੰ ਇਹ ਫਿਲਮ ਬਹੁਤ ਚੰਗੀ ਲੱਗੀ ਹੈ। ਹੁਣ ਬਾਦਲ ਟੱਬਰ ਕਿੰਨਾ ਕੁ ਸਿੱਖ ਹਿਤੈਸ਼ੀ ਹੈ, ਇਹ ਕਿਸ ਨੂੰ ਨਹੀਂ ਪਤਾ? ਸਪਸ਼ਟ ਹੈ ਕਿ ਸਿੱਕਾ ਦੀ ਆਪਣੀ ਕੋਈ ਹਸਤੀ ਜਾਂ ਸੁਹਿਰਦਤਾ ਨਹੀਂ ਹੈ, ਉਹ ਤਾਂ ਸਿਰਫ ਲੁਕਵੀਂ ਸਿੱਖ ਵਿਰੋਧੀ ਤਾਕਤ ਦਾ ਹਿੱਸਾ ਹੈ, ਜੋ ਪਹਿਲਾਂ ਤੋਂ ਹੀ ਅਥਾਹ ਤਣਾਅ 'ਚ ਅਤੇ ਆਪਣੀ ਮੌਲਿਕਤਾ ਤੋਂ ਦੂਰ ਵਿਚਰ ਰਹੀ ਸਿੱਖ ਮਾਨਸਿਕਤਾ ਨੂੰ ਹੋਰ ਤੋੜਨਾ ਚਾਹੁੰਦਾ ਹੈ। ਇਸ ਲਈ ਇਹ ਫਿਲਮ ਹਰ ਹਾਲ ਰੁਕਣੀ ਚਾਹੀਦੀ ਹੈ।

ਯਾਦ ਰਹੇ ਕਿ ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ ਅਤੇ ਹਰਿੰਦਰ ਸਿੰਘ ਮਹਿਬੂਬ ਜਿਹੇ ਪਾਰਗਾਮੀ ਦ੍ਰਿਸ਼ਟੀ ਵਾਲੇ ਸਿੱਖ ਵਿਦਵਾਨਾਂ ਨੇ ਸੋਭਾ ਸਿੰਘ ਦੀਆਂ ਕਰੂਪ ਪੇਂਟਿੰਗਜ਼ ਨੂੰ ਬੜੀ ਨਫਰਤ ਨਾਲ ਰੱਦ ਕੀਤਾ ਹੈ। ਹੁਣ ਜਦੋਂ ਸਿੱਖ ਇਹ ਫਿਲਮ ਦੇਖਣਾ ਹੀ ਨਹੀਂ ਚਾਹੁੰਦੇ ਤਾਂ ਫਿਰ ਹਰਿੰਦਰ ਸਿੱਕਾ ਫਿਲਮ ਰਿਲੀਜ਼ ਕਰਨ 'ਤੇ ਕਿਉਂ ਅੜਿਆ ਹੋਇਆ ਹੈ? ਸਿੱਖਾਂ ਨੂੰ ਵੀ ਹੁਣ ਇਹ ਸਮਝਣਾ ਚਾਹੀਦਾ ਹੈ ਕਿ ਅਜਿਹੀਆਂ ਚੁਣੌਤੀਆਂ ਦੇ ਆਧਾਰ ਉਨ੍ਹਾਂ ਦੇ ਆਪਣੇ ਅੰਦਰ ਹੀ ਹਨ। ਡਾ. ਗੁਰਭਗਤ ਸਿੰਘ ਨੇ 'ਜ਼ਖਮ ਨੂੰ ਸੂਰਜ ਬਣਨ ਦਿਓ' ਵਿਚ ਸਿੱਖਾਂ ਨੂੰ ਅਜਿਹੇ ਘੋਲ ਜਿੱਤਣ ਦੇ ਗੁਰ ਸਿਖਾਉਂਦਿਆਂ ਦੱਸਿਆ ਹੈ ਕਿ ਆਪਣੇ ਹਰ ਦਰਦ ਨੂੰ ਆਪਣੀ ਤਾਕਤ ਬਣਾ ਲੈਣਾ ਹੀ ਹੁਣ ਸਿੱਖਾਂ ਕੋਲ ਇਕੋ ਇਕ ਰਾਹ ਬਚਿਆ ਹੈ; ਭਾਵ ਜਿੰਨਾ ਚਿਰ ਸਿੱਖ ਪੰਥਕ ਵਿਹੜੇ ਵਿਚ ਪਸਰੀ ਬੁੱਤਪ੍ਰਸਤੀ ਉਖਾੜ ਨਹੀਂ ਸੁੱਟਦੇ, (ਅਜਾਇਬ ਘਰਾਂ ਵਿਚੋਂ ਗੁਰੂ ਸਾਹਿਬਾਨ ਦੀਆਂ ਫੋਟੋਆਂ ਨਹੀਂ ਹਟਾਉਂਦੇ ਤੇ ਰੱਦ ਨਹੀਂ ਕਰਦੇ), ਓਨਾ ਚਿਰ ਉਨ੍ਹਾਂ ਦੀ ਜਾਨ ਅਜਿਹੇ ਦੁੱਖਾਂ ਤੋਂ ਛੁਟਣ ਵਾਲੀ ਨਹੀਂ।

ਅਲਾਮਾ ਇਕਬਾਲ ਨੇ ਬੁੱਤਪ੍ਰਸਤੀ ਦੇ ਵਰਤਾਰੇ ਬਾਰੇ ਕਿਹਾ ਹੈ, 'ਨੁਕਤਾ ਏ ਤੌਹੀਦ ਸਮਝ ਮੇਂ ਆ ਤੋ ਸਕਤਾ ਹੈ ਪਰ ਦਿਮਾਗ਼ ਮੇਂ ਬੁੱਤਖਾਨਾ ਹੋ ਤੋ ਕਿਆ ਕਹੀਏ', ਭਾਵ ਰੱਬ ਸਿਰਫ ਤੇ ਸਿਰਫ ਇਕ ਹੈ, ਇਸ ਦੀ ਸਮਝ ਓਨਾ ਚਿਰ ਨਹੀਂ ਆ ਸਕਦੀ ਜਿੰਨਾ ਚਿਰ ਮਨ 'ਚ ਬੁੱਤਾਂ ਦੀ ਥਾਂ ਹੈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਕਿਤਾਬ 'ਬਿਪਰ ਸੰਸਕਾਰ' ਵਿਚ ਗੁਰਬਾਣੀ ਦੇ ਹਵਾਲੇ ਨਾਲ ਦੱਸਿਆ ਹੈ ਕਿ ਦੀਨ ਨਾਲ ਦਗਾਬਾਜ਼ੀ ਦਾ ਹੁਨਰ ਗਿਆਨ, ਅਥਵਾ ਕਲਾ ਰੂਪਾਂ ਦੁਆਰਾ ਹੀ ਕੌਮਾਂ 'ਚ ਪਨਪਦਾ ਤੇ ਉਸਰਦਾ ਹੈ। ਇਸੇ ਕਲਾ ਤੇ ਗਿਆਨ ਦੀ ਦੁਹਾਈ ਆਧੁਨਿਕ ਦੀਨ ਵਿਰੋਧੀ ਅਕਾਦਮਿਕ ਟਿੱਡੀਦਲ ਵੱਲੋਂ ਸਿੱਖਾਂ ਨੂੰ ਦਿੱਤੀ ਜਾਂਦੀ ਹੈ, ਜਿਸ ਦੀ ਸ਼ਨਾਖਤ ਚੈਖਵ ਨੇ ਆਪਣੀ ਰਚਨਾ 'ਬਟਰਫਲਾਈ' ਵਿਚ ਵੀ ਕੀਤੀ ਹੈ।

ਸੋ, ਸਮੁਚੇ ਸਿੱਖ ਜਗਤ ਨੂੰ ਇਕਮੁਠ ਹੋ ਕੇ ਇਸ ਫਿਲਮ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸ ਫਿਲਮ ਬਾਰੇ ਪਿਛਲੇ ਸਮੇਂ ਦੌਰਾਨ ਵਾਪਰੇ ਸਾਰੇ ਘਟਨਾਕ੍ਰਮ ਤੋਂ ਇਹ ਗੱਲ ਨਿਖਰ ਕੇ ਸਾਹਮਣੇ ਆ ਰਹੀ ਹੈ ਕਿ ਸਾਜ਼ਿਸ਼ ਨਾਲ ਸਿੱਖ ਪੰਥ ਦੇ ਨਿਆਰੇਪਣ ਉਤੇ ਹਮਲਾ ਬੋਲਿਆ ਗਿਆ



ਫਿਲਮ 'ਨਾਨਕ ਸ਼ਾਹ ਫਕੀਰ' ਖਿਲਾਫ ਕੱਢੇ ਰੋਸ ਮਾਰਚ ਦੀ ਝਲਕ।

ਹੈ, ਜੋ ਵੱਖ ਵੱਖ ਰੂਪਾਂ ਵਿਚ ਵੱਖ ਵੱਖ ਸਮੇਂ ਉਤੇ ਸਾਡੇ ਸਾਹਮਣੇ ਆ ਰਿਹਾ ਹੈ। ਕਦੇ ਇਹ ਸਿੱਖ ਇਤਿਹਾਸ ਵਿਚ ਗਲਤ ਬਿਆਨੀਆਂ ਕਰਨ ਦੇ ਰੂਪ ਵਿਚ, ਕਦੇ ਇਹ ਕਲਾ ਦਾ ਓਹਲਾ ਲੈ ਕੇ ਕਵਿਤਾਵਾਂ ਲਿਖਣ, ਨਾਵਲ ਲਿਖਣ ਜਾਂ ਫਿਰ ਹੁਣ ਫਿਲਮਾਂ ਬਣਾਉਣ ਤੱਕ ਪਹੁੰਚ ਗਿਆ ਹੈ। ਇਸ ਸਾਜ਼ਿਸ਼ੀ ਹੱਥ ਦੇ ਪਿੱਛੇ ਲੁਕੇ ਚਿਹਰੇ ਨੂੰ ਬੇਨਕਾਬ ਕਰਨ ਵਾਸਤੇ ਸਾਨੂੰ ਆਪਣੇ ਵਿਹੜੇ ਵਿਚ ਬੈਠੇ ਮੌਕਾਪ੍ਰਸਤ ਅਤੇ ਸਿਧਾਂਤਹੀਣ ਸਵਾਰਥੀ ਚਿਹਰਿਆਂ ਨੂੰ ਵੀ ਬੇਨਕਾਬ ਕਰਨਾ ਹੋਵੇਗਾ।

# 'ਸੱਜਣ ਸਿੰਘ ਰੰਗਰੂਟ' ਫਿਲਮ ਦੇਖਦਿਆਂ

ਪਤਾ ਏ ਕਹਾਣੀਆਂ ਦੀ ਸਭ ਤੋਂ ਵੱਡੀ ਫਿਕਰ ਕੀ ਹੁੰਦੀ ਏ? ਕਹਾਣੀਆਂ ਦੀ ਸਭ ਤੋਂ ਵੱਡੀ ਫਿਕਰ ਹੁੰਦੀ ਹੈ ਕਿ ਆਪਣੇ ਸਮਿਆਂ ਦਾ ਕਿੱਸਾ ਕਿਤੇ ਲੁਕਿਆ ਨਾ ਰਹਿ ਜਾਵੇ। ਇਸੇ ਸਿਲਸਿਲੇ ਵਿਚ ਕਹਾਣੀਆਂ ਨਾਲ ਤੁਰਦੇ ਸਿਨੇਮਾ ਦਾ ਇਹ ਕ੍ਰਾਫਟ ਇਮਾਨਦਾਰ ਵੀ ਅਤੇ ਬਾਕਮਾਲ ਵੀ ਜਾਪਦਾ ਹੈ। ਇਤਿਹਾਸ ਸਿਰਫ ਲਿਖਿਆ ਹੀ ਨਹੀਂ ਗਿਆ, ਖਾਸ ਤੌਰ 'ਤੇ ਪੰਜਾਬ ਨੇ ਤਾਂ ਆਪਣੀਆਂ ਬਾਤਾਂ ਜ਼ੁਬਾਨ ਦਰ ਜ਼ੁਬਾਨ ਆਪਣੇ ਵੱਡਿਆਂ ਤੋਂ ਸੁਣੀਆਂ ਹਨ। ਅਹਿਮਦ ਸ਼ਾਹ ਅਬਦਾਲੀ ਸਾਨੂੰ ਕਿਤਾਬਾਂ 'ਚੋਂ ਘੱਟ, ਸਾਡੀ ਕਹਾਵਤ 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' ਤੋਂ ਵਧੇਰੇ ਸਮਝ ਆਉਂਦਾ ਹੈ। ਭਵਿਖ ਨੂੰ ਰੌਸ਼ਨ ਬਣਾਉਣ ਲਈ ਅੱਜ ਦੇ ਸਮਿਆਂ ਵਿਚ ਖੜ੍ਹ ਕੇ ਬੀਤੇ ਕੱਲ੍ਹ ਨਾਲ ਗੱਲਾਂ ਕਰਨੀਆਂ ਜ਼ਰੂਰੀ ਹੋ ਜਾਂਦੀਆਂ ਹਨ।

'ਸੱਜਣ ਸਿੰਘ ਰੰਗਰੂਟ' ਤ੍ਰਾਸਦੀਆਂ ਦੀ ਲੁੱਟੀ ਜ਼ਮੀਨ 'ਤੇ ਬੇਆਸ ਲੋਕਾਂ ਨੂੰ ਸੁਣਾਈ ਜਾ ਰਹੀ ਕਹਾਣੀ ਤੋਂ ਸ਼ੁਰੂ ਹੁੰਦੀ ਹੈ। ਭਾਈ ਘਨੱਈਆ ਦੇ ਵਾਰਸ 'ਖਾਲਸਾ ਏਡ' ਦੀ ਸੇਵਾ ਮਨੁੱਖਤਾ ਦੀ ਉਮੀਦ ਹੈ। ਇਹ ਆਸਟ੍ਰੇਲੀਅਨ ਮੂਰਤਘਾੜਾ ਡੇਨੀਅਲ ਕੌਨਲ ਦੀਆਂ ਗੱਲਾਂ ਵਰਗੀ ਗੱਲ ਹੈ। ਡੇਨੀਅਲ ਕਹਿੰਦਾ ਹੈ ਕਿ ਜਦੋਂ ਲੋਕ ਆਪਣੇ ਕੁਨਬੇ, ਜਾਤ, ਧਰਮ ਤੋਂ ਬਾਹਰ ਕਿਸੇ ਦੂਜੇ ਧਰਮ, ਜਾਤ, ਕੁਨਬੇ ਦਾ ਦੁੱਖ ਕਹਿਣਗੇ ਅਤੇ ਉਹ ਕੁਨਬੇ ਅਗਾਂਹ ਜਾਤ, ਨਸਲ,ਰੰਗ ਤੋਂ ਉਪਰ ਉਠ ਕੇ ਕਿਸੇ ਹੋਰ ਕਬੀਲੇ ਦਾ ਦਰਦ ਵੰਡਾਉਣਗੇ, ਦੁਨੀਆਂ ਉਸ ਦਿਨ ਬਦਲੇਗੀ। ਲਾਮਬੰਦੀ ਆਧਾਰਤ ਹਾਲੀਵੁੱਡ ਫਿਲਮਾਂ ਦੇ ਮੁਕਾਬਲੇ ਪੇਸ਼ਕਾਰੀ ਤੋਂ ਅਤੇ ਸਾਧਨਾਂ ਦੇ ਸੀਮਤ ਹੋਣ ਦੇ ਬਾਵਜੂਦ ਪੰਕਜ ਬਤਰਾ ਦੀ ਫਿਲਮ ਸਾਨੂੰ ਕਿਉਂ ਝੰਜੋੜਦੀ ਹੈ?

ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਤੋਂ ਬਾਅਦ ਵੀ ਤ੍ਰਾਸਦੀਆਂ ਦਾ ਅੰਤ ਨਹੀਂ ਹੋਇਆ। ਬਰਤਾਨਵੀ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦਾ ਕਹਿਣਾ ਸੀ ਕਿ ਜੰਗ ਜ਼ਰੂਰੀ ਹੈ ਤਾਂ ਕਿ ਸ਼ਾਂਤੀ ਬਰਕਰਾਰ ਰੱਖੀ ਜਾ ਸਕੇ; ਫਿਰ ਵੀ ਕੁਝ ਬਦਲਦਾ ਕਿਉਂ ਨਹੀਂ? ਸੱਜਣ ਸਿੰਘ ਰੰਗਰੂਟ ਉਨ੍ਹਾਂ ਫੌਜੀਆਂ ਦੀ ਬਹਾਦਰੀ ਨਾਲ ਲੜੀ ਜੰਗ ਦੀ ਦਾਸਤਾਨ ਦੇ ਨਾਲ ਨਾਲ ਘਰਾਂ ਨੂੰ ਪਰਤਣ ਦੀ ਅਧਵਾਟੇ ਰਹੀ ਉਮੀਦ ਦੀ ਕਹਾਣੀ ਬਹੁਤੀ ਹੈ।

ਇਹ ਇਕੱਲੀਕਾਰੀ ਜੰਗ ਦੀ ਕਹਾਣੀ ਨਾ ਹੋ ਕੇ ਸੱਜਣ ਸਿੰਘ ਰੰਗਰੂਟ ਦੇ ਹਵਾਲੇ ਨਾਲ ਉਸ ਦੌਰ ਦੇ ਪੰਜਾਬੀਆਂ ਦੇ ਮਾਹੌਲ ਦੀ ਕਹਾਣੀ ਹੈ। ਰੰਗਰੂਟ ਹੋਣਾ ਆਮ ਲੋਕਾਈ ਵਿਚ ਸ਼ਾਹੀ ਜ਼ਿੰਦਗੀ ਜਿਊਣਾ ਮੰਨਿਆ ਜਾਂਦਾ ਸੀ। ਕਈ ਬਜ਼ੁਰਗਾਂ ਦੇ ਹਵਾਲੇ ਨਾਲ ਇਹ ਗੱਲਾਂ ਆਮ ਸੁਣਨ ਨੂੰ ਮਿਲਦੀਆਂ ਹਨ ਕਿ ਉਨ੍ਹਾਂ ਸਮਿਆਂ ਵਿਚ ਬਰਤਾਨਵੀ ਫੌਜ ਵਿਚ ਸ਼ਾਮਲ ਬੰਦਿਆਂ ਨੂੰ ਪਿੰਡਾਂ 'ਚ, ਪੰਜਾਬੀ ਸਮਾਜ 'ਚ ਕਦੀ ਵੀ ਹਿਕਾਰਤ ਨਾਲ ਨਹੀਂ ਦੇਖਿਆ ਗਿਆ। ਭਾਰਤ ਅੰਦਰ ਆਜ਼ਾਦੀ ਲਈ ਸੰਘਰਸ਼ ਕਰਦੇ ਲੋਕ ਇਕ ਸੱਚ ਸੀ ਤਾਂ ਦੂਜਾ ਸੱਚ ਸੀ ਕਿ ਭਾਰਤ ਅੰਦਰ ਹਮਾਤੜ ਬੰਦਿਆਂ ਦਾ ਰੁਝੇਵਾਂ ਤਾਂ ਆਪਣੀ ਦਾਲ ਰੋਟੀ ਤੇ ਸਾਧਾਰਨ ਜ਼ਿੰਦਗੀ ਹੀ ਸੀ; ਭਾਵ ਬਰਤਾਨਵੀ ਸਰਕਾਰ ਦਾ ਰਾਜ ਹੋਣਾ ਨਾ ਹੋਣਾ, ਉਨ੍ਹਾਂ ਲਈ ਕੋਈ ਮਸਲਾ ਨਹੀਂ ਸੀ। ਇਹਦਾ ਬਿਆਨ ਫਿਲਮ ਅੰਦਰ ਬੱਝੀ ਮਹਿਫਲ ਵਿਚ ਵੀ ਆਉਂਦਾ ਹੈ।

ਇੰਜ ਹੀ ਉਨ੍ਹਾਂ ਸਮਿਆਂ ਦਾ ਇਕ ਸੱਚ ਇਹ ਵੀ ਸੀ ਕਿ ਉਸ ਦੌਰ ਅੰਦਰ ਜਿਵੇਂ ਕਿਸਾਨ,




ਜੁਲਾਹੇ, ਤਰਖਾਣ ਆਦਿ ਹੋਰ ਕਿਰਤੀ ਬੰਦੇ ਅਤੇ ਰੁਜ਼ਗਾਰ ਸਨ, ਠੀਕ ਉਸੇ ਤਰ੍ਹਾਂ ਹੀ ਬਰਤਾਨਵੀ ਫੌਜ ਵਿਚ ਸ਼ਾਮਲ ਹੋਣਾ ਆਮ ਵਰਤਾਰਾ ਸੀ। ਹਾਂ, ਇਸ ਗੱਲ ਦੇ ਹਵਾਲੇ ਬਹੁਤ ਹਨ ਕਿ ਅੰਗਰੇਜ਼ਾਂ ਦੇ 1839 ਵਿਚ ਪੰਜਾਬ 'ਤੇ ਕਬਜ਼ਾ ਹੋਣ ਤੋਂ ਬਾਅਦ ਖਾਸ ਵਿਉਂਤਬੰਦੀ ਤਹਿਤ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਫੌਜੀ ਅਤੇ ਮੁਸਲਮਾਨ ਤੇ ਸਿੱਖ ਫੌਜੀਆਂ ਨੂੰ ਬਕਾਇਦਾ ਸ਼ਾਮਲ ਕੀਤਾ ਗਿਆ। ਕੁਝ ਥਾਵਾਂ 'ਤੇ ਅਜਿਹੀ ਮੁਹਿੰਮ ਵੀ ਛੇੜੀ ਕਿ ਨੌਜਵਾਨ ਭਰਤੀ ਕੀਤੇ ਜਾਣ। ਬਰਤਾਨਵੀ ਫੌਜ ਅੰਦਰ ਇਨ੍ਹਾਂ ਫੌਜੀਆਂ ਦੇ ਯੋਗਦਾਨ ਨੂੰ ਯਾਦ ਰੱਖਦੇ ਸਮਾਰਕ ਇੰਗਲੈਂਡ, ਕੈਨੇਡਾ ਤੋਂ ਲੈ ਕੇ ਫਰਾਂਸ ਦੇ ਨੈਫਸ਼ੈਪਲ ਤੱਕ ਹਨ।

ਉਸ ਦੌਰ ਦੇ ਹਵਾਲਿਆਂ ਵਿਚ ਜੇ ਇਕ ਜ਼ਿਕਰ ਜੱਲ੍ਹਿਆਂਵਾਲੇ ਬਾਗ਼ ਦੇ ਖੂਨੀ ਸਾਕੇ ਜਾਂ ਭਾਰਤੀਆਂ ਤੇ ਕੁੱਤਿਆਂ ਦੇ ਸਿਨੇਮਾ ਵਿਚ ਮਨਾਹੀ ਦੇ ਹਵਾਲਿਆਂ ਦਾ ਹੈ ਤਾਂ ਦੂਜੇ ਪਾਸੇ ਇਹ ਵੀ ਹਵਾਲੇ ਹਨ ਕਿ 1897 ਦੀ ਸਾਰਾਗੜ੍ਹੀ ਦੀ ਲੜਾਈ ਵਿਚ ਸ਼ਹੀਦੀਆਂ ਪਾਉਣ ਵਾਲੇ 21 ਸਿੱਖਾਂ ਨੂੰ ਮੈਰਿਟ ਆਫ ਆਨਰ ਨਾਲ ਸਨਮਾਨਿਤ ਕੀਤਾ ਗਿਆ ਸੀ ਜੋ ਫੌਜ ਦਾ ਉਚਾ ਸਨਮਾਨ ਸੀ। ਇਹ ਸਭ ਬਿਆਨ ਕਰਨ ਦਾ ਕਾਰਨ ਸਿਰਫ ਇੰਨਾ ਕੁ ਹੈ ਕਿ ਸਮਾਜ ਅੰਦਰ ਵਿਚਾਰ, ਵਰਤਾਰੇ ਕਦੀ ਵੀ ਇਕੱਲੇ ਇਕਹਿਰੇ ਨਹੀਂ ਤੁਰਦੇ। ਇਕੋ ਸਮੇਂ ਇਕੋ ਥਾਂ 'ਤੇ ਇਕੋ ਸਮਾਜ ਅੰਦਰ ਮਾਹੌਲ ਵਿਚ ਕਈ ਗੱਲਾਂ ਇਕੋ ਸਮੇਂ ਹੋ ਰਹੀਆਂ ਹੁੰਦੀਆਂ। ਸਭ ਦੇ ਰੰਗ ਹਰੇ ਨਹੀਂ ਹੁੰਦੇ ਅਤੇ ਸਭ ਦੇ ਰੰਗ ਕਾਲੇ ਨਹੀਂ ਹੋਣਗੇ। 'ਸੱਜਣ ਸਿੰਘ ਰੰਗਰੂਟ' ਫਿਲਮ ਦੇਖਦਿਆਂ ਇਕ ਤਬਕੇ ਵੱਲੋਂ ਇਸ ਨੂੰ ਸਿੱਖਾਂ ਦੇ ਜਜ਼ਬਾਤੀ ਰੰਗ ਸਹਾਰੇ ਪੇਸ਼ ਕਰਨ ਦਾ ਦੋਸ਼ ਵੀ ਲੱਗਦਾ ਹੈ ਪਰ ਮੈਨੂੰ ਇਸ ਕਰ ਕੇ ਇਹ ਇਮਾਨਦਾਰ ਕੋਸ਼ਿਸ਼ ਲੱਗਦੀ ਹੈ ਕਿ ਕੋਈ ਮਹੀਨ ਬਹਿਸ ਵਿਚੋਂ ਗੁਜ਼ਰਦਿਆਂ ਵੀ ਉਸ ਦੌਰ ਦੀ ਉਹ ਕਹਾਣੀ ਕਹਿ ਰਿਹਾ ਹੈ ਜਿਹੜੀ ਪਹਿਲਾਂ ਨਹੀਂ ਕਹੀ ਗਈ।

'ਗੈਂਗਸ ਆਫ ਨਿਊ ਯਾਰਕ', 'ਦਿ ਡਿਪਾਰਟਡ' ਵਰਗੀਆਂ ਫਿਲਮਾਂ ਦਾ ਹਦਾਇਤਕਾਰ ਮਾਰਟਿਨ ਸਕੋਰਸੇਸ ਦਾ ਕਥਨ ਹੈ ਕਿ ਕਹਾਣੀ ਉਹ ਜੋ ਦੇਖਣ ਵਾਲੇ ਨੂੰ ਆਪਣੇ ਨਾਲ ਤੋਰ ਲਵੇ। 'ਸੱਜਣ ਸਿੰਘ ਰੰਗਰੂਟ' ਦੀ ਸਭ ਤੋਂ ਪਿਆਰੀ ਗੱਲ ਇਹੋ ਲੱਗਦੀ ਹੈ ਕਿ ਉਹੋ ਸਥਾਪਿਤ ਵਿਚਾਰ ਤੋਂ ਪਰ੍ਹਾਂ ਪੰਜਾਬ ਅੰਦਰ ਪੰਜਾਬੀ ਹੋਣ ਦੇ ਅਹਿਸਾਸ ਨੂੰ ਜਿਉਂਦਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਆਪਣੇ ਬਿਆਨ ਵਿਚ ਉਹ ਪੰਜਾਬੀਅਤ ਦਾ ਹਿੰਦੂ, ਮੁਸਲਿਮ, ਸਿੱਖ ਵਰਗੀਕਰਨ ਨਹੀਂ ਹੋਣ ਦਿੰਦੀ। ਇਤਿਹਾਸਕ ਤੌਰ ਉਤੇ 'ਸੱਜਣ ਸਿੰਘ ਰੰਗਰੂਟ' ਵਿਚ ਕਈ ਊਣਤਾਈਆਂ ਰਹਿ ਗਈਆਂ ਹੋਣਗੀਆਂ ਪਰ ਨਾਲੋ ਨਾਲ 'ਸੱਜਣ ਸਿੰਘ ਰੰਗਰੂਟ' ਪੰਜਾਬੀ ਸਿਨੇਮਾ ਵਿਚ ਵਿਸ਼ੇ ਦੀ ਚੋਣ, ਨਿਰਦੇਸ਼ਕ ਦੇ ਕੌਸ਼ਲ, ਸਿਨੇਮਾ ਦੀ ਉਮੀਦ, ਸੰਗੀਤ ਅੰਦਰ ਗੀਤਾਂ ਨੂੰ ਚਿਣਨ ਦੀ ਖਾਸੀਅਤ ਤੋਂ ਲੈ ਕੇ ਦਿਲਜੀਤ, ਯੋਗਰਾਜ ਅਤੇ ਕਲਾਕਾਰਾਂ ਦੀ ਅਦਾਕਾਰੀ ਤੋਂ ਅਣਗੌਲਿਆ ਨਹੀਂ ਕੀਤੀ ਜਾ ਸਕਦੀ। ਇਹ ਬਹੁਤ ਘੱਟ ਹੈ ਕਿ ਫਿਲਮ ਅੰਦਰ ਗੀਤਾਂ ਨੂੰ ਆਪਣੇ ਸ਼ਾਨਦਾਰ ਕਲਾਤਮਕ ਸ਼ਬਦ ਚੋਣ ਨਾਲ ਥਾਂ ਮਿਲਦੀ ਹੋਵੇ। ਪੰਜਾਬੀ ਸਿਨੇਮਾ ਵਿਚ ਗੀਤਾਂ ਦੀ ਸ਼ਬਦਾਵਲੀ ਨੂੰ ਲੈ ਕੇ ਖਾਸ ਝਲਕਾਰੇ ਅਕਸਰ ਵਿਖ ਰਹੇ ਹਨ। ਇਨ੍ਹਾਂ ਗੀਤਾਂ ਅੰਦਰ ਅਦਬ ਦੀ ਸਹਿਜ ਬੁਣਕਾਰੀ ਹੈ।

**-ਹਰਪ੍ਰੀਤ ਸਿੰਘ ਕਾਹਲੋਂ**

ਨਿਰਵਿਘਨ ਪ੍ਰਕਾਸ਼ਨ ਦੇ 19ਵੇਂ ਸਾਲ 'ਚ (ਪਹਿਲੀ ਜਨਵਰੀ 2000-2018)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

**5 ਮਈ 2018 ਸਨਿਚਰਵਾਰ ਸ਼ਾਮੀ 6:30 ਵਜੇ**

**The Cotillion**
360 South Creek Side,
Palatine, IL 60074
*(Route 14 & 1/2 Block West of 53)*

**ਪਹੁੰਚ ਰਹੇ ਵਿਸ਼ੇਸ਼ ਬੁਲਾਰੇ**


ਵਰਿਆਮ ਸਿੰਘ ਸੰਧੂ


ਪ੍ਰਿੰ. ਸਰਵਣ ਸਿੰਘ


ਡਾ. ਗੁਰਬਖਸ਼ ਸਿੰਘ ਭੰਡਾਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ | ਜਗਦੀਸ਼ਰ ਸਿੰਘ ਕਲੇਰ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੁਰਾ | ਅਯੁਧਿਆ ਸਲਵਾਨ | ਰਘਬੀਰ ਸਿੰਘ ਘੁੰਨ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਮੇਜਰ ਕੁਲਾਰ | ਇਕਬਾਲ ਜੱਬੋਵਾਲ

**ਪੰਜਾਬ ਟਾਈਮਜ਼**
**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**
Published simultaneously from Chicago, California & New York.
Ph: 847-359-0746
*e-mail: punjabtimes1@gmail.com, website: www.punjabtimesusa.com*